ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ


# ਸਾਡੇ ਲੋਕ
SADE LOK
sadelok.com

29 ਨਵੰਬਰ ਤੋਂ 5 ਦਸੰਬਰ 2023

ਸਾਲ 14ਵਾਂ - ਅੰਕ 49
email : info@sadelok.com
Ph. : 510-706-1300
Fax : 925-373-1300


## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਨਤਮਸਤਕ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ

## ਇੱਕ ਉੱਜਵਲ ਭਲਕੇ ਵੱਲ: ਭਾਰਤ ਦੀ ਜੀ20 ਪ੍ਰੈਜ਼ੀਡੈਂਸੀ ਅਤੇ ਇੱਕ ਨਵੇਂ ਬਹੁਪੱਖੀਵਾਦ ਦੀ ਸਵੇਰ



(ਦੇਖੋ ਸਫ਼ਾ 22-23 'ਤੇ)

## ਸਿੱਖ ਫਾਰ ਜਸਟਿਸ ਦੇ ਸ. ਗੁਰਪਤਵੰਤ ਸਿੰਘ ਪੰਨੂੰ ਦੇ ਕਤਲ ਪ੍ਰਤੀ ਸਾਜਿਸ਼ ਦੀ ਖਬਰ ਪੂਰੀ ਦੁਨੀਆ 'ਚ ਅੱਗ ਵਾਂਗ ਫੈਲੀ



33

ਯੂਐਸ ਅਟਾਰਨੀ Damian Williams ਅਖਿਲ ਗੁਪਤਾ ਖਿਲਾਫ਼ ਮੈਨਹੈਟਨ ਦੀ ਸੰਘੀ ਅਦਾਲਤ ਵਿਚ ਦੋਸ਼ ਆਇਦ ਕਰਦੇ ਹੋਏ। ਫੋਟੋ : ਸ਼ੋਸ਼ਲ ਮੀਡੀਆ

## ਸੁਰੰਗ 'ਚੋਂ ਸਾਰੇ ਮਜ਼ਦੂਰ ਸੁਰੱਖਿਅਤ ਬਾਹਰ ਆਉਣ ਨਾਲ ਖੁਸ਼ੀ ਦੀ ਲਹਿਰ



29

## ਸੁਲਤਾਨਪੁਰ ਲੋਧੀ ਵਿਖੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ



(ਦੇਖੋ ਸਫ਼ਾ 19 'ਤੇ)

## ਦਿੱਲੀ 'ਚ ਸਿੱਖਾਂ ਵਲੋਂ ਕਰਤਾਰਪੁਰ ਦਰਬਾਰ ਸਾਹਿਬ ਪਾਕਿਸਤਾਨ ਗੁਰਦੁਆਰੇ ਨਜ਼ਦੀਕ ਹੋਈ ਕਥਿਤ ਪਾਰਟੀ ਦਾ ਪਾਕਿਸਤਾਨ ਹਾਈ ਕਮਿਸ਼ਨ ਸਾਹਮਣੇ ਸ਼ਾਂਤੀਪੂਰਵਕ ਵਿਰੋਧ

ਨਵੀਂ ਦਿੱਲੀ : ਪਾਕਿਸਤਾਨ ਦੇ ਪੰਜਾਬ ਸੂਬੇ ਦੇ ਨਾਰੋਵਾਲ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਗੁਰਦੁਆਰੇ ਵਿਖੇ ਆਯੋਜਿਤ ਕਥਿਤ ਪਾਰਟੀ ਦੇ ਖਿਲਾਫ ਦਿੱਲੀ ਦੇ ਸਿੱਖਾਂ ਨੇ ਮੰਗਲਵਾਰ ਨੂੰ ਨਵੀਂ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੇੜੇ ਪ੍ਰਦਰਸ਼ਨ ਕੀਤਾ, ਜਿਸ ਵਿਚ ਕਈ ਹਾਜ਼ਰੀਨ ਨੇ ਕਥਿਤ ਤੌਰ 'ਤੇ ਮੀਟ ਅਤੇ ਸ਼ਰਾਬ ਦੀ ਕੀਤੀ ਵਰਤੋਂ ਪ੍ਰਤੀ ਸੱਖਤ ਇਤਰਾਜ ਕਰਦੇ ਹੋਏ ਸੱਖਤ ਇਤਰਾਜ਼ ਕੀਤਾ ਅਤੇ ਇਸਦੀ ਭਾਰੀ ਨਿੰਦਾ ਕੀਤਾ ਉਨ੍ਹਾਂ ਮੈਮੋਰੰਡਮ ਦੇਦੇ ਹੋਏ ਕਿਹਾ ਕੀ ਪਾਕਿਸਤਾਨ ਸ਼ਰਾਰਤੀ ਅਨਸਰਾ ਨੂੰ ਨੱਥ ਪਾਵੇ ਤਾ ਕੀ ਅੱਗੋ ਇਸ ਤਰ੍ਹਾਂ ਨਾ ਹੋਵੇ ਅਤੇ ਇਸ ਸਮੇ ਪ੍ਰਬੰਧਕਾਂ ਅਤੇ ਸੰਗਤਾਂ ਵਲੋਂ ਗੁਰੂ ਕੇ ਲੰਗਰਾਂ ਦੀ ਅਤੁੱਟ ਸੇਵਾ ਕੀਤੀ ਗਈ। (ਦੇਖੋ ਸਫ਼ਾ 21 'ਤੇ)




## ਜਿਨ੍ਹਾਂ ਨੇ ਕੌਮ ਦੀ ਅਣਖ ਅਤੇ ਗੈਰਤ ਲਈ ਸਾਰੀ ਜ਼ਿੰਦਗੀ ਕਾਲ ਕੋਠੜੀ 'ਚ ਕੱਢ ਦਿੱਤੀ

## 5 ਦਸੰਬਰ ਤੋਂ ਬਾਅਦ ਭੁੱਖ ਹੜਤਾਲ 'ਤੇ ਬੈਠਣਗੇ ਭਾਈ ਬਲਵੰਤ ਸਿੰਘ ਰਾਜੋਆਣਾ

### ਹਰਜਿੰਦਰ ਸਿੰਘ ਧਾਮੀ ਵਲੋਂ ਭੁੱਖ ਹੜਤਾਲ ਨਾ ਕਰਨ ਦੀ ਅਪੀਲ



ਪਟਿਆਲਾ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਅੱਜ ਇੱਥੇ ਕੇਂਦਰੀ ਜੇਲ੍ਹ ਵਿਖੇ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਰਾਜੋਆਣਾ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਕੀਤੀ ਰਹਿਮ ਦੀ ਅਪੀਲ ਵਾਪਸ ਕਰਵਾਉਣ (ਦੇਖੋ ਸਫ਼ਾ 24 'ਤੇ)


Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigration Services
- Citizenship
- e-Verify, 1-9 and
- Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪੋਰਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ਜਾਣ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਲਈ ਨਵੇਂ ਨਿਯਮ ਲਾਗੂ

ਨਿਊਯਾਰਕ : ਅਮਰੀਕਾ ਜਾਣ ਦੇ ਚਾਹਵਾਨ ਵਿਦਿਆਰਥੀਆਂ ਲਈ ਅਹਿਮ ਖ਼ਬਰ ਹੈ। ਅਮਰੀਕੀ ਦੂਤਘਰ ਨੇ ਭਾਰਤੀ ਵਿਦਿਆਰਥੀਆਂ ਲਈ ਵੀਜ਼ਾ ਅਰਜ਼ੀ ਪ੍ਰਕਿਰਿਆ ਵਿੱਚ ਸੋਧਾਂ ਨੂੰ ਲਾਗੂ ਕੀਤਾ ਹੈ। ਐਕਸ (ਪਹਿਲਾਂ ਟਵਿੱਟਰ) ’ਤੇ ਦੂਤਘਰ ਦੁਆਰਾ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਇਹ ਬਦਲਾਅ ਸੋਮਵਾਰ (27 ਨਵੰਬਰ) ਤੋਂ ਲਾਗੂ ਹੋਏ। ਇਹ ਬਦਲਾਅ ਭਾਰਤੀ ਸ਼ਹਿਰਾਂ ਦੇ ਸਾਰੇ ਦੂਤਘਰਾਂ ’ਤੇ ਲਾਗੂ ਹਨ। F, M ਅਤੇ J ਵੀਜ਼ਾ ਪ੍ਰੋਗਰਾਮਾਂ ਦੇ ਤਹਿਤ ਅਮਰੀਕਾ ਵਿੱਚ ਪੜ੍ਹਾਈ ਕਰਨ ਦੀ ਇੱਛਾ ਰੱਖਣ ਵਾਲੇ ਸੰਭਾਵੀ ਵਿਦਿਆਰਥੀਆਂ ਨੂੰ ਇਹਨਾਂ ਤਬਦੀਲੀਆਂ ਵੱਲ ਧਿਆਨ ਦੇਣ ਦੀ ਸਲਾਹ ਦਿੱਤੀ ਜਾਂਦੀ ਹੈ।




ਅਮਰੀਕੀ ਦੂਤਘਰ ਨੇ ਨਿਸ਼ਚਿਤ ਕੀਤਾ ਹੈ ਕਿ ਸਾਰੇ F, M, ਅਤੇ J ਵਿਦਿਆਰਥੀ ਵੀਜ਼ਾ ਬਿਨੈਕਾਰਾਂ ਨੂੰ ਪ੍ਰੋਫਾਈਲ ਬਣਾਉਣ ਅਤੇ ਵੀਜ਼ਾ ਮੁਲਾਕਾਤਾਂ ਦਾ ਸਮਾਂ ਨਿਯਤ ਕਰਨ ਵੇਲੇ ਆਪਣੀ ਪਾਸਪੋਰਟ ਜਾਣਕਾਰੀ ਦੀ ਵਰਤੋਂ ਕਰਨੀ ਹੋਵੇਗੀ। ਇਸ ਉਪਾਅ ਦਾ ਉਦੇਸ਼ ਨਿਯੁਕਤੀ ਪ੍ਰਣਾਲੀ ਦੀ ਧੋਖਾਧੜੀ ਅਤੇ ਦੁਰਵਰਤੋਂ ਨੂੰ ਰੋਕਣਾ ਹੈ। ਦੂਤਘਰ ਨੇ ਕਿਹਾ, ‘ਜਿਨ੍ਹਾਂ ਬਿਨੈਕਾਰਾਂ ਨੇ ਇੱਕ ਪ੍ਰੋਫਾਈਲ ਬਣਾਇਆ ਹੈ ਜਾਂ ਗ਼ਲਤ ਪਾਸਪੋਰਟ ਨੰਬਰ ਦੀ ਵਰਤੋਂ ਕਰਕੇ ਮੁਲਾਕਾਤ ਬੁੱਕ ਕੀਤੀ ਹੈ, ਉਹਨਾਂ ਨੂੰ ਵੀਜ਼ਾ ਅਰਜ਼ੀ ਕੇਂਦਰਾਂ (VAC) ਵਿੱਚ ਸਵੀਕਾਰ ਨਹੀਂ ਕੀਤਾ ਜਾਵੇਗਾ। ਉਹਨਾਂ ਦੀਆਂ ਮੁਲਾਕਾਤਾਂ ਰੱਦ ਕਰ ਦਿੱਤੀਆਂ ਜਾਣਗੀਆਂ ਅਤੇ ਵੀਜ਼ਾ ਫੀਸ ਖ਼ਤਮ ਹੋ ਜਾਵੇਗੀ’।

F ਜਾਂ M ਵੀਜ਼ਾ ਲਈ ਬਿਨੈਕਾਰਾਂ ਨੂੰ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਿਟਰ ਪ੍ਰੋਗਰਾਮ (SEVP) ਦੁਆਰਾ ਪ੍ਰਮਾਣਿਤ ਸਕੂਲ ਜਾਂ ਪ੍ਰੋਗਰਾਮ ਵਿੱਚ ਦਾਖਲਾ ਲੈਣਾ ਹੋਵੇਗਾ। ਜੇ ਵੀਜ਼ਾ ਲਈ ਅਪਲਾਈ ਕਰਨ ਵਾਲਿਆਂ ਨੂੰ ਅਮਰੀਕੀ ਵਿਦੇਸ਼ ਵਿਭਾਗ ਦੁਆਰਾ ਪ੍ਰਵਾਨਿਤ ਸੰਸਥਾ ਤੋਂ ਸਪਾਂਸਰਸ਼ਿਪ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ ਅਮਰੀਕੀ ਦੂਤਘਰ ਨੇ ਉਨ੍ਹਾਂ ਵਿਅਕਤੀਆਂ ਨੂੰ ਸਲਾਹ ਦਿੱਤੀ ਹੈ ਜਿਨ੍ਹਾਂ ਨੇ ਪਹਿਲਾਂ ਹੀ ਪ੍ਰੋਫਾਈਲ ਬਣਾਈ ਹੈ ਜਾਂ ਗਲਤ ਪਾਸਪੋਰਟ ਨੰਬਰ ਨਾਲ ਮੁਲਾਕਾਤ ਬੁੱਕ ਕੀਤੀ ਹੈ ਉਹ ਜਾਂ ਤਾਂ ਸਹੀ ਪਾਸਪੋਰਟ ਜਾਣਕਾਰੀ ਨਾਲ ਨਵਾਂ ਪ੍ਰੋਫਾਈਲ ਬਣਾਉਣ ਜਾਂ ਮੌਜੂਦਾ ਪ੍ਰੋਫਾਈਲ ਨੂੰ ਅਪਡੇਟ ਕਰਨ। ਹਾਲਾਂਕਿ ਇਸ ਪ੍ਰਕਿਰਿਆ ਲਈ ਇੱਕ ਨਵੀਂ ਵੀਜ਼ਾ ਫੀਸ ਦੀ ਰਸੀਦ ਦੇ ਭੁਗਤਾਨ ਦੀ ਲੋੜ ਹੋ ਸਕਦੀ ਹੈ ਜੇਕਰ ਪਿਛਲੀ ਇੱਕ ਗ਼ਲਤ ਪਾਸਪੋਰਟ ਵੇਰਵਿਆਂ ਦੇ ਨਾਲ ਪ੍ਰੋਫਾਈਲ ਨਾਲ ਲਿੰਕ ਕੀਤੀ ਗਈ ਸੀ।

ਪੁਰਾਣੇ ਪਾਸਪੋਰਟ ਦੇ ਗੁੰਮ ਜਾਂ ਚੋਰੀ ਹੋਣ ਦੇ ਮਾਮਲੇ ਵਿੱਚ, ਦਾਖਲੇ ਲਈ VAC ਵਿਖੇ ਯੂ.ਐੱਸ. ਵੀਜ਼ਾ ਅਪਾਇੰਟਮੈਂਟ ਲਈ ਬਿਨੈਕਾਰਾਂ ਨੂੰ ਪੁਰਾਣੇ ਪਾਸਪੋਰਟ ਨੰਬਰ ਦੀ ਫੋਟੋਕਾਪੀ ਜਾਂ ਹੋਰ ਸਬੂਤ ਮੁਹੱਈਆ ਕਰਵਾਉਣੇ ਪੈਣਗੇ। ਇਸ ਤੋਂ ਪਹਿਲਾਂ ਯੂ.ਐੱਸ ਦੂਤਘਰ ਨੇ ਪਿਛਲੇ ਸਾਰੇ ਸਾਲਾਂ ਨੂੰ ਪਛਾੜਦੇ ਹੋਏ 2023 ਵਿੱਚ ਰਿਕਾਰਡ ਪ੍ਰੋਸੈਸਡ ਵੀਜ਼ਾ ਅਰਜ਼ੀਆਂ ਦੀ ਰਿਪੋਰਟ ਕੀਤੀ ਸੀ।

# ਭਾਰਤੀ ਰਾਜਦੂਤ ਤਰਨਜੀਤ ਸੰਧੂ ਨੇ ਨਿਊਯਾਰਕ ’ਚ ਮਨਾਇਆ ਗੁਰਪੁਰਬ, ਸੰਗਤਾਂ ਨੂੰ ਦਿੱਤੀ ਵਧਾਈ






ਨਿਊਯਾਰਕ : ਅਮਰੀਕਾ ਵਿੱਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਸਿੱਖ ਭਾਈਚਾਰੇ ਨਾਲ ਗੁਰਪੁਰਬ ਮਨਾਉਣ ਲਈ ਨਿਊਯਾਰਕ ਦੇ ਲੋਂਗ ਆਈਲੈਂਡ ਸਥਿਤ ਹਿਕਸਵਿਲੇ ਗੁਰਦੁਆਰੇ ਦਾ ਦੌਰਾ ਕੀਤਾ। ਉਨ੍ਹਾਂ ਗੁਰਦੁਆਰੇ ਵਿੱਚ ਅਰਦਾਸ ਕੀਤੀ। ਸਿੱਖ ਭਾਈਚਾਰੇ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਸੰਧੂ ਨੇ ਐਕਸ (ਪਹਿਲਾਂ ਟਵਿੱਟਰ) ’ਤੇ ਪੋਸਟ ਕੀਤਾ, “ਗੁਰਪੁਰਬ ਮਨਾਉਣ ਲਈ ਲੌਂਗ ਆਈਲੈਂਡ ਦੇ ਗੁਰੂ ਨਾਨਕ ਦਰਬਾਰ ਵਿਖੇ ਅਫਗਾਨਿਸਤਾਨ ਸਮੇਤ ਸਥਾਨਕ ਸੰਗਤ ਨਾਲ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ- ਕੀਰਤਨ ਸਰਵਣ ਕੀਤਾ, ਗੁਰੂ ਨਾਨਕ ਦੇਵ ਜੀ ਦੇ ਇਕਜੁਟਤਾ, ਏਕਤਾ ਅਤੇ ਸਮਾਨਤਾ ਦੇ ਸਦੀਵੀ ਸੰਦੇਸ਼ ਬਾਰੇ ਗੱਲ ਕੀਤੀ, ਲੰਗਰ ਛਕਿਆ ਅਤੇ ਸਾਰਿਆਂ ਲਈ ਅਸ਼ੀਰਵਾਦ ਲਿਆ।

ਰਾਜਦੂਤ ਨੇ ਇਕੱਠ ਨੂੰ ਆਪਣੇ ਸੰਬੋਧਨ ਵਿੱਚ ਕਿਹਾ, ‘ਅੱਜ ਦਾ ਦਿਨ ਮੇਰੇ ਲਈ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰੇ ਵਿੱਚ ਆਉਣਾ ਅਤੇ ਇਸ ਸ਼ੁਭ ਦਿਹਾੜੇ ’ਤੇ ਆਸ਼ੀਰਵਾਦ ਪ੍ਰਾਪਤ ਕਰਨ ਲਈ ਬਹੁਤ ਖਾਸ ਦਿਨ ਹੈ। ਮੈਨੂੰ ਸੱਦਾ ਦੇਣ ਲਈ ਮੈਂ ਗੁਰਦੁਆਰਾ ਪ੍ਰਬੰਧਕਾਂ ਦਾ ਧੰਨਵਾਦੀ ਹਾਂ।’ ਉਸਨੇ ਅੱਗੇ ਕਿਹਾ, ‘ਜੇਕਰ ਅਸੀਂ ਗੁਰੂ ਸਾਹਿਬਾਨ ਦੀ ਧਾਰਮਿਕ ਵਿਰਾਸਤ ਦਾ ਅਧਿਐਨ ਕਰਦੇ ਹਾਂ ਤਾਂ ਉਹ ਹਮੇਸ਼ਾ ਅਗਾਂਹਵਧੂ ਵਿਚਾਰਾਂ ਲਈ ਬੋਲਦੇ ਸਨ, ਜੇਕਰ ਅਸੀਂ ਇਸਨੂੰ ਆਪਣੇ ਜੀਵਨ ਵਿੱਚ ਲਾਗੂ ਕਰੀਏ ਤਾਂ ਇਹ ਬਹੁਤ ਵਧੀਆ ਹੋਵੇਗਾ। ਇਸ ਮੌਕੇ ਰਾਜਦੂਤ ਸੰਧੂ ਨੇ ਅਫਗਾਨਿਸਤਾਨ ਦੇ ਸਿੱਖ ਭਾਈਚਾਰੇ ਦੀ ਪ੍ਰਸ਼ੰਸਾ ਕੀਤੀ ਜਿਨ੍ਹਾਂ ਨੇ ਔਖੇ ਸਮੇਂ ਦਾ ਸਾਹਮਣਾ ਕਰਨ ਦੇ ਬਾਵਜੂਦ ਆਪਣੇ ਵਿਰਸੇ ਨੂੰ ਜਿਉਂਦਾ ਰੱਖਿਆ ਹੈ। ਸੰਧੂ ਨੇ ਸਮਾਗਮ ਦੌਰਾਨ ਕਿਹਾ, ‘ਸਾਨੂੰ ਉਸ ਵਿਰਸੇ ਤੋਂ ਸਿੱਖਣ ਦੀ ਲੋੜ ਹੈ ਜੋ ਸਾਨੂੰ ਮਿਲਿਆ ਹੈ। ਅਫਗਾਨਿਸਤਾਨ ਤੋਂ ਆਏ ਸਿੱਖਾਂ ਨੇ ਔਖੇ ਸਮੇਂ ਦਾ ਸਾਹਮਣਾ ਕੀਤਾ ਹੈ...ਸਿੱਖਾਂ ਦਾ ਅਫਗਾਨਿਸਤਾਨ ਨਾਲ ਬਹੁਤ ਪੁਰਾਣਾ ਸਬੰਧ ਹੈ। ਗੁਰੂ ਨਾਨਕ ਦੇਵ ਜੀ ਅਤੇ ਹੋਰ ਬਹੁਤ ਸਾਰੇ ਗੁਰੂ ਅਫਗਾਨਿਸਤਾਨ ਗਏ ਸਨ।’

ਰਾਜਦੂਤ ਸੰਧੂ ਨੇ ਇਸ ਮੌਕੇ ਨਿਊਯਾਰਕ ਦੇ ਸ੍ਰੀ ਗੁਰੂ ਰਵਿਦਾਸ ਮੰਦਿਰ ਵਿਖੇ ਵੀ ਜਾ ਕੇ ਅਰਦਾਸ ਕੀਤੀ। ਸੰਧੂ ਨੇ ਅਗਲੀ ਪੋਸਟ ਵਿੱਚ ਉਸ ਸਬੰਧੀ ਜ਼ਿਕਰ ਕੀਤਾ। ਇਸ ਤੋਂ ਪਹਿਲਾਂ ਐਤਵਾਰ ਨੂੰ ਭਾਰਤੀ ਰਾਜਦੂਤ ਨੇ ਲੋਂਗ ਆਈਲੈਂਡ ਵਿੱਚ ਭਾਰਤੀ ਭਾਈਚਾਰੇ ਦੁਆਰਾ ਆਯੋਜਿਤ ਇੱਕ ਸਮਾਗਮ ਵਿੱਚ ਨਿਊਯਾਰਕ ਵਿੱਚ ਭਾਰਤ ਦੇ ਮੌਜੂਦਾ ਕੌਂਸਲ ਜਨਰਲ ਰਣਧੀਰ ਜੈਸਵਾਲ ਦੇ ਵਿਦਾਇਗੀ ਸਮਾਰੋਹ ਵਿੱਚ ਵੀ ਸ਼ਿਰਕਤ ਕੀਤੀ। ਰਣਧੀਰ ਜੈਸਵਾਲ, ਜੋ ਵਿਦੇਸ਼ ਮੰਤਰਾਲੇ ਦੇ ਅਧਿਕਾਰਤ ਬੁਲਾਰੇ ਵਜੋਂ ਆਪਣੀ ਨਵੀਂ ਜ਼ਿੰਮੇਵਾਰੀ ਵੱਲ ਵਧਣਗੇ, ਦਾ ਭਾਰਤੀ ਭਾਈਚਾਰੇ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

# ਅਮਰੀਕੀ ਰਾਸ਼ਟਰਪਤੀ ਬਾਈਡੇਨ ਨੇ ਇਜ਼ਰਾਈਲ-ਫਲਸਤੀਨ ਯੁੱਧ ਨੂੰ ਖ਼ਤਮ ਕਰ ਸਥਾਈ ਸ਼ਾਂਤੀ ਦਾ ਸੁਝਾਇਆ ਰਾਹ

ਵਾਸ਼ਿੰਗਟਨ : ਇਜ਼ਰਾਈਲ-ਹਮਾਸ ਜੰਗ ਨੇ ਗਾਜ਼ਾ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਭਾਰਤ ਸਮੇਤ ਕਈ ਦੇਸ਼ਾਂ ਦੀ ਵਿਚੋਲਗੀ ਕਾਰਨ ਦੋਵਾਂ ਨੇ ਆਖਰਕਾਰ ਸੰਖੇਪ ਜੰਗਬੰਦੀ ਦਾ ਐਲਾਨ ਕਰ ਦਿੱਤਾ। ਇਸ ਲਈ ਕੁਝ ਸ਼ਾਂਤੀ ਬਣੀ ਹੈ। ਇਸੇ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਉੱਥੇ ਸਥਾਈ ਸ਼ਾਂਤੀ ਸਥਾਪਤ ਕਰਨ ਦਾ ਤਰੀਕਾ ਸੁਝਾਇਆ ਹੈ। ਇਜ਼ਰਾਈਲ ਦਾ ਕਹਿਣਾ ਹੈ ਕਿ ਹਮਾਸ ਨੇ ਉਸ ਦੇ 200 ਤੋਂ ਵੱਧ ਨਾਗਰਿਕਾਂ ਨੂੰ ਬੰਧਕ ਬਣਾ ਲਿਆ ਹੈ। ਸਮਝੌਤੇ ਮੁਤਾਬਕ ਇਜ਼ਰਾਈਲ 1 ਇਜ਼ਰਾਈਲੀ ਬੰਧਕ ਦੇ ਬਦਲੇ 3 ਫਲਸਤੀਨੀ ਬੰਧਕਾਂ ਨੂੰ ਰਿਹਾਅ ਕਰੇਗਾ। ਇਸ ਦੇ ਲਈ ਇਜ਼ਰਾਈਲ ਜੰਗਬੰਦੀ ਦੀ ਮਿਆਦ ਵਧਾਏਗਾ। ਇਜ਼ਰਾਈਲ ਅਤੇ ਹਮਾਸ ਵਿਚਾਲੇ ਦਹਾਕਿਆਂ ਤੋਂ ਹਿੰਸਾ ਜਾਰੀ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਜੰਗ ਨੂੰ ਹਮੇਸ਼ਾ ਲਈ ਬੰਦ ਕਰਨ ਦਾ ਸੁਝਾਅ ਦਿੱਤਾ ਹੈ। ਉਨ੍ਹਾਂ ਕਿਹਾ ਕਿ ‘ਦੋ-ਰਾਸ਼ਟਰ-ਸਿਧਾਂਤ’ ਨੂੰ ਸਵੀਕਾਰ ਕਰਨਾ ਹੀ ਦੋਵਾਂ ਦੇਸ਼ਾਂ ਦਰਮਿਆਨ ਸਥਾਈ ਸ਼ਾਂਤੀ ਦਾ ਇੱਕੋ ਇੱਕ ਰਸਤਾ ਹੈ। ਦੋਵਾਂ ਨੂੰ ਇੱਕ ਦੂਜੇ ਦੀ ਆਜ਼ਾਦੀ ਅਤੇ ਪ੍ਰਭੂਸੱਤਾ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਮੈਂ ਉਸ ਦਿਸ਼ਾ ਵਿੱਚ ਕੰਮ ਕਰਨਾ ਜਾਰੀ ਰੱਖਾਂਗਾ।



ਜੋਅ ਬਾਈਡੇਨ ਨੇ ਅੱਗੇ ਕਿਹਾ ਕਿ ਹਮਾਸ ਨੇ ਐਤਵਾਰ ਰਾਤ ਨੂੰ ਇੱਕ ਅਮਰੀਕੀ ਸਮੇਤ 13 ਬੰਧਕਾਂ ਨੂੰ ਰਿਹਾਅ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਬੰਧਕਾਂ ਦੀ ਰਿਹਾਈ ਸੰਯੁਕਤ ਰਾਜ ਦੁਆਰਾ ਕੀਤੇ ਗਏ ਡੂੰਘੇ, ਕੂਟਨੀਤਕ ਯਤਨਾਂ ਦੇ ਨਤੀਜੇ ਵਜੋਂ ਸੰਭਵ ਹੋਈ ਹੈ।ਇਸ ਦੇ ਨਾਲ ਹੀ ਅਮਰੀਕਾ ਦੇ ਰਾਸ਼ਟਰਪਤੀ ਨੇ ਕਿਹਾ ਕਿ ਜਦੋਂ ਤੱਕ ਸਾਰੇ ਬੰਧਕ ਰਿਹਾਅ ਹੋ ਕੇ ਵਾਪਸ ਨਹੀਂ ਆ ਜਾਂਦੇ, ਅਸੀਂ ਕੰਮ ਕਰਨ ਲਈ ਵਚਨਬੱਧ ਨਹੀਂ ਹੋਵਾਂਗੇ।

# ਜ਼ਿੰਦਗੀ ਵਿਚ ਆਏ ਤੂਫਾਨ ਨਾਲ ਜੂਝ ਰਿਹੈ ਕੈਨੇਡੀਅਨ ਸਿੱਖ ਪਰਵਾਰ

ਹਿਊਸਟਨ : ਪ੍ਰਮਾਤਮਾ ਦੀ ਮਰਜ਼ੀ ਅੱਗੇ ਹਰ ਕੋਈ ਬੇਵੱਸ ਹੋ ਜਾਂਦਾ ਹੈ ਅਤੇ ਇਕ ਮਗਰੋਂ ਇਕ ਆਈ ਮੁਸੀਬਤ ਜ਼ਿੰਦਗੀ ਨੂੰ ਘੁਣ ਵਾਂਗ ਖਾਣ ਲਗਦੀ ਹੈ। ਆਰਥਿਕ ਹਾਲਾਤ ਵੀ ਐਨੇ ਡਾਵਾਂਡੋਲ ਹੋ ਜਾਂਦੇ ਹਨ ਕਿ ਆਪਣੇ ਪਰਵਾਰਕ ਮੈਂਬਰਾਂ ਦਾ ਇਲਾਜ ਵਿੱਤੋਂ ਬਾਹਰ ਜਾਂਦਾ ਹੈ। ਕੁਝ ਅਜਿਹਾ ਹੀ ਘਟਨਾਕ੍ਰਮ ਹਸਦੇ ਵਸਦੇ ਕੈਨੇਡੀਅਨ ਪਰਵਾਰ ਨਾਲ ਵਾਪਰਿਆ। 2018 ਵਿਚ ਸੱਤ ਸਾਲ ਦਾ ਬੇਟਾ ਬਲੱਡ ਕੈਂਸਰ ਕਾਰਨ ਚਲਾ ਗਿਆ ਅਤੇ ਹੁਣ ਮਾਂ ਜ਼ਿੰਦਗੀ ਅਤੇ ਮੌਤ ਵਿਚਾਲੇ ਸੰਘਰਸ਼ ਕਰ ਰਹੀ ਹੈ। 40 ਸਾਲ ਦੀ ਨਵਦੀਪ ਕੌਰ ਨੂੰ ਅਗਸਤ 2022 ਵਿਚ ਸਟੇਜ 4 ਬਰੈਸਟ ਕੈਂਸਰ ਬਾਰੇ ਪਤਾ ਲੱਗਾ ਜੋ ਉਸ ਦੇ ਸਰੀਰ ਦੇ ਕਈ ਅਹਿਮ ਅੰਗਾਂ ਤੱਕ ਫੈਲ ਚੁੱਕਾ ਸੀ।



ਇਸ ਤੋਂ ਪਹਿਲਾਂ 2018 ਵਿਚ ਨਵਦੀਪ ਕੌਰ ਦਾ ਬੇਟਾ ਸਿਰਫ ਸੱਤ ਸਾਲ ਦੀ ਉਮਰ ਵਿਚ ਦੁਨੀਆਂ ਨੂੰ ਅਲਵਿਦਾ ਆਖ ਗਿਆ। ਨਵਦੀਪ ਕੌਰ ਦੀ ਹਾਲਤ ਵੀ ਵਿਗੜਦੀ ਜਾ ਰਹੀ ਸੀ ਅਤੇ ਕੈਨੇਡੀਅਨ ਡਾਕਟਰਾਂ ਨੇ ਹੱਥ ਖੜ੍ਹੇ ਕਰ ਦਿਤੇ ਜਿਸ ਮਗਰੋਂ ਉਨ੍ਹਾਂ ਦੇ ਪਤੀ ਨਵਦੀਪ ਸਿੰਘ ਉਨ੍ਹਾਂ ਨੂੰ ਇਲਾਜ ਵਾਸਤੇ ਅਮਰੀਕਾ ਲੈ ਆਏ। ਇਸ ਵੇਲੇ ਨਵਦੀਪ ਕੌਰ ਦਾ ਇਲਾਜ ਟੈਕਸਸ ਸੂਬੇ ਦੇ ਹਿਊਸਟਨ ਵਿਖੇ ਸਥਿਤ ਐਮ.ਡੀ. ਐਂਡਰਸਨ ਕੈਂਸਰ ਸੈਂਟਰ ਵਿਚ ਚੱਲ ਰਿਹਾ ਹੈ ਅਤੇ ਹਸਪਤਾਲ ਦਾ ਬਿਲ ਅਦਾ ਕਰਨਾ ਬਹੁਤ ਮੁਸ਼ਕਲ ਹੋ ਰਿਹਾ ਹੈ। ਮੈਡੀਕਲ ਖਰਚਿਆਂ ਵਾਸਤੇ 5 ਲੱਖ ਡਾਲਰ ਦੀ ਜ਼ਰੂਰਤ ਹੈ ਅਤੇ ਨਵਦੀਪ ਸਿੰਘ ਹਿੰਮਤ ਹਾਰਨ ਨੂੰ ਤਿਆਰ ਨਹੀਂ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜ਼ਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜ਼ਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# "ਕਰਮਨ ਸਿੱਖ ਐਸੋਸੀਏਸ਼ਨ" ਵੱਲੋਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਕਰਵਾਏ ਗਏ ਵਿਸ਼ੇਸ਼ ਸਮਾਗਮ



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਕੈਲੇਫੋਰਨੀਆਂ ਦੇ ਸ਼ਹਿਰ ਕਰਮਨ ਦੇ ਗੁਰਦੁਆਰਾ ਅਨੰਦਗੜ ਸਾਹਿਬ ਵਿਖੇ ਸਥਾਨਿਕ "ਕਰਮਨ ਸਿੱਖ ਐਸੋਸੀਏਸ਼ਨ" ਵੱਲੋਂ ਹਰ ਸਾਲ ਦੀ ਤਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕਰਵਾਏ ਗਏ। ਇੰਨਾਂ ਸਮਾਗਮਾਂ ਵਿੱਚ ਤਿੰਨ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਗੁਰਬਾਣੀ ਪ੍ਰਵਾਹ ਚੱਲੇ। ਜਿਸ ਦੌਰਾਨ ਰੋਜ਼ਾਨਾ ਸਵੇਰ ਅਤੇ ਸ਼ਾਮ ਦੇ ਕੀਰਤਨ ਦੀਵਾਨ ਸਜਾਏ ਗਏ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਅਤੇ ਗੁਰਬਾਣੀ ਵਿਚਾਰਾਂ ਹੋਈਆਂ। ਜਿਸ ਵਿੱਚ ਹਾਜ਼ਰ ਬੁਲਾਰਿਆ ਨੇ ਧੰਨ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਅਤੇ ਸਮੂੰਹ ਇਨਸਾਨੀਅਤ ਨੂੰ ਦੇਣਾ ਬਾਰੇ ਚਾਨਣਾ ਪਾਇਆ। ਗੁਰੂਘਰ ਦੇ ਹਜ਼ੂਰੀ ਕੀਰਤਨੀ ਜੱਥੇ ਨੇ ਕੀਰਤਨ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਜਸ-ਮਹਿਮਾ ਦਾ ਵਿਖਿਆਨ ਕੀਤਾ। ਜਦ ਕਿ ਗਾਇਕ ਅਤੇ ਗੀਤਕਾਰ ਪੱਪੀ ਭਦੌੜ ਨੇ ਗਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਵਾਲੀ ਸਾਖੀ ਨੂੰ ਸੰਖੇਪ ਸਾਂਝਾ ਕੀਤਾ। ਇਸ ਸਮੇਂ ਖਾਸ ਤੌਰ 'ਤੇ ਭਾਈ ਮੈਹਲ ਸਿੰਘ ਚੰਡੀਗੜ ਵਾਲਿਆ ਦੇ ਕਵੀਸ਼ਰੀ ਜੱਥੇ ਨੇ ਧੰਨ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ ਯਾਤਰਾਵਾਂ, ਲੋਕ ਭਲਾਈ ਅਤੇ ਸਿੱਖਿਆਵਾ ਦਾ ਵਰਨਣ ਕਰਦੇ ਹੋਏ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਦੇ ਹੋਏ ਗੁਰਬਾਣੀ ਅਤੇ ਬਾਣੇ ਨਾਲ ਜੁੜਨ ਦੀ ਅਪੀਲ ਕੀਤੀ। ਸਮੁੱਚੇ ਸਮਾਗਮ ਵਿੱਚ ਇਲਾਕੇ ਭਰ ਤੋਂ ਪਹੁੰਚ ਕੇ ਸੰਗਤਾਂ ਨੇ ਹਾਜ਼ਰੀ ਭਰਦੇ ਹੋਏ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਸਮੇਂ ਬੱਚਿਆਂ ਨੇ ਵੀ ਵੱਧ ਚੜ ਕੇ ਲੰਗਰਾਂ ਵਿੱਚ ਸੇਵਾਵਾ ਨਿਭਾਈਆਂ। ਗੁਰੂ ਦੇ ਲੰਗਰ ਤਿੰਨੇ ਦਿਨ ਅਤੁੱਟ ਵਰਤੇ। ਇਸ ਸਮੇਂ ਹਾਜ਼ਰ ਕਵੀਸ਼ਰੀ ਜੱਥੇ ਨੂੰ ਵੀ ਕਰਮਨ ਸਿੱਖ ਐਸੋਸੀਏਸ਼ਨ ਵੱਲੋਂ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਗੁਰੂ ਦੀਆਂ ਸਿੱਖਿਆਵਾ ਨੂੰ ਮੰਨਣ ਦੀ ਗੱਲ ਕਰਦੇ ਹੋਏ, ਸਰਬੱਤ ਦੇ ਭਲੇ ਦੀ ਅਰਦਾਸ ਨਾਲ ਇਹ ਗੁਰਪੁਰਬ ਨੂੰ ਸਮਰਪਿਤ ਸਮਾਗਮ ਯਾਦਗਾਰੀ ਹੋ ਨਿਬੜਿਆਂ।

# ਕੈਨੇਡਾ 'ਚ ਸਿੱਖ ਬਜ਼ੁਰਗ ਵਿਅਕਤੀ ਤੇ ਹੋਇਆ ਨਸਲੀ ਹਮਲਾ, ਦਾੜ੍ਹੀ ਨੂੰ ਪਾਇਆ ਹੱਥ

ਲੈਂਗਲੀ : ਕੈਨੇਡਾ ਦੇ ਲੈਂਗਲੀ ਮੈਮੋਰੀਅਲ ਪਾਰਕ (Langley Memorial Park) 'ਚ 21 ਨਵੰਬਰ ਨੂੰ ਬਜ਼ੁਰਗ ਇੰਦਰਜੀਤ ਸਿੰਘ 'ਤੇ ਹਮਲਾ ਹੋਇਆ। ਇਹ ਸਿੱਖਾਂ ਪ੍ਰਤੀ ਇਕ ਤਰ੍ਹਾਂ ਦਾ ਨਸਲੀ ਹਮਲਾ ਸੀ, ਜਿਸ ਰਾਹੀਂ ਇਨ੍ਹਾਂ ਨੂੰ ਟਾਰਗੈੱਟ ਕੀਤਾ ਗਿਆ। ਪੀੜਤ ਇੰਦਰਜੀਤ ਸਿੰਘ ਨੇ ਆਪਣੇ 'ਤੇ ਹੋਏ ਇਸ ਹਮਲੇ ਬਾਰੇ ਦੱਸਿਆ ਕਿ ਕੰਮ ਤੋਂ ਘਰ ਆਉਣ ਤੋਂ ਬਾਅਦ ਜਦੋਂ ਉਹ ਲੈਂਗਲੀ ਪਾਰਕ ਗਏ ਤੇ ਜਦੋਂ ਉਥੋਂ ਬਾਹਰ ਨਿਕਲਣ ਲੱਗਣ ਤਾਂ 7-8 ਗੋਰੇ ਟੀਨਏਜਰ ਆਏ। ਇਨ੍ਹਾਂ ਨੌਜਵਾਨਾਂ 'ਚੋਂ ਇਕ ਨੇ ਉਨ੍ਹਾਂ ਦੀ ਦਾੜ੍ਹੀ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਉਨ੍ਹਾਂ ਨੇ ਧੱਕਾ ਮਾਰ ਦਿੱਤਾ। ਇਕ ਹੋਰ ਨੌਜਵਾਨ ਨੇ ਉਨ੍ਹਾਂ ਨੂੰ ਲੱਤ ਮਾਰਨ ਦੀ ਕੋਸ਼ਿਸ਼ ਕੀਤੀ ਤੇ ਬਾਕੀ ਦੇ ਮੁੰਡੇ ਵੀ ਪਿੱਛੋਂ ਦੀ ਆ ਗਏ। ਉਨ੍ਹਾਂ ਮੇਰਾ ਕੋਟ ਖਿੱਚਿਆ ਤੇ ਮੈਂ ਉਥੇ ਹੀ ਡਿੱਗ ਗਿਆ ਤੇ ਉਨ੍ਹਾਂ ਮੇਰੇ ਸਿਰ 'ਤੇ ਠੁੱਡੇ ਮਾਰਨੇ ਸ਼ੁਰੂ ਕਰ ਦਿੱਤੇ ਪਰ ਮੈਂ ਪੱਗ ਨਹੀਂ ਲੱਥਣ ਦਿੱਤੀ।

ਬਜ਼ੁਰਗ ਇੰਦਰਜੀਤ ਸਿੰਘ ਨੇ ਦੱਸਿਆ ਕਿ ਹਮਲਾ ਕਰਨ ਵਾਲੇ ਇਨ੍ਹਾਂ ਮੁੰਡਿਆਂ ਦੀ ਉਮਰ ਮਹਿਜ਼ 15-16 ਸਾਲ ਲੱਗਦੀ ਸੀ। ਉਥੇ ਮੌਜੂਦ ਲੋਕਾਂ ਨੇ ਮੇਰੀ ਦੀ ਕੋਈ ਮਦਦ ਨਹੀਂ ਕੀਤੀ। ਜਿਹੜੇ ਕੁਝ ਭਾਰਤੀ ਲੋਕ ਉਥੇ ਸਨ, ਉਨ੍ਹਾਂ ਪੁਲਸ ਨੂੰ ਜ਼ਰੂਰ ਬੁਲਾ ਲਿਆ ਪਰ ਉਹ ਦੂਰੋਂ ਹੀ ਦੇਖਦੇ ਰਹੇ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿਸ ਤਰ੍ਹਾਂ ਇਨ੍ਹਾਂ ਮੁੰਡਿਆਂ ਨੇ ਉਨ੍ਹਾਂ ਦੀ ਦਾੜ੍ਹੀ ਨੂੰ ਹੱਥ ਪਾਇਆ, ਉਸ ਨੂੰ ਦੇਖ ਕੇ ਉਹ ਕਹਿ ਸਕਦੇ ਹਨ ਕਿ ਇਹ ਨਸਲੀ ਹਮਲਾ ਹੀ ਸੀ। ਇਸ ਹਮਲੇ ਵਿੱਚ ਉਨ੍ਹਾਂ ਦੀਆਂ ਕੁਝ ਪੱਸਲੀਆਂ ਟੁੱਟ ਗਈਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਨੂੰ ਇਸ ਬਾਰੇ ਕੋਈ ਕਾਰਵਾਈ ਕਰਨੀ ਚਾਹੀਦੀ ਹੈ ਕਿਉਂਕਿ ਅੱਜ ਇਹ ਹਮਲਾ ਮੇਰੇ 'ਤੇ ਹੋਇਆ ਹੈ ਤਾਂ ਕੱਲ੍ਹ ਨੂੰ ਬਾਕੀਆਂ 'ਤੇ ਵੀ ਹੋ ਸਕਦਾ ਹੈ। ਇਸ ਹਮਲੇ ਤੋਂ ਬਾਅਦ ਪੀੜਤ ਇੰਦਰਜੀਤ ਸਿੰਘ ਡਰੇ ਹੋਏ ਹਨ ਤੇ ਆਪਣੇ ਬੇਟੇ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਵੀ ਪਾਰਕ 'ਚ ਜਾਣ ਤੋਂ ਗੁਰੇਜ਼ ਕਰ ਰਹੇ ਹਨ। ਇਸ ਹਮਲੇ ਤੋਂ ਬਾਅਦ ਪੁਲਸ ਵੱਲੋਂ ਵੀ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।






# BASRA

## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

# ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਬਾਈਡੇਨ ਪ੍ਰਸ਼ਾਸਨ ਨੇ ਭਾਰਤ ਖ਼ਿਲਾਫ਼ ਕੈਨੇਡਾ ਦੇ ਦੋਸ਼ਾਂ ਦਾ ਜਵਾਬ ਦੇਣ 'ਚ ਦਿਖਾਈ ਨਿਮਰਤਾ



ਵਾਸ਼ਿੰਗਟਨ : ਭਾਰਤ-ਅਮਰੀਕਾ ਮਾਮਲਿਆਂ ਦੇ ਇਕ ਚੋਟੀ ਦੇ ਅਮਰੀਕੀ ਮਾਹਰ ਦਾ ਅਹਿਮ ਬਿਆਨ ਸਾਹਮਣੇ ਆਇਆ ਹੈ। ਅਮਰੀਕੀ ਮਾਹਰ ਦਾ ਕਹਿਣਾ ਹੈ ਕਿ ਭਾਰਤ ਨਾਲ ਸਬੰਧਾਂ ਦੀ ਮਹੱਤਤਾ ਨੂੰ ਸਮਝਦੇ ਹੋਏ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੇ ਪ੍ਰਸ਼ਾਸਨ ਨੇ ਕੈਨੇਡਾ ਵਲੋਂ ਇਕ ਸਿੱਖ ਨੇਤਾ ਦੇ ਕਤਲ ਨੂੰ ਲੈ ਕੇ ਭਾਰਤ 'ਤੇ ਲਗਾਏ ਗਏ ਦੋਸ਼ਾਂ ਦੇ ਸਬੰਧ ਵਿਚ ਆਪਣੇ ਜਨਤਕ ਜਵਾਬ ਵਿੱਚ ਬਹੁਤ ਨਿਮਰਤਾ ਦਿਖਾਈ। ਰਣਨੀਤਕ ਮਾਮਲਿਆਂ ਦੀ ਟਾਟਾ ਚੇਅਰ ਅਤੇ ਅੰਤਰਰਾਸ਼ਟਰੀ ਸ਼ਾਂਤੀ ਲਈ ਵੱਕਾਰੀ ਕਾਰਨੇਗੀ ਐਂਡੋਮੈਂਟ ਦੇ ਸੀਨੀਅਰ ਰਿਸਰਚ ਫੈਲੋ ਐਸ਼ਲੇ ਜੇ ਟੇਲਿਸ ਨੇ ਇੱਕ ਇੰਟਰਵਿਊ ਵਿੱਚ ਕਿਹਾ, 'ਮੈਨੂੰ ਲੱਗਦਾ ਹੈ ਕਿ ਅਮਰੀਕਾ ਦਾ ਜਵਾਬ ਅਸਲ ਵਿੱਚ ਕਮਾਲ ਦਾ ਸੀ ਕਿਉਂਕਿ ਕੈਨੇਡਾ ਇੱਕ ਬਹੁਤ ਨਜ਼ਦੀਕੀ ਭਾਈਵਾਲ ਹੈ ਅਤੇ ਜੇਕਰ ਇਹ ਭਾਰਤ ਤੋਂ ਇਲਾਵਾ ਕੋਈ ਹੋਰ ਦੇਸ਼ ਹੁੰਦਾ, ਤਾਂ ਮੈਨੂੰ ਲੱਗਦਾ ਹੈ ਕਿ ਅਮਰੀਕਾ ਦਾ ਜਵਾਬ ਹੋਰ ਵੀ ਸਪੱਸ਼ਟ ਹੁੰਦਾ।"

**ਅਮਰੀਕਾ ਨੇ ਭਾਰਤ ਨੂੰ ਜਾਂਚ ਵਿਚ ਸਹਿਯੋਗ ਕਰਨ ਦੀ ਕੀਤੀ ਅਪੀਲ** : ਕੈਨੇਡਾ ਨੇ ਉਸ ਦੇ ਦੇਸ਼ ਵਿਚ ਹੋਏ ਭਾਈ ਹਰਦੀਪ ਸਿੰਘ ਦੇ ਕਤਲ 'ਚ ਭਾਰਤੀ ਏਜੰਟ ਸ਼ਾਮਲ ਹੋਣ ਦੇ ਦੋਸ਼ ਲਗਾਏ ਹਨ। ਟੇਲਿਸ ਨੂੰ ਕੈਨੇਡਾ ਵੱਲੋਂ ਲਗਾਏ ਇਨ੍ਹਾਂ ਦੋਸ਼ਾਂ ਬਾਰੇ ਸਵਾਲ ਪੁੱਛੇ ਗਏ ਸਨ, ਜਿਸ ਦੇ ਜਵਾਬ ਵਿੱਚ ਉਨ੍ਹਾਂ ਨੇ ਇਹ ਗੱਲ ਕਹੀ। ਉੱਧਰ ਭਾਰਤ ਨੇ ਕੈਨੇਡਾ ਦੇ ਦੋਸ਼ਾਂ ਨੂੰ 'ਬੇਤੁਕਾ' ਅਤੇ 'ਨਿਰਧਾਰਤ ਹਿੱਤਾਂ ਤੋਂ ਪ੍ਰੇਰਿਤ' ਦੱਸਦਿਆਂ ਰੱਦ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੇ ਪ੍ਰਸ਼ਾਸਨ ਨੇ ਇਨ੍ਹਾਂ ਦੋਸ਼ਾਂ 'ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਭਾਰਤ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਜਾਂਚ 'ਚ ਕੈਨੇਡੀਅਨ ਅਧਿਕਾਰੀਆਂ ਨੂੰ ਸਹਿਯੋਗ ਦੇਣ।

**ਅਮਰੀਕਾ-ਭਾਰਤ ਦੇ ਸਬੰਧ ਸ਼ਾਨਦਾਰ** : ਟੇਲਿਸ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ, "ਮੈਨੂੰ ਲਗਦਾ ਹੈ ਕਿ ਇਹ ਪ੍ਰਸ਼ਾਸਨ ਆਪਣੀ ਜਨਤਕ ਪ੍ਰਤੀਕ੍ਰਿਆ ਵਿੱਚ ਬਹੁਤ ਜ਼ਿਆਦਾ ਨਿਮਰ ਹੋਣ ਲਈ ਪਿੱਛੇ ਵੱਲ ਝੁਕਿਆ ਹੋਇਆ ਹੈ। ਉਸਨੇ ਸਪੱਸ਼ਟ ਤੌਰ 'ਤੇ ਭਾਰਤ ਨੂੰ ਕੈਨੇਡੀਅਨ ਜਾਂਚ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ, ਪਰ ਕੋਈ ਵੀ ਸਿੱਧੇ ਤੌਰ 'ਤੇ ਨਿੰਦਣਯੋਗ ਸ਼ਬਦ ਨਹੀਂ ਬੋਲੇ ਅਤੇ ਮੈਨੂੰ ਲੱਗਦਾ ਹੈ ਕਿ ਇਹ ਪ੍ਰਸ਼ਾਸਨ ਲਈ ਕਾਫ਼ੀ ਕਮਾਲ ਹੈ। ਮੈਨੂੰ ਲੱਗਦਾ ਹੈ ਕਿ ਲੋਕਾਂ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਪ੍ਰਸ਼ਾਸਨ ਦੀ ਪ੍ਰਤੀਕਿਰਿਆ ਦੀ ਸੁਰ ਅਤੇ ਸਮੱਗਰੀ ਦੋਵੇਂ ਕਿੰਨੇ ਵੱਖਰੇ ਸਨ।" ਭਾਰਤੀ ਮਾਮਲਿਆਂ ਦੇ ਸਭ ਤੋਂ ਸਤਿਕਾਰਤ ਅਤੇ ਪ੍ਰਮੁੱਖ ਅਮਰੀਕੀ ਮਾਹਰ ਮੰਨੇ ਜਾਂਦੇ ਟੇਲਿਸ ਨੇ ਕਿਹਾ ਕਿ ਬਾਈਡੇਨ ਪ੍ਰਸ਼ਾਸਨ ਦੇ 3 ਸਾਲ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਲਈ ਬਹੁਤ ਸ਼ਾਨਦਾਰ ਰਹੇ ਹਨ। ਉਸਨੇ ਕਿਹਾ, 'ਇਹ ਸ਼ਾਨਦਾਰ ਰਿਹਾ।' ਜਦੋਂ ਮੈਂ ਪਿੱਛੇ ਮੁੜ ਕੇ ਦੇਖਦਾ ਹਾਂ, ਤਾਂ ਇਹ ਕਲਪਨਾ ਕਰਨਾ ਮੁਸ਼ਕਲ ਹੈ ਕਿ ਕਿਸੇ ਪ੍ਰਸ਼ਾਸਨ ਨੇ, ਖਾਸ ਤੌਰ 'ਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਬਾਅਦ, ਨਵੀਂ ਦਿੱਲੀ ਨਾਲ ਇਸ ਰਿਸ਼ਤੇ ਨੂੰ ਮਜ਼ਬੂਤ ਕਰਨ ਲਈ ਇੰਨੇ ਯਤਨ ਕੀਤੇ ਹੋਣਗੇ। ਇਸਦਾ ਸਿਹਰਾ ਅਸਲ ਵਿੱਚ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਜਾਂਦਾ ਹੈ ਕਿ ਉਸਨੇ ਇਹਨਾਂ ਸਬੰਧਾਂ ਦੀ ਜ਼ਿੰਮੇਵਾਰੀ ਲਈ ਹੈ।

ਤੁਸੀਂ ਇਸ ਨੂੰ ਚੰਗੀ ਤਰ੍ਹਾਂ ਦੇਖ ਸਕਦੇ ਹੋ ਕਿ ਬਾਈਡੇਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕਿਹੋ ਜਿਹਾ ਵਿਵਹਾਰ ਕੀਤਾ ਜਦੋਂ ਉਹ ਰਾਜ ਦੇ ਦੌਰੇ 'ਤੇ ਆਏ ਸਨ ਅਤੇ ਉਸ ਤੋਂ ਬਾਅਦ ਹੋਈਆਂ ਸਾਰੀਆਂ ਪਹਿਲਕਦਮੀਆਂ ਵਿੱਚ। ਟੇਲਿਸ ਨੇ ਕਿਹਾ, "ਹੁਣ ਵੱਡਾ ਸਵਾਲ ਇਹ ਹੈ ਕਿ ਕੀ ਰਾਸ਼ਟਰਪਤੀ ਗਣਤੰਤਰ ਦਿਵਸ ਅਤੇ ਕਵਾਡ (ਕੁਆਟਰਨਰੀ ਸਕਿਓਰਿਟੀ ਡਾਇਲਾਗ) ਮੀਟਿੰਗ ਲਈ ਭਾਰਤ ਜਾ ਸਕਣਗੇ? ਜੇਕਰ ਰਾਸ਼ਟਰਪਤੀ ਜਾ ਪਾਉਂਦੇ ਹਨ, ਤਾਂ ਇਹ ਸ਼ਾਨਦਾਰ ਹੋਵੇਗਾ ਪਰ ਮੈਨੂੰ ਲੱਗਦਾ ਹੈ ਕਿ ਜੇਕਰ ਉਹ ਅਜਿਹਾ ਕਰਨ ਦੇ ਯੋਗ ਹੋ ਜਾਂਦੇ ਹਨ, ਤਾਂ ਇਹ ਇੱਕ ਸਾਲ ਹੋਵੇਗਾ ਜਦੋਂ ਚੋਣਾਂ ਦੇ ਕਾਰਨ ਦੋਵੇਂ ਸਰਕਾਰਾਂ ਵੱਖੋ-ਵੱਖਰੇ ਤਰੀਕਿਆਂ ਨਾਲ ਰੁੱਝੀਆਂ ਹੋਣਗੀਆਂ। ਉਸ ਨੇ ਕਿਹਾ ਬਿਨਾਂ ਸ਼ੱਕ ਸਬੰਧਾਂ ਨੂੰ ਬੀਤੇ ਸਾਲਾਂ ਵਾਂਗ ਗਤੀ ਮਿਲੇਗੀ। ਪਰ ਮੈਨੂੰ ਨਹੀਂ ਲੱਗਦਾ ਕਿ ਦੋਵਾਂ ਧਿਰਾਂ ਵਿੱਚ ਵੱਡੀਆਂ ਪਹਿਲਕਦਮੀਆਂ ਕਰਨ ਦੀ ਸਮਰੱਥਾ ਹੋਵੇਗੀ ਕਿਉਂਕਿ ਰਾਸ਼ਟਰਪਤੀ ਬਾਈਡੇਨ ਅਗਲੇ ਸਾਲ ਨਵੰਬਰ ਤੱਕ ਲਗਭਗ ਪੂਰਾ ਸਾਲ ਚੱਲਣ ਵਾਲੀ ਚੋਣ ਪ੍ਰਕਿਰਿਆ ਵਿੱਚ ਰੁੱਝੇ ਰਹਿਣਗੇ ਅਤੇ ਪ੍ਰਧਾਨ ਮੰਤਰੀ ਮੋਦੀ ਵੀ ਪਹਿਲੇ ਅੱਧ ਵਿੱਚ ਅਗਲੇ ਕੈਲੰਡਰ ਸਾਲ ਦੀਆਂ ਚੋਣਾਂ ਵਿੱਚ ਰੁੱਝੇ ਰਹਿਣਗੇ।"

**ਭਾਰਤ-ਅਮਰੀਕਾ ਸਬੰਧਾਂ ਵਿੱਚ ਚੀਨ ਮਹੱਤਵਪੂਰਨ ਕਾਰਕ** : ਟੇਲਿਸ ਨੇ ਕਿਹਾ ਕਿ ਸਬੰਧਾਂ ਦੀ ਸਮੁੱਚੀ ਤਸਵੀਰ ਬਹੁਤ ਵਧੀਆ ਹੈ ਅਤੇ ਦੋਵਾਂ ਪਾਸਿਆਂ ਦੀ ਲੀਡਰਸ਼ਿਪ ਨੇ ਰਿਸ਼ਤੇ ਨੂੰ ਅੱਗੇ ਲਿਜਾਣ ਲਈ ਕਮਾਲ ਦੀ ਵਚਨਬੱਧਤਾ ਦਿਖਾਈ ਹੈ। ਉਨ੍ਹਾਂ ਕਿਹਾ, "ਜੇਕਰ ਅਸੀਂ ਚੀਨ ਨਾਲ ਮੁਕਾਬਲੇ ਦੀ ਗੱਲ ਕਰੀਏ ਤਾਂ ਅਮਰੀਕਾ ਦਾ ਚੀਨ ਨਾਲ ਮੁਕਾਬਲਾ ਹੈ। ਉਤਪਾਦਨ ਦੇ ਅਧਾਰ ਨੂੰ ਵਿਭਿੰਨ ਬਣਾਉਣ ਲਈ ਪ੍ਰਸ਼ਾਸਨ ਦੁਆਰਾ ਕੀਤੇ ਜਾ ਰਹੇ ਯਤਨ, ਖਾਸ ਕਰਕੇ ਨਿਰਮਾਣ ਲਈ ਅਸਲ ਵਿੱਚ ਬਹੁਤ ਪ੍ਰਭਾਵਸ਼ਾਲੀ ਹਨ। ਚੀਜ਼ਾਂ ਦੀ ਇਸ ਯੋਜਨਾ ਵਿੱਚ ਭਾਰਤ ਬਹੁਤ ਉੱਚਾ ਹੈ ਕਿਉਂਕਿ ਇਸਨੂੰ ਇੱਕ ਭਰੋਸੇਮੰਦ ਭਾਈਵਾਲ ਵਜੋਂ ਦੇਖਿਆ ਜਾਂਦਾ ਹੈ ਇਸ ਲਈ ਮੈਨੂੰ ਲੱਗਦਾ ਹੈ ਕਿ ਇਸ ਰਿਸ਼ਤੇ ਦਾ ਭਵਿੱਖ ਬਹੁਤ ਉੱਜਵਲ ਹੈ। ਇਸ ਸਮੇਂ ਦੌਰਾਨ ਸਾਡੇ ਕੋਲ ਹਮੇਸ਼ਾ ਸਮੱਸਿਆਵਾਂ ਹੋਣਗੀਆਂ ਜਿਨ੍ਹਾਂ ਦਾ ਪ੍ਰਬੰਧਨ ਕਰਨਾ ਪਏਗਾ, ਪਰ ਮੈਨੂੰ ਲਗਦਾ ਹੈ ਕਿ ਜਦੋਂ ਤੱਕ ਦੋਵੇਂ ਧਿਰਾਂ ਟੀਚੇ 'ਤੇ ਨਜ਼ਰ ਰੱਖਣਗੀਆਂ ਅਤੇ ਲੰਬੇ ਸਮੇਂ ਦੇ ਮੌਕਿਆਂ 'ਤੇ ਧਿਆਨ ਕੇਂਦ੍ਰਤ ਕਰਦੀਆਂ ਹਨ, ਸਾਡੇ ਚੰਗੇ ਰਿਸ਼ਤੇ ਹੋਣਗੇ।" ਉਨ੍ਹਾਂ ਕਿਹਾ ਕਿ ਭਾਰਤ-ਅਮਰੀਕਾ ਸਬੰਧਾਂ ਵਿੱਚ ਚੀਨ ਮਹੱਤਵਪੂਰਨ ਕਾਰਕ ਹੈ।

# ਅਮਰੀਕਾ ਦੇ 33 ਸੂਬਿਆਂ ਨੇ ਫੇਸਬੁੱਕ ਅਤੇ ਇੰਸਟਾਗ੍ਰਾਮ ਦੀ ਮੂਲ ਕੰਪਨੀ 'ਮੇਟਾ' ਤੇ ਕੀਤਾ ਮੁਕੱਦਮਾ



ਸਾਨ ਫਰਾਂਸਿਸਕੋ : ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ ਅਤੇ ਇੰਸਟਾਗ੍ਰਾਮ ਦੀ ਮੂਲ ਕੰਪਨੀ 'ਮੇਟਾ' 'ਤੇ ਇਲਜ਼ਾਮ ਲੱਗ ਰਹੇ ਹਨ। ਅਮਰੀਕਾ ਦੇ ਕਈ ਰਾਜਾਂ ਵਿੱਚ ਕਈ ਸ਼ਿਕਾਇਤਾਂ ਆਈਆਂ ਹਨ ਕਿ ਮੈਟਾ ਨੇ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਨਿੱਜੀ ਜਾਣਕਾਰੀ ਇਕੱਠੀ ਕੀਤੀ ਅਤੇ ਇੱਕ ਕਾਰੋਬਾਰੀ ਮਾਡਲ ਬਣਾਇਆ ਜਿਸ ਨਾਲ ਉਹ ਆਪਣਾ ਜ਼ਿਆਦਾਤਰ ਸਮਾਂ ਆਪਣੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਬਿਤਾਉਂਦੇ ਹਨ। ਇਸ ਗੱਲ ਦੀ ਆਲੋਚਨਾ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਨੇ ਬੱਚਿਆਂ ਦਾ ਡਾਟਾ ਚੋਰੀ ਕਰਨ ਲਈ ਜਾਣਬੁੱਝ ਕੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਚ ਮੈਟਾ ਬਦਲਾਅ ਕੀਤੇ ਹਨ। 33 ਰਾਜਾਂ ਦੇ ਅਟਾਰਨੀ ਜਨਰਲਾਂ ਨੇ ਪਿਛਲੇ ਮਹੀਨੇ ਅਦਾਲਤ ਵਿੱਚ ਮੇਟਾ ਦੇ ਪ੍ਰਬੰਧਨ ਵਿਰੁੱਧ ਮੁਕੱਦਮਾ ਦਾਇਰ ਕੀਤਾ ਸੀ। ਇਹ ਮਾਮਲਾ ਹਾਲ ਹੀ 'ਚ ਸਾਹਮਣੇ ਆਇਆ ਹੈ। ਉਹ ਇਲਜ਼ਾਮ ਲਗਾਉਂਦੇ ਹਨ ਕਿ ਮੇਟਾ ਕਿਸ਼ੋਰਾਂ ਨੂੰ ਸੋਸ਼ਲ ਮੀਡੀਆ ਸਾਈਟਾਂ 'ਤੇ ਲੁਭਾਉਣ ਅਤੇ ਭਰਮਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮੁਕੱਦਮੇ ਵਿੱਚ ਦੋਸ਼ ਹੈ ਕਿ ਇੰਸਟਾਗ੍ਰਾਮ ਨੇ 13 ਸਾਲ ਤੋਂ ਘੱਟ ਉਮਰ ਦੇ ਲੱਖਾਂ ਉਪਭੋਗਤਾਵਾਂ ਦੀ ਨਿੱਜੀ ਜਾਣਕਾਰੀ ਉਨ੍ਹਾਂ ਦੇ ਮਾਪਿਆਂ ਦੀ ਸਹਿਮਤੀ ਤੋਂ ਬਿਨਾਂ ਇਕੱਠੀ ਕੀਤੀ, ਜੋ ਕਿ ਗੈਰ-ਕਾਨੂੰਨੀ ਹੈ। ਮੇਟਾ 'ਤੇ ਬੱਚਿਆਂ ਦੀ ਗੋਪਨੀਯਤਾ ਦੀ ਰੱਖਿਆ ਲਈ ਬਣੇ ਕਾਨੂੰਨਾਂ ਦੀ ਪਾਲਣਾ ਨਾ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਮੇਟਾ ਦੇ ਪ੍ਰਬੰਧਕਾਂ ਨੇ ਉਨ੍ਹਾਂ 'ਤੇ ਲੱਗੇ ਦੋਸ਼ਾਂ ਦਾ ਜਵਾਬ ਦਿੱਤਾ ਹੈ। 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਖਾਤੇ ਖੋਲ੍ਹਣ ਦੀ ਇਜਾਜ਼ਤ ਨਹੀਂ ਹੈ। ਨੇ ਐਲਾਨ ਕੀਤਾ ਹੈ ਕਿ ਅਜਿਹੇ ਖਾਤਿਆਂ ਨੂੰ ਡਿਲੀਟ ਕਰ ਦਿੱਤਾ ਜਾਵੇਗਾ। ਇਹ ਜਾਣਿਆ ਜਾਂਦਾ ਹੈ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਾਲਾਂ ਤੋਂ ਉਪਭੋਗਤਾਵਾਂ ਦੀ ਨਿੱਜੀ ਜਾਣਕਾਰੀ ਚੋਰੀ ਕਰਨ ਦਾ ਦੋਸ਼ ਹੈ। ਮੰਨਿਆ ਜਾ ਰਿਹਾ ਹੈ ਕਿ ਤਾਜ਼ਾ ਖ਼ਬਰਾਂ ਨਾਲ ਉਨ੍ਹਾਂ ਨੂੰ ਹੋਰ ਤਾਕਤ ਮਿਲੀ ਹੈ।

# ਚੀਨ ਖ਼ਿਲਾਫ਼ ਯੋਜਨਾਵਾਂ ਬਣਾਉਣ 'ਚ ਭਾਰਤੀ ਮੂਲ ਦੇ ਕ੍ਰਿਸ਼ਨਮੂਰਤੀ ਦਾ ਹੈ ਅਹਿਮ ਯੋਗਦਾਨ: ਫਾਰੇਨ ਪਾਲਿਸੀ ਮੈਗਜ਼ੀਨ

ਵਾਸ਼ਿੰਗਟਨ : ਇਕ ਮਸ਼ਹੂਰ ਮੈਗਜ਼ੀਨ 'ਚ ਭਾਰਤੀ ਅਮਰੀਕੀ ਸੰਸਦ ਮੈਂਬਰ ਰਾਜਾ ਕ੍ਰਿਸ਼ਨਮੂਰਤੀ 'ਤੇ ਇਕ ਲੇਖ ਲਿਖਿਆ ਗਿਆ ਹੈ। ਦਰਅਸਲ, ਰਾਜਾ ਕ੍ਰਿਸ਼ਨਮੂਰਤੀ (50 ਸਾਲ) ਚੀਨ ਖਿਲਾਫ਼ ਅਮਰੀਕੀ ਨੀਤੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਰਾਜਾ ਕ੍ਰਿਸ਼ਨਮੂਰਤੀ ਅਤੇ ਮਾਈਕ ਗੈਲਾਘਰ ਅਮਰੀਕੀ ਸੰਸਦ ਦੀ ਚੋਣ ਕਮੇਟੀ ਦੇ ਮੈਂਬਰ ਹਨ। ਇਹ ਕਮੇਟੀ ਅਮਰੀਕਾ ਅਤੇ ਚੀਨ ਦੀ ਕਮਿਊਨਿਸਟ ਪਾਰਟੀ ਦੀ ਦੁਸ਼ਮਣੀ 'ਤੇ ਨੀਤੀ ਬਣਾਉਂਦੀ ਹੈ। ਮੈਗਜ਼ੀਨ 'ਚ ਕ੍ਰਿਸ਼ਨਮੂਰਤੀ ਅਤੇ ਗੈਲਘੇਰ ਦੋਵਾਂ 'ਤੇ ਸਾਂਝਾ ਲੇਖ ਲਿਖਿਆ ਗਿਆ ਹੈ। ਦੱਸ ਦੇਈਏ ਕਿ ਇਸ ਕਮੇਟੀ ਦਾ ਗਠਨ ਇਸੇ ਸਾਲ ਫਰਵਰੀ 'ਚ ਹੀ ਕੀਤਾ ਗਿਆ ਸੀ। ਇਸ ਕਮੇਟੀ ਦਾ ਮਕਸਦ ਆਰਥਿਕ, ਤਕਨੀਕੀ ਅਤੇ ਸੁਰੱਖਿਆ ਮਾਮਲਿਆਂ 'ਚ ਚੀਨ ਨਾਲ ਅਮਰੀਕਾ ਦੇ ਮੁਕਾਬਲੇ 'ਤੇ ਨਜ਼ਰ ਰੱਖਣਾ ਅਤੇ ਇਸ ਨਾਲ ਜੁੜੀਆਂ ਨੀਤੀਆਂ ਬਣਾਉਣਾ




ਹੈ। ਰਾਜਾ ਕ੍ਰਿਸ਼ਨਮੂਰਤੀ ਦੱਖਣੀ ਏਸ਼ੀਆਈ ਮੂਲ ਦੇ ਪਹਿਲੇ ਵਿਅਕਤੀ ਹਨ ਜੋ ਅਮਰੀਕੀ ਸੰਸਦ ਦੀ ਕਿਸੇ ਵੀ ਕਮੇਟੀ ਦੇ ਰੈਂਕਿੰਗ ਮੈਂਬਰ ਜਾਂ ਚੇਅਰਮੈਨ ਬਣੇ ਹਨ। ਲੇਖ ਵਿੱਚ ਲਿਖਿਆ ਗਿਆ ਹੈ ਕਿ ਇਹ ਕਮੇਟੀ ਭਵਿੱਖ ਲਈ ਜਿਹੜੀਆਂ ਨੀਤੀਆਂ ਬਣਾਵੇਗੀ, ਅਮਰੀਕਾ ਉਨ੍ਹਾਂ 'ਤੇ ਹੀ ਅੱਗੇ ਵਧੇਗਾ।

ਕ੍ਰਿਸ਼ਨਮੂਰਤੀ ਨੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਇਕ ਪੋਸਟ 'ਚ ਲਿਖਿਆ ਕਿ ਗੈਲਘੇਰ ਨਾਲ ਕੰਮ ਕਰਨਾ ਅਤੇ ਚੀਨੀ ਕਮਿਊਨਿਸਟ ਪਾਰਟੀ ਵੱਲੋਂ ਪੇਸ਼ ਚੁਣੌਤੀ ਨਾਲ ਨਜਿੱਠਣਾ ਖੁਸ਼ੀ ਦੀ ਗੱਲ ਹੈ। ਸਾਡੇ ਸਹਿਯੋਗ ਨਾਲ ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਹੋਣਗੀਆਂ ਤੇ ਮੈਂ ਇਹ ਦੇਖਣ ਲਈ ਉਤਸੁਕ ਹਾਂ ਕਿ ਭਵਿੱਖ ਵਿੱਚ ਕੀ ਹੋਵੇਗਾ।

# ਬੇਬੀਸਿਟਰ ਨੇ 2 ਸਾਲ ਦੇ ਬੱਚੇ ਦੀ ਕੀਤੀ ਕੁੱਟਮਾਰ, ਹਸਪਤਾਲ 'ਚ ਜ਼ਿੰਦਗੀ ਲਈ ਲੜ ਰਿਹਾ ਮਾਸੂਮ

ਵਾਸ਼ਿੰਗਟਨ : ਅਮਰੀਕਾ ਦਾ ਇਕ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਨਸ਼ੇ ਵਿਚ ਟੱਲੀ ਇੱਕ ਬੇਬੀਸਿਟਰ ਵੱਲੋਂ ਮਾਸੂਮ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ। ਬੁਰੀ ਤਰ੍ਹਾਂ ਕੁੱਟਮਾਰ ਤੋਂ ਬਾਅਦ 2 ਸਾਲ ਦਾ ਬੱਚਾ ਆਪਣੀ ਜ਼ਿੰਦਗੀ ਦੀ ਲੜਾਈ ਲੜ ਰਿਹਾ ਹੈ। ਬੱਚੇ ਦੀ ਪਛਾਣ ਜਿਓਵਨੀ ਰਿਚਰਡ ਵਜੋਂ ਹੋਈ ਹੈ। ਬੱਚੇ ਦੀ ਮਾਂ ਨੇ ਬੱਚੇ ਨੂੰ ਆਪਣੇ ਦੋਸਤ ਮੈਕਕਿਨਲੇ ਸਲੋਅਨ ਹਰਨਾਂਡੇਜ਼ ਦੀ ਦੇਖਭਾਲ ਵਿੱਚ ਛੱਡਿਆ ਸੀ।



ਬੱਚੇ ਦੇ ਕਈ ਆਪਰੇਸ਼ਨ ਹੋ ਚੁੱਕੇ ਹਨ। ਕੋਈ ਸਮਝ ਨਹੀਂ ਪਾ ਰਿਹਾ ਹੈ ਕਿ ਦੋ ਸਾਲ ਦੇ ਬੱਚੇ ਨਾਲ ਕੀ ਹੋਇਆ। ਹਾਲਾਂਕਿ ਬੇਬੀਸਿਟਰ ਨੇ ਕੁਝ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਬੱਚੇ ਦੀ ਮਾਂ ਨੇ ਦੱਸਿਆ ਕਿ ਬੱਚੇ ਨੂੰ ਛੱਡਣ ਤੋਂ ਕੁਝ ਘੰਟਿਆਂ ਬਾਅਦ ਉਸ ਦੇ ਦੋਸਤ ਨੇ ਉਸ ਨੂੰ ਫੋਨ ਕੀਤਾ। ਇਸ ਫੋਨ ਕਾਲ ਤੋਂ ਬਾਅਦ ਉਹ ਸਿੱਧਾ ਸੇਂਟ ਐਂਟਨੀ ਹਸਪਤਾਲ ਪਹੁੰਚੀ, ਕਿਉਂਕਿ ਉਸ ਨੂੰ ਦੱਸਿਆ ਗਿਆ ਸੀ ਕਿ ਬੱਚਾ ਨਹਾਉਣ ਤੋਂ ਬਾਅਦ ਬੇਜਾਨ ਹੋ ਗਿਆ ਸੀ।

ਉਸ ਨੇ ਕਿਹਾ, 'ਮੈਂ ਆਪਣੇ ਬੱਚੇ ਦੇ ਆਲੇ-ਦੁਆਲੇ 50 ਦੇ ਕਰੀਬ ਡਾਕਟਰਾਂ ਨੂੰ ਖੜ੍ਹੇ ਦੇਖਿਆ। ਮੈਂ ਉਸ ਕਮਰੇ ਵਿੱਚੋਂ ਬਾਹਰ ਨਿਕਲ ਗਈ ਕਿਉਂਕਿ ਮੇਰੇ ਲਈ ਇਹ ਦ੍ਰਿਸ਼ ਦੇਖਣਾ ਬਹੁਤ ਔਖਾ ਸੀ। ਮੀਡੀਆ ਮੁਤਾਬਕ ਦੋ ਸਾਲ ਦੇ ਬੱਚੇ ਨੂੰ ਏਅਰਲਿਫਟ ਕਰਕੇ ਹਸਪਤਾਲ ਲਿਜਾਇਆ ਗਿਆ ਅਤੇ ਦਿਮਾਗ ਤੋਂ ਖੂਨ ਵਹਿਣ ਕਾਰਨ ਉਸ ਦਾ ਤੁਰੰਤ ਆਪ੍ਰੇਸ਼ਨ ਕੀਤਾ ਗਿਆ। ਬੱਚੇ ਨੂੰ ਇਨਕਿਊਬੇਟ ਕੀਤਾ ਗਿਆ ਹੈ। ਹਾਲ ਹੀ ਦੇ ਮਹੀਨਿਆਂ ਵਿੱਚ ਬੱਚੇ ਦੇ ਕਈ ਹੋਰ ਆਪਰੇਸ਼ਨ ਕੀਤੇ ਗਏ।

ਬੱਚੇ ਦੀ ਮਾਂ ਨੇ ਦੇਖਿਆ ਕਿ ਕਿਸੇ ਨੇ ਉਸ ਦੇ ਪੁੱਤਰ ਦੇ ਸਿਰ ਅਤੇ ਸਰੀਰ 'ਤੇ ਜ਼ੋਰਦਾਰ ਵਾਰ ਕੀਤੇ ਗਏ ਹਨ। ਉਸਨੇ ਕਿਹਾ ਕਿ ਉਸਦੀ ਦੋਸਤ ਹਰਨਾਂਡੇਜ਼ ਉਸ ਦੇ ਬੱਚੇ ਨੂੰ ਕਈ ਹੋਰ ਬੱਚਿਆਂ ਦੇ ਨਾਲ ਬਿਨਾਂ ਲਾਇਸੈਂਸ ਦੇ ਚਾਈਲਡਕੇਅਰ ਵਿੱਚ ਰੱਖਦੀ ਸੀ। ਹਰਨਾਂਡੇਜ਼ ਨੂੰ ਇਸ ਘਟਨਾ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇਸ ਸਮੇਂ ਉਹ 100,000 ਡਾਲਰ ਦੀ ਜ਼ਮਾਨਤ 'ਤੇ ਰਿਹਾਅ ਹੈ।

# ਰਿਸ਼ੀ ਸੁਨਕ ਦਾ ਵੱਡਾ ਬਿਆਨ, ਕਿਹਾ-ਮਸਕ ਹੋਵੇ ਜਾਂ ਕੋਈ ਆਮ ਆਦਮੀ, ਯਹੂਦੀ ਵਿਰੋਧੀ ਹਰ ਤਰ੍ਹਾਂ ਗ਼ਲਤ

ਵਾਸ਼ਿੰਗਟਨ : ਇਜ਼ਰਾਈਲ ਅਤੇ ਹਮਾਸ ਵਿਚਾਲੇ ਚੱਲ ਰਹੀ ਜੰਗਬੰਦੀ ਨੂੰ ਲੈ ਕੇ ਚੰਗੀ ਖ਼ਬਰ ਸਾਹਮਣੇ ਆਈ ਹੈ। ਗਲੋਬਲ ਕੋਸ਼ਿਸ਼ਾਂ ਤੋਂ ਬਾਅਦ ਦੋਵੇਂ ਧਿਰਾਂ ਜੰਗਬੰਦੀ ਨੂੰ ਦੋ ਦਿਨ ਹੋਰ ਵਧਾਉਣ ਲਈ ਸਹਿਮਤ ਹੋ ਗਈਆਂ ਹਨ। ਇਸ ਦੌਰਾਨ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਯਹੂਦੀ ਵਿਰੋਧੀ ਸੋਚ ਦੀ ਸਖ਼ਤ ਆਲੋਚਨਾ ਕੀਤੀ ਹੈ। ਇਕ ਇੰਟਰਵਿਊ 'ਚ ਉਨ੍ਹਾਂ ਤੋਂ ਯਹੂਦੀਆਂ ਨਾਲ ਜੁੜੇ ਐਲੋਨ ਮਸਕ ਦੇ ਟਵੀਟ ਬਾਰੇ ਪੁੱਛਿਆ ਗਿਆ ਸੀ। ਸੁਨਕ ਨੇ ਇਸ 'ਤੇ ਮਸਕ ਦੀ ਸਖ਼ਤ ਆਲੋਚਨਾ ਕੀਤੀ।



ਉਸ ਨੇ ਕਿਹਾ, 'ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਮਸਕ ਹੋ ਜਾਂ ਕੋਈ ਸੜਕ 'ਤੇ ਕਿਸੇ ਨਾਲ ਦੁਰਵਿਵਹਾਰ ਕਰਨ ਵਾਲਾ ਵਿਅਕਤੀ, ਯਹੂਦੀ ਦਾ ਵਿਰੋਧੀ ਕਰਨਾ ਹਰ ਤਰ੍ਹਾਂ ਗ਼ਲਤ ਹੈ।' ਦਰਅਸਲ, ਇੱਕ ਵਿਅਕਤੀ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਦਾਅਵਾ ਕੀਤਾ ਸੀ ਕਿ ਯਹੂਦੀ ਲੋਕ ਗੋਰਿਆਂ ਦੇ ਖ਼ ?ਲਾਫ਼ ਨਫ਼ਰਤ ਨੂੰ ਵਧਾਵਾ ਦੇ ਰਹੇ ਹਨ। ਇਸ ਦਾ ਜਵਾਬ ਦਿੰਦੇ ਹੋਏ ਮਸਕ ਨੇ ਲਿਖਿਆ ਕਿ 'ਤੁਸੀਂ ਬਿਲਕੁਲ ਸਹੀ ਕਿਹਾ ਹੈ।' ਮਸਕ ਦੀ ਇਸ ਪ੍ਰਤੀਕਰਮ ਕਾਰਨ ਹੰਗਾਮਾ ਹੋਰ ਵੱਧ ਗਿਆ। ਅਮਰੀਕੀ ਰਾਸ਼ਟਰਪਤੀ ਜੋ ਬਾਈਡੇਨ ਦੇ ਦਫ਼ਤਰ ਨੇ ਵੀ ਮਸਕ ਦੇ ਬਿਆਨ ਦੀ ਸਖ਼ਤ ਆਲੋਚਨਾ ਕੀਤੀ ਹੈ।

ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਜਦੋਂ ਤੱਕ ਬੰਧਕਾਂ ਦੀ ਅਦਲਾ-ਬਦਲੀ ਜਾਰੀ ਰਹੇਗੀ ਉਦੋਂ ਤੱਕ ਜੰਗਬੰਦੀ ਕਾਇਮ ਰਹੇਗੀ। ਸਾਨੂੰ ਉਮੀਦ ਸੀ ਕਿ ਹਮਾਸ ਦੁਆਰਾ ਹੋਰ ਅਮਰੀਕੀਆਂ ਨੂੰ ਰਿਹਾਅ ਕੀਤਾ ਜਾਵੇਗਾ। ਅਮਰੀਕੀ ਰਾਸ਼ਟਰਪਤੀ ਨੇ 'ਦੋ-ਦੇਸ਼ੀ ਹੱਲ' ਦੇ ਆਪਣੇ ਸੱਦੇ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਇਜ਼ਰਾਈਲੀ ਅਤੇ ਫਲਸਤੀਨੀ ਨਾਗਰਿਕਾਂ ਦੋਵਾਂ ਦੀ ਲੰਬੇ ਸਮੇਂ ਦੀ ਸੁਰੱਖਿਆ ਦੀ ਗਰੰਟੀ ਦੇਣ ਦਾ ਇਹ ਇੱਕੋ ਇੱਕ ਤਰੀਕਾ ਹੈ।

ਦੋ ਦੇਸ਼ ਦਾ ਹੱਲ' ਇਜ਼ਰਾਈਲ ਦੇ ਨਾਲ ਫਲਸਤੀਨੀਆਂ ਲਈ ਇੱਕ ਆਜ਼ਾਦ ਦੇਸ਼ ਦੀ ਸਥਾਪਨਾ ਦੀ ਮੰਗ ਕਰਦਾ ਹੈ। ਅਮਰੀਕਾ ਇਸ ਦਾ ਸਮਰਥਨ ਕਰਦਾ ਰਿਹਾ ਹੈ। ਦਹਾਕਿਆਂ ਤੋਂ, ਇਹ ਇਜ਼ਰਾਈਲ-ਫਲਸਤੀਨੀ ਸੰਘਰਸ਼ ਨੂੰ ਸੁਲਝਾਉਣ ਲਈ ਪ੍ਰਾਇਮਰੀ ਪ੍ਰਸਤਾਵਿਤ ਢਾਂਚਾ ਰਿਹਾ ਹੈ। ਭਾਰਤ ਦਾ ਰੁਖ ਵੀ ਇਹੀ ਹੈ।

# ਸਿਲੀਕੋਨ ਵੈਲੀ ਗੁਰਦੁਆਰਾ ਸੈਂਟਾ ਕਲਾਰਾ ਵਿਖੇ ਸਜਿਆ ਧਾਰਮਿਕ ਕਵੀ-ਦਰਬਾਰ




ਸੈਂਟਾ ਕਲਾਰਾ, (ਪ੍ਰਮਿੰਦਰ ਸਿੰਘ ਪ੍ਰਵਾਨਾ/ ਪੰਜਾਬ ਮੇਲ)- ਬੀਤੇ ਦਿਨੀਂ ਅਮਰੀਕਾ ਪੰਜਾਬੀ ਕਵੀਟਾਂ ਵੱਲੋਂ ਸਿਲੀਕਾਨ ਵੈਲੀ ਗੁਰਦੁਆਰਾ ਸਾਹਿਬ ਵਿਖੇ ਸਜੇ ਹਫਤਾਵਾਰੀ ਦੀਵਾਨਾਂ ਵਿਚ "ਪ੍ਰਕਾਸ਼ ਪੁਰਬ" ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਸਮਰਪਿਤ ਧਾਰਮਿਕ ਕਵੀ-ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। 'ਪ੍ਰਵਾਨਾ' ਵੱਲੋਂ ਮੰਚ ਸੰਭਾਲਦਿਆਂ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਰੌਸ਼ਨੀ ਪਾਈ। ਇਸ ਮੌਕੇ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ, ਜਿਸ ਵਿਚ ਤ੍ਰਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁਮੰਨ, ਜਸਦੀਪ ਸਿੰਘ ਫਰੀਮਾਂਟ, ਬੀਬੀ ਬਲਵਿੰਦਰ ਕੌਰ, ਬਲਕਾਰ ਸਿੰਘ, ਬੀਬੀ ਲਖਵਿੰਦਰ ਕੌਰ, ਰਣਜੀਤ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਗੁਰਮਤਿ ਆਸ਼ੇ ਅਨੁਸਾਰ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਜੱਸ ਗਾਉਂਦਿਆਂ ਰਚਨਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਕੱਤਰ ਹਰਪ੍ਰੀਤ ਸਿੰਘ ਵੱਲੋਂ ਪ੍ਰੋਗਰਾਮ ਦੀ ਸਫਲਤਾ 'ਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਅਮਰੀਕੀ ਪੰਜਾਬੀ ਕਵੀਆਂ ਨੂੰ ਗੁਰਦੁਆਰਾ ਸਾਹਿਬ ਧਾਰਮਿਕ ਕਵੀ ਦਰਬਾਰ ਸਜਾਉਣ ਲਈ ਹਮੇਸ਼ਾ ਖੁੱਲ੍ਹਾ ਸੱਦਾ ਹੈ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। 'ਪ੍ਰਵਾਨਾ' ਵੱਲੋਂ ਧੰਨਵਾਦੀ ਸ਼ਬਦਾਂ ਵਿਚ ਕਿਹਾ ਗਿਆ ਕਿ ਅਜਿਹੇ ਪ੍ਰੋਗਰਾਮ ਸੰਗਤਾਂ ਅਤੇ ਸੁਹਿਰਦ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਸਫਲ ਹੁੰਦੇ ਹਨ ਅਤੇ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਕਾਵਿ-ਪ੍ਰਵਾਹ ਨੂੰ ਅੱਗੇ ਤੋਰਨ ਦਾ ਉਪਰਾਲਾ ਹੈ।

# ਭਾਈ ਜਗਤਾਰ ਸਿੰਘ ਤਾਰਾ ਨੂੰ ਰਾਹਤ, ਹਾਈਕੋਰਟ ਨੇ ਦਿੱਤੀ ਪੈਰੋਲ

ਚੰਡੀਗੜ੍ਹ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲਕਾਂਡ ਅਤੇ ਜੇਲ੍ਹ ਬ੍ਰੇਕ ਮਾਮਲੇ 'ਚ ਦੋਸ਼ੀ ਕਰਾਰ ਦਿੱਤੇ ਗਏ ਜਗਤਾਰ ਸਿੰਘ ਤਾਰਾ ਨੂੰ ਹਾਈਕੋਰਟ ਵੱਲੋਂ ਜ਼ਮਾਨਤ ਦਿੱਤੀ ਗਈ ਹੈ। ਦਰਅਸਲ ਜਗਤਾਰ ਸਿੰਘ ਤਾਰਾ ਦੇ ਕਿਸੇ ਖ਼ਾਸ ਰਿਸ਼ਤੇਦਾਰ ਦਾ ਵਿਆਹ ਹੈ। ਇਸ ਦੇ ਮੱਦੇਨਜ਼ਰ ਅਦਾਲਤ ਵੱਲੋਂ ਜਗਤਾਰ ਸਿੰਘ ਤਾਰਾ ਨੂੰ ਉਸ ਦੇ ਵਿਆਹ 'ਚ ਜਾਣ ਲਈ 2 ਘੰਟੇ ਦੀ ਇਜਾਜ਼ਤ ਦਿੱਤੀ ਗਈ ਹੈ। ਅਦਾਲਤ ਦੇ ਹੁਕਮਾਂ ਤੋਂ ਬਾਅਦ ਜਗਤਾਰ ਸਿੰਘ ਤਾਰਾ ਸਖ਼ਤ ਸੁਰੱਖਿਆ ਹੇਠ ਜੇਲ੍ਹ ਤੋਂ 2 ਘੰਟਿਆਂ ਲਈ ਰਿਸ਼ਤੇਦਾਰ ਦੇ ਵਿਆਹ 'ਚ ਸ਼ਾਮਲ ਹੋ ਸਕੇਗਾ। ਅਦਾਲਤ ਨੇ ਜਗਤਾਰ ਸਿੰਘ ਤਾਰਾ ਨੂੰ 3 ਦਸੰਬਰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ 2 ਘੰਟਿਆਂ ਲਈ ਪੁਲਸ ਹਿਰਾਸਤ 'ਚ ਆਪਣੇ ਖ਼ਾਸ ਰਿਸ਼ਤੇਦਾਰ ਦੇ ਵਿਆਹ 'ਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਹੈ।






# ਕੋਈ ਵੀ ਸਿੱਖਿਆ ਨੀਤੀ ਜ਼ਮੀਨੀ ਪੱਧਰ ’ਤੇ ਪਰਖਣ ਪਿੱਛੋਂ ਹੀ ਲਾਗੂ ਕੀਤੀ ਜਾਵੇ

ਵਿੱਦਿਆ ਤੋਂ ਭਾਵ ਕੁਝ ਪੜ੍ਹਨ, ਲਿਖਣ, ਦੇਖਣ ਅਤੇ ਕੁਝ ਸਮਝਣ ਜਾਂ ਗਿਆਨ ਹਾਸਲ ਕਰਨ ਲਈ ਮਨ ਬਣਾਉਣ ਤੋਂ ਹੈ। ਇਸ ਨੂੰ ਅੰਗਰੇਜ਼ੀ ਭਾਸ਼ਾ ਵਿਚ ਸਟੱਡੀ ਕਿਹਾ ਜਾਂਦਾ ਹੈ। ਇਹ ਮਨੁੱਖੀ ਜੀਵਨ ਵਿਚ ਬਹੁਤ ਮਹੱਤਵ ਰੱਖਦੀ ਹੈ। ਵਿੱਦਿਆ ਨੂੰ ਮਨੁੱਖ ਦਾ ‘ਤੀਜਾ ਨੇਤਰ’ ਮੰਨਿਆ ਜਾਂਦਾ ਹੈ। ਇਸ ਦੀ ਬਦੌਲਤ ਹੀ ਅੱਜ ਮਨੁੱਖ ਚੰਦ ’ਤੇ ਪਹੁੰਚਣ ਦੇ ਯੋਗ ਹੋ ਸਕਿਆ ਹੈ। ਵਿੱਦਿਆ ਕਰਕੇ ਹੀ ਮਨੁੱਖ ਨੇ ਹਰ ਪਾਸੇ ਕਾਫ਼ੀ ਮੱਲਾਂ ਮਾਰੀਆਂ ਹਨ। ਇਸ ਨੇ ਮਨੁੱਖ ਨੂੰ ਮਨੁੱਖ ਦੇ ਕਰੀਬ ਲਿਆਂਦਾ ਹੈ। ਵੈਸੇ ਵੀ ਕਹਿੰਦੇ ਹਨ ਕਿ ਵਧੀਆ ਜ਼ਿੰਦਗੀ ਜਿਊਣ ਲਈ ਗੁਰੂ ਤੋਂ ਗਿਆਨ ਲੈਣਾ ਬਹੁਤ ਜ਼ਰੂਰੀ ਹੈ। ਇਸ ਬਾਰੇ ਅਖਾਣ ਮਸ਼ਹੂਰ ਹੈ ਕਿ ‘ਗੁਰੂ ਬਿਨਾਂ ਗਤ ਨਹੀਂ, ਸ਼ਾਹ ਬਿਨਾਂ ਪੱਤ ਨਹੀਂ।’ ਵਿੱਦਿਆ ਦੇ ਵਿਸਥਾਰ ਦੇ ਘੇਰੇ ਨੂੰ ਸਮਝਣਾ ਅਸੰਭਵ ਹੈ ਕਿਉਂਕਿ ਮਨੁੱਖੀ ਜੀਵਨ ਦੇ ਲਗਪਗ ਹਰ ਖੇਤਰ ਵਿਚ ਹੀ ਇਸ ਦਾ ਬਹੁਮੁੱਲਾ ਯੋਗਦਾਨ ਹੈ। ਇਸ ਨਾਲ ਹੀ ਹਰੇਕ ਵਿਅਕਤੀ ਦਾ ਮਾਨਸਿਕ, ਸਰੀਰਕ, ਬੌਧਿਕ, ਸਮਾਜਿਕ ਅਤੇ ਆਰਥਿਕ ਵਿਕਾਸ ਹੁੰਦਾ ਹੈ। ਭਾਵ ਕਿ ਇਹ ਮਨੁੱਖ ਦੀ ਸ਼ਖ਼ਸੀਅਤ ਦੇ ਸੰਪੂਰਨ ਵਿਕਾਸ ਵਿਚ ਪੂਰਨ ਸਹਾਇਕ ਹੈ। ਵਿੱਦਿਆ ਦੁਆਰਾ ਡਿਗਰੀ ਪ੍ਰਾਪਤ ਕਰਨਾ ਭਾਵੇਂ ਰੁਜ਼ਗਾਰ ਪ੍ਰਾਪਤੀ ਹੀ ਹੁੰਦਾ ਹੈ ਪਰ ਸਮਾਜ ਵਿਚ ਵਿਚਰਦਿਆਂ ਜੀਵਨ ਜਾਚ ਵੀ ਇਸੇ ਦੁਆਰਾ ਹੀ ਸਿੱਖੀ ਜਾਂਦੀ ਹੈ। ਵਿਅਕਤੀ ਆਪਣੀ ਲਿਆਕਤ ਨਾਲ ਲੋੜਵੰਦਾਂ ਦੀ ਹਰ ਸੰਭਵ ਸਹਾਇਤਾ ਕਰ ਸਕਦਾ ਹੈ। ਉਸ ਨੂੰ ਇਸ ਦੁਆਰਾ ਸਮਾਜ ਹੁਸੀਨ ਲੱਗਣ ਲੱਗਦਾ ਹੈ ਪੁਰਾਤਨ ਸਮੇਂ ਨਾਲੋਂ ਆਧੁਨਿਕ ਸਿੱਖਿਆ ਪ੍ਰਣਾਲੀ ’ਚ ਜ਼ਮੀਨ-ਅਸਮਾਨ ਦਾ ਫ਼ਰਕ ਪੈ ਗਿਆ ਹੈ। ਅੰਗਰੇਜ਼ਾਂ ਸਮੇਂ ਸਿੱਖਿਆ ਸਿਰਫ਼ ਕਲਰਕੀ ਤੱਕ ਹੀ ਸੀਮਤ ਸੀ ਯਾਨੀਕਿ ਕੇਵਲ ਕਲਰਕ ਪੈਦਾ ਕਰਨ ਲਈ ਹੀ ਭਾਰਤੀ ਸਿੱਖਿਅਤ ਕੀਤੇ ਜਾਂਦੇ ਸਨ। ਫਿਰ ਸਿੱਖਿਆ ਨੇ ਕਿੱਤਾਮੁਖੀ ਰੂਪ ਧਾਰਨ ਕਰ ਲਿਆ। ਵਿਦਿਆਰਥੀ ਜ਼ਿੰਦਗੀ ਵਿਚ ਜਿਹੜਾ ਕਿੱਤਾ ਕਰਨਾ ਚਾਹੁੰਦਾ ਸੀ, ਉਹੀ ਸਿੱਖਿਆ ਉਹ ਆਪਣੀ ਪਾਠਸ਼ਾਲਾ ਜਾਂ ਗੁਰੂਕੁਲ ਵਿਚ ਆਪਣੇ ਗੁਰੂ ਕੋਲ ਜਾ ਕੇ ਪ੍ਰਾਪਤ ਕਰਦਾ ਤੇ ਜ਼ਿੰਦਗੀ ਸੁਖ਼ਾਲੀ ਬਸਰ ਕਰਦਾ ਸੀ। ਉਸ ਸਮੇਂ ‘ਵਿੱਦਿਆ ਵਿਚਾਰੀ ਤਾਂ ਪਰਉਪਕਾਰੀ’ ਸੀ ਭਾਵ ਉਹ ਹਰੇਕ ਦਾ ਉਪਕਾਰ ਕਰਨ ਲਈ ਹੀ ਬਣੀ ਸੀ। ਪਰ ਹੁਣ ਇਸ ਦਾ ਦਾਇਰਾ ਵਿਸ਼ਾਲ ਹੋ ਗਿਆ ਹੈ ਤੇ ਇਸ ਲਈ ਨਿੱਤ ਨਵੇਂ-ਨਵੇਂ ਤਜਰਬੇ ਹੋ ਰਹੇ ਹਨ। ਹੁਣ ‘ਵਿੱਦਿਆ ਵਿਚਾਰੀ ਤਾਂ ਤਜਰਬਿਆਂ ਦੀ ਮਾਰੀ’ ਬਣ ਗਈ ਹੈ। ਵਿਦਿਆਰਥੀਆਂ ਅਤੇ ਵਿੱਦਿਆ ਨਾਲ ਹਰ ਰੋਜ਼ ਨਵਾਂ ਤਜਰਬਾ ਹੋ ਰਿਹਾ ਹੈ। ਜਿਸ ਕਰਕੇ ਹੁਣ ਹਾਲਾਤ ਬਹੁਤ ਹੀ ਡਾਵਾਂਡੋਲ ਹੋ ਗਏ ਹਨ। ਢੇਰ ਸਾਰੇ ਤਜਰਬਿਆਂ ਵਿੱਚੋਂ ਨੈਤਿਕ ਸਿੱਖਿਆ ਵਾਲਾ ਵਿਸ਼ਾ ਬਿਲਕੁਲ ਖ਼ਤਮ ਹੋ ਗਿਆ ਹੈ ਜਿਸ ਕਰਕੇ ਸਮਾਜ ਦਿਨ-ਬ -ਦਿਨ ਗੰਧਲਾ ਹੁੰਦਾ ਜਾ ਰਿਹਾ ਹੈ। ਵਿਦਿਆਰਥੀ ਜੀਵਨ ਵਿਚ ਖੇਡਾਂ ਦੀ ਘਾਟ ਨੇ ਉਨ੍ਹਾਂ ਨੂੰ ਸਰੀਰਕ ਤੇ ਮਾਨਸਿਕ ਤੌਰ ’ਤੇ ਕਮਜ਼ੋਰ ਕਰ ਦਿੱਤਾ ਹੈ ਜਿਸ ਕਰਕੇ ਉਹ ਮਿਹਨਤ ਨੂੰ ਤਰਜੀਹ ਦੇਣ ਨਾਲੋਂ ਰਾਤੋ-ਰਾਤ ਅਮੀਰ ਹੋਣ ਲਈ ਕਈ ਗ਼ਲਤ ਤਰੀਕੇ ਅਪਣਾ ਰਹੇ ਹਨ। ਸਿੰਥੈਟਿਕ ਨਸ਼ਿਆਂ ਵਿਚ ਦਿਨ-ਬ-ਦਿਨ ਗ੍ਰਸਤ ਹੋਈ ਜਾ ਰਹੇ ਹਨ ਜੋ ਕਿ ਸਮਾਜ ਤੇ ਪਰਿਵਾਰ ਲਈ ਇਕ ਬਹੁਤ ਵੱਡੀ ਤ੍ਰਾਸਦੀ ਹੈ। ਸਿੱਖਿਆ ਸ਼ਾਸਤਰੀਆਂ ਨੇ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਬਹੁਤ ਸਾਰੇ ਤਜਰਬੇ ਕੀਤੇ ਤਾਂ ਕਿ ਵਿਦਿਆਰਥੀਆਂ ਦਾ ਸਿੱਖਣ ਦਾ ਪੱਧਰ ਉੱਚਾ ਚੁੱਕਿਆ ਜਾ ਸਕੇ ਪ੍ਰੰਤੂ ਪਤਾ ਨਹੀਂ ਕਿਉਂ ਇਨ੍ਹਾਂ ਤਰਜਬਿਆਂ ਦੇ ਨਤੀਜਿਆਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ? ਨਤੀਜੇ ਕਦੇ ਵੀ ਅਗਾਂਹਵਧੂ ਨਹੀਂ ਹੋਏ। ਕਿੰਨੀਆਂ ਹੀ ਸਕੀਮਾਂ ਲਾਗੂ ਕੀਤੀਆਂ ਗਈਆਂ ਜਿਨ੍ਹਾਂ ਵਿੱਚੋਂ ਅੱਠਵੀਂ ਜਮਾਤ ਤੱਕ ਬਿਨਾਂ ਪੜ੍ਹੇ ਪਾਸ ਹੋਣ ਵਾਲੇ ਜ਼ਿਆਦਾਤਰ ਵਿਦਿਆਰਥੀ ਪਰਿਵਾਰ, ਅਧਿਆਪਕਾਂ ਅਤੇ ਸਮਾਜ ਲਈ ਨੁਕਸਾਨ ਕਰਨ ਵਾਲੇ ਹੀ ਸਾਬਿਤ ਹੋਏ ਹਨ। ਇਸ ਨੀਤੀ ਨਾਲ ਵਿਦਿਆਰਥੀਆਂ ਦੇ ਸਿੱਖਣ ਅਤੇ ਪੜ੍ਹਨ ਦਾ ਪੱਧਰ ਹੈਰਾਨੀਜਨਕ ਢੰਗ ਨਾਲ ਨੀਵਾਂ ਹੋਇਆ। ਇਸ ਦੀ ਮਿਸਾਲ ਇਸ ਗੱਲ ਤੋਂ ਮਿਲਦੀ ਹੈ ਕਿ ਇਕ ਵਾਰ ਇਕ ਵਿਅਕਤੀ ਕਿਸੇ ਸਰਕਾਰੀ ਸਕੂਲ ਵਿਚ ਆਪਣੇ ਬੱਚੇ ਨੂੰ ਨੌਵੀਂ ਕਲਾਸ ਵਿਚ ਦਾਖ਼ਲ ਕਰਵਾਉਣ ਗਿਆ ਤਾਂ ਉਹ ਵਿਦਿਆਰਥੀ ਆਪਣੇ ਪਿਤਾ ਨੂੰ ਕਹਿੰਦਾ ਕਿ ਮੈਂ ਤਾਂ ਦਾਖ਼ਲਾ ਫਾਰਮ ’ਤੇ ਅੰਗੂਠਾ ਲਗਾਵਾਂਗਾ ਜਦਕਿ ਉਸ ਦਾ ਪਿਤਾ ਦਸਤਖ਼ਤ ਕਰ ਰਿਹਾ ਸੀ। ਅੱਠਵੀਂ ਕਲਾਸ ਪਾਸ ਹੋਣ ਦਾ ਸਰਟੀਫਿਕੇਟ ਹੋਣ ਦੇ ਬਾਵਜੂਦ ਉਸ ਨੂੰ ‘ਇੱਲ੍ਹ ਦੀ ਥਾਂ ਕੁੱਕੜ’ ਵੀ ਨਹੀਂ ਆਉਂਦਾ ਸੀ। ਅਜਿਹੀ ਨੀਤੀ ਦਾ ਕੀ ਲਾਭ ਹੋਇਆ? ਸਿੱਖਿਆ ਜਾਂ ਵਿੱਦਿਆ ਕਿਸੇ ਵੀ ਸਮਾਜ ਦੀ ਨੀਂਹ ਹੁੰਦੀ ਐ। ਜਿਹੜੀ ਪਾਲਿਸੀ ਨੀਂਹਾਂ ਨੂੰ ਖੋਖਲਾ ਕਰਦੀ ਹੈ, ਉਸ ਨੂੰ ਲਾਗੂ ਕਰਨ ਦਾ ਕੀ ਲਾਭ? ਜਿਸ ਵਿਦਿਆਰਥੀ ਨੂੰ ਅੱਖਰ ਗਿਆਨ ਹੀ ਨਹੀਂ, ਉਹ ਜ਼ਿੰਦਗੀ ਸੰਵਾਰਨ ਬਾਰੇ ਕੀ ਸੋਚ ਸਕਦਾ ਹੈ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਵਿੱਦਿਆ ਕੇਵਲ ਚੁੰਝ ਗਿਆਨ ਦਾ ਨਾਮ ਨਹੀਂ ਸਗੋਂ ਇਸ ਨੇ ਜ਼ਿੰਦਗੀ ਦੇ ਜਜ਼ਬਿਆਂ ਨੂੰ ਪ੍ਰਫੁੱਲਤ ਕਰਨਾ ਹੁੰਦਾ ਹੈ। ਹੁਣੇ ਜਿਹੇ ਨਵੇਂ ਤਜਰਬੇ ਵਜੋਂ ‘ਮਿਸ਼ਨ ਸਮਰੱਥ’ ਸ਼ੁਰੂ ਕੀਤਾ ਗਿਆ ਜਿਸ ਨੂੰ ਲਾਗੂ ਕਰਨ ਦਾ ਇਹ ਬਿਲਕੁਲ ਵੀ ਦਰੁਸਤ ਸਮਾਂ ਨਹੀਂ ਹੈ। ਅਕਤੂਬਰ ਤੋਂ ਫਰਵਰੀ ਤੱਕ ਦਾ ਸਮਾਂ ਦੁਹਰਾਈ ਕਰਨ-ਕਰਾਉਣ ਦਾ ਹੁੰਦਾ ਹੈ, ਨਾ ਕਿ ਵਿਦਿਆਰਥੀਆਂ ਨੂੰ ਕਿਸੇ ਵਿਸ਼ੇ ਦੀ ਮੁੱਢਲੀ ਸੂਝ-ਬੂਝ ਦੇਣ ਦਾ। ਇਸ ਨੂੰ ਸਹੀ ਸਮੇਂ ਲਾਗੂ ਨਾ ਕਰਨ ਕਾਰਨ ਇਸ ਸਦਕਾ ਵਿਦਿਆਰਥੀਆਂ ਦਾ ਪੜ੍ਹਾਈ ਕਰਨ ਦਾ ਸਮਾਂ ਖ਼ਰਾਬ ਹੋ ਰਿਹਾ ਹੈ। ਅਧਿਆਪਕਾਂ ਅਤੇ ਸਕੂਲ ਦੇ ਸਿਸਟਮ ਵੀ ਪੂਰੀ ਤਰ੍ਹਾਂ ਉਲਝ ਗਏ ਹਨ। ਨਵੇਂ ਸਿਰੇ ਤੋਂ ਸਕੂਲ ਟਾਈਮ-ਟੇਬਲ ਬਣਾਉਣੇ ਵੀ ਸਮੇਂ ਦੀ ਬਰਬਾਦੀ ਹੈ। ਮਿਸ਼ਨ ਬਹੁਤ ਵਧੀਆ ਹੈ। ਸੱਚੀਂ ਮਿਡਲ ਸਕੂਲ ਤੱਕ ਦੇ ਵਿਦਿਆਰਥੀ ਨੂੰ ਹਰ ਵਿਸ਼ੇ ਦਾ ਮੁੱਢਲਾ ਗਿਆਨ ਹੋਣਾ ਅਤੀ ਜ਼ਰੂਰੀ ਹੈ ਪਰ ਚੰਗਾ ਹੁੰਦਾ ਜੇਕਰ ਇਸ ਨੂੰ ਪ੍ਰਾਇਮਰੀ ਪੱਧਰ ਤੱਕ ਸੀਮਤ ਕੀਤਾ ਜਾਂਦਾ। ਜੇਕਰ ਮਿਡਲ ਤੱਕ ਲੈ ਕੇ ਹੀ ਆਉਣਾ ਸੀ ਤਾਂ ਅਪ੍ਰੈਲ ਮਹੀਨੇ ਤੱਕ ਦਾ ਇੰਤਜ਼ਾਰ ਕਰਨਾ ਬਣਦਾ ਸੀ। ਇਸ ਨਾਲ ਰੁਪਏ ਤੇ ਛਪਾਈ ਮੈਟੀਰੀਅਲ ਦੀ ਬਹੁਤ ਜ਼ਿਆਦਾ ਬਰਬਾਦੀ ਕੀਤੀ ਗਈ। ਉਹ ਨਵੇਂ ਸੈਸ਼ਨ ਤੋਂ ਨਵੀਆਂ ਕਿਤਾਬਾਂ ਅਤੇ ਸਿਲੇਬਸ ਵਿਚ ਸ਼ਾਮਲ ਕਰਨਾ ਬਣਦਾ ਸੀ। ਸਿਲੇਬਸ ਵਿਚ ਸ਼ਾਮਲ ਹੋਣ ਕਰਕੇ ਇਸ ਨੇ ਕਿਉਂਕਿ ਨਾ ਤਾਂ ਅਧਿਆਪਕਾਂ ਅਤੇ ਨਾ ਹੀ ਵਿਦਿਆਰਥੀਆਂ ’ਤੇ ਕਿਸੇ ਕਿਸਮ ਦਾ ਬੋਝ ਬਣਨਾ ਸੀ। ਇਕ ਮਹੀਨਾ ਕਿਸੇ ਵੀ ਵਿਦਿਆਰਥੀ ਲਈ ਕਾਫ਼ੀ ਹੁੰਦਾ ਹੈ। ਇਸ ਤਰ੍ਹਾਂ ਬਿਨਾਂ ਸੋਚੇ-ਸਮਝੇ ਸਕੀਮਾਂ ਲਾਗੂ ਕਰਨਾ ਪੜ੍ਹਾਈ ਨੂੰ ਨੀਰਸ ਅਤੇ ਬੋਝਲ ਬਣਾਉਂਦਾ ਹੈ। ਵਿਦਿਆਰਥੀ ਵੀ ਸਵੇਰ ਦੀ ਅਸੈਂਬਲੀ ਤੋਂ ਲੈ ਕੇ ਆਖ਼ਰੀ ਪੀਰੀਅਡ ਤੱਕ ਪੜ੍ਹਾਈ ਦੀਆਂ ਗੱਲਾਂ ਤੋਂ ਅਕੇਵਾਂ ਮਹਿਸੂਸ ਕਰਦੇ ਹਨ। ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਸਿਲੇਬਸ ਵਿਚ ਖੇਡਾਂ ਦਾ ਹੋਣਾ ਬਹੁਤ ਜ਼ਰੂਰੀ ਹੈ ਜਿਸ ਲਈ ਹਰ ਸਕੂਲ ਵਿਚ ਸਰੀਰਕ ਸਿੱਖਿਆ ਦਾ ਅਧਿਆਪਕ ਲਾਜ਼ਮੀ ਹੈ। ਦੇਖਿਆ ਜਾਵੇ ਤਾਂ ਤੰਦਰੁਸਤ ਵਿਅਕਤੀ ਹੀ ਚੰਗੀ ਸੋਚ ਦਾ ਧਾਰਨੀ ਹੋ ਸਕਦਾ ਹੈ। ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਕੋਈ ਵੀ ਸਿੱਖਿਆ ਨੀਤੀ ਲਾਗੂ ਕਰਨ ਤੋਂ ਪਹਿਲਾਂ ਜ਼ਮੀਨੀ ਪੱਧਰ ’ਤੇ ਉਸ ਦੀ ਵਾਜਿਬਤਾ ਨੂੰ ਜ਼ਰੂਰ ਵਾਚਣਾ ਚਾਹੀਦਾ ਹੈ। ਜੇ ਲਾਗੂ ਕਰ ਵੀ ਦਿੱਤੀ ਹੈ ਤਾਂ ਉਸ ਦੇ ਨਤੀਜਿਆਂ ਨੂੰ ਜਲਦੀ ਵਾਚ ਕੇ ਨਫ਼ੇ-ਨੁਕਸਾਨ ਨੂੰ ਵੇਖ ਕੇ ਉਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਕਿ ਵਿਦਿਆਰਥੀ ਆਪਣੀ ਜ਼ਿੰਦਗੀ ਦੇ ਸੁਨਹਿਰੀ ਸਮੇਂ ਦਾ ਭਰਪੂਰ ਆਨੰਦ ਲੈ ਕੇ ਚੰਗੇ ਇਨਸਾਨ ਬਣ ਸਕਣ ਅਤੇ ਉਹ ਖ਼ੁਦ, ਆਪਣੇ ਮਾਪਿਆਂ ਅਤੇ ਸਮਾਜ ਲਈ ਕੁਝ ਚੰਗਾ ਕਰ ਸਕਣ।

-ਸਿਮਰਜੀਤ ਸਿੰਮੀ

# ਪੰਜਾਬ ਲਈ ਬਣੇ ਢੁਕਵੀਂ ਖੇਤੀ ਨੀਤੀ

-ਡਾ. ਸ. ਸ. ਛੀਨਾ



ਸੰਨ 2000 ਤੱਕ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਵਿਚ ਪਹਿਲੇ ਨੰਬਰ ਦਾ ਪ੍ਰਾਂਤ ਸੀ ਜਿਹੜਾ ਹੁਣ ਖਿਸਕ ਕੇ 16ਵੇਂ ਸਥਾਨ ’ਤੇ ਪਹੁੰਚ ਗਿਆ ਹੈ। ਪੰਜਾਬ ਦੀ ਪ੍ਰਤੀ ਵਿਅਕਤੀ ਸਾਲਾਨਾ ਆਮਦਨ 1.30 ਲੱਖ ਰੁਪਏ ਹੈ ਜਦਕਿ ਗੋਆ ਦੀ ਇਸ ਤੋਂ ਤਿੰਨ ਗੁਣਾ ਦੇ ਬਰਾਬਰ 3.6 ਲੱਖ ਰੁਪਏ ਹੈ। ਪੰਜਾਬ ਬਰਾਮਦ ਵਿਚ ਵੀ ਕਿਸੇ ਵਕਤ ਪਹਿਲੇ ਨੰਬਰ ਦਾ ਪ੍ਰਾਂਤ ਸੀ ਪਰ ਹੁਣ 15ਵੇਂ ਸਥਾਨ ’ਤੇ ਪਹੁੰਚ ਗਿਆ ਹੈ। ਪੰਜਾਬ ਵਿਚ ਫੈਲੀ ਬੇਰੁਜ਼ਗਾਰੀ ਕਾਰਨ ਸੂਬੇ ਦਾ ਨੌਜਵਾਨ ਵਿਦੇਸ਼ਾਂ ਵਿਚ ਰੁਜ਼ਗਾਰ ਦੀ ਖ਼ਾਤਰ ਪਰਵਾਸ ਕਰ ਰਿਹਾ ਹੈ। ਇਹੋ ਵਜ ?ਹਾ ਹੈ ਕਿ ਕੇਰਲ ਤੋਂ ਬਾਅਦ ਪੰਜਾਬ ਹੀ ਉਹ ਪ੍ਰਾਂਤ ਹੈ ਜਿਸ ਦੇ ਵੱਧ ਤੋਂ ਵੱਧ ਲੋਕਾਂ ਨੇ ਪਰਵਾਸ ਕੀਤਾ ਹੈ ਅਤੇ ਆਪਣੀਆਂ ਬੱਚਤਾਂ ਵਾਪਸ ਆਪਣੇ ਪ੍ਰਾਂਤ ਭੇਜੀਆਂ ਹਨ। ਪਰ ਕੀ ਵਜ ?ਹਾ ਹੈ ਕਿ ਪੰਜਾਬ ਦਾ ਨਿਵਾਸੀ ਇੰਨਾ ਗਤੀਸ਼ੀਲ ਹੋਣ ਕਰਕੇ ਆਰਥਿਕ ਮੁਸ਼ਕਲਾਂ ਅਤੇ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਕੀ ਪੰਜਾਬ ਸਰਕਾਰ ਆਪਣੀ ਆਰਥਿਕ ਦਸ਼ਾ ਨੂੰ ਬਦਲ ਕੇ ਉਨ੍ਹਾਂ ਬੇਰੁਜ਼ਗਾਰਾਂ ਲਈ ਰੁਜ਼ਗਾਰ ਦੇ ਮੌਕੇ ਪੰਜਾਬ ਵਿਚ ਹੀ ਪੈਦਾ ਨਹੀਂ ਕਰ ਸਕਦੀ? ਪੰਜਾਬ ਸਾਹਮਣੇ ਇਸ ਵਕਤ ਸਭ ਤੋਂ ਵੱਡੀ ਚੁਣੌਤੀ ਇਹੋ ਹੈ।

ਪੰਜਾਬ ਪੰਜ ਦਰਿਆਵਾਂ ਦੀ ਅਤੇ ਮੈਦਾਨੀ ਧਰਤੀ ਹੈ ਜਿਸ ਨੂੰ ਭਾਰਤ ਦੀ ਫਾਰਮ ਸਟੇਟ ਕਿਹਾ ਜਾਂਦਾ ਹੈ। ਇਹ ਇਸ ਕਰਕੇ ਹੈ ਕਿ ਪੰਜਾਬ ਕੋਲ ਭਾਰਤ ਦਾ ਸਿਰਫ਼ 1.5 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਉਹ ਭਾਰਤ ਦੇ ਅਨਾਜ ਭੰਡਾਰਾਂ ਵਿਚ 60 ਫ਼ੀਸਦੀ ਦਾ ਹਿੱਸਾ ਪਾਉਂਦਾ ਰਿਹਾ ਹੈ। ਪੰਜਾਬ ਦੀ ਸਾਰੀ ਧਰਤੀ ’ਤੇ ਖੇਤੀ ਕੀਤੀ ਜਾ ਸਕਦੀ ਹੈ ਜਦਕਿ ਭਾਰਤ ਵਿਚ 46 ਫ਼ੀਸਦੀ ਧਰਤੀ ’ਤੇ ਖੇਤੀ ਹੋ ਸਕਦੀ ਹੈ। ਪੰਜਾਬ ਦੇ 99 ਫ਼ੀਸਦੀ ਖੇਤਰ ਨੂੰ ਲਗਾਤਾਰ ਸਿੰਚਾਈ ਸਹੂਲਤਾਂ ਮਿਲਦੀਆਂ ਹਨ ਜਦਕਿ ਦੇਸ਼ ਪੱਧਰ ’ਤੇ 42 ਫ਼ੀਸਦੀ ਖੇਤਰ ਨੂੰ ਲਗਾਤਾਰ ਸਿੰਚਾਈ ਮਿਲਦੀ ਹੈ। ਉਪਜ ਵੱਧ ਹੋਣ ਕਰਕੇ ਹੀ ਪੰਜਾਬ ਦੇਸ਼ ਦੀ ਕੁੱਲ ਪੈਦਾ ਹੋਈ ਕਣਕ ਵਿੱਚੋਂ 19 ਫ਼ੀਸਦੀ ਜਦਕਿ ਚੌਲਾਂ ਵਿਚ 11 ਫ਼ੀਸਦੀ, ਕਪਾਹ ਵਿਚ 5 ਫ਼ੀਸਦੀ ਜਦਕਿ ਦੁੱਧ ਵਿਚ 10 ਫ਼ੀਸਦੀ ਦਾ ਉਤਪਾਦਨ ਕਰਦਾ ਹੈ। ਲਗਾਤਾਰ ਸਿੰਚਾਈ ਸਹੂਲਤਾਂ ਕਾਰਨ ਪੰਜਾਬ ਦਾ ਫ਼ਸਲ ਘਣਤਾ ਸੂਚਕ ਅੰਕ 206 ਹੈ ਜਿਸ ਦਾ ਅਰਥ ਹੈ ਕਿ ਹਰ ਖੇਤਰ ’ਚੋਂ ਦੋ ਫ਼ਸਲਾਂ ਲਈਆਂ ਜਾ ਸਕਦੀਆਂ ਹਨ। ਸੰਨ 2018-19 ਵਿਚ ਪੰਜਾਬ ਨੇ 1.82 ਲੱਖ ਮੀਟ੍ਰਿਕ ਟਨ ਕਣਕ ਪੈਦਾ ਕਰ ਕੇ ਨਵਾਂ ਰਿਕਾਰਡ ਸਥਾਪਤ ਕੀਤਾ। ਪੰਜਾਬ ਦਾ ਦੁਨੀਆ ਦੀ ਖੇਤੀ ਵਿਚ ਵੀ ਜ਼ਿਕਰ ਆਉਂਦਾ ਹੈ ਕਿਉਂ ਜੋ ਦੁਨੀਆ ਭਰ ਵਿਚ ਪੈਦਾ ਹੋਣ ਵਾਲੇ ਚੌਲਾਂ ਵਿੱਚੋਂ 2.5 ਪ੍ਰਤੀਸ਼ਤ ਚੌਲ, 2.4 ਫ਼ੀਸਦੀ ਕਣਕ ਜਦਕਿ 1.2 ਫ਼ੀਸਦੀ ਕਪਾਹ ਪੰਜਾਬ ਵਿਚ ਪੈਦਾ ਹੁੰਦੀ ਹੈ। ਇਸ ਸਭ ਕੁਝ ਦਾ ਅਰਥ ਹੈ ਕਿ ਪੰਜਾਬ ਨੇ ਖੇਤੀ ਉਤਪਾਦਨ ਵਿਚ ਬਹੁਤ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ।

ਪਰ ਦਿਲਚਸਪ ਗੱਲ ਇਹ ਹੈ ਪੰਜਾਬ ਵਿਚ ਹਰ ਤਰ੍ਹਾਂ ਦੀਆਂ ਫ਼ਸਲਾਂ, ਸਬਜ਼ੀਆਂ, ਫਲ ਅਤੇ ਤੇਲਾਂ ਦੇ ਬੀਜਾਂ ਦੀ ਉੱਚੀ ਉਪਜ ਤਾਂ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਫਿਰ ਵੀ ਗੰਢੇ ਨਾਸਿਕ ਤੋਂ ਮੰਗਵਾਏ ਜਾਂਦੇ ਹਨ ਜਿਨ੍ਹਾਂ ਲਈ ਲਾਗਤ ਵੱਧ ਆਉਣ ਕਾਰਨ ਉਪਭੋਗੀਆਂ ਨੂੰ ਮਹਿੰਗੀਆਂ ਕੀਮਤਾਂ ’ਤੇ ਮਿਲਦੇ ਹਨ। ਸੰਤਰੇ, ਅੰਬਾਂ ਅਤੇ ਹੋਰ ਫਲਾਂ ਤੋਂ ਬਣਨ ਵਾਲੇ ਜੈਮ, ਜੂਸ ਅਤੇ ਮੁਰੱਬੇ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਤੋਂ ਆ ਕੇ ਵਿਕਦੇ ਹਨ। ਇੱਥੋਂ ਤੱਕ ਕਿ ਕਣਕ ਭਾਵੇਂ ਪੰਜਾਬ ਵਿਚ ਸਾਰੇ ਦੇਸ਼ ਤੋਂ ਵੱਧ ਪੈਦਾ ਹੁੰਦੀ ਹੈ ਪਰ ਕਣਕ ਤੋਂ ਬਣਿਆ ਆਟਾ ‘ਅਸ਼ੀਰਵਾਦ’ ਮੱਧ ਪ੍ਰਦੇਸ਼ ਤੋਂ ਆ ਕੇ ਪੰਜਾਬ ’ਚ ਵਿਕਦਾ ਹੈ। ਪੰਜਾਬ ਤੋਂ ਖੇਤੀ ਵਸਤਾਂ ਵਿੱਚੋਂ ਸਿਰਫ਼ ਬਾਸਮਤੀ ਚੌਲ ਹੀ ਇਕ ਉਹ ਫ਼ਸਲ ਹੈ ਜਿਹੜੀ ਪੰਜਾਬ ਤੋਂ ਵਿਦੇਸ਼ਾਂ ਨੂੰ ਭੇਜੀ ਜਾਂਦੀ ਹੈ ਅਤੇ ਹਰ ਸਾਲ ਤਕਰੀਬਨ 20 ਹਜ਼ਾਰ ਕਰੋੜ ਰੁਪਏ ਦੇ ਬਰਾਬਰ ਵਿਦੇਸ਼ੀ ਮੁਦਰਾ ਕਮਾਉਂਦੀ ਹੈ ਜਦਕਿ ਬਾਕੀ ਦੀਆਂ ਸਾਰੀਆਂ ਫ਼ਸਲਾਂ ਤੋਂ ਸਿਰਫ਼ 300 ਕਰੋੜ ਰੁਪਏ ਸਾਲਾਨਾ ਦੀ ਕਮਾਈ ਕੀਤੀ ਜਾਂਦੀ ਹੈ।

ਖੇਤੀ ਆਧਾਰਤ ਵਸਤਾਂ ਦੀ ਆਪਣੇ ਦੇਸ਼ ਦੇ ਹੋਰ ਪ੍ਰਾਂਤਾਂ ਅਤੇ ਵਿਦੇਸ਼ਾਂ ਵਿਚ ਬਰਾਮਦ ਨਾ ਹੋਣ ਦਾ ਕਾਰਨ ਫ਼ਸਲਾਂ ਦੇ ਗੁਣਾਂ ਜਾਂ ਲਾਗਤ ਦਾ ਕੋਈ ਕਾਰਨ ਨਹੀਂ। ਸਗੋਂ ਬਹੁਤ ਸਾਰੀਆਂ ਦਾਲਾਂ, ਤੇਲਾਂ ਦੇ ਬੀਜਾਂ ਅਤੇ ਫਲਾਂ ਦੀ ਪੰਜਾਬ ਵਿਚ ਜ਼ਿਆਦਾ ਉਪਜ ਹੋਣ ਕਰਕੇ ਉਹ ਘੱਟ ਲਾਗਤ ’ਤੇ ਪੈਦਾ ਕੀਤੀਆਂ ਜਾ ਸਕਦੀਆਂ ਹਨ ਪਰ ਉਨ੍ਹਾਂ ਦਾ ਉਤਪਾਦਨ ਹੀ ਨਹੀਂ ਹੁੰਦਾ ਜਿਸ ਲਈ ਦੇਸ਼ ਅਤੇ ਪ੍ਰਾਂਤ ਦੀ ਸਰਕਾਰ ਨੂੰ ਆਪਣੀ ਨੀਤੀ ਵਿਚ ਵੱਡੀ ਤਬਦੀਲੀ ਕਰਨ ਦੀ ਲੋੜ ਹੈ। ਅਨਾਜ ਦੀ ਸਮੱਸਿਆ ਕਰਕੇ ਕਣਕ ਅਤੇ ਚੌਲਾਂ ਨੂੰ ਪਹਿਲਾਂ ਤੋਂ ਘੋਸ਼ਿਤ ਸਮਰਥਨ ਮੁੱਲਾਂ ’ਤੇ ਕੇਂਦਰ ਸਰਕਾਰ ਵੱਲੋਂ ਆਪ ਖ਼ਰੀਦ ਲਿਆ ਜਾਂਦਾ ਹੈ। ਇਸ ਲਈ ਫ਼ਸਲ ਚੱਕਰ ਬਦਲ ਕੇ ਇਨ੍ਹਾਂ ਦੋਵਾਂ ਫ਼ਸਲਾਂ ਦੇ ਰਕਬੇ ਵਿਚ ਵਾਧਾ ਹੁੰਦਾ ਗਿਆ ਹੈ। ਝੋਨਾ ਜਿਹੜਾ 1960 ਵਿਚ ਸਿਰਫ਼ 1.5 ਲੱਖ ਹੈਕਟੇਅਰ ’ਤੇ ਲਾਇਆ ਜਾਂਦਾ ਸੀ, ਹੁਣ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ’ਤੇ ਇਸ ਦੀ ਕਾਸ਼ਤ ਹੁੰਦੀ ਹੈ। ਭਾਵੇਂ 23 ਫ਼ਸਲਾਂ ਦੇ ਸਮਰਥਨ ਮੁੱਲਾਂ ਦੀ ਘੋਸ਼ਣਾ ਹਰ ਸਾਲ ਉਨ੍ਹਾਂ ਫ਼ਸਲਾਂ ਦੀ ਬਿਜਾਈ (ਹਾੜੀ ਅਤੇ ਸੌਣੀ) ਤੋਂ ਪਹਿਲਾਂ ਕਰ ਦਿੱਤੀ ਜਾਂਦੀ ਹੈ ਪਰ ਇਨ੍ਹਾਂ ਦੋਵਾਂ ਫ਼ਸਲਾਂ ਅਧੀਨ ਖੇਤਰ ਵਧਦਾ ਜਾ ਰਿਹਾ ਹੈ ਜਦਕਿ ਹੋਰ ਫ਼ਸਲਾਂ ਅਧੀਨ ਘਟਦਾ ਜਾ ਰਿਹਾ ਹੈ। ਬਦਲਵੀਆਂ ਫ਼ਸਲਾਂ ਦੇ ਫ਼ਸਲ ਚੱਕਰ ਅਪਣਾਉਣ ਨਾਲ ਇਕ ਤਾਂ ਖੇਤੀ ਵਿਚ ਕੰਮ ਅਤੇ ਆਮਦਨ ਵਧ ਸਕਦੀ ਹੈ। ਦੂਸਰਾ, ਪੰਜਾਬ ਵਿਚ ਖੇਤੀ ਆਧਾਰਤ ਉਦਯੋਗ ਦਾ ਆਧਾਰ ਹੀ ਉਨ੍ਹਾਂ ਫ਼ਸਲਾਂ ਦਾ ਲੋੜੀਂਦੀ ਮਾਤਰਾ ’ਚ ਮਿਲਣਾ ਜ਼ਰੂਰੀ ਹੈ। ਕੋਈ ਵੀ ਉੱਦਮੀ ਇਨ੍ਹਾਂ ਫ਼ਸਲਾਂ ਅਧੀਨ ਖੇਤਰ ਅਤੇ ਉਪਜ ਦੀ ਕਮੀ ਕਾਰਨ ਆਪਣੀ ਪੂੰਜੀ ਉਨ੍ਹਾਂ ਖੇਤੀ ਆਧਾਰਤ ਇਕਾਈਆਂ ਵਿਚ ਨਹੀਂ ਲਾਉਣਾ ਚਾਹੁੰਦਾ ਜਿਨ੍ਹਾਂ ਬਾਰੇ ਉਸ ਨੂੰ ਮੰਡੀਕਰਨ ਦੀ ਬੇਯਕੀਨੀ ਹੈ। ਖੇਤੀ ਆਧਾਰਤ ਉਦਯੋਗ ਪੰਜਾਬ ਵਿਚ ਸਭ ਤੋਂ ਜ਼ਿਆਦਾ ਕਾਮਯਾਬ ਹੋ ਸਕਦੇ ਹਨ ਜੋ ਚੰਗੇ ਗੁਣਾਂ ਵਾਲੀ ਵਸਤੂ ਘੱਟ ਲਾਗਤ ’ਤੇ ਪੈਦਾ ਕਰ ਸਕਦੇ ਹਨ ਪਰ ਇਸ ਲਈ ਸਰਕਾਰ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਹੈ। ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਜਾਂ ਵੱਖਰੇ ਤੌਰ ’ਤੇ ਸੂਬੇ ਦੀਆਂ 5 ਜਾਂ 6 ਹੋਰ ਫ਼ਸਲਾਂ ਦਾ ਮੰਡੀਕਰਨ ਯਕੀਨੀ ਬਣਾਉਣਾ ਚਾਹੀਦਾ ਹੈ। ਇਸ ਲਈ ਸਰਕਾਰ ਅੱਗੇ ਕਣਕ, ਝੋਨੇ ਦੀ ਖ਼ਰੀਦ ਤੋਂ ਇਲਾਵਾ ਡੇਅਰੀ ਸਹਿਕਾਰਤਾ ਦਾ ਮਾਡਲ ਇਕ ਉਦਾਹਰਨ ਹੈ ਜਿਸ ਵਿਚ ਪਿੰਡ ਦੇ ਡੇਅਰੀ ਫਾਰਮ ਨੂੰ ਆਪਣੇ ਦੁੱਧ ਦੀ ਵਾਜਿਬ ਕੀਮਤ ਮਿਲਣ ਤੋਂ ਇਲਾਵਾ ਉਹ ਲਗਾਤਾਰ ਦੁੱਧ ਤੋਂ ਹੋਰ ਬਣਨ ਵਾਲੀਆਂ ਵਸਤਾਂ ਦੇ ਹੋਏ ਮੁੱਲ ਵਾਧੇ ਵਿਚ ਵੀ ਹਿੱਸੇਦਾਰ ਬਣਿਆ ਰਹਿੰਦਾ ਹੈ। ਜੇ ਪ੍ਰਾਂਤ ਦੀ ਸਰਕਾਰ ਆਪ ਨਹੀਂ ਖ਼ਰੀਦ ਸਕਦੀ ਤਾਂ ਡੇਅਰੀ ਸਹਿਕਾਰਤਾ ਦੇ ਆਧਾਰ ’ਤੇ ਹੋਰ ਫ਼ਸਲਾਂ ਜਿਨ੍ਹਾਂ ਵਿਚ ਮੁੱਖ ਤੌਰ ’ਤੇ ਫਲ ਅਤੇ ਸਬਜ਼ੀਆਂ, ਦਾਲਾਂ ਅਤੇ ਤੇਲਾਂ ਦੇ ਬੀਜ ਹੋਣ, ਉਨ੍ਹਾਂ ਲਈ ਨਵੇਂ ਬਣਨ ਵਾਲੇ ਸਹਿਕਾਰੀ ਅਦਾਰਿਆਂ ਦੀ ਸਰਪ੍ਰਸਤੀ ਕੀਤੀ ਜਾਵੇ ਤੇ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ। ਇਸ ਨਾਲ ਇਕ ਤਾਂ ਪੰਜਾਬ ਵਿਚ ਖੇਤੀ ਵਿਭਿੰਨਤਾ ਆਵੇਗੀ, ਨਵੀਆਂ ਉਦਯੋਗਿਕ ਇਕਾਈਆਂ ਲੱਗਣਗੀਆਂ ਜਿਨ੍ਹਾਂ ਨਾਲ ਰੁਜ਼ਗਾਰ ਵਿਚ ਵਾਧਾ ਹੋਵੇਗਾ ਅਤੇ ਇਸ ਨਾਲ ਨਾ ਸਿਰਫ਼ ਭਾਰਤ ਵਿਚ ਸਗੋਂ ਵਿਦੇਸ਼ਾਂ ਦੀਆਂ ਮੰਡੀਆਂ ਵਿਚ ਉਹ ਵਸਤਾਂ ਮੁਕਾਬਲਾ ਕਰਨ ਯੋਗ ਹੋਣਗੀਆਂ। ਇਸ ਦਾ ਸਭ ਤੋਂ ਵੱਡਾ ਲਾਭ ਇਹ ਹੋਵੇਗਾ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਵਸਤਾਂ ਦੇ ਹੋਏ ਮੁੱਲ ਵਾਧੇ ਵਿਚ ਹਿੱਸਾ ਮਿਲੇਗਾ।

ਪਿੱਛੇ ਜਿਹੇ ਸੁਪਰੀਮ ਕੋਰਟ ਨੇ ਵੀ ਪੰਜਾਬ ਵਿਚ ਘਟ ਰਹੇ ਪਾਣੀ ਦੇ ਪੱਧਰ ’ਤੇ ਚਿੰਤਾ ਜ਼ਾਹਰ ਕੀਤੀ ਸੀ। ਪੰਜਾਬ ਦੇ ਕੌਮਾਂਤਰੀ ਖੇਤੀ ਮਾਹਰਾਂ ਨੇ ਪਹਿਲਾਂ ਵੀ ਅਜਿਹੀ ਚਿੰਤਾ ਜਤਾਈ ਸੀ। ਉਨ੍ਹਾਂ ਨੇ ਕਿਹਾ ਸੀ ਕਿ ਜੇ ਧਰਤੀ ਤੋਂ ਇਸੇ ਰਫ਼ਤਾਰ ਨਾਲ ਪਾਣੀ ਕੱਢਿਆ ਜਾਂਦਾ ਰਹੇਗਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਰੇਗਿਸਤਾਨ ਬਣ ਜਾਵੇਗਾ।

ਇਸ ਲਈ ਜ਼ਰੂਰੀ ਹੈ ਕਿ ਫ਼ਸਲ ਵਿਭਿੰਨਤਾ ਲਿਆਂਦੀ ਜਾਵੇ ਜਿਹੜੀ ਖੇਤੀ ਆਧਾਰਤ ਉਦਯੋਗਾਂ ਦਾ ਆਧਾਰ ਬਣ ਸਕਦੀ ਹੈ। ਪੰਜਾਬ ਵਿਚ ਐਗਰੀ ਐਕਸਪੋਰਟ ਕਾਰਪੋਰੇਸ਼ਨ ਹੈ ਜਿਸ ਦੇ ਜ਼ਿੰਮੇ ਪੰਜਾਬ ਤੋਂ ਨਿਰਯਾਤ ਵਧਾਉਣ ਦੇ ਉਦੇਸ਼ ਹਨ ਪਰ ਪੰਜਾਬ ਵਿਚ ਖੇਤੀ ਵਸਤਾਂ ਅਤੇ ਖੇਤੀ ਆਧਾਰਤ ਉਦਯੋਗਿਕ ਵਸਤਾਂ ਲਈ ਮੁੱਢਲਾ ਕੰਮ ਉਨ੍ਹਾਂ ਫ਼ਸਲਾਂ ਦਾ ਯਕੀਨੀ ਮੰਡੀਕਰਨ ਅਤੇ ਉਤਸ਼ਾਹਤ ਘੱਟੋ-ਘੱਟ ਸਮਰਥਨ ਮੁੱਲ ਹੈ ਜੋ ਵਪਾਰੀ ਵਰਗ ’ਤੇ ਨਹੀਂ ਛੱਡਿਆ ਜਾ ਸਕਦਾ। ਇਸ ਲਈ ਸਰਕਾਰ ਨੂੰ ਹੀ ਯਤਨਸ਼ੀਲ ਹੋਣਾ ਹੋਵੇਗਾ। ਭਾਰਤ ਹਰ ਸਾਲ ਇਕ ਲੱਖ ਕਰੋੜ ਰੁਪਏ ਦੇ ਖਾਣ ਵਾਲੇ ਤੇਲ ਦੀ ਦਰਾਮਦ ਕਰਦਾ ਹੈ ਜਿਸ ਵਿਚ ਮੁੱਖ ਤੌਰ ’ਤੇ ਸੂਰਜਮੁਖੀ ਹੈ। ਉਸ ਦੇ ਨਾਲ ਹੀ 1 ਲੱਖ ਕਰੋੜ ਰੁਪਏ ਦੀਆਂ ਦਾਲਾਂ ਦੀ ਦਰਾਮਦ ਕਰਦਾ ਹੈ ਜਿਨ੍ਹਾਂ ਦੀ ਪੰਜਾਬ ਵਿਚ ਵੱਡੀ ਉਪਜ ਹੈ। ਇਸ ਬਾਹਰੋਂ ਹੋਣ ਵਾਲੀ ਦਰਾਮਦ ਦੇ ਬਦਲ ਵਿਚ ਪੰਜਾਬ ਵੱਡਾ ਹਿੱਸਾ ਪਾ ਸਕਦਾ ਹੈ ਪਰ ਇਸ ਲਈ ਢੁੱਕਵੀਂ ਸਰਕਾਰੀ ਨੀਤੀ ਦਾ ਲਾਗੂ ਹੋਣਾ ਜ਼ਰੂਰੀ ਹੈ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-95

**ਬਾਹਾ ਤੇ ਲੱਤਾ ਦੀ ਬਣਤਰ**

ਔਰਤ ਦੇ ਓਵਮ ਤੇ ਸਪਰਮ ਜੇ ਮਿਲਾਪ ਤੋ ਬਾਹਦ ਹਰ ਅੰਗ ਦੀ ਸਮੇਂ ਸਮੇਂ ਨਾਲ ਸ਼ੁਰੂਆਤ ਹੋ ਜਾਂਦੀ ਹੈ। ਜੋ ਅਸੀਂ ਹਰ ਅੰਗ ਦੀ ਬਣਤਰ ਦੇ ਲੈਕਚਰ ਦੇ ਸ਼ੁਰੂ ਵਿੱਚ ਜਾਣਦੇ ਆ ਰਹੇ ਹਾਂ।

ਓਵਮ ਫਰਟੀਲਾਈਜਡ ਹੋਣ ਤੋ ਬਾਅਦ ਯਾਨੀ ਸਪਰਮ ਨਾਲ ਮਿਲਾਪ ਤੋਂ ਬਾਅਦ ਚੌਵੀ ਘੰਟੇ ਦੇ ਵਿੱਚ ਵਿੱਚ ਆਪਣੀ ਨਵੀਂ ਬਣਤਰ ਬਣਾਉਣ ਵੱਲ ਤੁਰ ਪੈਂਦਾ ਹੈ ਤੇ ਤਿੰਨ ਤੋ ਚਾਰ ਦਿਨਾਂ ਦੇ ਵਿੱਚ ਫੈਲੋਪੀਅਨ ਟਿਊਬ ਵਿੱਚੋਂ ਬੱਚੇਦਾਨੀ ਵਿਚ ਸ਼ਿਫ਼ਟ ਹੋਕੇ ਓਥੇ ਫਿਕਸ ਹੋਣਾ ਸ਼ੁਰੂ ਹੁੰਦਾ ਹੈ। ਬਾਹਾਂ ਲੱਤਾਂ ਦੀ ਬਣਤਰ ਇਕ ਹਫ਼ਤੇ ਬਾਅਦ ਸ਼ੁਰੂ ਹੋ ਜਾਂਦੀ ਹੈ ਪੰਜ ਹਫ਼ਤਿਆਂ ਵਿੱਚ ਬਾਹਾ ਲੱਤਾਂ ਦੇ ਨਿਸ਼ਾਨ ਪੂਰੀ ਤਰ੍ਹਾਂ ਹੋਂਦ ਵਿੱਚ ਆ ਜਾਂਦੇ ਹਨ ਅਤੇ ਨੌਂ ਤੋਂ ਬਾਰਾ ਹਫ਼ਤਿਆਂ ਵਿੱਚ ਪੂਰੀ ਤਰ੍ਹਾਂ ਬਣਤਰ ਵਿੱਚ ਆ ਜਾਂਦੇ ਹਨ। ਇਹ ਬਣਤਰ ਪੈਰਾਂ ਤੇ ਹੱਥਾਂ ਦੇ ਆਖਰੀ ਪੋਟਿਆਂ ਤੱਕ ਤਾਂ ਬਣ ਜਾਂਦੀ ਹੈ ਪਰ ਹੱਥਾਂ ਪੈਰਾ ਦੇ ਨੌਹ ਬਾਰਾ ਹਫ਼ਤਿਆਂ ਬਾਅਦ ਹੀ ਹੋਂਦ ਵਿੱਚ ਆਉਂਦੇ ਹਨ।

ਨੌਂ ਹਫ਼ਤਿਆਂ ਵਿੱਚ ਅਰਕਾਂ ਤੇ ਗੋਡਿਆਂ ਦੀ ਜਗ੍ਹ ਸਪਸ਼ਟ ਦਿਸਣ ਲਗਦੀ ਹੈ।

ਬਾਰਾਂ ਤੋਂ ਸਤਾਰਾਂ ਹਫ਼ਤੇ ਦੀ ਪ੍ਰੈਗਨੈਂਸੀ ਵਿੱਚ ਹੱਥਾਂ ਦੀਆਂ ਉਂਗਲਾਂ ਤੇ ਪੈਰਾਂ ਦੇ ਪੋਟਿਆਂ ਅੱਗੇ ਨਹੁੰ ਬਣ ਜਾਂਦੇ ਹਨ।

ਇਕ ਨਜ਼ਰ ਵਿੱਚ ਬਾਹਾਂ ਲੱਤਾਂ ਦੀ ਬਣਤਰ ਨੂੰ ਜਾਣਨਾ ਹੋਵੇ ਤਾਂ ਕਹਿ ਸਕਦੇ ਹਾਂ ਕਿ

ਪ੍ਰੈਗਨੈਂਸੀ ਦੇ ਪੰਜ ਹਫ਼ਤਿਆਂ ਵਿੱਚ ਬਾਹਵਾ ਤੇ ਲੱਤਾਂ ਦੀ ਬਣਤਰ ਦੇ ਨਿਸ਼ਾਨਾ ਦੀ ਸ਼ੁਰੂਆਤ ਹੋ ਜਾਂਦੀ ਹੈ।

ਛੇਵੇਂ ਹਫ਼ਤੇ ਹੱਥ ਤੇ ਪੈਰਾ ਦੀ ਬਣਤਰ ਦੇ ਨਿਸ਼ਾਨਾ ਦੀ ਸ਼ੁਰੂਆਤ ਹੋ ਜਾਂਦੀ ਹੈ।

ਗਿਆਰਵੇਂ ਹਫ਼ਤੇ ਬਾਹਵਾ ਅਰਕਾਂ ਤੋਂ ਮੁੜਦੀਆਂ ਦਿਖਾਈ ਦਿੰਦੀਆਂ ਹਨ ਤੇ ਲੱਤਾਂ ਗੋਡਿਆਂ ਤੋਂ ਮੁੜਦੀਆਂ ਦਿਖਾਈ ਹਨ। ਇਸੇ ਸਮੇਂ ਹੀ ਹੱਥਾ ਦੀਆਂ ਉਂਗਲਾਂ ਤੇ ਪੈਰਾਂ ਦੀਆਂ ਉਂਗਲਾਂ ਦੇ ਪੋਟੇ ਬਣ ਜਾਂਦੇ ਹਨ।

ਬਾਹਰਵੇਂ ਹਫ਼ਤੇ ਹੱਥ ਮੁੜਨ ਲੱਗਦੇ ਹਨ ਅਤੇ ਪੈਰ ਵੀ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ।

**ਯਾਨੀ ਬੱਚੇ ਦਾ ਮਾਂ ਦੇ ਪੇਟ ਵਿੱਚ ਹਿੱਲਣਾ ਜੁਲਣਾ** : ਸੋਹਲਵੇ ਹਫ਼ਤੇ ਬਾਹਵਾਂ ਅਤੇ ਲੱਤਾਂ ਦੀ ਲੋੜ ਅਨੁਸਾਰ ਹਿੱਲਜੁਲ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਹੀ ਸਮਾਂ ਹੈ ਜਦੋਂ ਔਰਤ ਪ੍ਰੈਗਨੈਂਸੀ ਵਿੱਚ ਬੱਚੇ ਦੀਆਂ ਲੱਤਾਂ ਬਾਹਵਾਂ ਦੀ ਹਿਲ-ਜੁਲ ਮਹਿਸੂਸ ਕਰਦੀ ਹੈ ਪਰ ਪ੍ਰੈਗਨੈਂਸੀ ਦੇ ਸੋਹਲਵੇਂ ਤੋਂ ਬਾਈਵੇਂ ਹਫ਼ਤੇ ਤੱਕ ਇਹ ਲੱਤਾਂ ਤੇ ਬਾਹਵਾਂ ਦੀ ਹਿਲ-ਜੁਲ ਸਪਸ਼ਟ ਤੌਰ 'ਤੇ ਔਰਤ ਮਹਿਸੂਸ ਕਰਦੀ ਹੈ ਜਿਸਨੂੰ ਮੈਡੀਕਲ ਟਰਮ ਵਿੱਚ ਕੁਇਕਨਿੰਗ ਕਹਿੰਦੇ ਹਨ। ਬੱਚਾ ਵੀ ਮਾਂ ਦੇ ਪੇਟ ਵਿੱਚ ਪੂਰੀ ਤਰ੍ਹਾਂ ਹਿੱਲਜੁਲ ਕਰਦਾ ਮਹਿਸੂਸ ਹੁੰਦਾ ਹੈ।

ਬਾਈ ਤੇ ਚੌਵੀ ਹਫ਼ਤਿਆਂ ਵਿੱਚ ਪੇਟ ਨੂੰ ਵੇਖਣ ਵਾਲਾ ਕੋਈ ਦੂਸਰਾ ਵੀ ਬੱਚੇ ਦੀ ਮਾਂ ਦੇ ਪੱਟ ਵਿੱਚ ਇਹ ਹਿਲ-ਜੁਲ ਬਾਹਰੋਂ ਮਹਿਸੂਸ ਕਰ ਸਕਦਾ ਹੈ ਕਿ ਪ੍ਰੈਗਨੈਂਟ ਔਰਤ ਦੇ ਪੇਟ ਵਿੱਚ ਕੁਝ ਹਿਲ-ਜੁਲ ਹੋ ਰਹੀ ਹੈ।

ਚੌਂਤੀਵੇਂ ਹਫ਼ਤੇ ਵਿੱਚ ਹੱਥਾਂ ਦੀਆਂ ਉਂਗਲਾਂ ਦੇ ਪੋਟਿਆਂ ਦੇ ਨਹੁੰ ਬਣ ਜਾਂਦੇ ਹਨ।

ਅਠੱਤੀਵੇਂ ਹਫ਼ਤੇ ਜਦੋਂਕਿ ਪੈਰਾਂ ਦੀਆਂ ਉਂਗਲਾਂ ਦੇ ਪੋਟਿਆਂ ਦੇ ਨੌਹ ਯਾਨੀ ਟੋਅ ਨੇਲ ਅਠੱਤੀਵੇ ਹਫ਼ਤੇ ਵਿੱਚ ਬਣਦੇ ਹਨ।

ਅਠੱਤੀ ਤੋਂ ਚਾਲੀ ਹਫ਼ਤਿਆਂ ਵਿੱਚ ਬਾਹਾਂ ਲੱਤਾਂ ਦੀ ਪੂਰੀ ਬਣਤਰ ਬਣ ਚੁੱਕੀ ਹੁੰਦੀ ਹੈ ਜਦ ਬੱਚਾ ਮਾਂ ਦੇ ਪੇਟ ਵਿਚੋਂ ਬਾਹਰ ਆਉਣ ਲਈ ਤਿਆਰ ਹੁੰਦਾ ਹੈ।

ਬਾਹਵਾਂ ਤੇ ਲੱਤਾਂ ਦੀ ਬਣਤਰ ਵਿੱਚ ਹੱਡੀਆਂ ਜੋੜਾਂ ਤੇ ਉਹਨਾਂ ਦੀਆਂ ਮਾਸਪੇਸ਼ੀਆਂ ਦਾ ਯੋਗਦਾਨ ਹੁੰਦਾ ਹੈ ਜੋ ਅਸੀਂ ਇਕ ਇਕ ਕਰਕੇ ਵਿਚਾਰਾਂਗੇ ।

**ਬਾਂਹ ਯਾਨੀ ਮੋਢੇ ਦੇ ਜੋੜ ਤੋ ਹੱਥਾਂ ਦੀਆਂ ਉਂਗਲਾਂ ਦੇ ਆਖਰੀ ਪੋਟਿਆਂ ਤੱਕ**

ਪਹਿਲਾਂ ਉੱਪਰ ਵਾਲੀ ਭੁਜਾ ਦੀ ਯਾਨੀ ਬਾਹਵਾਂ ਦੀ ਗੱਲ ਕਰਦੇ ਹਾਂ ਇਸਨੂੰ ਅਪਰ ਅਕਸਟਰੈਮਿਟੀਜ ਕਹਿੰਦੇ ਹਨ। ਇਸ ਵਿੱਚ ਆਉਣ ਵਾਲੇ ਮੋਢੇ ਦੇ ਯਾਨੀ ਸਭ ਤੋ ਪਹਿਲਾਂ ਜੋੜ ਮੋਢੇ ਦਾ ਹੈ ਜਿਸ ਵਿੱਚ ਭਾਗ ਲੈਣ ਵਾਲੀਆਂ ਹੱਡੀਆਂ ਕਲੈਵੀਕਲ ਸਕੈਪੁਲਾ ਤੇ ਹਿਊਮਰਸ ਹਨ।

ਉੱਪਰ ਵਾਲੀ ਤਸਵੀਰ ਮੋਢੇ ਦੇ ਜੋੜ ਤੇ ਇਸ ਵਿੱਚ ਭਾਗ ਲੈਣ ਵਾਲੀਆਂ ਹੱਡੀਆਂ ਨੂੰ ਦਿਖਾ ਰਹੀ ਹੈ ਅਤੇ ਹੱਡੀਆਂ ਦੇ ਅਲੱਗ ਅਲੱਗ ਹਿੱਸਿਆਂ ਨੂੰ ਦਿਖਾਇਆ ਜਾ ਰਿਹਾ ਹੈ।

ਮੋਢੇ ਦੇ ਪਿਛਲੇ ਪਾਸੇ ਦੀ ਹੱਡੀ ਜਿਸਨੂੰ ਸ਼ੋਲਡਰ ਬਲੇਡ ਕਹਿੰਦੇ ਹਨ ਉਪਰ ਵਾਲੀ ਤਸਵੀਰ ਇਸ ਸਕੈਪੂਲਾ ਹੱਡੀ ਦੇ ਬਾਹਰੀ ਯਾਨੀ ਪਿਛਲੇ ਪਾਸੇ ਤੇ ਅਗਲੇ ਪਾਸੇ ਦੋਹਾਂ ਪਾਸਿਆਂ ਦੀਆਂ ਯਾਨੀ ਹੱਡੀ ਦੇ ਅੰਦਰ ਵਾਲੇ ਪਾਸਿਆਂ ਦੀਆਂ ਹਨ ਜਿਹੜੀਆਂ ਸਾਡੀ ਛਾਤੀ ਦੇ ਪਿਛਲੇ ਪਾਸੇ ਪਸਲੀਆਂ ਉੱਪਰ ਲੱਗੀਆਂ ਹੁੰਦੀਆਂ ਹਨ ਅਤੇ ਪਿਛਲੇ ਪਾਸਿਓਂ ਆਕੇ ਸੱਜੇ ਵੀ ਤੇ ਖੱਬੇ ਪਾਸੇ ਵੀ ਮੋਢਿਆ ਦੇ ਜੋੜ ਬਣਾਉਣ ਵਿੱਚ ਸਹਿਯੋਗ ਕਰਦੀਆਂ ਹਨ।

ਉੱਪਰ ਵਾਲੀ ਤਸਵੀਰ ਛਾਤੀ ਦੇ ਪਿਛਲੇ ਪਾਸੇ ਸਕੈਪੁਲਾ ਹੱਡੀ ਦੀ ਪਸਲੀਆ ਨਾਲ ਜੁੜਣ ਦੀ ਤਸਵੀਰ ਸਪਸ਼ਟ ਕਰ ਰਹੀ ਹੈ।

ਸਕੈਪੁਲਾ ( ਸ਼ੋਲਡਰ ਬਲੇਡ )

ਇਹ ਤਿਕੋਣੀ ਪਰ ਚੌੜੀ ਪਲੇਟ ਵਰਗੀ ਹੱਡੀ ਛਾਤੀ ਦੇ ਪਿਛਲੇ ਪਾਸੇ ਪਸਲੀਆਂ ਨਾਲ ਜੁੜਦੀ ਹੱਡੀ ਹੈ ਜਿਸ ਵਿੱਚ ਪੱਸਲੀਆਂ ਦੇ ਇਸਨਾਲ ਜੁੜਣ ਕਰਕੇ ਇਸ ਵਿੱਚ ਜਮਾਂਦਰੂ ਪਸਲੀਆਂ ਦੇ ਨਿਸ਼ਾਨ ਬਣ ਜਾਂਦੇ ਹਨ। ਇਸ ਤਿਕੋਨ ਦੀਆਂ ਤਿੰਨ ਬਾਹੀਆਂ ਵਿੱਚ ਇਕ ਹੈ ਜੋ ਛਾਤੀ ਦੇ ਵਿਚਕਾਰ ਵਾਲੇ ਯਾਨੀ ਅੱਧ ਵੱਲ ਹੈ ਇਸ ਨੂੰ ਮੀਡੀਅਲ ਬਾਰਡਰ ਕਹਿੰਦੇ ਹਨ। ਦੂਜਾ ਇਸ ਹੱਡੀ ਦੇ ਉੱਪਰ ਵਾਲੀ ਹੱਦ ਵਾਲਾ ਬਾਰਡਰ ਹੈ ਜਿਸ ਨੂੰ ਸੁਪੀਰੀਅਰ ਬਾਰਡਰ ਕਹਿੰਦੇ ਹਨ ਤੇ ਸਾਡੀਆਂ ਦੋਹਾਂ ਕੱਛਾ ਵਾਲੇ ਪਾਸਿਆ ਦੇ ਬਾਰਡਰ ਨੂੰ ਜੋ ਬਾਹਰ ਵਾਲੇ ਪਾਸੇ ਹੁੰਦਾ ਹੈ ਉਸਨੂੰ ਲੈਟਰਲ ਯਾਨੀ ਬਾਹਰ ਵਾਲਾ ਬਾਰਡਰ ਕਹਿੰਦੇ ਹਨ।

**ਸਕੈਪੂਲਾ ਦੇ ਪਿਛਲੇ ਪਾਸੇ ਊਠ ਦੀ ਧੌਣ ਵਰਗਾ ਸਕੈਪੂਲਾ ਦਾ ਹਿੱਸਾ**

ਸਕੈਪੂਲਾਂ ਦੇ ਪਿਛਲੇ ਪਾਸੇ ਊਠ ਯਾਨੀ ਕੈਮਲ ਦੀ ਪਿਠ ਉੱਪਰ ਉੱਭਰੇ ਉਭਾਰ ਵਾਂਗ ਇਕ ਹੱਡੀ ਦੀ ਬਣਤਰ ਹੈ ਜੋ ਸਕੈਪੂਲਾ ਹੱਡੀ ਦੀ ਹੇਠਲੀ ਚੁੰਝ ਨੇੜਿਓਂ ਚਲ ਕੇ ਉੱਪਰ ਮੋਢੇ ਦੇ ਜੋੜ ਨੇੜੇ ਪਹੁੰਚਦੀ ਹੈ। ਸਕੈਪੁਲਾ ਦੇ ਪਿਛਲੇ ਪਾਸੇ ਊਠ ਦੀ ਧੌਣ ਵਰਗੀ ਇਹ ਹੱਡੀ ਜਿਸਨੂੰ ਸਪਾਈਨ ਆਫ ਸਕੈਪੁਲਾ ਕਹਿੰਦੇ ਹਨ।

(ਚੱਲਦਾ)




CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

CALIFORNIA DMV LIV. # 40524

# ਸਰਬੱਤ ਦੇ ਭਲੇ ਲਈ ਕਰਮਨ ਦੀ ਸੰਗਤ ਨੇ ਕਰਵਾਇਆ ਸਲਾਨਾ ਅਖੰਡ ਪਾਠ



ਫਰਿਜ਼ਨੋ : ਫਰਿਜ਼ਨੋ ਦੇ ਲਾਗਲੇ ਸ਼ਹਿਰ ਕਰਮਨ ਦੀ ਸਿੱਖ ਐਸੋਸੀਏਸ਼ਨ ਦੇ ਮੈਂਬਰਾਂ ਅਤੇ ਪਰਿਵਾਰਾਂ ਵੱਲੋਂ 24 ਨਵੰਬਰ ਦਿਨ ਸ਼ੁੱਕਰਵਾਰ ਤੋਂ ਐਤਵਾਰ 26 ਨਵੰਬਰ 2023 ਤੱਕ ਕਰਮਨ ਸ਼ਹਿਰ ਦੇ ਗੁਰਦੁਆਰਾ ਆਨੰਦਗੜ੍ਹ ਸਾਹਿਬ ਵਿਖੇ ਸਰਬੱਤ ਦੇ ਭਲੇ ਲਈ ਸਲਾਨਾ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਇਸ ਮੌਕੇ ਗੁਰੂ ਘਰ ਦੇ ਕੀਰਤਨੀ ਜਥੇ ਵੱਲੋ ਕੀਰਤਨ ਕੀਤਾ ਗਿਆ ਅਤੇ ਭਾਈ ਮਹਿਲ ਸਿੰਘ ਚੰਗੀਗੜ੍ਹ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਗਾ ਕੇ ਚੰਗਾ ਸਮਾਂ ਬੰਨ੍ਹਿਆ। ਇਸ ਸਮਾਗਮ ਲਈ ਐਸੋਸੀਏਸ਼ਨ ਦੇ ਸਾਰੇ ਮੈਂਬਰ ਜਿਨ੍ਹਾਂ ਵਿੱਚ ਪੁਸ਼ਪਿੰਦਰ ਸਿੰਘ ਕਰੀ, ਦਿਲਬੀਰ ਸਿੰਘ ਦਿਓ, ਤੇਜਿੰਦਰ ਸਿੰਘ ਗਿੱਲ, ਅਮਨਦੀਪ ਸਿੰਘ ਭੱਠਲ, ਸੁਖਦੀਪ ਸਿੰਘ ਥਿੰਦ, ਅਮਨਦੀਪ ਸਿੰਘ ਬਧੇਸ਼ਾ ਆਦਿ ਵਧਾਈ ਦੇ ਪਾਤਰ ਹਨ।

ਇਸ ਮੌਕੇ ਕੜਾਹ ਪ੍ਰਸ਼ਾਦ ਦੀ ਦੇਗ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤੇ।

# ਅਮਰੀਕਾ ਵਿਚ ਭਾਰਤੀ ਮੂਲ ਦੇ ਵਿਅਕਤੀ 'ਤੇ ਹਮਲਾ ਕਰਨ ਵਾਲੀ ਔਰਤ ਨਫਰਤੀ ਅਪਰਾਧ ਤਹਿਤ ਗ੍ਰਿਫਤਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਭਾਰਤੀ ਮੂਲ ਦੇ ਵਿਅਕਤੀ ਜਿਸ ਨੇ ਰਵਾਇਤੀ ਫਲਸਤੀਨੀ ਸਕਾਰਫ ਪਾਇਆ ਹੋਇਆ ਸੀ, ਉਪਰ ਹਮਲਾ ਕਰਨ ਦੇ ਮਾਮਲੇ ਵਿਚ ਇਕ ਔਰਤ ਨੂੰ ਨਫਰਤੀ ਅਪਰਾਧ ਤਹਿਤ ਗ੍ਰਿਫਤਾਰ ਕੀਤੇ ਜਾਣ ਦੀ ਖਬਰ ਹੈ। ਬਰੁੱਕਲਿਨ ਦੇ ਐਡਮੌਂਡਜ ਖੇਡ ਮੈਦਾਨ ਵਿਚ ਵਾਪਰੀ ਇਸ ਘਟਨਾ ਵਿਚ ਇਕ ਔਰਤ ਨੇ 40 ਸਾਲਾ ਅਸ਼ੀਸ਼ ਪ੍ਰਾਸ਼ਰ ਨਾਮੀ ਭਾਰਤੀ ਅਮਰੀਕੀ ਉਪਰ ਉਸ ਵੇਲੇ ਹਮਲਾ ਕੀਤਾ ਸੀ ਜਦੋਂ ਉਹ ਆਪਣੇ 18 ਮਹੀਨਿਆਂ ਦੇ ਪੁੱਤਰ ਨਾਲ ਖੇਡ ਰਿਹਾ ਸੀ।




ਹਡਾਸਾ ਬੋਜ਼ਾਕਾਰਾਵਾਨੀ (48) ਨੌਮੀ ਔਰਤ ਵਿਰੁੱਧ ਨਫਰਤੀ ਅਪਰਾਧ ਦੇ ਦੋਸ਼ ਆਇਦ ਕੀਤੇ ਗਏ ਹਨ। ਅਦਾਲਤੀ ਦਸਤਾਵੇਜਾਂ ਅਨੁਸਾਰ ਬੋਜ਼ਾਕਾਰਾਵਾਨੀ ਨੇ ਆਪਣੇ ਆਪ ਨੂੰ ਨਿਰਦੋਸ਼ ਦਸਿਆ ਹੈ। ਪ੍ਰਾਸ਼ਰ ਅਨੁਸਾਰ ਯਹੂਦੀ ਔਰਤ ਉਸ ਦੇ ਫਲਸਤੀਨੀ ਸਕਾਰਫ ਪਾਇਆ ਵੇਖ ਕੇ ਖਿਝ ਗਈ ਸੀ ਤੇ ਉਸ ਨੇ ਪਹਿਲਾਂ ਉਸ ਵੱਲ ਆਪਣਾ ਫੋਨ ਮਾਰਿਆ ਤੇ ਫਿਰ ਗਰਮ ਕੌਫੀ ਦਾ ਕੱਪ ਉਸ ਵੱਲ ਮਾਰਿਆ ਹਾਲਾਂ ਕਿ ਇਸ ਹਮਲੇ ਵਿਚ ਉਹ ਤੇ ਉਸ ਦਾ ਪੁੱਤਰ ਵਾਲ ਵਾਲ ਬਚ ਗਏ ਸਨ।

# ਏਲ ਚੈਪੋ ਦੇ ਸਬੰਧਾਂ ਵਾਲੇ ਡਰੱਗ ਕਿੰਗਪਿਨ ਦਾ ਗੋਲੀ ਮਾਰ ਕੇ ਕਤਲ

ਨਿਊਯਾਰਕ : ਜੋਆਕੁਇਨ 'ਏਲ ਚੈਪੋ' ਗੁਜ਼ਮੈਨ ਨਾਲ ਸਬੰਧਾਂ ਦੇ ਨਾਲ ਇੱਕ ਦੋਸ਼ੀ ਨਸ਼ਾ ਤਸਕਰ ਨੂੰ ਬੰਦੂਕ ਦੀ ਗੋਲੀ ਨਾਲ ਜ਼ਖਮੀ ਹਾਲਤ ਵਿੱਚ ਮ੍ਰਿਤਕ ਪਾਇਆ ਗਿਆ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। 39 ਸਾਲਾ ਐਡੁਆਰਡੋ ਐਸਕੋਬੇਡੋ 'ਏਲ ਮਾਗੋ' ਦੇ ਮੈਂਬਰ ਵਜੋਂ ਜਾਣੇ ਜਾਂਦੇ ਹਨ, ਨੇ ਗੁਜ਼ਮੈਨ ਦੇ ਪੁੱਤਰ ਇਵਾਨ ਆਰਚੀਵਾਲਡੋ ਗੁਜ਼ਮੈਨ ਲਈ ਕੈਲੀਫੋਰਨੀਆ ਰਾਜ ਦੇ ਲਾਸ ਏਂਜਲਸ ਵਿੱਚ ਪ੍ਰਾਇਮਰੀ ਮਾਰਿਜੁਆਨਾ ਡੀਲਰ ਵਜੋਂ ਕੰਮ ਕੀਤਾ ਸੀ।

ਲਾਸ ਏਂਜਲਸ ਟਾਈਮਜ਼ ਦੀ ਰਿਪੋਰਟ ਅਨੁਸਾਰ ਐਸਕੋਬੇਡੋ ਗੁਇਲਰਮੋ ਡੀ ਲਾਸ ਏਂਜਲਸ ਜੂਨੀਅਰ (47) ਦੇ ਨਾਲ ਇੱਕ ਉਦਯੋਗਿਕ ਪਾਰਕ ਵਿੱਚ ਉਸ ਨੂੰ ਮ੍ਰਿਤਕ ਪਾਇਆ ਗਿਆ ਸੀ। ਅਤੇ ਇੱਕ ਤੀਜੇ ਵਿਅਕਤੀ ਨੂੰ ਗੈਰ ਜਾਨਲੇਵਾ ਸੱਟਾਂ ਦੇ ਨਾਲ ਹਸਪਤਾਲ ਲਿਜਾਇਆ ਗਿਆ। ਬੀਤੇ ਦਿਨ ਪੁਲਸ ਗੁਦਾਮਾਂ, ਸ਼ਿਪਿੰਗ ਕੰਟੇਨਰਾਂ ਅਤੇ ਟਰੈਕਟਰ ਟਰੇਲਰਾਂ ਦੇ ਨਾਲ ਇੱਕ ਉਦਯੋਗਿਕ ਖੇਤਰ ਵਿੱਚ ਪਹੁੰਚੀ, ਜਿੱਥੇ ਐਸਕੋਬੇਡੋ, ਜਿਸਦਾ ਉਪਨਾਮ 'ਦਾ ਜਾਦੂਗਰ' ਹੈ, ਨੂੰ ਮ੍ਰਿਤਕ ਪਾਇਆ ਗਿਆ। ਉਸ ਨੂੰ 10,000 ਕਿਲੋਗ੍ਰਾਮ ਤੋਂ ਵੱਧ ਮਾਰਿਜੁਆਨਾ ਅਤੇ ਮਨੀ ਲਾਂਡਰਿੰਗ ਨੂੰ ਵੰਡਣ ਦੀ ਸਾਜ਼ਿਸ਼ ਰਚਣ ਲਈ ਸੰਘੀ ਜੇਲ੍ਹ ਵਿੱਚ ਲਗਭਗ ਪੰਜ ਸਾਲ ਦੀ ਸਜ਼ਾ ਕੱਟਣ ਤੋਂ ਬਾਅਦ 2018 ਵਿੱਚ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਸੀ। 2014 ਵਿੱਚ ਸਰਕਾਰੀ ਵਕੀਲਾਂ ਨੇ ਜਨਤਕ ਤੌਰ 'ਤੇ ਗੁਜ਼ਮੈਨ ਅਤੇ ਐਸਕੋਬੇਡੋ ਵਿਚਕਾਰ ਸਬੰਧ ਬਣਾਏ। ਗੁਜ਼ਮੈਨ ਮੈਕਸੀਕੋ ਦੇ ਸਭ ਤੋਂ ਵੱਧ ਲੋੜੀਂਦੇ ਲੋਕਾਂ ਵਿੱਚੋਂ ਇੱਕ ਸੀ।



# ਅਮਰੀਕਾ 'ਚ ਡਾਕਟਰਾਂ ਨੇ 64 ਸਾਲਾ ਮਰੀਜ਼ ਦੀਆਂ ਅੰਤੜੀਆਂ 'ਚੋਂ ਕੱਢੀ ਜਿੰਦਾ ਮੱਖੀ

ਵਾਸ਼ਿੰਗਟਨ : ਅਮਰੀਕਾ ਵਿਚ ਇਕ ਅਜੀਬ ਕਿਸਮ ਦਾ ਮਾਮਲਾ ਸਾਹਮਣੇ ਆਇਆ ਹੈ। ਜਦੋਂ ਡਾਕਟਰਾਂ ਨੇ ਇਕ 63 ਸਾਲਾ ਮਰੀਜ਼ ਦੀਆਂ ਅੰਤੜੀਆਂ ਵਿੱਚੋਂ ਜ਼ਿੰਦਾ ਮੱਖੀ ਕੱਢ ਦਿੱਤੀ। ਮੱਖੀ ਅੰਤੜੀ ਤੱਕ ਕਿਉਂ ਪਹੁੰਚੀ ਇਹ ਇਕ ਵੱਡਾ ਸਵਾਲ ਹੈ ਅਤੇ ਇਹ ਤੱਥ ਹੈ ਕਿ ਉਹ ਵੀ ਜਿੰਦਾ, ਇਕ ਹੋਰ ਵੀ ਵੱਡਾ ਰਹੱਸ ਹੈ। ਇਕ ਮੈਡੀਕਲ ਜਰਨਲ ਵਿਚ ਇਸ ਰਿਪੋਰਟ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ ਇਹ ਮਾਮਲਾ ਦੁਨੀਆ ਭਰ ਵਿਚ ਇਕ ਚਰਚਾ ਦਾ ਵਿਸ਼ਾ ਬਣ ਗਿਆ।

ਅਮਰੀਕਾ ਦੇ ਮਿਸੂਰੀ ਸੂਬੇ ਦੀ ਯੂਨੀਵਰਸਿਟੀ ਆਫ ਮਿਸੌਰੀ ਦੇ ਗੈਸਟਰੋਲੋਜੀ ਵਿਭਾਗ ਦੇ ਡਾਕਟਰਾਂ ਨੇ 63 ਸਾਲਾ ਦੇ ਇਕ ਮਰੀਜ਼ ਦਾ ਰੂਟੀਨ ਚੈਕਅੱਪ ਕੀਤਾ ਅਤੇ ਉਸ ਸਮੇਂ ਅੰਤੜੀਆਂ ਦੀ ਜਾਂਚ ਕੀਤੀ ਗਈ ਤਾਂ ਕੁਝ ਅਜੀਬ ਹਰਕਤਾਂ ਨਜ਼ਰ ਆਈਆਂ। ਹੋਰ ਜਾਂਚ ਕਰਨ 'ਤੇ ਪਤਾ ਲੱਗਾ ਕਿ ਅੰਤੜੀ 'ਚ ਜ਼ਿੰਦਾ ਮੱਖੀ ਸੀ। ਆਪ੍ਰੇਸ਼ਨ ਦੌਰਾਨ ਮੱਖੀ ਬਾਹਰ ਨਿਕਲਣ 'ਤੇ ਮਰ ਗਈ ਪਰ ਇਸ ਨੇ ਡਾਕਟਰਾਂ ਨੂੰ ਹੈਰਾਨ ਕਰ ਦਿੱਤਾ। ਆਮ ਤੌਰ 'ਤੇ ਭੋਜਨ ਸਮੇਤ ਕੋਈ ਵੀ ਪਦਾਰਥ ਅਨਾੜੀ ਰਾਹੀਂ ਪੇਟ ਤੱਕ ਪਹੁੰਚਦਾ ਹੈ। ਡਾਕਟਰ ਇਸ ਗੱਲ ਦਾ ਤਰਕ ਨਹੀਂ ਲੱਭ ਸਕੇ ਕਿ ਮੱਖੀ ਅੰਤੜੀ ਤੱਕ ਕਿਉਂ ਪਹੁੰਚੀ। ਜਿੰਨੀ ਐਸ਼ਵਰੀ ਡਾਕਟਰਾਂ ਨੂੰ ਹੋਈ, ਓਨੀ ਹੀ ਮਰੀਜ਼ ਨੂੰ ਹੋਈ। ਮਰੀਜ਼ ਨੇ ਦੱਸਿਆ ਕਿ ਉਸ ਨੇ ਅਪਰੇਸ਼ਨ ਤੋਂ ਪਹਿਲਾਂ ਸਿਰਫ਼ ਸਾਫ਼ ਪਾਣੀ ਪੀਤਾ ਸੀ ਅਤੇ ਦੋ ਦਿਨਾਂ ਦੌਰਾਨ ਉਸ ਨੇ ਕੀ ਖਾਧਾ-ਪੀਤਾ ਸੀ, ਇਸ ਦਾ ਸਾਰਾ ਵੇਰਵਾ ਦਿੱਤਾ। ਇਸ ਵਿਚ ਕਿਤੇ ਵੀ ਮੱਖੀ ਦੇ ਵੜਨ ਦੀ ਕੋਈ ਸੰਭਾਵਨਾ ਨਹੀਂ ਸੀ। ਡਾਕਟਰ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਕਿਸੇ ਤਰ੍ਹਾਂ ਮੱਖੀ ਮੂੰਹ ਤੋਂ ਅੰਤੜੀ ਤੱਕ ਆਪਣਾ ਰਸਤਾ ਲੱਭ ਸਕਦੀ ਹੈ, ਇਸ ਲਈ ਸਾਵਧਾਨ ਰਹਿਣ ਦੀ ਲੋੜ ਹੈ। ਮਿਸੂਰੀ ਯੂਨੀਵਰਸਿਟੀ ਦੇ ਡਾਕਟਰਾਂ ਨੇ ਇਸ ਗੱਲ 'ਤੇ ਵੱਖਰੀ ਖੋਜ ਸ਼ੁਰੂ ਕੀਤੀ ਹੈ ਕਿ ਮੱਖੀਆਂ ਸਰੀਰ ਦੀਆਂ ਅੰਤੜੀਆਂ ਤੱਕ ਕਿਵੇਂ ਪਹੁੰਚਦੀਆਂ ਹਨ। ਮੱਖੀਆਂ ਮਨੁੱਖੀ ਅੰਤੜੀਆਂ ਨੂੰ ਸੰਕਰਮਿਤ ਕਰ ਸਕਦੀਆਂ ਹਨ। ਜੇਕਰ ਉਸ ਦੇ ਮੂੰਹ 'ਚੋਂ ਨਿਕਲਣ ਵਾਲਾ ਪਦਾਰਥ ਅੰਤੜੀ 'ਚ ਰਹਿ ਜਾਵੇ ਤਾਂ ਭਾਰੀ ਦਰਦ ਹੋ ਸਕਦਾ ਹੈ।






ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ




ਕੈਪਟਨ ਅਮਰਜੀਤ ਸਿੰਘ ਕਾਲੇਕਾ

# ਬਚਪਨ ਤੋਂ ਸ਼ਹੀਦੀ ਤੱਕ ਦਾ ਸ.ਫਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਮਿੱਥੇ ਦਿਨ ਤੇ ਓਕ ਕਰੀਕ ਗੁਰਦੁਆਰਾ ਸਾਹਿਬ ਵਿਚ ਸ਼ਹੀਦਾਂ ਦੀ ਯਾਦ ਵਿਚ ਭੋਗ ਪਾਇਆ ਗਿਆ। ਕੈਨੇਡਾ, ਅਮਰੀਕਾ ਅਤੇ ਕਈ ਹੋਰ ਦੇਸ਼ਾਂ ਵਿਚੋਂ ਪੰਜ ਹਜ਼ਾਰ ਸੰਗਤ ਨੇ ਸਮਾਗਮ ਵਿਚ ਹਿੱਸਾ ਲਿਆ। ਅਮਰੀਕਾ ਦੇ ਰਾਸ਼ਟਰਪਤੀ ਨੇ ਅਟਾਰਨੀ ਜਨਰਲ ਦੇ ਹੱਥੀਂ ਆਪਣਾ ਸੁਨੇਹਾ ਭੇਜਿਆ। ਤਿੰਨ ਦਿਨਾਂ ਲਈ 8 ਅਗਸਤ 2012 ਤੋਂ 10 ਅਗਸਤ 2012 ਤੱਕ ਅਮਰੀਕਾ ਦਾ ਝੰਡਾ ਅੱਧ ਝੁਕਾਇਆ ਗਿਆ। ਸੰਗਤ ਦੇ ਖਾਣੇ ਦਾ ਸਾਰਾ ਖਰਚ ਅਮਰੀਕੀ ਸਰਕਾਰ ਨੇ ਕੀਤਾ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਾਨੂੰਨ ਮੰਤਰੀ (Law saby) ਨੂੰ ਆਪਣੀ ਪ੍ਰਤੀਨਿਧਤਾ ਕਰਨ ਲਈ ਭੇਜਿਆ ਅਤੇ ਸੰਗਤ ਦੇ ਨਾਮ ਲੰਬੀ ਚੌੜੀ ਚਿੱਠੀ ਲਿਖੀ ਹੈ ਜਿਸ ਦਾ ਜ਼ਿਕਰ ਅਲੱਗ ਥਾਂ ਤੇ ਹੈ। ਇਸ 30 ਸਾਲ ਦੇ ਸਮੇਂ ਵਿਚ ਸਤਵੰਤ ਤੇ ਉਸ ਦੀ ਪਤਨੀ ਨੇ ਕਈ ਥਾਂ ਨੌਕਰੀਆਂ ਕੀਤੀਆਂ। ਸਤਪਾਲ ਨੇ ਵੀ ਸਲਾਈ ਦੀ ਕੰਪਨੀ ਵਿਚ ਸਿਲਾਈ ਦਾ ਕੰਮ ਤਕਰੀਬਨ 10 ਸਾਲ ਕੀਤਾ। 10 ਸਾਲਾਂ ਵਿਚ ਵਿਅਕਤੀ ਪੈਨਸ਼ਨ ਯੋਗ ਹੋ ਜਾਂਦਾ ਸੀ। ਕੁਝ ਕੁ ਦਿਨ ਪਹਿਲਾਂ ਹੀ ਕੰਪਨੀ ਬੰਦ ਹੋ ਗਈ ਜਿਸ ਕਰਕੇ ਸਤਪਾਲ ਨੂੰ ਪੈਨਸ਼ਨ ਦਾ ਕੋਈ ਵੀ ਲਾਭ ਨਾ ਮਿਲ ਸਕਿਆ। ਜੂਨ ਜੁਲਾਈ 1986 ਵਿਚ ਮੈਂ ਤਿੰਨਾ ਭਰਾਵਾਂ ਨੂੰ ਮਿਲਣ ਲਈ ਅਮਰੀਕਾ ਗਿਆ। ਉਸ ਵੇਲੇ ਸਤਵੰਤ ਤੇ ਉਸ ਦੀ ਪਤਨੀ ਤਕਲੀਫ਼ਾਂ ਨਾਲ ਜੂਝ ਰਹੇ ਸਨ। ਦੋਵੇਂ ਬੱਚੇ ਪਰਦੀਪ ਅਤੇ ਅਮਰਦੀਪ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਸਨ। ਅਮਰੀਕਾ ਵਿਚ ਸਰਕਾਰੀ ਸਕੂਲਾਂ ਨਾਲੋਂ ਪ੍ਰਾਈਵੇਟ ਸਕੂਲਾਂ ਦਾ ਸਟੈਂਡਰਡ ਵਧੀਆ ਹੁੰਦਾ ਹੈ। ਇਹਨਾਂ ਪ੍ਰਾਈਵੇਟ ਸਕੂਲਾਂ ਨੂੰ ਭਾਰਤ ਵਿਚ ਪਬਲਿਕ ਸਕੂਲ ਕਿਹਾ ਜਾਂਦਾ ਹੈ। ਸਤਵੰਤ ਤੇ ਉਸ ਦੀ ਪਤਨੀ ਇਕ ਦਰਮਿਆਨੇ ਜਿਹੇ ਇਲਾਕੇ ਵਿਚ, ਇੱਕ ਬੈਡਰੂਮ ਵਾਲੇ ਘਰ ਵਿਚ ਕਿਰਾਏ ਤੇ ਰਹਿੰਦੇ ਸਨ।

ਜਦੋਂ ਅਸੀਂ ਅਕਤੂਬਰ 1992 ਵਿਚ ਪੱਕੇ ਤੌਰ 'ਤੇ ਅਮਰੀਕਾ ਰਹਿਣ ਲਈ ਗਏ ਤਾਂ ਉਸ ਵੇਲੇ ਤੱਕ ਸਤਵੰਤ ਨੇ ਕੁਇਨਸੀ ਸਟਰੀਟ ਤੇ 27,000 ਡਾਲਰ ਦਾ ਛੋਟਾ ਜਿਹਾ ਮਕਾਨ ਲਿਆ ਹੋਇਆ ਸੀ। ਇਸ ਮਕਾਨ ਦੀ ਇੱਕੋ ਸੁੰਦਰਤਾ ਸੀ ਕਿ ਇਸ ਦੇ ਸਾਹਮਣੇ ਬਹੁਤ ਵੱਡਾ ਪਾਰਕ ਸੀ ਜਿਸ ਵਿਚ ਬੱਚੇ ਖੇਡਦੇ-ਖੇਡਦੇ ਤੱਕੜੇ ਹੋ ਗਏ।




1992 ਵਿਚ ਸਤਵੰਤ ਨੇ ਪਹਿਲਾ ਵਪਾਰ ਇਕ ਦਰਮਿਆਨੇ ਜਿਹੇ ਗੈਸ ਸਟੇਸ਼ਨ ਜੋ ਕਿ ਮਿਲਵਾਕੀ ਸ਼ਹਿਰ ਦੀ 13ਵੀਂ ਸਟਰੀਟ 'ਤੇ ਸਥਿਤ ਸੀ ਖ਼ਰੀਦਿਆ। ਸਤਵੰਤ ਦੀ ਅੰਗਰੇਜ਼ੀ ਬਹੁਤ ਦਰਮਿਆਨੀ ਸੀ ਤੇ ਉਸ ਦੀ ਡਰਾਈਵਿੰਗ ਵੀ ਠੀਕ-ਠਾਕ ਹੀ ਸੀ। ਉਹ ਲੇਨਾਂ ਬਦਲਣ ਵੇਲੇ ਇਸ਼ਾਰਾ ਨਹੀਂ ਸੀ ਦਿੰਦਾ, ਜਿਸ ਕਰਕੇ ਲੋਕ ਹਾਰਨ ਮਾਰ ਕੇ ਇਹ ਸੰਕੇਤ ਦਿੰਦੇ ਕਿ ਤੁਹਾਡੀ ਡਰਾਈਵਿੰਗ ਠੀਕ ਨਹੀਂ ਹੈ।

**ਅਮਰੀਕਾ ਵਿਚ ਸਤਵੰਤ ਦਾ ਜੀਵਨ ਸ.ਫਰ**

ਪੂਰੇ 30 ਸਾਲ ਸਤਵੰਤ ਅਮਰੀਕਾ ਵਿਚ ਰਿਹਾ। 30 ਸਾਲਾਂ ਵਿਚੋਂ ਪਿਛਲੇ 18 ਸਾਲ ਉਸ ਨੇ ਗੁਰਦੁਆਰਾ ਸਾਹਿਬ ਜਿਸ ਵਿਚ ਉਹ ਸ਼ਹੀਦ ਹੋਇਆ ਦੀ ਇਕੱਲੀ-ਇਕੱਲੀ ਇੱਟ ਆਪਣੇ ਦਿਮਾਗ, ਸਰੀਰ ਤੇ ਭਾਵਨਾ ਨਾਲ ਲਗਾਈ। ਉਸ ਦਾ ਸਾਹਸ ਬਹੁਤ ਵੱਡਾ ਸੀ। ਉਹ ਕਦੇ ਵੀ ਛੋਟੀ ਗੱਲ ਨਹੀਂ ਸੀ ਸੋਚਦਾ। 1995-96 ਵਿਚ ਮਿਲਵਾਕੀ ਦੇ ਪੁਰਾਣੇ ਅਤੇ ਇਕੋ ਗੁਰਦੁਆਰੇ ਦਾ ਪ੍ਰਧਾਨ ਵੀ ਸਤਵੰਤ ਹੀ ਸੀ। ਸਾਡੀ ਛੋਟੀ ਭੈਣ ਹਰਿੰਦਰ ਦੇ ਸਹੁਰਾ ਸਾਹਿਬ ਸੂਬੇਦਾਰ ਕਰਤਾਰ ਸਿੰਘ ਰੱਖੜਾ ਦੀ ਮੌਤ 11 ਨਵੰਬਰ 1996 ਨੂੰ ਭਾਰਤ ਵਿਚ ਹੋਈ। ਉਹ ਆਪਣਾ ਕੰਮ-ਕਾਰ ਛੱਡ ਕੇ ਪਟਿਆਲੇ ਰਿਸ਼ਤੇਦਾਰਾਂ ਦੇ ਅਫ਼ਸੋਸ ਲਈ ਆਇਆ ਅਤੇ ਕਈ ਦਿਨ ਰਿਹਾ। ਉਹਨਾਂ ਦਿਨਾਂ ਵਿਚ ਵਿਰੋਧੀ ਸਿਆਸੀ ਗਰੁੱਪਾਂ ਨੇ ਪੁਰਾਣੇ ਗੁਰਦੁਆਰੇ ਵਿਚ ਕਾਫ਼ੀ ਵੋਟਾਂ ਬਣਾ ਲਈਆਂ ਜੋ ਉਹਨਾਂ ਦੇ ਹੱਕ ਦੀਆਂ ਸਨ। ਦਿਨਾਂ ਵਿਚ ਪੁਰਾਣਾ ਗੁਰਦੁਆਰਾ ਜੋ ਫੰਡੂਲਾਕ ਰੋਡ 'ਤੇ ਸਥਿਤ ਸੀ ਡੇਢ ਲੱਖ ਡਾਲਰ ਦਾ ਵੇਚ ਕੇ ਬਰੁਕਫੀਲਡ ਇਕ ਪੁਰਾਣਾ ਚਰਚ ਖ਼ਰੀਦ ਲਿਆ। ਸਤਵੰਤ ਨੇ ਬਗਾਵਤ ਦਾ ਝੰਡਾ ਖੜ੍ਹਾ ਕਰ ਦਿੱਤਾ ਅਤੇ ਨਵਾਂ ਗੁਰਦੁਆਰਾ ਸਥਾਪਿਤ ਕਰਨ ਦਾ ਐਲਾਨ ਕਰ ਦਿੱਤਾ। ਪੁਰਾਣੇ ਗੁਰਦੁਆਰੇ ਦਾ ਸਾਰਾ ਲੋਨ ਅਦਾ ਹੋ ਚੁੱਕਾ ਸੀ। ਕੁਝ ਨਕਦ ਆਦਿ ਵੀ ਪਿਆ ਸੀ। ਸਤਵੰਤ ਨੇ ਆਪਣੇ ਘਰ ਦੀ ਬੇਸਮੈਂਟ ਵਿਚ ਹੀ ਸਾਫ਼ ਕਰਕੇ ਨਵਾਂ ਗੁਰਦੁਆਰਾ ਬਣਾ ਲਿਆ ਸੀ। ਪੁਰਾਣਾ ਗੁਰਦੁਆਰਾ ਜੋ ਕਿ ਨਵੀਂ ਬਿਲਡਿੰਗ ਬਰੁਕਫੀਲਡ ਵਿਚ ਚਲਾ ਗਿਆ, ਦੇ ਕਾਫ਼ੀ ਪ੍ਰਬੰਧਕਾਂ ਨੇ ਮੈਨੂੰ ਛੋਟੇ ਭਰਾ ਸਤਵੰਤ ਨੂੰ ਮਨਾਉਣ ਲਈ ਕਿਹਾ। ਮੈਂ ਸਤਵੰਤ ਨੂੰ ਮਨਾਉਣ ਦੀ ਜਾਇਜ਼ ਕੋਸ਼ਿਸ਼ ਵੀ ਕੀਤੀ ਪਰ ਸਤਵੰਤ ਬਹੁਤ ਹਠੀ ਸੀ, ਉਹ ਨਹੀਂ ਮੰਨਿਆ। ਮੈਂ ਤੇ ਮੇਰਾ ਪਰਿਵਾਰ ਉਸ ਵੇਲੇ ਵਿਸਕਾਨਸਿਨ ਦੀ ਰਾਜਧਾਨੀ ਮੈਡੀਸਨ ਸ਼ਹਿਰ ਵਿਚ ਰਹਿੰਦੇ ਸਨ ਜੋ ਮਿਲਵਾਕੀ ਤੋਂ 80 ਮੀਲ ਦੀ ਦੂਰੀ ਤੇ ਸੀ। ਸਤਵੰਤ ਦੀ ਪਤਨੀ ਦਾ ਗੁਰਦੁਆਰਾ ਸਾਹਿਬ ਦੀ ਸੇਵਾ ਵਿਚ ਪੂਰਾ ਸਹਿਯੋਗ ਸੀ। ਸਤਵੰਤ ਸਵੇਰੇ ਸੰਗਤ ਦੇ ਮੈਂਬਰਾਂ ਨੂੰ ਟੈਲੀਫੋਨ ਕਰਦਾ ਤੇ ਸਤਪਾਲ ਪ੍ਰਸ਼ਾਦੇ ਤੇ ਕੜਾਹ ਪ੍ਰਸ਼ਾਦਿ ਤਿਆਰ ਕਰਦੀ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਅਰਦਾਸ ਵਿਚ ਸਭ ਤੋਂ ਪਹਿਲਾਂ ਸਰਬੱਤ ਖਾਲਸਾ ਜੀ ਵਲੋਂ ਅਰਦਾਸ ਕੀਤੀ ਗਈ ਹੈ ਕਿ ਸਰਬੱਤ ਖਾਲਸਾ ਜੀ ਨੂੰ ਗੁਰ ਮੰਤਰ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ ਅਤੇ ਇਸਦੇ ਸਦਕਾ ਸਰਬ ਸੁੱਖ ਹੋਵੇ।

ਸਿੱਖ ਰਹਿਤ ਮਰਯਾਦਾ ਦੇ ਅਰੰਭ ਵਿਚ ਹੀ 1. ਨਾਮ ਬਾਣੀ ਦਾ ਅਭਿਆਸ ਸਿਰਲੇਖ ਵਿਚ ਵੀ ਅੰਕਤ ਹੈ-1. ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ' ਨਾਮ ਜਪੇ। ਉਪਰੰਤ ਅੰਮ੍ਰਿਤ ਸੰਸਕਾਰ ਵਿਚ ਵੀ ਵਾਹਿਗੁਰੂ ਦਾ ਨਾਮ ਦੱਸ ਕੇ ਮੂਲ ਮੰਤ੍ਰ ਸੁਣਾਉਣ ਤੇ ਰਟਨ ਕਰਾਉਣ ਦਾ ਆਦੇਸ਼ ਹੈ।

ਇਸ ਦੇ ਬਾਅਦ ਜਿਥੇ ਜਿਥੇ ਵੀ 'ਖਾਲਸਾ ਜੀ ਸਾਹਿਬ' ਹੈ ਉਥੇ ਰਛਿਆ ਅਤੇ ਰਿਆਇਤ ਦੀ ਯਾਚਨਾ ਕੀਤੀ ਗਈ ਹੈ। ਪਾਕਿਤਸਾਨ ਵਿਚ ਗੁਰੂ ਪੰਥ ਤੋਂ ਵਿਛੜੇ ਗੁਰਧਾਮ ਦੂਰ ਦੁਰਾਡੇ ਇਲਾਕਿਆਂ ਵਿਚ ਹਨ ਅਤੇ ਜਿਥੇ ਸਿੱਖਾਂ ਦੀ ਕੋਈ ਆਬਾਦੀ ਨਹੀਂ ਹੈ, ਉਥੇ ਇਕੱਲੇ ਦੁਕੱਲੇ ਸਿੱਖ ਉਨ੍ਹਾਂ ਗੁਰਦੁਆਰਾ ਸਾਹਿਬ ਦੀ ਸੇਵਾ ਕਰ ਰਹੇ ਹਨ। ਇਥੇ ਪਹੁੰਚ ਕੇ ਇਸ ਮੰਗ ਦੀ ਅਹਿਮੀਅਤ ਦਾ ਅਹਿਸਾਸ ਹੁੰਦਾ ਹੈ।

ਅਗਲੀ ਯਾਚਨਾ ਹੈ 'ਦੇਗ਼ ਤੇਗ਼ ਫ਼ਤਹ' ਦੀ ਜਿਸਦਾ ਜ਼ਿਕਰ ਸਿੱਖ ਰਹਿਤ ਮਰਯਾਦਾ ਵਿਚ ਕਈ ਥਾਂ 'ਤੇ ਆਇਆ ਹੈ ਅਤੇ ਇਸ ਬਾਰੇ ਵਿਸਥਾਰ ਰਹਿਤ ਵਿਚਾਰ ਦਿੱਤੀ ਗਈ ਹੈ।

ਅਗਲੀ ਬੇਨਤੀ ਹੈ ਬਿਰਦ ਕੀ ਪੈਜ ਦੀ। ਇਸ ਬਾਰੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਾਡੀ ਮਨੋਬਿਰਤੀ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਅਰਦਾਸ ਦੇ ਰੂਪ ਵਿਚ ਸਾਡੀ ਝੋਲੀ ਵਿਚ ਪਾਇਆ ਹੈ ਕਿ ਹੇ ਵਾਹਿਗੁਰੂ! ਮੈਨੂੰ ਕੋਈ ਕਰਮ ਅਤੇ ਧਰਮ ਨਹੀਂ ਆਂਦਾ। ਮੈਂ ਲੋਭੀ ਅਤੇ ਮਾਇਆਧਾਰੀ ਵੀ ਹਾਂ। ਪਰ ਲੋਕਾਂ ਵਿਚ ਇਹ ਮਸ਼ਹੂਰ ਹੋ ਗਿਆ ਹਾਂ ਕਿ ਮੇਰਾ ਭਗਤ ਹਾਂ। ਹੁਣ ਇਹ ਮੇਰੀ ਨਹੀਂ ਬਲਕਿ ਤੇਰੀ ਪੈਜ, ਤੇਰੀ ਇੱਜ਼ਤ ਦਾ ਸਵਾਲ ਹੈ! ਤੂੰ ਆਪਣੀ ਪੈਜ ਆਪ ਹੀ ਰੱਖ ਲੈ।

ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ॥
ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ॥੧॥
(ਮ: ੫, ਅੰਗ ੬੨੫)

ਉਪਰੰਤ ਪੰਥ ਕੀ ਜੀਤ ਅਤੇ ਸ੍ਰੀ ਸਾਹਿਬ ਜੀ ਦੀ ਸਹਾਇਤਾ ਦੀ ਮੰਗ ਕੀਤੀ ਹੈ। "ਯਾ ਕਲ ਮੈ ਸਭ ਕਾਲ ਕ੍ਰਿਪਾਨ ਕੇ ਭਾਰੀ ਭਾਰੀ ਭੁਜਾਨ ਕੋ ਭਾਰੀ ਭਰੋਸੋ॥ ੯੨॥" ਖਾਲਸੇ ਦਾ ਆਦਰਸ਼ ਹੈ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥ ਪੰਥ ਗੁਰੂ ਦਾ ਹੈ ਅਤੇ ਜਿੱਤ ਵੀ ਗੁਰੂ ਦੀ ਹੀ ਹੈ। ਸ਼ਸਤ੍ਰ ਵਿਹੀਣ ਹੋ ਕੇ ਇਹ ਨਹੀਂ ਹੋ ਸਕਦਾ। ਫਿਰ 'ਖਾਲਸੇ ਜੀ ਕੇ ਬੋਲਬਾਲੇ।' ਦੀ ਅਰਦਾਸ ਹੈ ਅਤੇ ਨਾਲ ਹੀ ਵਾਹਿਗੁਰੂ ਦਾ ਜੈਕਾਰਾ ਗਜਾਇਆ ਗਿਆ ਹੈ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪੂਰਬੀ ਬਾਹੀ ਦੇ ਦਰਵਾਜ਼ੇ ਦੇ ਉਤੇ ਇਹ ਖਾਲਸਈ ਆਦਰਸ਼ ਮਰਮਰ ਵਿਚ ਉਕਰਿਆ ਹੋਇਆ ਹੈ।


ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ
ਅਕਾਲ ਮੂਰਤ ਅਜੂਨੀ ਸੈ
ਭੰਗੁਰਪਰਸਾਦਿ॥ ਸੀ ਸਤ ਗੁਰੂ ਜੀ ਖਾਲਸੇ ਜੀ ਕਾ ਸਦਾ ਬੋਲਬਾਲਾ ਰਖੇ

(6) ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!!!

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੧)

ਵਿਆਖਿਆ

ਅਰਦਾਸ ਦੇ ਇਸ ਖੰਡ ਵਿਚ ਕੁਝ ਦਾਤਾਂ ਦੀ ਯਾਚਨਾ ਹੈ। ਇਸ ਵਿਚ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ ਅਤੇ ਵਿਸਾਹ ਦਾਨ ਦੀ ਮੰਗ ਹੈ ਪਰ ਇਨ੍ਹਾਂ ਵਿਚ ਸਿਰਮੌਰ ਦਾਨਾਂ ਸਿਰ ਦਾਨ ਨਾਮ ਦਾਨ ਲਈ ਜੋਦੜੀ ਹੈ। ਵਾਹਿਗੁਰੂ ਦਾ ਨਾਮ ਸਿੱਖੀ ਦੀ ਸਾਹ ਰਗ ਹੈ। ਅਰਦਾਸ ਵਿਚ ਹੀ ਨਾਮ ਜਪਣ ਵਾਲਿਆਂ ਦੀ ਕਮਾਈ ਦਾ ਧਿਆਨ ਧਰ ਕੇ ਜੈਕਾਰ ਕੀਤਾ ਗਿਆ ਹੈ। ਜੀਵਨ ਦੇ ਹਰ ਪੰਧ 'ਤੇ ਨਾਮ ਬਾਣੀ ਦਾ ਅਭਿਆਸ, ਸਿਮਰਨ, ਜਾਪ ਅਤੇ ਆਸਰਾ ਲੈਣਾ ਹੈ। ਪਰ ਇਹ ਅਕਾਲ ਪੁਰਖ ਦੀ ਵੱਡੀ ਦਾਤ ਹੈ ਅਤੇ ਉਸਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ। ਸਿੱਖ ਰਹਿਤ ਮਰਯਾਦਾ ਦੀ ਅਰੰਭਤਾ ਹੀ ਨਾਮ ਬਾਣੀ ਦਾ ਅਭਿਆਸ ਅਧਿਆਇ ਨਾਲ ਹੁੰਦੀ ਹੈ।




ਪਹਿਲੀ ਦਾਤ ਜਿਸ ਦੀ ਮੰਗ ਹੈ, ਉਹ ਹੈ ਸਿੱਖੀ ਦਾ ਦਾਨ। ਇਹ ਮਹਾਨ ਦਾਤ ਗੁਰੂ ਦੀ ਬਖਸ਼ਿਸ਼ ਰਹਿਮਤ ਕਿਰਪਾ ਸਦਕਾ ਪ੍ਰਾਪਤ ਹੁੰਦੀ ਹੈ। ਬਾਬਾ ਮੋਹਰੀ ਭਾਵੇਂ ਸਤਿਗੁਰੂ ਅਮਰਦਾਸ ਜੀ ਦੇ ਸਪੁਤ੍ਰ ਸਨ ਪਰ ਪ੍ਰਵਾਨ ਤਾਂ ਹੋਏ ਜਦੋਂ ਉਨ੍ਹਾਂ ਨੇ ਗੁਰੂ ਰਾਮ ਦਾਸ ਜੀ ਦੇ ਚਰਨ ਪਰਸੇ।

ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥
(ਰਾਮਕਲੀ ਸਦ ਬਾਬਾ ਸੁੰਦਰ ਜੀ, ਅੰਗ ੯੨੪)

ਕੇਸ ਦਾਨ ਬਾਰੇ ਪੰਜ ਕਕਾਰਾਂ ਵਾਲੇ ਅਧਿਆਇ ਵਿਚ ਬੜੇ ਹੀ ਵਿਸਥਾਰ ਸਹਿਤ ਵਿਚਾਰ ਕੀਤੀ ਜਾ ਚੁੱਕੀ ਹੈ। ਇਸ ਦੇ ਬਾਅਦ ਰਹਿਤ ਦਾਨ ਹੈ। ਰਹਿਤ ਦੇ ਬਿਨਾਂ ਸਿੱਖੀ ਆਤਮਾ ਦੇ ਬਿਨਾਂ ਸਰੀਰ ਤੁਲ ਹੈ। ਇਹ ਸਾਰੀ ਪੁਸਤਕ ਉਸੇ ਦੀ ਹੀ ਵਿਆਖਿਆ ਮਾਤਰ ਹੈ। ਫਿਰ ਬਿਬੇਕ ਦਾਨ ਦੀ ਅਰਦਾਸ ਹੈ। ਬਿਬੇਕ ਆਪਣੀ ਬੁੱਧੀ, ਸਮਝ ਅਤੇ ਸੋਚ ਨਹੀਂ ਬਲਕਿ ਇਹ ਸਮਝਣ ਦੀ ਲੋੜ ਹੈ ਕਿ ਸਾਡੀ ਬਿਬੇਕ ਬੁੱਧ ਬਹੁਤ ਹੀ ਕਮਜ਼ੋਰ ਹੈ। ਇਸ ਦੀ ਸੀਮਾ ਨੂੰ ਸਮਝਣ ਦੀ ਲੋੜ ਹੈ। ਇਹ ਇਕ ਟਿਮਟਿਮਾਂਦਾ ਮੱਧਮ ਜਿਹਾ ਦੀਵਾ ਹੈ ਜਿਜਸ ਦੇ ਸਹਾਰੇ ਬਹੁਤ ਥੋੜੀ ਦੂਰੀ ਤੱਕ ਹੀ ਦੇਖਿਆ ਜਾ ਸਕਦਾ ਹੈ। ਫਿਰ ਆਪਣੀ ਇਸ ਕਮਜ਼ੋਰ ਅਤੇ ਮੱਧਮ ਬੁੱਧ ਬਿਬੇਕ ਦੇ ਨਾਲ ਵਾਹਿਗੁਰੂ ਦੇ ਦੱਸੇ ਮਾਰਗ 'ਤੇ ਕਦਮ ਕਦਮ ਤੁਰ ਕੇ ਮੰਜ਼ਿਲੇ ਮਕਸੂਦ 'ਤੇ ਪਹੁੰਚਿਆ ਜਾ ਸਕਦਾ ਹੈ।

ਉਪਰੰਤ ਵਿਸਾਹ ਦਾਨ ਅਤੇ ਭਰੋਸਾ ਦਾਨ ਲਈ ਜੋਦੜੀ ਹੈ। ਗੁਰੂ ਪ੍ਰਤੀ ਮੁਕੰਮਲ ਸਿਦਕ, ਪੂਰਨ ਭਰੋਸਾ ਅਤੇ ਅਟੁੱਟ ਵਿਸਵਾਸ ਜ਼ਰੂਰੀ ਹੈ। ਚਤੁਰਾਈਆਂ, ਸਿਆਣਪਾਂ ਅਤੇ ਹੁੱਜਤਾਂ ਛੱਡ ਕੇ ਹੀ ਵਿਸਾਹ ਦਾਨ ਅਤੇ ਭਰੋਸਾ ਦਾਨ ਝੋਲੀ ਵਿਚ ਪੈਂਦਾ ਹੈ।

ਅਮਰੁ ਵੇਪਰਵਾਹੁ ਹੈ ਤਿਸ ਨਾਲਿ ਸਿਆਣਪ ਨ ਚਲਈ
ਨ ਹੁਜਤਿ ਕਰਣੀ ਜਾਇ॥ ਆਪੁ ਛੋਡਿ ਸਰਣਾਇ ਪਵੈ ਮੰਨਿ ਲਏ ਰਜਾਇ॥
(ਮ: ੪, ਅੰਗ ੧੨੫੧)

ਵਿਸਾਹ ਅਤੇ ਭਰੋਸਾ ਕਾਇਮ ਹੋਣ ਦੇ ਬਾਅਦ ਹੀ ਸਿੱਖੀ ਟਿਕਦੀ ਹੈ :

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥
(ਮ. ੫, ਅੰਗ ੨੮੫)

ਇਹ ਦ੍ਰਿੜ੍ਹ ਵਿਸ਼ਵਾਸ ਅਤੇ ਭਰੋਸਾ ਚਾਹੀਦਾ ਹੈ ਕਿ ਧਰੂ ਤਾਰਾ ਭਾਵੇਂ ਆਪਣੀ ਥਾਂ ਬਦਲ ਲਵੇ, ਧਰਤੀ ਡੋਲ ਜਾਏ ਪਰ ਸਤਿਗੁਰੂ ਜੀ ਦਾ ਬਚਨ ਅਟਲ ਹੈ। ਇਹ ਨਿਸਚਿਤ ਪੂਰਾ ਹੋਏਗਾ :

ਧਰੂਅ ਵਿਧਰਤ ਔ ਧਵਲ ਡੁਲਾਇ।
ਸਤਿਗੁਰ ਬਚਨ ਨ ਖਾਲੀ ਜਾਇ॥ (ਪੰਥ ਪ੍ਰਕਾਸ਼)

ਇਸੇ ਸਿਦਕ ਭਰੋਸੇ ਨਾਲ ਹੀ ਗੁਰੂ ਦੇ ਹੁਕਮ 'ਤੇ ਟੁਰਿਆ ਜਾ ਸਕੀਦਾ ਹੈ :

ਤਉ ਮੈ ਆਇਆ ਸਰਨੀ ਆਇਆ॥
ਭਰੋਸੈ ਆਇਆ ਕਿਰਪਾ ਆਇਆ॥
ਜਿਉ ਭਾਵੈ ਤਿਉ ਰਾਖਹੁ ਸੁਆਮੀ।
ਮਾਰਗੁ ਗੁਰਹਿ ਪਠਾਇਆ॥੧॥ (ਮ. ੫, ਅੰਗ ੭੪੬)

(ਚਲਦਾ)

# ਰਾਸ਼ਟਰਪਤੀ ਚੋਣਾਂ 'ਚ ਭਾਰਤੀ ਮੂਲ ਦੀ ਉਮੀਦਵਾਰ ਨਿੱਕੀ ਹੇਲੀ ਲਈ ਵੱਡੇ ਦਾਨੀਆਂ ਦਾ ਭਾਰੀ ਸਮਰਥਨ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਚੋਣਾਂ 2024 ਦੇ ਵਿੱਚ ਰਿਪਬਲਿਕਨ ਉਮੀਦਵਾਰ ਦੀ ਦੌੜ ਵਿੱਚ ਸ਼ਾਮਲ ਭਾਰਤੀ ਮੂਲ ਦੀ ਨਿੱਕੀ ਹੈਲੀ ਨੇ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੀ ਸਾਬਕਾ ਰਾਜਦੂਤ ਨਿੱਕੀ ਹੈਲੀ ਨੇ ਵਰਤਮਾਨ ਵਿੱਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਭਾਵੇਂ ਪਿੱਛੇ ਹੈ, ਪਰ ਹਾਲ ਹੀ ਵਿੱਚ ਫਲੋਰਿਡਾ ਰਾਜ ਦੇ ਗਵਰਨਰ ਰੌਨ ਡੀਸੈਂਟਿਸ ਨੂੰ ਉਸ ਨੇ ਪਛਾੜ ਦਿੱਤਾ ਹੈ, ਜੋ ਇੱਕ ਸਾਲ ਲਈ ਪ੍ਰਸਿੱਧੀ ਵਿੱਚ ਟਰੰਪ ਤੋਂ ਬਾਅਦ ਦੂਜੇ ਨੰਬਰ 'ਤੇ ਸੀ। ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਅਤੇ ਮੁੱਖ ਕਾਰਜਕਾਰੀ ਅਤੇ ਹੈਜ ਫੰਡ ਨਿਵੇਸ਼ਕਾਂ ਸਮੇਤ ਅਮਰੀਕਾ ਦੇ ਕਈ ਵੱਡੇ ਕਾਰੋਬਾਰੀ ਨੇਤਾ ਵੀ ਨਿੱਕੀ ਹੈਲੀ ਦੇ ਸਮਰਥਨ ਵਿੱਚ ਸਾਹਮਣੇ ਆਏ ਹਨ।

ਇੰਨਾ ਹੀ ਨਹੀਂ ਵੱਡੇ ਦਾਨੀਆਂ ਅਤੇ ਕਾਰਪੋਰੇਟ ਘਰਾਣਿਆਂ ਨੇ ਵੀ ਹੇਲੀ ਨੂੰ ਕਾਫੀ ਵਿੱਤੀ ਸਹਾਇਤਾ ਦਿੱਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਨਿੱਕੀ ਹੈਲੀ ਦੀ ਵੱਧਦੀ ਪ੍ਰਸਿੱਧੀ ਡੋਨਾਲਡ ਟਰੰਪ ਦੇ ਦਬਦਬੇ ਨੂੰ ਖ਼ਤਮ ਕਰ ਸਕਦੀ ਹੈ। ਅਜਿਹੀ ਉਮੀਦ ਨੇ ਰਿਪਬਲਿਕਨ ਸਮਰਥਕਾਂ ਦੇ ਨਾਲ-ਨਾਲ ਬਹੁਤ ਸਾਰੇ ਵੋਟਰਾਂ ਨੂੰ ਵੀ ਜਗਾਇਆ ਹੈ। ਅਤੇ ਨਾਜ਼ੁਕ ਮੁੱਦਿਆਂ ਤੋਂ ਪ੍ਰਭਾਵਿਤ ਬਹੁਤ ਸਾਰੇ ਨੇਤਾ ਨਿੱਕੀ ਹੇਲੀ ਦੇ ਸਮਰਥਨ ਵਿੱਚ ਆਏ ਹਨ। ਜਿੰਨਾਂ ਵਿੱਚ ਬਹੁਤ ਸਾਰੇ ਵੱਡੇ ਕਾਰੋਬਾਰੀ ਅਤੇ ਕਾਰਪੋਰੇਟ ਸ਼ਾਮਲ ਹਨ। ਇਹ ਕਾਰਪੋਰੇਟ ਸਮਰਥਨ ਜਨਵਰੀ ਵਿੱਚ ਆਇਓਵਾ ਕਾਕਸ ਤੋਂ ਪਹਿਲਾਂ ਮਹੱਤਵਪੂਰਨ ਹੈ। ਹਾਲ ਹੀ ਵਿੱਚ ਜੇ.ਪੀ. ਮੋਰਗਨ ਦੇ ਮੁੱਖ ਕਾਰਜਕਾਰੀ ਜੈਮੀ ਡਿਮੋਨ ਨੇ ਕਿਹਾ ਕਿ ਉਹ ਨਿੱਕੀ ਦੀਆਂ ਨੀਤੀਆਂ ਅਤੇ ਗੁੰਝਲਦਾਰ ਮੁੱਦਿਆਂ 'ਤੇ ਉਸ ਦੀ ਖੁੱਲ੍ਹੇਪਣ ਤੋਂ ਪ੍ਰਭਾਵਿਤ ਹੋਏ ਹਨ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਡਬਲਯੂ. ਬੁਸ਼ ਦੇ ਚਚੇਰੇ ਭਰਾ ਅਤੇ ਹੈਲਥ ਸਟਾਰਟਅਪ ਦੇ ਸੀਈਓ ਜੋਨਾਥਨ ਬੁਸ਼ ਦਾ ਕਹਿਣਾ ਹੈ ਕਿ ਹੇਲੀ ਦੇ ਆਉਣ ਨਾਲ ਨਵੀਂ



ਉਮੀਦ ਪੈਦਾ ਹੋਈ ਹੈ। ਜੋਨਾਥਨ ਇੱਕ ਰਿਪਬਲਿਕਨ ਵੀ ਹੈ, ਜਿਸਨੇ 2020 ਵਿੱਚ ਬਾਈਡੇਨ ਅਤੇ 2016 ਵਿੱਚ ਲਿਬਰਟੇਰੀਅਨ ਉਮੀਦਵਾਰ ਗੈਰੀ ਜੌਹਨਸਨ ਲਈ ਵੋਟ ਕੀਤਾ ਸੀ। ਉਸਨੇ ਕਿਹਾ ਕਿ ਉਹ ਹੇਲੀ ਦੀ ਸੋਚ ਅਤੇ ਸੰਜਮ ਤੋਂ ਪ੍ਰਭਾਵਿਤ ਹੈ। ਇਸ ਦੇ ਨਾਲ ਅਰਬਪਤੀ ਅਤੇ ਹੋਮ ਡਿਪੋ ਦੇ ਸਹਿ-ਸੰਸਥਾਪਕ ਕੇਨੇਥ ਲੈਂਗੋਨ ਦਾ ਮੰਨਣਾ ਹੈ ਕਿ ਹੇਲੀ ਟਰੰਪ ਨਾਲੋਂ ਜਨਤਾ ਵਿੱਚ ਵਧੇਰੇ ਪ੍ਰਸਿੱਧ ਹੈ।

ਕੈਲੀਫੋਰਨੀਆ ਦੇ ਕਾਰੋਬਾਰੀ ਟਿਮੋਥੀ ਡਰਾਪਰ ਵੀ ਹੇਲੀ ਦੇ ਸਮਰਥਕ ਹਨ, ਜਿਸ ਨੇ ਹੇਲੀ ਦੀ ਮਦਦ ਲਈ ਇੱਕ ਮੁਹਿੰਮ ਫਰਮ (ਸੁਪਰ ਸੀਏਸੀ) ਵਿੱਚ 10 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਡਰੈਪਰ ਨੇ ਕਿਹਾ ਕਿ ਹੇਲੀ ਔਰਤਾਂ ਦੇ ਮੁੱਦਿਆਂ 'ਤੇ ਬੋਲ ਕੇ ਦੇਸ਼ ਨੂੰ ਇਕਜੁੱਟ ਕਰ ਸਕਦੀ ਹੈ। ਕ੍ਰਿਪਟੋਕਰੰਸੀ ਫਰਮ ਗਲੈਕਸੀ ਡਿਜੀਟਲ ਦੇ ਮੁੱਖ ਕਾਰਜਕਾਰੀ ਮਾਈਕਲ ਨੋਵੋਗਰਾਟਜ਼ ਦਾ ਕਹਿਣਾ ਹੈ ਕਿ ਮੈਂ ਕਿਸੇ ਅਜਿਹੇ ਵਿਅਕਤੀ ਦਾ ਸਮਰਥਨ ਕਰ ਸਕਦਾ ਹਾਂ ਜਿਸਦੀ ਉਮਰ 76 ਸਾਲ ਤੋਂ ਵੱਧ ਨਾ ਹੋਵੇ। ਉਹਨਾਂ ਟੈਕਸਾਂ ਵਿੱਚ ਕਟੌਤੀ ਕਰਨ ਅਤੇ ਸਰਕਾਰੀ ਖਰਚਿਆਂ ਵਿੱਚ ਕਟੌਤੀ ਦੇ ਵਾਅਦੇ ਤੋਂ ਖੁਸ਼ ਹੋਏ ਕਾਰੋਬਾਰੀਆਂ ਨੇ ਟੈਕਸਾਂ ਵਿੱਚ ਕਟੌਤੀ ਕਰਨ ਅਤੇ ਸਰਕਾਰੀ ਖਰਚਿਆਂ ਵਿੱਚ ਕਟੌਤੀ ਕਰਨ ਵੱਲ ਹੇਲੀ ਦਾ ਧਿਆਨ ਬਹੁਤ ਸਾਰੇ ਕਾਰੋਬਾਰੀ ਨੇਤਾਵਾਂ ਨੂੰ ਆਕਰਸ਼ਿਤ ਕੀਤਾ ਹੈ।

ਬਹੁਤ ਸਾਰੇ ਲੋਕ ਵਿਦੇਸ਼ ਨੀਤੀ ਸੁਧਾਰ ਅਤੇ ਗਰਭਪਾਤ ਦੇ ਅਧਿਕਾਰਾਂ 'ਤੇ ਹੇਲੀ ਦੇ ਰੁਖ਼ ਦੀ ਪ੍ਰਸ਼ੰਸਾ ਕਰਦੇ ਹਨ। ਬਹੁਤ ਸਾਰੇ ਡੈਮੋਕਰੇਟ ਪਾਰਟੀ ਦੇ ਸਮਰਥਕ ਵੀ ਹੇਲੀ ਦੇ ਵਿਚਾਰ ਨਾਲ ਸਹਿਮਤ ਹਨ, ਜੋ ਬਾਈਡੇਨ ਦੀ ਵਿਦੇਸ਼ ਨੀਤੀ ਅਤੇ ਬੁਢਾਪੇ ਬਾਰੇ ਚਿੰਤਤ ਹਨ। ਚਰਚਾ ਤੋਂ ਬਾਅਦ ਹੇਲੀ ਨੂੰ 24 ਘੰਟਿਆਂ 'ਚ 8.33 ਕਰੋੜ ਰੁਪਏ ਦਾ ਫੰਡ ਮਿਲਿਆ ਹੈ। ਅਤੇ ਨਿੱਕੀ ਹੇਲੀ ਨਿਊ ਹੈਂਪਸ਼ਾਇਰ ਸੂਬੇ 'ਚ ਦੂਜੇ ਨੰਬਰ 'ਤੇ ਹੈ। ਉਹ ਔਸਤ 20% ਦੇ ਨੇੜੇ ਹਨ। ਹੇਲੀ ਨੇ 9 ਨਵੰਬਰ ਨੂੰ ਬਹਿਸ ਤੋਂ ਬਾਅਦ ਪਹਿਲੇ 24 ਘੰਟਿਆਂ ਵਿੱਚ 8.33 ਕਰੋੜ ਰੁਪਏ ਇਕੱਠੇ ਕੀਤੇ। ਹੇਲੀ ਦੇ 96 ਕਰੋੜ ਦੇ ਚੋਣ ਫੰਡ ਦਾ ਪ੍ਰਬੰਧਨ ਵੈਟਰਨ ਵਾਲ ਸਟਰੀਟ ਫੰਡ ਮੈਨੇਜਰ ਸਟੈਨਲੇ ਡਰਕੇਨਮਿਲਰ ਅਤੇ ਪ੍ਰਾਈਵੇਟ-ਇਕਵਿਟੀ ਨਿਵੇਸ਼ਕ ਬੈਰੀ ਸਟਰਨਲਿਚ ਦੁਆਰਾ ਕੀਤਾ ਜਾਂਦਾ ਹੈ।

# ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿੱਚ 'ਸਿੱਖ ਅਵੇਰਨਿਸ ਮਹੀਨਾ' ਮਨਾਇਆ

*• ਤਿੰਨ ਸ਼ਹਿਰਾਂ ਦੇ ਮੇਅਰ ਹੋਏ ਸ਼ਾਮਲ • ਥਾਂਦੀ ਪਰਿਵਾਰ ਵਲੋਂ ਕਰਵਾਈ ਗਈ ਸੇਵਾ*



ਸੈਕਰਾਮੈਂਟੋ ( ਹੁਸਨ ਲੜੋਆ ਬੰਗਾ) : ਵੈਸਟ ਸੈਕਰਾਮੈਂਟੋ ਗੁਰਦੁਆਰਾ ਸਾਹਿਬ ਵਿੱਚ ਅੱਜ "ਸਿੱਖ ਅਵੇਰਨਿਸ ਮਹੀਨਾ" ਦਾ ਦਿਨ ਮਨਾਇਆ ਗਿਆ ਜੋ ਹਰ ਸਾਲ ਮਨਾਇਆ ਜਾਂਦਾ ਹੈ, ਇਸ ਦੌਰਾਨ ਵੈਸਟ ਸੈਕਰਾਮੈਂਟੋ ਦੇ ਮੇਅਰ, ਮਰਥਾ ਗੁਰੇਰਾ, ਵਲੇਹੋ ਸ਼ਹਿਰ ਦੇ ਵਾਇਸ ਮੇਅਰ ਤੇ ਸਟੇਟ ਸੈਨੇਟ ਲਈ ਉਮੀਦਵਾਰ ਰੋਜਾਨਾ ਵਰਡਰ ਅਲੀਗਾ, ਤੇ ਗਾਲਟ ਸ਼ਹਿਰ ਦੇ ਮੇਅਰ ਪ੍ਰਗਟ ਸਿੰਘ ਸੰਧੂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਵੈਸਟ ਸੈਕਰਾਮੈਂਟੋ ਦੇ ਮੇਅਰ, ਮਰਥਾ ਗੁਰੇਰਾ ਨੇ ਸਿੱਖ ਧਰਮ ਦੇ ਅਸੂਲਾਂ ਤੇ ਸਿੱਖ ਭਾਈਚਾਰੇ ਦੀ ਤਰੀਫ ਕਰਦਿਆਂ ਕਿਹਾ ਇਨਾਂ ਨੇ ਕੈਲੀਫੋਰਨੀਆਂ ਤੇ ਵੈਸਟ ਸੈਕਰਾਮੈਂਟੋ ਦੀ ਤਰੱਕੀ ਭਰਵਾਂ ਯੋਗਦਾਨ ਪਾਇਆ, ਇਸ ਉਪਰੰਤ ਗਾਲਟ ਸ਼ਹਿਰ ਦੇ ਮੇਅਰ ਪ੍ਰਗਟ ਸਿੰਘ ਸੰਧੂ ਨੇ ਇਸ ਸਮੇਂ ਬੋਲਦਿਆਂ ਕਿਹਾ ਕਿ ਸਿੱਖ ਧਰਮ ਤਿੰਨ ਅਸੂਲਾਂ ਤੇ ਟਿਕਿਆ ਹੋਇਆ, ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ, ਇਸ ਤੋਂ ਇਲਾਵਾ ਸਿੱਖ ਨੂੰ ਗੁਰੂਆਂ ਦੀਆਂ ਸਿੱਖਿਆਵਾਂ ਹੋਰ ਵੀ ਅਨੁਸ਼ਾਸਨੀ ਬਣਾ ਦਿੰਦਿਆਂ ਹਨ। ਇਸ ਮੌਕੇ ਨਰਿੰਦਰ ਸਿੰਘ ਥਾਂਦੀ ਜਿਨ੍ਹਾਂ ਵਲੋਂ ਇਸ ਪ੍ਰੋਗਾਰਮ ਦਾ ਅਯੋਜਿਨ ਕੀਤਾ ਗਿਆ ਸੀ ਨੇ ਆਏ ਮਹਿਮਾਨਾਂ ਦਾ ਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਇਹ ਪ੍ਰੋਗਰਾਮ ਬਿਜਨਸਮੈਨ ਨਰਿੰਦਰ ਸਿੰਘ ਥਾਂਦੀ ਦੇ ਬੱਚਿਆਂ ਪਾਰਸ ਸਿੰਘ ਥਾਂਦੀ ਤੇ ਬੇਟੀ ਜੈਜਨਿਮ ਕੌਰ ਥਾਂਦੀ ਦੇ ਜਨਮ ਦਿਨ ਦੀ ਖੁਸ਼ੀ ਚ ਰੱਖਿਆ ਗਿਆ ਸੀ। ਇਸ ਮੌਕੇ ਸੈਕਰਾਮੈਂਟੋ ਦੇ ਲਗਭਗ ਸਾਰੇ ਗੁਰੂ ਘਰਾਂ ਦੇ ਪ੍ਰਬੰਧਕ ਤੇ ਥਾਂਦੀ ਪਰਿਵਾਰ ਨਾਲ ਸਬੰਧ ਰੱਖਣ ਵਾਲੇ ਸਾਰੇ ਰਿਸ਼ਤੇਦਾਰ ਤੇ ਦੋਸਤ ਮਿੱਤਰ ਵੀ ਹਾਜਿਰ ਸਨ।

# ਅਮਰੀਕੀ ਡਾ. ਕ੍ਰਿਪਾਲ ਸਿੰਘ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ




ਅੰਮ੍ਰਿਤਸਰ : ਅਮਰੀਕਾ ਦੀ ਫਲੋਰਿਡਾ ਸਟੇਟ ਦੇ ਡੇਟੋਨਾ ਸ਼ਹਿਰ ਵਿੱਚ ਨਿਵਾਸ ਕਰਨ ਵਾਲੇ ਡਾ. ਕ੍ਰਿਪਾਲ ਸਿੰਘ ਦੇ ਅਕਾਲ ਚਲਾਣੇ 'ਤੇ ਡਾ. ਜਸਬੀਰ ਸਿੰਘ ਸਰਨਾ , ਡਾ. ਚਰਨਜੀਤ ਸਿੰਘ ਗੁਮਟਾਲਾ ਅਤੇ ਪੰਜਾਬ ਯੂਨਵਿਰਸਿਟੀ ਲਾਹੌਰ ਦੇ ਪੰਜਾਬੀ ਵਿਭਾਗ ਦੇ ਪ੍ਰੋਫ਼ੈਸਰ ਡਾ ਕਲਿਆਣ ਸਿੰਘ ਕਲਿਆਣ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਇਨ੍ਹਾਂ ਲੇਖਕਾਂ ਨੇ ਕਿਹਾ ਕਿ ਡਾ. ਕ੍ਰਿਪਾਲ ਸਿੰਘ ਦਾ ਜਨਮ 10 ਅਕਤੂਬਰ 1942 ਵਿੱਚ ਸ਼ਹਿਰ ਮੋਗਾ ਵਿਖੇ ਸ. ਹਰਚੰਦ ਸਿੰਘ ਦੇ ਗ੍ਰਹਿ ਵਿਖੇ ਬੀਬੀ ਜਗੀਰ ਕੌਰ ਦੀ ਕੁੱਖੋਂ ਹੋਇਆ। ਉਹ ਆਪਣੇ ਪਿੱਛੇ ਆਪਣੀ ਸੁਪਤਨੀ ਫਿਲਸ, ਸਪੁੱਤਰੀਆਂ ਪ੍ਰਮਿੰਦਰ ਕੌਰ ਤੇ ਨਵਦੀਪ ਕੌਰ ਅਤੇ ਸਪੁੱਤਰ ਤੇਜਿੰਦਰ ਸਿੰਘ ਛੱਡ ਗਏ ਹਨ। ਉਨ੍ਹਾਂ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਐਮ ਬੀ ਬੀ ਐਸ ਦੀ ਡਿਗਰੀ ਪ੍ਰਾਪਤ ਕੀਤੀ। ਕੁਝ ਸਮਾਂ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵਿੱਚ ਨੌਕਰੀ ਕੀਤੀ। ਫਿਰ ਉਹ ਇੰਗਲੈਂਡ ਚਲੇ ਗਏ ਤੇ ਉੱਥੋਂ ਉਹ ਅਮਰੀਕਾ ਦੇ ਆਈਓਵਾ ਸੂਬੇ ਦੇ ਕ੍ਰੈਸਟੋਨ ਸ਼ਹਿਰ ਵਿੱਚ ਬਤੌਰ ਮਨੋਵਿਗਿਆਨ (ਸਾਈਕੈਟਰਿਕ) ਡਾਕਟਰ ਪ੍ਰੈਕਟਿਸ ਕਰਨ ਲੱਗੇ। ਸੇਵਾ ਮੁਕਤੀ ਪਿਛੋਂ ਉਹ ਫਲੋਰਿਡਾ ਸੂਬੇ ਦੇ ਡੇਟੋਨਾ ਸ਼ਹਿਰ ਵਿੱਚ ਨਿਵਾਸ ਕਰਨ ਲੱਗੇ, ਜਿੱਥੇ ਉਹ ਸੰਖੇਪ ਬਿਮਾਰੀ ਪਿੱਛੋਂ 16 ਨਵੰਬਰ 2023 ਨੂੰ ਸਵਰਗਵਾਸ ਹੋ ਗਏ। ਉਨ੍ਹਾਂ ਦੀ ਦੇਹ ਨੂੰ ਪਰਿਵਾਰ ਵਲੋਂ ਉਨ੍ਹਾਂ ਦੀ ਇੱਛਾ ਅਨੁਸਾਰ ਮੈਡੀਕਲ ਖੋਜ ਲਈ ਮੈਡੀਕਲ ਰਿਸਰਚ ਸੰਸਥਾ ਨੂੰ ਦੇ ਦਿੱਤੀ ਗਈ।

ਉਹ ਜਿੱਥੇ ਚੰਗੇ ਡਾਕਟਰ ਸਨ, ਉੱਥੇ ਉਹ ਅਗਾਂਹ ਵਧੂ ਖਿਆਲਾਂ ਤੇ ਸਿੱਖ ਧਰਮ ਨਾਲ ਪ੍ਰਵਾਏ ਹੋਏ ਸਨ। ਉਹ ਸਿੱਖ ਧਰਮ ਸੰਬੰਧੀ ਹੁੰਦੇ ਵੈਬੀਕਾਰਾਂ ਤੇ ਟੀ ਵੀ ਪ੍ਰੋਗਰਾਮਾਂ ਵਿੱਚ ਹੁੰਦੀਆਂ ਬਹਿਸਾਂ ਵਿੱਚ ਭਾਗ ਲੈਂਦੇ ਸਨ। ਉਹ ਲੋੜਵੰਦ ਲੇਖਕਾਂ ਨੂੰ ਕਿਤਾਬਾਂ ਛਪਵਾਉਣ ਵਿੱਚ ਵੀ ਤੇ ਪਾਕਿਸਤਾਨ ਵਿੱਚ ਸਿੱਖ ਬੱਚਿਆਂ ਦੀ ਪੜਾਈ ਵਿੱਚ ਸਹਾਇਤਾ ਕਰਦੇ ਹੁੰਦੇ ਸਨ। ਉਨ੍ਹਾਂ ਨੇ ਪਾਕਿਸਤਾਨ ਵਿੱਚ ਸਿੱਖ ਧਰਮ ਨਾਲ ਸੰਬੰਧਿਤ ਕੁਝ ਪੁਸਤਕਾਂ ਉਰਦੂ ਵਿੱਚ ਛਪਵਾ ਕੇ ਮੁਫ਼ਤ ਵੰਡੀਆਂ, ਜਿਵੇਂ ਜ਼ਫ਼ਰਨਾਮਾ, ਤਵਾਰੀਖ ਬੱਬਰ ਅਕਾਲੀ ਲਹਿਰ (ਸੰਪਾਦਕ ਬੀ ਐਸ ਨਿੱਜਰ), ਜਪੁਜੀ ਤੇ ਸੁਖਮਨੀ ਸਾਹਿਬ (ਲੇਖਕ ਖ਼ਵਾਜ਼ਾ ਦਿੱਲ ਮੁਹੰਮਦ ਐਮ. ਏ), ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਬਾਲੇ ਵਾਲੀ (ਸੰਪਾਦਕ ਡਾ. ਏ: ਐਸ. ਔਲਖ), ਗੁਰੂ ਗ੍ਰੰਥ ਸਾਹਿਬ ਅਤੇ ਇਸਲਾਮ (ਇਤਿਹਾਸ ਤੇ ਸਿੱਖਿਆ) ਆਦਿ। ਉਹ ਭਾਵੇਂ ਅੱਜ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੁਆਰਾ ਕੀਤੀ ਗਈ ਸਾਹਿਤਕ ਤੇ ਸਮਾਜਿਕ ਸੇਵਾ ਕਰਕੇ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

*ਅਮਰੀਕਾ ਤੋਂ ਦੁਖਦਾਇਕ ਖ਼ਬਰ*

# ਗੋਲੀਬਾਰੀ ਦੀ ਘਟਨਾ 'ਚ ਭਾਰਤੀ ਵਿਦਿਆਰਥੀ ਦੀ ਮੌਤ



ਨਿਊਯਾਰਕ : ਅਮਰੀਕਾ ਤੋਂ ਇਕ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਇੱਥੇ ਓਹੀਓ ਸੂਬੇ ਵਿੱਚ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਸਿਨਸਿਨਾਟੀ ਯੂਨੀਵਰਸਿਟੀ ਵਿੱਚ ਡਾਕਟਰੇਟ ਕਰ ਰਹੇ 26 ਸਾਲਾ ਭਾਰਤੀ ਵਿਦਿਆਰਥੀ ਆਪਣੀ ਕਾਰ ਅੰਦਰ ਮ੍ਰਿਤਕ ਪਾਇਆ ਗਿਆ। ਓਹੀਓ ਸਥਿਤ ਡਬਲਯੂਐਲਡਬਲਯੂਟੀ (WLWT) ਨਿਊਜ਼ ਚੈਨਲ ਦੀ ਰਿਪੋਰਟ ਮੁਤਾਬਕ ਆਦਿਤਿਆ ਅਦਲਖਾ ਸਿਨਸਿਨਾਟੀ ਦੇ ਪੱਛਮੀ ਹਿੱਲਜ਼ ਵਾਇਡਕਟ 'ਤੇ ਗੱਡੀ ਚਲਾ ਰਿਹਾ ਸੀ, ਜਦੋਂ ਇਸ ਮਹੀਨੇ ਦੇ ਸ਼ੁਰੂ ਵਿੱਚ ਹੋਈ ਗੋਲੀਬਾਰੀ ਵਿੱਚ ਉਸਦੀ ਗੱਡੀ 'ਤੇ ਕਈ ਵਾਰ ਹਮਲਾ ਕੀਤਾ ਗਿਆ ਸੀ।

ਪੁਲਸ ਨੇ ਕਿਹਾ ਕਿ ਉਨ੍ਹਾਂ ਨੂੰ ਅਦਲਖਾ ਉਸ ਵਾਹਨ ਦੇ ਅੰਦਰ ਮਿਲਿਆ, ਜੋ ਇੱਕ ਕੰਧ ਨਾਲ ਟਕਰਾ ਗਿਆ ਸੀ ਅਤੇ ਡਰਾਈਵਰ ਦੀ ਸਾਈਡ ਵਿੰਡੋ ਵਿੱਚ ਘੱਟੋ-ਘੱਟ ਤਿੰਨ ਗੋਲੀਆਂ ਦੇ ਛੇਕ ਦਿਖਾਈ ਦੇ ਰਹੇ ਸਨ। ਹੈਮਿਲਟਨ ਕਾਉਂਟੀ ਕੋਰੋਨਰ ਦਫਤਰ ਨੇ ਕਿਹਾ ਕਿ ਗੋਲੀਬਾਰੀ ਤੋਂ ਬਾਅਦ ਯੂਸੀ ਮੈਡੀਕਲ ਸੈਂਟਰ ਲਿਜਾਏ ਜਾਣ ਤੋਂ ਦੋ ਦਿਨ ਬਾਅਦ ਅਦਲਖਾ ਦੀ 11 ਨਵੰਬਰ ਨੂੰ ਮੌਤ ਹੋ ਗਈ। ਇਸ ਮਾਮਲੇ ਵਿਚ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਹੈ ਅਤੇ ਪੁਲਸ ਅਜੇ ਵੀ ਗੋਲੀਬਾਰੀ ਦੀ ਘਟਨਾ ਦੇ ਆਲੇ ਦੁਆਲੇ ਦੇ ਹਾਲਾਤ ਦੀ ਜਾਂਚ ਕਰ ਰਹੀ ਹੈ।

ਕਾਲਜ ਆਫ਼ ਮੈਡੀਸਨ ਦੇ ਮੌਲੀਕਿਊਲਰ ਐਂਡ ਡਿਵੈਲਪਮੈਂਟਲ ਬਾਇਓਲੋਜੀ ਗ੍ਰੈਜੂਏਟ ਪ੍ਰੋਗਰਾਮ ਵਿੱਚ ਨਾਮਜਦ ਅਦਲਖਾ 2025 ਵਿੱਚ ਆਪਣੀ ਡਾਕਟਰੇਟ ਪੂਰੀ ਕਰਨ ਦੀ ਯੋਜਨਾ ਬਣਾ ਰਿਹਾ ਸੀ। ਉਸਨੇ ਨਵੀਂ ਦਿੱਲੀ ਦੇ ਰਾਮਜਸ ਕਾਲਜ ਤੋਂ ਜੀਵ-ਵਿਗਿਆਨ ਵਿੱਚ ਬੈਚਲਰ ਦੀ ਡਿਗਰੀ ਪ੍ਰਾਪਤ ਕੀਤੀ ਸੀ ਅਤੇ 2020 ਵਿੱਚ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਤੋਂ ਸਰੀਰ ਵਿਗਿਆਨ ਵਿੱਚ ਆਪਣੀ ਮਾਸਟਰ ਡਿਗਰੀ ਪ੍ਰਾਪਤ ਕੀਤੀ ਸੀ। ਸਿਨਸਿਨਾਟੀ ਯੂਨੀਵਰਸਿਟੀ ਦੇ ਕਾਲਜ ਆਫ਼ ਮੈਡੀਸਨ ਦੇ ਡੀਨ ਐਂਡਰਿਊ ਫਿਲਕ ਨੇ ਅਦਲਾਖਾ ਨੂੰ 'ਬਹੁਤ ਹੀ ਦਿਆਲੂ ਅਤੇ ਹਾਸੇ-ਮਜ਼ਾਕ ਵਾਲਾ, ਬੁੱਧੀਮਾਨ' ਦੱਸਿਆ ਅਤੇ ਕਿਹਾ ਕਿ ਉਸਦੀ ਖੋਜ 'ਨੋਵਲ ਅਤੇ ਪਰਿਵਰਤਨਸ਼ੀਲ' ਸੀ।

ਆਦਿਤਿਆ ਦੀ ਮੌਤ ਦਾ ਸੋਗ ਮਨਾਉਂਦੇ ਹੋਏ ਫਿਲਕ ਨੇ ਡਬਲਯੂ.ਐਲ.ਡਬਲਿਊ.ਟੀ. ਨੂੰ ਦੱਸਿਆ, 'ਗਮ ਦੀ ਕੋਈ ਸਮਾਂ-ਸੀਮਾ ਨਹੀਂ ਹੈ। ਸਾਨੂੰ ਖ਼ੁਦ ਦੀ ਅਤੇ ਇਕ ਦੂਜੇ ਦੀ ਦੇਖਭਾਲ ਕਰਨ ਦੀ ਲੋੜ ਹੈ।' ਯੂਨੀਵਰਸਿਟੀ ਦੇ ਇੱਕ ਬਿਆਨ ਅਨੁਸਾਰ ਅਦਲਖਾ ਨੂੰ ਪਿਛਲੇ ਸਾਲ ਅਲਸਰੇਟਿਵ ਕੋਲਾਈਟਿਸ 'ਤੇ ਇੱਕ ਖੋਜ ਪ੍ਰੋਜੈਕਟ ਦਾ ਸਮਰਥਨ ਕਰਨ ਲਈ ਇੱਕ ਵਜ਼ੀਫ਼ਾ ਅਤੇ ਇੱਕ ਪੁਰਸਕਾਰ ਮਿਲਿਆ ਸੀ। ਸ਼ਹਿਰ ਦੇ ਸਰਕਾਰੀ ਅੰਕੜਿਆਂ ਅਨੁਸਾਰ 15 ਨਵੰਬਰ ਤੱਕ ਗੋਲੀਬਾਰੀ ਦੀਆਂ 305 ਘਟਨਾਵਾਂ ਦਰਜ ਕੀਤੀਆਂ ਗਈਆਂ ਹਨ।

# ਅਮਰੀਕਾ ਕੈਨੇਡਾ ਨੂੰ ਜੋੜਣ ਵਾਲੇ ਪੁਲ 'ਤੇ ਹੋਏ ਧਮਾਕੇ ਦਾ ਅੱਤਵਾਦ ਨਾਲ ਸਬੰਧ ਨਹੀਂ-ਐਫ ਬੀ ਆਈ

**ਮਾਰੇ ਗਏ ਦੋ ਲੋਕ ਸਨ ਪਤੀ - ਪਤਨੀ**

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਕੈਨੇਡਾ ਸਰਹੱਦ ਉਪਰ ਨਿਆਗਰ ਫਾਲਜ਼ ਨੇੜੇ ਦੋਨਾਂ ਦੇਸ਼ਾਂ ਨੂੰ ਜੋੜਣ ਵਾਲੇ ਪੁਲ ਉਪਰ ਇਕ ਕਾਰ ਨਾਲ ਵਾਪਰੇ ਹਾਦਸੇ ਉਪਰੰਤ ਹੋਏ ਧਮਾਕੇ ਵਿਚ ਮਾਰੇ ਗਏ ਦੋ ਲੋਕ ਪਤੀ-ਪਤਨੀ ਸਨ ਤੇ ਉਹ ਨਿਊਯਾਰਕ ਦੇ ਰਹਿਣ ਵਾਲੇ ਸਨ। ਇਹ ਪ੍ਰਗਟਾਵਾ ਲਾਅ ਇਨਫੋਰਸਮੈਂਟ ਸੂਤਰਾਂ ਨੇ ਕੀਤਾ ਹੈ। ਇਸ ਦੇ ਨਾਲ ਹੀ ਐਫ ਬੀ ਆਈ ਨੇ ਕਿਹਾ ਹੈ ਕਿ ਇਸ ਧਮਾਕੇ ਦਾ ਅੱਤਵਾਦ ਨਾਲ ਕੋਈ ਸਬੰਧ ਨਹੀਂ ਹੈ। ਬੁੱਧਵਾਰ ਦੇਰ ਗਏ ਰੇਨਬੋਅ ਪੁਲ ਉਪਰ ਅਮਰੀਕਾ ਵਾਲੇ ਪਾਸੇ ਹੋਏ ਧਮਾਕੇ ਬਾਰੇ ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਪਤੀ-ਪਤਨੀ ਤੇਜ ਰਫਤਾਰ ਨਾਲ ਜਾ ਰਹੀ ਕਾਰ ਵਿਚ ਸਵਾਰ ਸਨ ਜਦੋਂ ਇਹ ਕਾਰ ਨਰੀਖਣ ਚੌਕੀ 'ਤੇ ਬਣੀ ਇਕ ਰੋਕ ਨਾਲ ਟਕਰਾਉਣ ਉਪਰੰਤ ਰੇਲਿੰਗ ਵਿਚ ਜਾ ਵੱਜੀ। ਉਪਰੰਤ ਹੋਏ ਧਮਾਕੇ ਕਾਰਨ ਕਾਰ ਨੂੰ ਅੱਗ ਲੱਗ ਗਈ। ਐਫ ਬੀ ਆਈ ਦੇ ਬੁਫੈਲੋ ਵਿਚਲੇ ਫੀਲਡ ਦਫਤਰ ਨੇ ਐਲਾਨ ਕੀਤਾ ਹੈ ਕਿ ਸ਼ੁਰੂ ਵਿਚ ਅੱਤਵਾਦੀ ਹਮਲਾ ਹੋਣ ਦੀ ਚਿੰਤਾ ਦੇ ਬਾਵਜੂਦ ਐਫ ਬੀ ਆਈ ਨੂੰ ਇਸ ਧਮਾਕੇ ਦਾ ਅੱਤਵਾਦ ਨਾਲ ਸਬੰਧ ਹੋਣ ਬਾਰੇ ਕੋਈ ਸਬੂਤ ਨਹੀਂ ਮਿਲਿਆ ਤੇ ਨਾ ਹੀ ਮੌਕੇ ਤੋਂ ਕੋਈ ਧਮਾਕਾਖੇਜ ਸਮਗਰੀ ਦੇ ਸਬੂਤ ਮਿਲੇ ਹਨ। ਦਫਤਰ ਅਨੁਸਾਰ ਇਹ ਮਾਮਲਾ ਸਥਾਨਕ ਪੁਲਿਸ ਨੂੰ ਹਾਦਸੇ ਦੀ ਜਾਂਚ ਵਾਸਤੇ ਸੌਂਪ ਦਿੱਤਾ ਗਿਆ ਹੈ। ਨਿਊਯਾਰਕ ਦੇ ਗਵਰਨਰ ਕੈਥੀ ਹੋਚਲ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਮੈ ਇਹ ਸਪੱਸ਼ਟ ਕਰ ਦੇਣਾ ਚਹੁੰਦਾ ਹਾਂ ਕਿ ਅਜਿਹਾ ਕੋਈ ਸੰਕੇਤ ਨਹੀਂ ਮਿਲਿਆ ਹੈ ਜਿਸ ਤੋਂ ਪਤਾ ਲੱਗਦਾ ਹੋਵੇ ਕਿ ਇਹ ਅੱਤਵਾਦੀ ਹਮਲਾ ਸੀ। ਇਸ ਧਮਾਕੇ ਕਾਰਨ ਕੈਨੇਡਾ ਤੇ ਅਮਰੀਕਾ ਨੂੰ ਜੋੜਦੇ ਸਾਰੇ 4 ਪੁਲਾਂ ਨੂੰ ਆਰਜੀ ਤੌਰ 'ਤੇ ਬੰਦ ਕਰ ਦਿੱਤਾ ਗਿਆ ਸੀ ਜਿਨਾਂ ਵਿਚੋਂ 3 ਪੁਲਾਂ ਨੂੰ ਆਮ ਆਵਾਜਾਈ ਲਈ ਮੁੜ ਖੋਲ ਦਿੱਤਾ ਗਿਆ ਹੈ ਜਦ ਕਿ ਰੇਅਨਬੋਅ ਪੁਲ ਅਜੇ ਬੰਦ ਹੈ।

# ਅਮਰੀਕਾ ਵਿਚ ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਜੇਲ ਵਿੱਚ ਬੰਦ ਸਾਬਕਾ ਪੁਲਿਸ ਅਫਸਰ ਡੈਰਕ ਚੌਵਿਨ 'ਤੇ ਸਾਥੀ ਕੈਦੀ ਵੱਲੋਂ ਹਮਲਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕਾਲੇ ਵਿਅਕਤੀ ਜਾਰਜ ਫਲਾਇਡ ਦੀ ਮਈ 2020 ਵਿਚ ਹੋਈ ਹੱਤਿਆ ਦੇ ਚਰਚਿਤ ਮਾਮਲੇ ਵਿਚ ਕੈਦ ਕੱਟ ਰਹੇ ਮਿਨੀਆਪੋਲਿਸ ਦੇ ਸਾਬਕਾ ਪੁਲਿਸ ਅਫਸਰ ਡੈਰਕ ਚੌਵਿਨ ਉਪਰ ਸਾਥੀ ਕੈਦੀ ਵੱਲੋਂ ਚਾਕੂ ਨਾਲ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦੇਣ ਦੀ ਖਬਰ ਹੈ। ਸੰਘੀ ਅਧਿਕਾਰੀਆਂ ਅਨੁਸਾਰ ਐਰੀਜ਼ੋਨਾ ਦੀ ਜੇਲ ਵਿਚ ਉਸ ਵੇਲੇ ਚੌਵਿਨ ਗੰਭੀਰ ਜ਼ਖਮੀ ਹੋ ਗਿਆ ਜਦੋਂ ਉਸ ਦੇ ਇਕ ਹੋਰ ਸਾਥੀ ਕੈਦੀ ਨੇ ਉਸ ਉਪਰ ਹਮਲਾ ਕਰ ਦਿੱਤਾ। ਉਸ ਨੂੰ ਇਲਾਜ਼ ਲਈ ਹਸਪਤਾਲ ਲਿਜਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਸਥਿੱਰ ਦਸੀ ਗਈ ਹੈ। ਮਿਨੇਸੋਟਾ ਦੇ ਅਟਾਰਨੀ ਜਨਰਲ ਕੀਥ ਏਲੀਸਨ ਨੇ ਇਕ ਬਿਆਨ ਵਿਚ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਐਰੀਜ਼ੋਨਾ ਰਾਜ ਦੀ ਟਕਸਨ ਸੰਘੀ ਜੇਲ ਵਿਚ ਹੋਈ ਹਿੰਸਾ ਵਿੱਚ ਚੌਵਿਨ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਨਾਂ ਕਿਹਾ ਹੈ ਕਿ ਚੌਵਿਨ ਨੂੰ ਹੋਰ ਦੋਸ਼ੀਆਂ ਦੀ ਤਰਾਂ ਅਪਰਾਧ ਲਈ ਸਜ਼ਾ ਦਿੱਤੀ ਗਈ ਹੈ ਤੇ ਉਸ ਨੂੰ ਵੀ ਬਿਨਾਂ ਕਿਸੇ ਜਵਾਬੀ ਕਾਰਵਾਈ ਦੇ ਡਰ ਜਾਂ ਹਿੰਸਾ ਦੇ ਆਪਣੀ ਸਜ਼ਾ ਪੂਰੀ ਕਰਨ ਦਾ ਅਧਿਕਾਰ ਹੈ। ਇਥੇ ਜਿਕਰਯੋਗ ਹੈ ਕਿ ਅਪ੍ਰੈਲ 2021 ਵਿਚ ਫਲਾਇਡ ਦੀ ਹੱਤਿਆ ਸਬੰਧੀ ਰਾਜ ਵੱਲੋਂ ਲਾਏ ਦੋਸ਼ਾਂ ਲਈ ਇਕ ਅਦਾਲਤ ਵੱਲੋਂ ਚੌਵਿਨ ਨੂੰ ਸਾਢੇ 22 ਸਾਲ ਕੈਦ ਦੀ ਸਜ਼ਾ ਸੁਣਾਈ ਸੀ। ਬਾਅਦ ਵਿਚ ਇਕ ਸੰਘੀ ਅਦਾਲਤ ਨੇ ਜਮੀਨ ਉਪਰ ਪੁੱਠਾ ਡਿੱਗੇ ਪਏ ਫਲਾਇਡ ਦੀ ਧੌਣ ਉਪਰ ਗੋਡਾ ਰਖ ਕੇ ਉਸ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਤਹਿਤ 21 ਸਾਲ ਵੱਖਰੀ ਸਜ਼ਾ ਸੁਣਾਈ ਗਈ ਸੀ। ਫਲਾਇਡ ਦੀ ਹੱਤਿਆ ਤੋਂ ਬਾਅਦ ਕਾਲਿਆਂ ਨਾਲ ਧੱਕਾ ਤੇ ਵਿਤਕਰਾ ਕਰਨ ਨੂੰ ਲੈ ਕੇ ਵੱਡੀ ਪੱਧਰ ਉਪਰ ਪੂਰੇ ਅਮਰੀਕਾ ਵਿਚ ਪ੍ਰਦਰਸ਼ਨ ਹੋਏ ਸਨ।

# ਅਮਰੀਕਾ ਦੇ ਵਰਮੌਂਟ ਰਾਜ 'ਚ 3 ਫਲਸਤੀਨੀ ਕਾਲਜ ਵਿਦਿਆਰਥੀਆਂ ਦੇ ਮਾਰੀਆਂ ਗੋਲੀਆਂ, ਇਕ ਦੀ ਹਾਲਤ ਗੰਭੀਰ

**ਸ਼ੱਕੀ ਗੋਰਾ ਮੌਕੇ ਤੋਂ ਫਰਾਰ**

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) -ਅਮਰੀਕਾ ਦੀ ਯੁਨੀਵਰਸਿਟੀ ਆਫ ਵਰਮੌਂਟ, ਬਰਲਿੰਗਟਨ ਨੇੜੇ 3 ਫਲਸਤੀਨੀ ਕਾਲਜ ਵਿਦਿਆਰਥੀਆਂ ਨੂੰ ਇਕ ਸ਼ੱਕੀ ਗੋਰੇ ਵਿਅਕਤੀ ਵੱਲੋਂ ਗੋਲੀਆਂ ਮਾਰ ਕੇ ਜ਼ਖਮੀ ਕਰ ਦੇਣ ਦੀ ਖਬਰ ਹੈ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਪੀੜਤ ਵਿਦਿਆਰਥੀਆਂ ਦੀ ਪਛਾਣ ਹੀਸ਼ਮ ਅਵਾਰਤਨੀ, ਕਿਨਾਨ ਅਬਦਲ ਹਾਮਿਦ ਤੇ ਤਾਹਸੀਨ ਅਹਿਮਦ ਵਜੋਂ ਹੋਈ ਹੈ। ਜੋ ਵੱਖ ਵੱਖ ਕਾਲਜਾਂ ਵਿਚ ਪੜਾਈ ਕਰ ਰਹੇ ਹਨ।

ਬਰਲਿੰਗਟਨ ਪੁਲਿਸ ਵਿਭਾਗ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਸਾਰੇ ਵਿਦਿਆਰਥੀਆਂ ਦੀ ਉਮਰ 20 ਸਾਲ ਦੇ ਕਰੀਬ ਹੈ ਤੇ ਉਹ ਹਸਪਤਾਲ ਵਿਚ ਜੇਰੇ ਇਲਾਜ਼ ਹਨ। ਦੋ ਵਿਦਿਆਰਥੀਆਂ ਦੀ ਹਾਲਤ ਸਥਿੱਰ ਹੈ ਜਦ ਕਿ ਤੀਸਰੇ ਵਿਦਿਆਰਥੀ ਦੇ ਗੰਭੀਰ ਜ਼ਖਮ ਹਨ। ਪੁਲਿਸ ਅਨੁਸਾਰ ਇਹ ਮਾਮਲਾ ਨਫਰਤੀ ਅਪਰਾਧ ਦਾ ਹੋ ਸਕਦਾ ਹੈ। ਬਿਆਨ ਅਨੁਸਾਰ ਵਿਦਿਆਰਥੀਆਂ ਉਪਰ ਹਮਲਾ ਉਸ ਵੇਲੇ ਹੋਇਆ ਜਦੋਂ ਉਹ ਬਰਲਿੰਗਟਨ ਵਿਚ ਥੈਂਕਸਗਿਵਿੰਗ ਛੁੱਟੀ ਮਨਾਉਣ ਲਈ ਆਪਣੇ ਰਿਸ਼ਤੇਦਾਰ ਕੋਲ ਜਾ ਰਹੇ ਸਨ। ਜਦੋਂ ਉਹ ਪ੍ਰਾਸਪੈਕਟ ਸਟਰੀਟ 'ਤੇ ਪੁੱਜੇ ਤਾਂ ਇਕ ਗੋਰੇ ਵਿਅਕਤੀ ਨੇ ਬਿਨਾਂ ਕੁਝ ਬੋਲੇ ਆਪਣੇ ਪਿਸਤੌਲ ਨਾਲ ਉਨਾਂ ਉਪਰ ਗੋਲੀਆਂ ਚਲਾ ਦਿੱਤੀਆਂ। ਪੁਲਿਸ ਅਨੁਸਾਰ ਹਮਲਵਾਰ ਨੇ ਘੱਟੋ ਘੱਟ 4 ਗੋਲੀਆਂ ਚਲਾਈਆਂ ਤੇ ਉਹ ਮੌਕੇ ਤੋਂ ਫਰਾਰ ਹੋ ਗਿਆ। ਦੋ ਵਿਦਿਆਰਥੀਆਂ ਦੇ ਸਰੀਰ ਦੇ ਉਪਰਲੇ ਹਿੱਸੇ ਵਿਚ ਗੋਲੀਆਂ ਵੱਜੀਆਂ ਹਨ ਜਦ ਕਿ ਤੀਸਰੇ ਵਿਦਿਆਰਥੀ ਦੇ ਢਿੱਡ ਦੇ ਹੇਠਲੇ ਹਿੱਸੇ ਵਿਚ ਗੋਲੀ ਵੱਜੀ ਹੈ। ਪੁਲਿਸ ਨੇ ਕਿਹਾ ਹੈ ਕਿ ਪੀੜਤਾਂ ਵਿਚੋਂ 2 ਵਿਦਿਆਰਥੀ ਅਮਰੀਕੀ ਨਾਗਰਕ ਹਨ ਜਦ ਕਿ ਇਕ ਕਾਨੂੰਨੀ ਵਸਨੀਕ ਹੈ। ਪੁਲਿਸ ਅਨੁਸਾਰ ਸ਼ੱਕੀ ਦੀ ਭਾਲ ਕੀਤੀ ਜਾ ਰਹੀ ਹੈ ਤੇ ਮਾਮਲੇ ਦੀ ਜਾਂਚ ਐਫ ਬੀ ਆਈ ਕਰ ਰਹੀ ਹੈ। ਬਰਲਿੰਗਟਨ ਪੁਲਿਸ ਮੁੱਖੀ ਜੋਨ ਮੂਰਾਦ ਨੇ ਇਕ ਪ੍ਰੈਸ ਬਿਆਨ ਵਿਚ ਪੀੜਤਾਂ ਤੇ ਪੀੜਤਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਇਹ ਨਫਰਤੀ ਅਪਰਾਧ ਦਾ ਮਾਮਲਾ ਹੋ ਸਕਦਾ ਹੈ ਤੇ ਉਹ ਇਸ ਮਾਮਲੇ ਨੂੰ ਲੈ ਕੇ ਸੰਘੀ ਜਾਂਚਕਾਰਾਂ ਦੇ ਸੰਪਰਕ ਵਿਚ ਹਨ। ਇਸ ਦੌਰਾਨ ਪੀੜਤਾਂ ਦੇ ਪਰਿਵਾਰਾਂ ਨੇ ਨਫਰਤੀ ਅਪਰਾਧ ਤਹਿਤ ਜਾਂਚ ਤੇ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਹੈ।

### ਪੰਜਾਬ ’ਚ ‘ਮੁੱਖ ਮੰਤਰੀ ਤੀਰਥ ਯਾਤਰਾ’ ਸਕੀਮ ਦੀ ਸ਼ੁਰੂਆਤ

# ਮੁੱਖ ਮੰਤਰੀ ਭਗਵੰਤ ਮਾਨ ਅਤੇ ਕੇਜਰੀਵਾਲ ਨੇ 1300 ਯਾਤਰੀਆਂ ਦਾ ਪਹਿਲਾ ਜੱਥਾ ਕੀਤਾ ਰਵਾਨਾ




ਧੂਰੀ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਹਾਜ਼ਰੀ ਵਿੱਚ ਦੇਸ਼ ਭਰ ਦੇ ਪਵਿੱਤਰ ਸਥਾਨਾਂ ਉਤੇ ਲੋਕਾਂ ਨੂੰ ਲੈ ਕੇ ਜਾਣ ਲਈ ਅੱਜ ‘ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ’ ਦੀ ਸ਼ੁਰੂਆਤ ਕੀਤੀ। ਧੂਰੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ‘ਮੁੱਖ ਮੰਤਰੀ ਤੀਰਥ ਯਾਤਰਾ ਸਕੀਮ’ ਦੀ ਸ਼ੁਰੂਆਤ ਮਗਰੋਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਕੀਮ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੇ ਫਲਸਫ਼ੇ ਮੁਤਾਬਕ ਹੈ, ਜਿਨ੍ਹਾਂ ਲੋਕਾਈ ਨੂੰ ਭਾਈਚਾਰੇ ਤੇ ਅਮਨ ਦਾ ਸੰਦੇਸ਼ ਦਿੱਤਾ। ਅੱਜ ਅੰਮ੍ਰਿਤਸਰ ਤੋਂ 300 ਸ਼ਰਧਾਲੂ, ਜਲੰਧਰ ਤੋਂ 220 ਅਤੇ ਧੂਰੀ ਤੋਂ 500 ਤੋਂ ਵੱਧ ਸ਼ਰਧਾਲੂ ਇਸ ਰੇਲ ਗੱਡੀ ਰਾਹੀਂ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੇ ਹਨ। ਆਗਾਮੀ ਤਿੰਨ ਮਹੀਨਿਆਂ ਵਿੱਚ 50 ਹਜ਼ਾਰ ਤੋਂ ਵੱਧ ਸ਼ਰਧਾਲੂ ਇਹ ਸਹੂਲਤ ਹਾਸਲ ਕਰਨਗੇ। ਇਨ੍ਹਾਂ ਵਿੱਚੋਂ 13 ਹਜ਼ਾਰ ਸ਼ਰਧਾਲੂ ਰੇਲ ਗੱਡੀਆਂ ਰਾਹੀਂ ਜਾਣਗੇ ਅਤੇ ਹਰੇਕ ਅੱਠ ਦਿਨਾਂ ਬਾਅਦ ਚੱਲਣ ਵਾਲੀਆਂ ਇਨ੍ਹਾਂ 13 ਰੇਲ ਗੱਡੀਆਂ ਵਿੱਚੋਂ ਹਰੇਕ ਗੱਡੀ ਵਿੱਚ ਹਜ਼ਾਰ ਯਾਤਰੀ ਜਾਣਗੇ। ਬਾਕੀ ਸ਼ਰਧਾਲੂ ਬੱਸਾਂ ਰਾਹੀਂ ਸਫ਼ਰ ਕਰਨਗੇ ਅਤੇ ਰੋਜ਼ ਦਸ ਬੱਸਾਂ ਚੱਲਣਗੀਆਂ, ਜਿਨ੍ਹਾਂ ਵਿੱਚੋਂ ਹਰੇਕ ਬੱਸ ਵਿੱਚ 43 ਯਾਤਰੀ ਸਵਾਰ ਹੋਣਗੇ। ਕਿਸੇ ਐਮਰਜੰਸੀ ਨਾਲ ਨਜਿੱਠਣ ਲਈ ਇਨ੍ਹਾਂ ਯਾਤਰੀਆਂ ਨਾਲ ਡਾਕਟਰਾਂ, ਵਾਲੰਟੀਅਰਾਂ ਤੇ ਅਧਿਕਾਰੀਆਂ ਦੀ ਟੀਮ ਵੀ ਸਫ਼ਰ ਕਰੇਗੀ। ਯਾਤਰੀਆਂ ਦੇ ਪਹੁੰਚਣ ਤੋਂ ਪਹਿਲਾਂ ਸਾਰੇ ਪ੍ਰਬੰਧਾਂ ਲਈ ਅਧਿਕਾਰੀਆਂ ਦੀ ਟੀਮ ਅਗਾਊਂ ਭੇਜੀ ਗਈ ਹੈ। 75 ਸਾਲ ਤੋਂ ਵੱਧ ਉਮਰ ਵਾਲਿਆਂ ਨੂੰ ਆਪਣੇ ਨਾਲ ਨੌਜਵਾਨ ਨੂੰ ਦੇਖਭਾਲ ਲਈ ਲੈ ਕੇ ਜਾਣ ਦੀ ਇਜਾਜ਼ਤ ਹੋਵੇਗੀ। ਉਨ੍ਹਾਂ ਸ਼ਰਧਾਲੂਆਂ ਦੀ ਯਾਤਰਾ ਲਈ ਉਨ੍ਹਾਂ ਨੂੰ ਏਸੀ ਕਮਰੇ ਤੇ ਖਾਣ-ਪੀਣ ਦੀਆਂ ਵਸਤਾਂ ਵੀ ਮੁਹੱਈਆਂ ਕੀਤੀਆਂ ਜਾਣਗੀਆਂ। ਇਨ੍ਹਾਂ ਰੇਲ ਗੱਡੀਆਂ ਰਾਹੀਂ ਸ਼ਰਧਾਲੂ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ, ਵਾਰਾਨਸੀ, ਮਥੁਰਾ, ਅਜਮੇਰ ਸ਼ਰੀਫ਼ ਤੇ ਹੋਰ ਸਥਾਨਾਂ ਦੇ ਦਰਸ਼ਨ ਕਰਨਗੇ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਬੱਸਾਂ ਰਾਹੀਂ ਸ਼ਰਧਾਲੂ ਅੰਮ੍ਰਿਤਸਰ ਸਾਹਿਬ, ਆਨੰਦਪੁਰ ਸਾਹਿਬ ਤੇ ਦਮਦਮਾ ਸਾਹਿਬ, ਵੈਸ਼ਨੋ ਦੇਵੀ, ਮਾਤਾ ਚਿੰਤਪੁਰਨੀ, ਮਾਤਾ ਨੈਣਾ ਦੇਵੀ, ਮਾਤਾ ਜਵਾਲਾਜੀ, ਸਾਲਾਸਰ ਧਾਮ, ਖਾਟੂ ਸ਼ਿਆਮ ਅਤੇ ਹੋਰ ਸਥਾਨਾਂ ਦੇ ਦਰਸ਼ਨ ਕਰਨਗੇ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁਭ ਮੌਕੇ ਲੋਕਾਂ ਨੂੰ ਵਧਾਈ ਦਿੱਤੀ।

## ਜੈਕਾਰਿਆਂ ਦੀ ਗੂੰਜ ’ਚ 200 ਸ਼ਰਧਾਲੂਆਂ ਦਾ ਜਥਾ ਸ੍ਰੀ ਹਜ਼ੂਰ ਸਾਹਿਬ ਲਈ ਰਵਾਨਾ




ਜਲੰਧਰ : ਪੰਜਾਬ ਸਰਕਾਰ ਵੱਲੋਂ ਧਾਰਮਿਕ ਸਥਾਨਾਂ ਦੀ ਮੁਫ਼ਤ ਯਾਤਰਾ ਕਰਵਾਉਣ ਲਈ ਕੀਤੀ ਗਈ ਨਿਵੇਕਲੀ ਪਹਿਲ ਸਦਕਾ ਅੱਜ ਜਲੰਧਰ ਕੈਂਟ ਰੇਲਵੇ ਸਟੇਸ਼ਨ ਤੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਲਈ ਜੈਕਾਰਿਆਂ ਦੀ ਗੂੰਜ ਵਿੱਚ 200 ਸ਼ਰਧਾਲੂਆਂ ਦਾ ਜਥਾ ਰਵਾਨਾ ਹੋਇਆ। ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਖਾਣੇ, ਰਿਹਾਇਸ਼ ਅਤੇ ਜਿਸ ਵਿੱਚ ਏਸੀ ਰੇਲਗੱਡੀ ਵੀ ਸ਼ਾਮਿਲ ਹੈ ਤੇ ਆਉਣ ਵਾਲਾ ਸਾਰਾ ਖ਼ਰਚਾ ਪੰਜਾਬ ਸਰਕਾਰ ਵਲੋਂ ਕੀਤਾ ਜਾਵੇਗਾ। ਕਈ ਰੇਲ ਗੱਡੀਆਂ ਅਤੇ ਬੱਸਾਂ ਰਾਹੀਂ ਸ਼ਰਧਾਲੂਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਹਜ਼ੂਰ ਸਾਹਿਬ, ਸ੍ਰੀ ਪਟਨਾ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਮਾਤਾ ਨੈਣਾ ਦੇਵੀ, ਸ੍ਰੀ ਵਰਿੰਦਾਵਨ ਧਾਮ, ਮਾਤਾ ਵੈਸ਼ਨੂੰ ਦੇਵੀ, ਮਾਤਾ ਚਿੰਤਪੁਰਨੀ, ਮਾਤਾ ਜਵਾਲਾ, ਵਾਰਾਣਸੀ, ਸ੍ਰੀ ਖਾਟੂ ਸ਼ਿਆਮ, ਸ੍ਰੀ ਸਲਾਸਰ ਧਾਮ ਅਤੇ ਖ਼ਵਾਜ਼ਾ ਅਜਮੇਰ ਸ਼ਰੀਫ ਦਰਗਾਹ ਦੀ ਮੁਫ਼ਤ ਯਾਤਰਾ ਕਰਵਾਈ ਜਾਵੇਗੀ। ਇਸ ਮੌਕੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਜਲੰਧਰ ਕੈਂਟ ਰੇਲਵੇ ਸਟੇਸ਼ਨ ’ਤੇ ਸ਼ਰਧਾਲੂਆਂ ਦਾ ਸਵਾਗਤ ਕੀਤਾ ਗਿਆ ਤੇ ਸਰਧਾਲੂਆਂ ਦੀ ਸਹੂਲਤ ਲਈ ਲਗਾਏ ਗਏ ਮੈਡੀਕਲ ਕੈਂਪ ਵਿੱਚ ਸਿਹਤ ਜਾਂਚ ਕੀਤੀ ਗਈ। ਯਾਤਰੀਆਂ ਨੂੰ ਮਾਰਕਫ਼ੈੱਡ ਵੱਲੋਂ ਤਿਆਰ ਕੀਤੀਆਂ ਗਈਆਂ ਵਿਸ਼ੇਸ਼ ਕਿੱਟਾਂ ਵੀ ਦਿੱਤੀਆਂ ਗਈਆਂ। ਸ਼ਰਧਾਲੂ ਗੁਰਵਿੰਦਰ ਸਿੰਘ ਨੇ ਪੰਜਾਬ ਸਰਕਾਰ ਵਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਸਦਕਾ ਉਹ ਪਹਿਲੀ ਵਾਰ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰ ਸਕਣਗੇ। ਨਕੋਦਰ ਦੇ ਪਿੰਡ ਕਾਂਗਣਾ ਤੋਂ ਇਕ ਹੋਰ ਸ਼ਰਧਾਲੂ ਤਲਵਿੰਦਰ ਕੌਰ ਨੇ ਪੰਜਾਬ ਸਰਕਾਰ ਦੀ ਇਸ ਨਿਵੇਕਲੀ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਧਾਰਮਿਕ ਸਥਾਨਾਂ ਦੇ ਬਿਨਾਂ ਕਿਸੇ ਖ਼ਰਚ ਤੋਂ ਦਰਸ਼ਨ ਕਰ ਸਕੇਗਾ।

## ਤਖ਼ਤ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਪਹਿਲੀ ਗੱਡੀ ਰਵਾਨਾ

### ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਹਰਭਜਨ ਸਿੰਘ ਈਟੀਓ ਨੇ ਦਿੱਤੀਆਂ ਸ਼ੁਭਕਾਮਨਾਵਾਂ



ਅੰਮ੍ਰਿਤਸਰ : ਸਰਕਾਰ ਵੱਲੋਂ ਸ਼ੁਰੂ ਕੀਤੀ ‘ਮੁੱਖ ਮੰਤਰੀ ਤੀਰਥ ਯਾਤਰਾ ਸਕੀਮ’ ਨੂੰ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਦਿਆਂ ਅੱਜ ਪਲੇਠੀ ਰੇਲ ਗੱਡੀ ਅੰਮ੍ਰਿਤਸਰ ਤੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਲਈ ਰਵਾਨਾ ਹੋਈ। ਪਹਿਲੇ ਦਿਨ ਇਸ ਰੇਲ ਗੱਡੀ ਰਾਹੀਂ ਅੰਮ੍ਰਿਤਸਰ ਅਤੇ ਤਰਨ ਤਾਰਨ ਜ਼ਿਲ੍ਹੇ ਦੇ 344 ਯਾਤਰੀ ਰਵਾਨਾ ਹੋਏ ਹਨ, ਜਿਨ੍ਹਾਂ ਨੂੰ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਹਰਭਜਨ ਸਿੰਘ ਈਟੀਓ ਨੇ ਰੇਲਵੇ ਸਟੇਸ਼ਨ ਤੋਂ ਜੈਕਾਰਿਆਂ ਦੀ ਗੂੰਜ ਵਿੱਚ ਰਵਾਨਾ ਕੀਤਾ।

ਇਸ ਤੋਂ ਪਹਿਲਾਂ ਦੋਵਾਂ ਜ਼ਿਲ੍ਹਿਆਂ ਤੋਂ ਸ਼ਰਧਾਲੂਆਂ ਨੂੰ ਬੱਸਾਂ ਰਾਹੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਲਿਆਂਦਾ ਗਿਆ, ਜਿੱਥੇ ਉਨ੍ਹਾਂ ਨੂੰ ਸਵੇਰ ਦਾ ਖਾਣਾ, ਮੈਡੀਕਲ ਚੈੱਕਅੱਪ ਅਤੇ ਯਾਤਰਾ ’ਤੇ ਜਾਣ ਵਾਲਾ ਲੋੜੀਂਦਾ ਸਾਮਾਨ ਦਿੱਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਧਾਲੀਵਾਲ ਨੇ ਕਿਹਾ ਕਿ ਤਖ਼ਤ ਹਜ਼ੂਰ ਸਾਹਿਬ ਦੇ ਦਰਸ਼ਨਾਂ ਵਾਸਤੇ ‘ਮੁੱਖ ਮੰਤਰੀ ਤੀਰਥ ਯਾਤਰਾ ਸਕੀਮ’ ਤਹਿਤ ਯਾਤਰੂਆਂ ਦੀ ਪਹਿਲੀ ਰੇਲਗੱਡੀ ਰਵਾਨਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਦੇ ਸ਼ੁਰੂ ਹੋਣ ਨਾਲ ਪੰਜਾਬ ਵਾਸੀਆਂ ਨੂੰ ਦੇਸ਼ ਭਰ ਵਿੱਚ ਵੱਖ-ਵੱਖ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਜਾਣ ਵਾਸਤੇ ਸਫ਼ਰ ਦੀ ਸਹੂਲਤ ਮੁਫ਼ਤ ਮਿਲੇਗੀ। ਇਸ ਸਕੀਮ ਅਧੀਨ ਤਖ਼ਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਤੋਂ ਇਲਾਵਾ ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ), ਵਾਰਾਨਸੀ ਮੰਦਿਰ, ਅਯੁੱਧਿਆ ਅਤੇ ਵਰਿੰਦਾਵਨ ਧਾਮ (ਉੱਤਰ ਪ੍ਰਦੇਸ਼), ਸ੍ਰੀ ਅਜਮੇਰ ਸ਼ਰੀਫ਼ (ਰਾਜਸਥਾਨ) ਦੀ ਯਾਤਰਾ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਸਾਲਾਸਰ ਧਾਮ, ਮਾਤਾ ਚਿੰਤਪੁਰਨੀ, ਮਾਤਾ ਵੈਸ਼ਨੂੰ ਦੇਵੀ, ਮਾਤਾ ਜਵਾਲਾ ਜੀ ਆਦਿ ਅਸਥਾਨਾਂ ਦੀ ਯਾਤਰਾ ਕਰਵਾਈ ਜਾਵੇਗੀ। ਇਨ੍ਹਾਂ ਤੀਰਥ ਸਥਾਨਾਂ ਦੀ ਯਾਤਰਾਂ ਲਈ ਰੋਜ਼ਾਨਾ ਬੱਸਾਂ ਤੇ ਰੇਲ ਗੱਡੀਆਂ ਪੰਜਾਬ ਦੇ ਵੱਖ-ਵੱਖ ਹਲਕਿਆਂ ਤੋਂ ਜਾਣ ਦਾ ਪ੍ਰਬੰਧ ਕੀਤਾ ਗਿਆ ਹੈ।

ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਯਾਤਰੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਲੰਬੀ ਦੂਰੀ ਦੇ ਧਾਰਮਿਕ ਸਥਾਨਾਂ ਲਈ ਯਾਤਰਾ ਦਾ ਸਾਧਨ ਰੇਲ ਗੱਡੀ ਅਤੇ ਘੱਟ ਦੂਰੀ ਲਈ ਯਾਤਰਾ ਦਾ ਸਾਧਨ ਸੜਕ ਰਸਤੇ ਬੱਸਾਂ ਰਾਹੀਂ ਹੋਵੇਗਾ। ਉਨ੍ਹਾਂ ਦੱਸਿਆ ਕਿ ਰੇਲਵੇ ਨੂੰ ਹਦਾਇਤ ਕੀਤੀ ਗਈ ਹੈ ਕਿ ਹਰੇਕ ਰੇਲ ਗੱਡੀ ਦੇ ਡੱਬੇ ਵਿਚ ਯਾਤਰੀਆਂ ਲਈ ਕੀਰਤਨ ਦਾ ਪ੍ਰਬੰਧ ਕੀਤਾ ਜਾਵੇ। ਇਸ ਤੋਂ ਇਲਾਵਾ ਸਟੇਸ਼ਨ ’ਤੇ ਯਾਤਰੀਆਂ ਨੂੰ ਲਿਆਉਣ ਅਤੇ ਸ੍ਰੀ ਹਜ਼ੂਰ ਸਾਹਿਬ ਦੇ ਰੇਲਵੇ ਸਟੇਸ਼ਨ ਤੋਂ ਠਹਿਰਨ ਵਾਲੇ ਸਥਾਨ ਤੱਕ ਜਾਣ ਆਦਿ ਦਾ ਸਮੁੱਚਾ ਪ੍ਰਬੰਧ ਪੰਜਾਬ ਸਰਕਾਰ ਦਾ ਹੋਵੇਗਾ।

ਇਸ ਸਕੀਮ ਹੇਠ ਅੱਜ ਪਹਿਲੀ ਰੇਲ ਗੱਡੀ ਵਿੱਚ ਅੰਮ੍ਰਿਤਸਰ ਅਤੇ ਤਰਨ ਤਾਰਨ ਜ਼ਿਲ੍ਹੇ ਤੋਂ 344 ਯਾਤਰੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਗਏ ਹਨ। ਅੱਜ ਅੰਮ੍ਰਿਤਸਰ ਤੋਂ ਚੱਲ ਕੇ ਇਹ ਰੇਲ ਗੱਡੀ 29 ਨਵੰਬਰ ਨੂੰ ਸ਼ਾਮ ਵੇਲੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਪਹੁੰਚੇਗੀ ਅਤੇ ਉਥੇ ਦਰਸ਼ਨਾਂ ਤੋਂ ਬਾਅਦ ਵਾਪਸ 2 ਦਸੰਬਰ ਨੂੰ ਇਹ ਰੇਲ ਗੱਡੀ ਅੰਮ੍ਰਿਤਸਰ ਵਾਪਸ ਆਵੇਗੀ।

## ਅਸੀਂ ਕਿਸਾਨਾਂ ਦੇ ਵਿਰੋਧ ਦੇ ਤਰੀਕੇ ਨਾਲ ਪ੍ਰੇਸ਼ਾਨ ਹਾਂ, ਕਿਸਾਨਾਂ ਤੋਂ ਨਹੀ : ਭਗਵੰਤ ਮਾਨ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੇ ਪਹਿਲੇ ਦਿਨ ਮੁੱਖ ਮੰਤਰੀ ਨੇ ਆਉਣ ਵਾਲੇ ਦਿਨਾਂ ਵਿੱਚ ਸੂਬੇ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਵਰਤੋਂ ਕਰਨ ਦਾ ਐਲਾਨ ਕੀਤਾ ਹੈ। ਇਸ ਦੌਰਾਨ ਸੀਐਮ ਮਾਨ ਨੇ ਭਾਜਪਾ ‘ਤੇ ਪੰਜਾਬ ਤੋਂ ਨਾਰਾਜ਼ ਹੋਣ ਦਾ ਦੋਸ਼ ਵੀ ਲਗਾਇਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਸਾਨਾਂ ਨੂੰ ਕਿਹਾ ਕਿ ਉਹ ਉਨ੍ਹਾਂ ਦੇ ਵਿਰੋਧ ਦੇ ਖਿਲਾਫ ਹਨ, ਉਨ੍ਹਾਂ ਦੇ ਖਿਲਾਫ ਨਹੀਂ। ਇਸ ਦੇ ਨਾਲ ਹੀ ਸਦਨ ਵਿੱਚ ਦੋ ਧਨ ਬਿੱਲ ਵੀ ਪਾਸ ਕੀਤੇ ਗਏ ਹਨ।

ਸੀਐਮ ਭਗਵੰਤ ਮਾਨ ਨੇ ਵੀ ਕਿਸਾਨਾਂ ਨੂੰ ਜਵਾਬ ਦਿੱਤਾ ਕਿ ਅਸੀਂ ਧਰਨੇ ਦੇ ਖਿਲਾਫ ਨਹੀਂ, ਸਗੋਂ ਧਰਨੇ ਲਗਾਉਣ ਦੇ ਤਰੀਕੇ ਦੇ ਖਿਲਾਫ ਹਾਂ। ਇਸ ਕਾਰਨ ਆਮ ਲੋਕਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਯੂਨਾਈਟਿਡ ਕਿਸਾਨ ਮੋਰਚਾ ਨੇ ਖੇਤੀਬਾੜੀ ਮੰਤਰੀ ਗੁਰਮੀਤ ਖੁੱਡੀਆਂ ਨਾਲ ਮੀਟਿੰਗ ਕਰਕੇ ਮੁੱਖ ਮੰਤਰੀ ਦੇ ਬਿਆਨ ‘ਤੇ ਇਤਰਾਜ਼ ਜਤਾਇਆ ਸੀ।

ਭਗਵੰਤ ਮਾਨ ਨੇ ਕੇਂਦਰ ‘ਤੇ ਦੋਸ਼ ਲਾਉਂਦਿਆਂ ਕਿਹਾ ਕਿ ਭਾਜਪਾ ਪੰਜਾਬ ਵਿਰੋਧੀ ਚੱਲ ਰਹੀ ਹੈ। ਉਨ੍ਹਾਂ ਪੰਜਾਬ ਪ੍ਰਧਾਨ ਸੁਨੀਲ ਜਾਖੜ ‘ਤੇ ਚੁਟਕੀ ਲੈਂਦਿਆਂ ਕਿਹਾ ਕਿ ਉਹ ਉਨ੍ਹਾਂ ਤੋਂ ਸਵਾਲ ਪੁੱਛਣਾ ਚਾਹੁੰਦੇ ਹਨ, ਜੋ ਪਹਿਲਾਂ ਕਾਂਗਰਸ ‘ਚ ਸਨ ਅਤੇ ਹੁਣ ਪੰਜਾਬ ਭਾਜਪਾ ਦੇ ਪ੍ਰਧਾਨ ਹਨ ਅਤੇ ਭਾਜਪਾ ਪੰਜਾਬ ਨਾਲ ਅਜਿਹਾ ਕਿਉਂ ਕਰ ਰਹੀ ਹੈ। ਸੀਐਮ ਮਾਨ ਨੇ ਦੋਸ਼ ਲਾਇਆ ਕਿ ਜੇਕਰ ਭਾਜਪਾ ਦਾ ਰਾਹ ਹੈ ਤਾਂ ਉਹ ਸਾਨੂੰ ਲੋਕਾਂ ਤੋਂ ਦੂਰ ਕਰ ਦੇਵੇਗੀ। ਭਾਜਪਾ ਪੰਜਾਬ ਦਾ ਪੈਸਾ ਰੋਕ ਰਹੀ ਹੈ। ਜਦੋਂ ਅਸੀਂ ਕੋਲਾ ਲੈਣ ਗਏ ਤਾਂ ਇਹ ਸ੍ਰੀਲੰਕਾ ਤੋਂ ਲਿਆਇਆ ਗਿਆ।



# ਪੰਜਾਬ ਦੇ ਮੁੱਖ ਮੰਤਰੀ ਅਤੇ ਦਿੱਲੀ ਦੇ ਮੁੱਖ ਮੰਤਰੀ ਗੁਰਦੁਆਰਾ ਨਾਨਕਿਆਣਾ ਸਾਹਿਬ ਸੰਗਰੂਰ ਹੋਏ ਨਤਮਸਤਕ






ਸੰਗਰੂਰ : ਪੰਜਾਬ ਦੇ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਨੇ ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਗੁਰੂ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਗੁਰਦੁਆਰਾ ਨਾਨਕਿਆਣਾ ਸਾਹਿਬ, ਸੰਗਰੂਰ ਵਿਖੇ ਗੁਰੂ ਚਰਨਾਂ 'ਚ ਮੱਥਾ ਟੇਕਿਆ ਗੁਰੂ ਸਾਹਿਬ ਅੱਗੇ ਪੰਜਾਬ ਤੇ ਪੰਜਾਬੀਆਂ ਦੀ ਚੜ੍ਹਦੀਕਲਾ ਲਈ ਅਰਦਾਸ ਬੇਨਤੀਆਂ ਕੀਤੀਆਂ ਸਮੂਹ ਸੰਗਤ ਦੇ ਦਰਸ਼ਨ ਕੀਤੇ ਬਾਬਾ ਨਾਨਕ ਸਭਨਾਂ 'ਤੇ ਮੇਹਰ ਬਣਾਈ ਰੱਖੇ

## ਪੰਜਾਬ ਨੂੰ ਨਿਹੱਥਾ ਕਰਨ ਦੇ ਰਾਹ ਪਿਆ ਕੇਂਦਰ : ਭਗਵੰਤ ਮਾਨ

### ਸਦਨ ਵੱਲੋਂ ਸਰਬਸੰਮਤੀ ਨਾਲ ਦੋ ਮਨੀ ਬਿੱਲ ਪਾਸ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਇਜਲਾਸ ਦੇ ਪਹਿਲੇ ਦਿਨ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਨਿਸ਼ਾਨਾ ਸੇਧਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਗੈਰ ਭਾਜਪਾ ਸੂਬਿਆਂ ਅਤੇ ਖ਼ਾਸ ਕਰਕੇ ਸਰਹੱਦੀ ਸੂਬੇ ਪੰਜਾਬ ਨੂੰ ਹਰ ਮੁਹਾਜ਼ 'ਤੇ ਫ਼ੇਲ੍ਹ ਕਰਨ ਦੇ ਰਾਹ ਪਈ ਹੈ। ਉਨ੍ਹਾਂ ਕਿਹਾ ਕਿ ਸੂਬਿਆਂ ਨੂੰ ਨਿਹੱਥਾ ਕਰਨ ਲਈ ਕੇਂਦਰ ਇਨ੍ਹਾਂ ਤੋਂ ਆਰਥਿਕ ਤਾਕਤਾਂ ਖੋਹ ਰਿਹਾ ਹੈ। ਮੁੱਖ ਮੰਤਰੀ ਦਾ ਸਦਨ ਵਿੱਚ ਅੱਜ ਦਾ ਭਾਸ਼ਣ ਸੰਜਮੀ ਅਤੇ ਮੁੱਦਾ ਅਧਾਰਿਤ ਸੀ। ਉਨ੍ਹਾਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਪ੍ਰਤੀ ਆਪਣਾ ਸਨੇਹ ਵੀ ਦਿਖਾਇਆ ਅਤੇ ਮੁੱਖ ਵਿਰੋਧੀ ਧਿਰ ਕਾਂਗਰਸ ਨੂੰ ਸਾਰਥਿਕ ਆਲੋਚਨਾ ਦਾ ਸੱਦਾ ਦਿੱਤਾ। ਮੁੱਖ ਮੰਤਰੀ ਦੀ ਸਦਨ ਵਿੱਚ ਹਾਜ਼ਰੀ ਦੌਰਾਨ ਅੱਜ ਸਮੁੱਚਾ ਮਾਹੌਲ ਗੈਰਤਲਖ਼ੀ ਵਾਲਾ ਰਿਹਾ ਅਤੇ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦੇ ਆਪਸੀ ਸੁਰ ਵੀ ਮਿਲਦੇ ਨਜ਼ਰ ਆਏ। ਸ੍ਰੀ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਕੇਂਦਰੀ ਸੱਤਾ ਦਾ ਵੱਸ ਚੱਲੇ ਤਾਂ ਉਹ ਰਾਸ਼ਟਰੀ ਗੀਤ ਵਿੱਚੋਂ ਵੀ ਪੰਜਾਬ ਦਾ ਨਾਮ ਹਟਾ ਦੇਵੇ। ਉਨ੍ਹਾਂ 'ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਸੋਧ) ਬਿੱਲ 2023' ਉੱਤੇ ਚੱਲ ਰਹੀ ਬਹਿਸ ਵਿੱਚ ਹਿੱਸਾ ਲੈਂਦਿਆਂ ਕਿਹਾ ਕਿ ਪੰਜਾਬ ਨੂੰ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਆਰਡੀਐੱਫ਼ ਦਾ ਬਣਦਾ ਹਿੱਸਾ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਭਾਜਪਾ ਦੇ ਸੂਬਾਈ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਇਸ ਸਮੁੱਚੇ ਮਸਲੇ ਉੱਤੇ ਚੁੱਪ ਧਾਰੀ ਬੈਠੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਜੀਐੱਸਟੀ ਬਿੱਲ ਉਤਪਾਦਕ ਰਾਜ ਨੂੰ ਟੈਕਸ ਲਾਭ ਮਿਲਣੇ ਯਕੀਨੀ ਬਣਾਏਗਾ, ਜਿਸ ਨਾਲ ਸੂਬਾ ਆਪਣੇ ਸਰੋਤਾਂ ਦੀ ਵਰਤੋਂ ਵਸਤ ਨਿਰਮਾਣ ਲਈ ਕਰ ਸਕੇਗਾ। ਉਨ੍ਹਾਂ ਵੈਟ ਦੇ ਡਿਫਾਲਟਰਾਂ ਲਈ ਯਕਮੁਸ਼ਤ ਨਿਬੇੜਾ ਸਕੀਮ (ਓਟੀਐੱਸ) ਦੇ ਵੇਰਵੇ ਵੀ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਵਪਾਰੀਆਂ 'ਤੇ ਛਾਪੇ ਕਦੇ ਵੀ ਆਮਦਨ ਵਾਧੇ ਦਾ ਸਬੱਬ ਨਹੀਂ ਬਣ ਸਕਦੇ ਹਨ। ਪੰਜਾਬ ਵਿਧਾਨ ਸਭਾ ਦੇ ਇਜਲਾਸ ਦੇ ਪਹਿਲੇ ਦਿਨ ਸਦਨ ਨੇ ਸਰਬਸੰਮਤੀ ਨਾਲ 'ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਸੋਧ) ਬਿੱਲ 2023 ਅਤੇ 'ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧ) ਬਿੱਲ 2023 ਨੂੰ ਪਾਸ ਕਰ ਦਿੱਤਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਬਿੱਲ ਪੇਸ਼ ਕੀਤੇ ਜਿਨ੍ਹਾਂ 'ਤੇ ਵਿਰੋਧੀ ਧਿਰ ਦੇ ਵਿਧਾਇਕ ਅਵਤਾਰ ਸਿੰਘ ਜੂਨੀਅਰ ਨੇ ਆਪਣਾ ਇਤਰਾਜ਼ ਜਤਾਇਆ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕਈ ਵਿਭਾਗਾਂ ਮਾਲ, ਸਿਹਤ, ਖੇਤੀ, ਲੋਕ ਨਿਰਮਾਣ ਵਿਭਾਗ ਤੇ ਹੋਰ ਵਿਭਾਗਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰ ਰਹੀ ਹੈ। ਇਸ ਤਕਨੀਕ ਦੀ ਵਰਤੋਂ ਨਾਲ ਸੜਕਾਂ ਦੀ ਮੁਰੰਮਤ ਦੇ ਮਾਮਲੇ ਵਿੱਚ 163.26 ਕਰੋੜ ਰੁਪਏ ਦੀ ਬੱਚਤ ਹੋਈ ਅਤੇ 540 ਕਿਲੋਮੀਟਰ ਅਜਿਹੀਆਂ ਸੜਕਾਂ ਦਾ ਵੀ ਪਤਾ ਲੱਗਿਆ, ਜਿਹੜੀਆਂ ਹੋਂਦ ਵਿੱਚ ਹੀ ਨਹੀਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਗ਼ਾਇਬ ਸੜਕਾਂ ਦੀ ਜਾਂਚ ਕਰਾਈ ਜਾਵੇਗੀ।

## ਸਦਨ ਦਾ ਏਹ 'ਪ੍ਰਤਾਪ': ਮਿਲੇ ਸੁਰ ਮੇਰਾ ਤੁਮਹਾਰਾ.. !

### ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਆਗੂ ਦੇ ਬਦਲੇ ਸਿਆਸੀ ਅੰਦਾਜ਼; ਭਗਵੰਤ ਮਾਨ ਨੇ ਬਾਜਵਾ ਦੇ ਸ਼ਾਲ ਦੀ ਕੀਤੀ ਤਾਰੀਫ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਅੱਜ ਇਹ ਪਵਿੱਤਰ ਸਦਨ ਦਾ ਹੀ ਪ੍ਰਤਾਪ ਹੀ ਸਮਝੋ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਪ੍ਰਤਾਪ ਸਿੰਘ ਬਾਜਵਾ ਸਿਆਸੀ ਸੁਰ ਤੇ ਤਾਲ ਦੇ ਇੱਕੋ ਧਾਗੇ 'ਚ ਪਰੋਏ ਹੋਏ ਨਜ਼ਰ ਆਏ। ਦੋਹਾਂ ਸਿਖਰਲੇ ਆਗੂਆਂ ਨੇ ਇੱਕ ਦੂਸਰੇ ਪ੍ਰਤੀ ਸਾਫ਼ਗੋਈ ਦਿਖਾਈ। ਉਨ੍ਹਾਂ ਦਾ ਸਿਆਸੀ ਅੰਦਾਜ਼ ਅੱਜ ਬਦਲਿਆ ਬਦਲਿਆ ਨਜ਼ਰ ਆਇਆ। ਸਦਨ 'ਚ ਮੁੱਖ ਮੰਤਰੀ ਦਾ ਅੱਜ ਹਮਲਾਵਰ ਰੁਖ਼ ਗ਼ਾਇਬ ਸੀ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤੀ ਨਰਮ ਗੋਸ਼ਾ ਸੀ। ਅੱਜ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ ਪਹਿਲਾਂ ਦੀ ਤਰ੍ਹਾਂ ਸਦਨ ਵਿਚ ਆਹਮੋ ਸਾਹਮਣੇ ਬੈਠੇ ਸਨ ਪ੍ਰੰਤੂ ਨਜ਼ਰਾਂ ਵਿਚ ਕੋਈ ਟੇਢ ਨਜ਼ਰ ਨਹੀਂ ਆਇਆ।



ਮੁੱਖ ਮੰਤਰੀ ਨੇ ਆਪਣੇ ਭਾਸ਼ਣ 'ਚ ਉਚਾਣ ਦੀ ਗੱਲ ਕੀਤੀ ਜਿਸ ਦੇ ਬਦਲੇ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਫ਼ਰਾਖ਼ਦਿਲੀ ਦਿਖਾਈ। ਪਿਛਲੇ ਸਮੇਂ ਦੌਰਾਨ ਕੋਈ ਸੈਸ਼ਨ ਅਜਿਹਾ ਨਹੀਂ ਲੰਘਿਆ ਸੀ ਜਿਸ 'ਚ ਭਗਵੰਤ ਮਾਨ ਅਤੇ ਪ੍ਰਤਾਪ ਸਿੰਘ ਬਾਜਵਾ ਦਰਮਿਆਨ ਸਿਆਸੀ ਘੋਲ ਖੇਡ ਨਾ ਚੱਲਿਆ ਹੋਵੇ। ਅੱਜ ਸਦਨ 'ਚ ਸਿਫ਼ਰ ਕਾਲ ਦੌਰਾਨ ਉਸ ਮੌਕੇ ਥੋੜ੍ਹੀ ਨੋਕ-ਝੋਕ ਹੋਈ ਜਦੋਂ ਮੁੱਖ ਮੰਤਰੀ ਹਾਜ਼ਰ ਨਹੀਂ ਸਨ। ਸਪੀਕਰ ਕੁਲਤਾਰ ਸਿੰਘ ਸੰਧਵਾਂ ਵੀ ਅੱਜ ਖ਼ੁਸ਼ ਰੌਂਅ ਨਜ਼ਰ ਆਏ।

ਸਦਨ 'ਚੋਂ ਨਾਅਰੇਬਾਜ਼ੀ ਗ਼ਾਇਬ ਸੀ ਅਤੇ ਵਾਕਆਊਟ ਦੀ ਥਾਂ ਵਿਰੋਧੀ ਧਿਰ ਨੇ ਵੀ ਆਪਣੀ ਜ਼ਿੰਮੇਵਾਰ ਭੂਮਿਕਾ ਦਾ ਸਮੁੱਚੇ ਸਦਨ ਨੂੰ ਅਹਿਸਾਸ ਕਰਾਇਆ। ਸਿਆਸੀ ਹੁੱਝਾਂ ਦੀ ਥਾਂ ਇੱਕ ਦੂਸਰੇ ਪ੍ਰਤੀ ਲਿਆਕਤ ਝਲਕੀ। ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲਾਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਪ੍ਰਤੀ ਆਪਣਾ ਸਤਿਕਾਰ ਜ਼ਾਹਰ ਕੀਤਾ ਅਤੇ ਸੁਪਰੀਮ ਕੋਰਟ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਰਾਜਪਾਲ ਨਾਲ ਲੜਾਈ ਕੋਈ ਹਾਰ ਜਿੱਤ ਲਈ ਨਹੀਂ ਸੀ। ਮੁੱਖ ਮੰਤਰੀ ਨੇ ਬਾਜਵਾ ਨੂੰ ਮੁਖ਼ਾਤਬ ਹੁੰਦੇ ਕਿਹਾ ਕਿ ਅੱਜ ਤੁਹਾਡੀ ਸ਼ਾਲ ਫੱਬ ਰਹੀ ਹੈ ਅਤੇ ਤੁਹਾਡੇ ਵੱਲ ਕੈਮਰੇ ਦਾ ਮੂੰਹ ਕਿਉਂ ਨਹੀਂ ਕਰਾਂਗੇ।

ਮੁੱਖ ਮੰਤਰੀ ਕਿਹਾ ਕਿ ਕਾਂਗਰਸੀ ਰਾਜ ਭਾਗ ਦੌਰਾਨ ਜੋ ਘਾਟਾਂ ਵਾਧਾਂ ਰਹੀਆਂ ਹਨ, ਉਨ੍ਹਾਂ ਦੀ ਪੂਰਤੀ ਵੀ ਕਰਾਂਗੇ। ਕਾਂਗਰਸ ਚੋਂ ਕਈ ਆਗੂ ਉਨ੍ਹਾਂ ਦੀ ਪਾਰਟੀ ਵਿਚ ਆਏ ਹਨ ਅਤੇ ਕੋਈ ਬਦਲਾਖੋਰੀ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਕਾਦੀਆਂ ਹਲਕੇ ਵਿਚ ਵੀ ਆਮ ਆਦਮੀ ਕਲੀਨਿਕ ਬਣਾਵਾਂਗੇ। ਸਦਨ ਵਿਚ ਪੇਸ਼ ਬਿੱਲਾਂ ਦਾ ਸਰਬਸੰਮਤੀ ਨਾਲ ਪਾਸ ਹੋਣਾ ਵੀ ਇਸ ਦੀ ਪ੍ਰਤੱਖ ਮਿਸਾਲ ਬਣਿਆ। ਦੋਵੇਂ ਆਗੂ ਅੱਜ ਖਿੜੇ ਮੱਥੇ ਮਿਲੇ। ਮੁੱਖ ਮੰਤਰੀ ਨੇ ਭਾਜਪਾ ਨੂੰ ਰਗੜੇ ਲਾਏ ਪਰ ਕਾਂਗਰਸ ਅਤੇ ਸ਼ ?ਰੋਮਣੀ ਅਕਾਲੀ ਦਲ ਪ੍ਰਤੀ ਪੈਂਤੜਾ ਨਰਮ ਰਿਹਾ।

## ਵਿਧਾਨ ਸਭਾ ਚ ਹਰਜੋਤ ਬੈਂਸ ਨੇ ਪਰਗਟ ਸਿੰਘ ਨੂੰ 1158 ਭਰਤੀਆਂ ਦੇ ਮਾਮਲੇ ਚ ਘੇਰਿਆ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੌਰਾਨ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਾਂਗਰਸ ਸਰਕਾਰ ਸਮੇਂ ਸਿੱਖਿਆ ਮੰਤਰੀ ਰਹਿਣ ਵਾਲੇ ਪਰਗਟ ਸਿੰਘ 'ਤੇ ਤਿੱਖਾ ਨਿਸ਼ਾਨਾ ਵਿਨ੍ਹਿਆ। ਉਨ੍ਹਾਂ ਕਿਹਾ ਕਿ ਉਹ ਪਰਗਟ ਸਿੰਘ ਦੀ ਬਹੁਤ ਇੱਜ਼ਤ ਕਰਦੇ ਸਨ। ਪਰ ਨਵੰਬਰ 2021 ਦੌਰਾਨ ਜਦੋਂ ਕੋਡ ਆਫ਼ ਕੰਡਕਟ ਲਾਗੂ ਹੋਣ 'ਚ ਸਿਰਫ਼ ਕੁਝ ਕੁ ਘੰਟੇ ਹੀ ਰਹਿ ਗਏ ਸਨ, ਉਸ ਸਮੇਂ ਪਰਗਟ ਸਿੰਘ ਤੇ ਕਾਂਗਰਸ ਦੀ ਸਰਕਾਰ ਨੇ 1158 ਅਸਿਸਟੈਂਟ ਪ੍ਰੋਫੈਸਰਾਂ ਦੀ ਭਰਤੀ ਖ਼ੋਲ੍ਹਣ ਦਾ ਐਲਾਨ ਕਰ ਦਿੱਤਾ ਸੀ। ਇਸ 'ਤੇ ਜਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਵੀ ਕਹਿ ਦਿੱਤਾ ਸੀ ਕਿ ਇਹ ਭਰਤੀ ਗ਼ਲਤ ਤਰੀਕੇ ਨਾਲ ਕੀਤੀ ਜਾ ਰਹੀ ਹੈ ਤੇ ਕਦੇ ਵੀ ਪੂਰੀ ਨਹੀਂ ਹੋ ਸਕਦੀ, ਇਸ ਦੇ ਬਾਵਜੂਦ ਸਿਰਫ਼ ਰਾਜਨੀਤਿਕ ਲਾਭ ਲੈਣ ਲਈ ਕਰੀਬ 1,200 ਦੇ ਕਰੀਬ ਲੋਕਾਂ ਦਾ ਭਵਿੱਖ ਖ਼ਰਾਬ ਕਰ ਦਿੱਤਾ। ਇਸ ਦੌਰਾਨ ਉਨ੍ਹਾਂ ਨੇ ਜੁਲਾਈ 2022 'ਚ ਹਾਈਕੋਰਟ ਦੇ ਜੱਜ ਵੱਲੋਂ ਆਇਆ ਫ਼ੈਸਲਾ ਵੀ ਸੁਣਾਇਆ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਮੈਨੂੰ ਪਤਾ ਹੈ ਕਿ ਇਸ ਫ਼ੈਸਲੇ ਨਾਲ ਲੋਕਾਂ ਦੇ ਭਵਿੱਖ ਖ਼ਰਾਬ ਹੋਣਗੇ, ਇਸ ਦੇ ਬਾਵਜੂਦ ਗ਼ੈਰ-ਕਾਨੂੰਨੀ ਹੋਣ ਕਾਰਨ ਮੈਂ ਇਸ ਭਰਤੀ ਨੂੰ ਪੂਰਾ ਨਹੀਂ ਕਰ ਸਕਦਾ।



ਇਸ ਤੋਂ ਪਹਿਲਾਂ ਹਰਜੋਤ ਬੈਂਸ ਨੇ ਰੇਤ ਮਾਫੀਆ ਬਾਰੇ ਬੋਲਦਿਆਂ ਵੀ ਕਿਹਾ ਕਿ ਰੇਤ ਮਾਫੀਆ ਦੇ ਵੱਡੇ ਸਰਗਣੇ ਰਾਕੇਸ਼ ਚੌਧਰੀ ਨੂੰ ਵੀ ਆਮ ਆਦਮੀ ਪਾਰਟੀ ਦੀ ਸਰਕਾਰ 'ਚ ਮਾਈਨਿੰਗ ਮੰਤਰੀ ਦੇ ਅਹੁਦੇ 'ਤੇ ਰਹਿ ਕੇ ਹਰਜੋਤ ਬੈਂਸ ਨੇ ਹੀ ਗ੍ਰਿਫ਼ਤਾਰ ਕਰਵਾਇਆ ਸੀ, ਜਦਕਿ ਅਕਾਲੀ ਦਲ ਦੇ ਇਕ ਆਗੂ ਨੂੰ ਵੀ ਜ਼ਮੀਨ ਦੇ ਘਪਲੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ।

## ਭਾਈ ਮਰਦਾਨਾ ਦੇ ਅਕਾਲ ਚਲਾਣਾ ਦਿਵਸ ਮੌਕੇ ਸਮਾਗਮ



ਅੰਮ੍ਰਿਤਸਰ : ਗੁਰੂ ਨਾਨਕ ਦੇਵ ਜੀ ਦੇ ਸਾਥੀ ਰਹੇ ਭਾਈ ਮਰਦਾਨਾ ਦਾ ਅਕਾਲ ਚਲਾਣਾ ਦਿਵਸ ਅੱਜ ਸ਼ ?ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਮਨਾਇਆ ਗਿਆ। ਇਸ ਮੌਕੇ ਅਖੰਡ ਪਾਠ ਦੇ ਭੋਗ ਪਾਏ ਜਾਣ ਮਗਰੋਂ ਹਜ਼ੂਰੀ ਰਾਗੀ ਜਥੇ ਨੇ ਤੰਤੀ ਸਾਜ਼ਾਂ ਨਾਲ ਕੀਰਤਨ ਕੀਤਾ। ਅਰਦਾਸ ਭਾਈ ਪ੍ਰਗਟ ਸਿੰਘ ਨੇ ਕੀਤੀ। ਹੁਕਮਨਾਮੇ ਮਗਰੋਂ ਭਾਈ ਸਤਵੰਤ ਸਿੰਘ ਕਥਾਵਾਚਕ ਨੇ ਭਾਈ ਮਰਦਾਨਾ ਦੇ ਜੀਵਨ ਬਾਰੇ ਸੰਗਤ ਨੂੰ ਜਾਣੂ ਕਰਵਾਉਂਦਿਆਂ ਕਿਹਾ ਕਿ ਭਾਈ ਮਰਦਾਨਾ ਜੀ ਗੁਰੂ ਘਰ ਦੇ ਪਹਿਲੇ ਰਬਾਬੀ ਕੀਰਤਨੀਏ ਸਨ, ਜਿਨ੍ਹਾਂ ਨੂੰ ਲੰਮਾ ਸਮਾਂ ਗੁਰੂ ਨਾਨਕ ਦੇਵ ਜੀ ਦਾ ਸਾਥ ਪ੍ਰਾਪਤ ਹੋਇਆ। ਭਾਈ ਮਰਦਾਨਾ ਨੇ ਸਬਰ, ਸਿਦਕ ਤੇ ਭਰੋਸੇ ਨਾਲ ਗੁਰੂ ਸਾਹਿਬ ਦੀ ਸੇਵਾ ਕੀਤੀ। ਉਨ੍ਹਾਂ ਦੇ ਜੀਵਨ ਤੋਂ ਸੰਗਤ ਨੂੰ ਸੇਧ ਲੈਣੀ ਚਾਹੀਦੀ ਹੈ। ਸਮਾਗਮ 'ਚ ਵਿਸ਼ਵ ਰਬਾਬੀ ਭਾਈ ਮਰਦਾਨਾ ਜੀ ਵੈਲਫੇਅਰ ਸੁਸਾਇਟੀ ਪੰਜਾਬ ਦੇ ਨੁਮਾਇੰਦੇ ਵੀ ਸ਼ਾਮਲ ਹੋਣ ਲਈ ਪੁੱਜੇ ਹੋਏ ਸਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਪਰਮਜੀਤ ਸਿੰਘ ਸਰੋਆ, ਕੁਲਵਿੰਦਰ ਸਿੰਘ ਰਮਦਾਸ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਰਜਿੰਦਰ ਸਿੰਘ ਬਿੱਟੂ ਤੇ ਹੋਰ ਹਾਜ਼ਰ ਸਨ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹ ਰਿਹਾ ਨਵਾਂ ਦ.ਫਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪੋ੍ਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

## ਸੀਸ ਗੰਜ ਸਾਹਿਬ ਦਿੱਲੀ ਵਿਚ ਉਸ ਇਤਿਹਾਸਕ ਦਰਖ਼ਤ ਦੇ ਤਨੇ ਦਾ ਹਿੱਸਾ ਜਿਸ ਦੇ ਥੱਲੇ ਗੁਰੂ ਤੇਗ ਬਹਾਦੁਰ ਸਾਹਿਬ ਨੂੰ ਸ਼ਹੀਦ ਕੀਤਾ ਗਿਆ



ਕੋਈ ਸੁਝਾਅ ਦੇ ਸਕਦਾ ਹੈ ਜੇਕਰ ਇਸ ਇਤਿਹਾਸਕ ਰੁੱਖ ਨੂੰ ਡੰਡੀ ਤੋਂ ਮੁੜ ਬਹਾਲ ਕੀਤਾ ਜਾ ਸਕਦਾ ਹੈ। ਬੋਧ ਗਯਾ ਦਾ ਪੁਰਾਤਨ ਬੋਧੀ ਰੁੱਖ ਸੜ ਗਿਆ ਸੀ ਪਰ ਇਸ ਦੇ ਬੀਜ ਤੋਂ ਦੁਬਾਰਾ ਬੀਜਿਆ ਗਿਆ ਸੀ। ਕੀ ਅਸੀਂ ਇਸ ਬਾਰੇ ਕੁਝ ਕਰ ਸਕਦੇ ਹਾਂ।

# ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਭਾਈਚਾਰੇ ਨੂੰ ਦਿੱਤੀ ਵਧਾਈ

ਓਟਾਵਾ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦੇਸ਼ ਅਤੇ ਦੁਨੀਆ ਭਰ ਦੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਵਧਾਈ ਦਿੱਤੀ। ਟਰੂਡੋ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀਆਂ ਬਰਾਬਰਤਾ, ਏਕਤਾ, ਨਿਰਸਵਾਰਥਤਾ ਅਤੇ ਦਇਆ ਦੀਆਂ ਸਿੱਖਿਆਵਾਂ ਸਾਰੇ ਦੇਸ਼ ਵਾਸੀਆਂ ਲਈ ਸਾਰਿਆਂ ਲਈ ਬਿਹਤਰ ਭਵਿੱਖ ਬਣਾਉਣ ਲਈ ਪ੍ਰੇਰਨਾ ਸਰੋਤ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਇਕ ਬਿਆਨ ਵਿਚ ਕਿਹਾ, "ਕੈਨੇਡਾ ਦੇ ਸਾਰੇ ਲੋਕਾਂ ਦੀ ਤਰਫ਼ੋਂ, ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣ ਵਾਲੇ ਸਾਰੇ ਲੋਕਾਂ ਨੂੰ ਮੇਰੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ



ਪ੍ਰਕਾਸ਼ ਪੁਰਬ ਮੌਕੇ ਦੇਸ਼ ਭਰ ਦੇ ਗੁਰਦੁਆਰਿਆਂ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਮੱਥਾ ਟੇਕਣ ਲਈ ਪੁੱਜੀਆਂ। ਜਸਟਿਨ ਟਰੂਡੋ ਨੇ ਅੱਗਾ ਕਿਹਾ ਇਸ ਮਹੱਤਵਪੂਰਨ ਮੌਕੇ 'ਤੇ, ਪਰਿਵਾਰ ਅਤੇ ਦੋਸਤ ਗੁਰੂ ਨਾਨਕ ਦੇਵ ਜੀ ਦੀਆਂ ਸਮਾਨਤਾ ਦੀਆਂ ਸਿੱਖਿਆਵਾਂ ਅਤੇ ਏਕਤਾ, ਨਿਰਸਵਾਰਥਤਾ ਅਤੇ ਹਮਦਰਦੀ ਦੀਆਂ ਕਦਰਾਂ-ਕੀਮਤਾਂ 'ਤੇ ਵਿਚਾਰ ਕਰਨ ਲਈ ਇਕੱਠੇ ਹੋਣਗੇ, ਜਿਨ੍ਹਾਂ ਨੂੰ ਉਨ੍ਹਾਂ ਨੇ ਬਰਕਰਾਰ ਰੱਖਿਆ। ਇਹ ਮਹੱਤਵਪੂਰਨ ਕਦਰਾਂ-ਕੀਮਤਾਂ ਅੱਜ ਵੀ ਸਿੱਖ ਕੈਨੇਡੀਅਨਾਂ ਨੂੰ ਸੇਧ ਦਿੰਦੀਆਂ ਹਨ, ਕਿਉਂਕਿ ਅਸੀਂ ਸਾਰਿਆਂ ਲਈ ਬਿਹਤਰ ਭਵਿੱਖ ਬਣਾਉਣ ਲਈ ਯਤਨਸ਼ੀਲ ਹਾਂ। ਕੈਨੇਡਾ ਨੂੰ ਸਿੱਖ ਭਾਈਚਾਰਿਆਂ ਲਈ ਦੁਨੀਆ ਦੇ ਸਭ ਤੋਂ ਵੱਡੇ ਘਰਾਂ ਵਿਚੋਂ ਇਕ ਦੱਸਦਿਆਂ ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਾਡੇ ਸਾਰਿਆਂ ਲਈ ਕੈਨੇਡਾ ਦੇ ਸੱਭਿਆਚਾਰ, ਭਾਈਚਾਰੇ ਅਤੇ ਆਰਥਿਕਤਾ ਵਿਚ ਸਿੱਖ ਲੋਕਾਂ ਦੇ ਬਹੁਤ ਸਾਰੇ ਯੋਗਦਾਨ ਨੂੰ ਚਿੰਨ੍ਹ ਕਰਨ ਦਾ ਇਕ ਮੌਕਾ ਹੈ, ਜੋ ਸਾਡੇ ਦੇਸ਼ ਨੂੰ ਮਜ਼ਬੂਤ ਅਤੇ ਵਧੇਰੇ ਜੀਵੰਤ ਬਣਾਉਂਦੇ ਹਨ।

# ਕੈਨੇਡਾ 'ਚ ਪੱਕੇ 70 ਹਜ਼ਾਰ ਪ੍ਰਵਾਸੀਆਂ ਨੂੰ ਨਹੀਂ ਮਿਲੇ ਪੀ.ਆਰ.ਕਾਰਡ

ਟੋਰਾਂਟੋ : ਕੈਨੇਡਾ ਵਿਚ ਕਈ ਸਾਲ ਬਤੀਤ ਕਰਨ ਮਗਰੋਂ ਵੱਡੀ ਗਿਣਤੀ ਵਿਚ ਪ੍ਰਵਾਸੀ ਪੱਕੇ ਤਾਂ ਹੋ ਰਹੇ ਹਨ ਪਰ 70 ਹਜ਼ਾਰ ਤੋਂ ਵੱਧ ਮੁਲਕ ਤੋਂ ਬਾਹਰ ਜਾਣ ਬਾਰੇ ਸੋਚ ਵੀ ਨਹੀਂ ਸਕਦੇ। ਜੀ ਹਾਂ, ਪਰਮਾਨੈਂਟ ਰੈਜ਼ੀਡੈਂਸ ਦੀ ਸਿਧਾਂਤਕ ਪ੍ਰਵਾਨਗੀ ਤੋਂ ਬਾਅਦ ਕਈ ਪ੍ਰਵਾਸੀਆਂ ਨੂੰ ਪੀ.ਆਰ. ਕਾਰਡ ਦੀ ਉਡੀਕ ਕਰਦਿਆਂ ਅੱਠ ਮਹੀਨੇ ਤੋਂ ਵੱਧ ਹੋ ਚੁੱਕੇ ਹਨ ਪਰ ਇਹ ਉਡੀਕ ਖਤਮ ਹੁੰਦੀ ਨਜ਼ਰ ਨਹੀਂ ਆਉਂਦੀ। 'ਟੋਰਾਂਟੋ ਸਟਾਰ' ਦੀ ਰਿਪੋਰਟ ਮੁਤਾਬਕ ਅਹਿਮਦ ਓਮਰ ਨੂੰ ਅੱਠ ਸਾਲ ਬਾਅਦ ਕੈਨੇਡਾ ਵਿਚ ਪੱਕਾ ਹੋਣ ਦਾ ਮੌਕਾ ਮਿਲਿਆ ਅਤੇ ਉਸ ਵਾਸਤੇ ਸੁਪਨਾ ਸੱਚ ਹੋਣ ਵਾਂਗ ਸੀ ਪਰ ਦੂਜੇ ਪਾਸੇ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਉਸ ਦਾ ਪੀ.ਆਰ. ਕਾਰਡ ਨਹੀਂ ਭੇਜਿਆ ਗਿਆ। ਬਗੈਰ ਕਾਰਡ ਤੋਂ




ਉਹ ਆਪਣੇ ਜੱਦੀ ਮੁਲਕ ਨਹੀਂ ਜਾ ਸਕਦਾ ਅਤੇ ਪੱਕਾ ਹੋਣ ਤੋਂ ਬਾਅਦ ਵੀ ਮਨ ਦੀਆਂ ਰੀਝਾਂ ਅਧਵਾਟੇ ਲਟਕਦੀਆਂ ਮਹਿਸੂਸ ਹੋ ਰਹੀਆਂ ਹਨ। ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਵਿਭਾਗ ਵੱਲੋਂ ਪੀ.ਆਰ ਕਾਰਡ ਜਾਰੀ ਕਰਨ ਦਾ ਔਸਤ ਸਮਾਂ 68 ਦਿਨ ਦੱਸਿਆ ਜਾ ਰਿਹਾ ਹੈ ਜਦਕਿ ਅਹਿਮਦ ਓਮਰ ਵਰਗੇ ਪ੍ਰਵਾਸੀ ਕਈ ਕਈ ਮਹੀਨੇ ਤੋਂ ਉਡੀਕ ਕਰ ਰਹੇ ਹਨ।

# ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਗੁਰਪੁਰਬ ਮੌਕੇ ਕੀਤਾ ਆਪਣੇ ਪੰਜਾਬੀ ਵਿਰਸੇ ਦਾ ਜ਼ਿਕਰ

ਲੰਡਨ : ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸੋਮਵਾਰ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਆਪਣੇ ਦਫਤਰ '10 ਡਾਊਨਿੰਗ ਸਟਰੀਟ' ਤੋਂ ਜਾਰੀ ਸੰਦੇਸ਼ 'ਚ ਪੰਜਾਬੀ ਭਾਰਤੀ ਵਿਰਸੇ ਦਾ ਜ਼ਿਕਰ ਕੀਤਾ। ਸੁਨਕ (43) ਦਾ ਜਨਮ ਬਰਤਾਨੀਆ ਵਿਚ ਪੂਰਬੀ ਅਫ਼ਰੀਕਾ ਤੋਂ ਇਕ ਹਿੰਦੂ ਪੰਜਾਬੀ ਪਰਿਵਾਰ ਵਿਚ ਹੋਇਆ ਸੀ। ਉਸ ਦੇ ਦਾਦਾ-ਦਾਦੀ ਦਾ ਸਬੰਧ ਲੁਧਿਆਣਾ ਅਤੇ ਵੰਡ ਤੋਂ ਪਹਿਲਾਂ ਅਜੋਕੇ ਪਾਕਿਸਤਾਨ ਵਿਚ ਗੁਜਰਾਂਵਾਲਾ ਨਾਲ ਸੀ। ਰਿਸ਼ੀ ਸੁਨਕ ਨੇ ਆਪਣੀਆਂ ਸ਼ੁਭਕਾਮਨਾਵਾਂ ਵਿਚ ਬਰਤਾਨੀਆ ਵਿਚ ਬ੍ਰਿਟਿਸ਼ ਸਿੱਖਾਂ ਦੇ ਅਥਾਹ ਯੋਗਦਾਨ ਨੂੰ 'ਮਾਣ ਅਤੇ ਪ੍ਰੇਰਨਾ ਦਾ ਸਰੋਤ' ਦੱਸਿਆ। ਸੁਨਕ ਨੇ ਕਿਹਾ, 'ਮੈਨੂੰ ਬਰਤਾਨੀਆ, ਭਾਰਤ ਅਤੇ ਦੁਨੀਆ ਭਰ ਦੇ ਸਿੱਖਾਂ ਨੂੰ ਗੁਰਪੁਰਬ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ। ਅੱਜ ਅਸੀਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 554ਵਾਂ ਪ੍ਰਕਾਸ਼ ਪੁਰਬ ਮਨਾ ਰਹੇ ਹਾਂ। ਪੰਜਾਬੀ ਭਾਰਤੀ ਵਿਰਾਸਤ ਦੇ ਵਿਅਕਤੀ ਹੋਣ ਦੇ ਨਾਤੇ, ਇਹ ਦਿਨ ਮੇਰੇ ਲਈ ਖਾਸ ਤੌਰ 'ਤੇ ਪਿਆਰਾ ਹੈ।'






# ਗੁਰੂ ਨਾਨਕ ਸਾਹਿਬ ਦੇ 554ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਮੁਖੀ ਬੁੱਢਾ ਦਲ ਦੀ ਅਗਵਾਈ ਵਿੱਚ ਸਮੂਹ ਨਿਹੰਗ ਸਿੰਘ ਦਲਾਂ ਨੇ ਖਾਲਸਾਈ ਜਾਹੋ ਜਲਾਲ ਨਾਲ ਮਹੱਲਾ ਕੱਢਿਆ

*• ਹਾਥੀ, ਘੋੜੇ ਊਠ ਨਿਹੰਗ ਸਿੰਘਾਂ ਦੇ ਕਾਫਲੇ 'ਚ ਸ਼ਾਮਲ • ਫੌਜੀ ਬੈਂਡ ਵਾਜਿਆਂ, ਢੋਲ ਨਗਾਰਿਆਂ ਤੇ ਨਰਸਿੰਙਿਆਂ ਨੇ ਲੋਕਾਂ ਦਾ ਧਿਆਨ ਖਿੱਚਿਆ*



ਸੁਲਤਾਨਪੁਰ ਲੋਧੀ : ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਸਮ ਪਾਤਸ਼ਾਹ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਇਤਿਹਾਸਕ ਨਿਸ਼ਾਨ ਨਿਗਾਰਿਆਂ ਦੀ ਛਤਰ ਛਾਇਆ ਹੇਠ ਅਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਚੱਕ੍ਰਵਰਤੀ ਦੇ 14ਵੇਂ ਮੁਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਸਾਂਈ ਬਾਬਾ ਗਾਜ਼ੀ ਜ਼ਿੰਦਾ ਪੀਰ ਵਿਖੇ ਮਹੱਲੇ ਦੀ ਆਰੰਭਤਾ ਹੋਈ। ਇਸ ਤੋਂ ਪਹਿਲਾਂ ਛਾਉਣੀ ਬੁੱਢਾ ਦਲ ਸਾਂਈ ਬਾਬਾ ਗਾਜ਼ੀ ਜ਼ਿੰਦਾ ਪੀਰ ਵਿਖੇ ਆਖੰਡ ਪਾਠਾਂ ਦੇ ਭੋਗ ਨਿਹੰਗ ਸਿੰਘਾਂ ਦੀ ਚਲੀ ਆਉਂਦੀ ਮਰਿਯਾਦਾ ਅਨੁਸਾਰ ਪਾਏ ਗਏ। ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ ਨੇ ਗੁਰਬਾਣੀ ਦਾ ਮਨੋਰਥ ਕੀਰਤਨ ਕੀਤਾ। ਭਾਈ ਸੁਖਜੀਤ ਸਿੰਘ ਕਨੱਈਆ ਨੇ ਕਥਾ ਵਖਿਆਨ ਰਾਹੀ ਹਾਜ਼ਰੀ ਲਵਾਈ।

ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਮਹੱਲੇ ਦੀ ਅਰੰਭਤਾ ਸਬੰਧੀ ਅਰਦਾਸ ਕੀਤੀ ਤੇ ਸਾਰੀਆਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਵੱਖ-ਵੱਖ ਨਿਹੰਗ ਸਿੰਘ ਦਲਾਂ ਦੇ ਮੁਖੀ ਸਾਹਿਬਾਨ ਨੂੰ ਸਨਮਾਨਿਤ ਕੀਤਾ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਗਤ-ਜਲੰਦੇ ਨੂੰ ਤਾਰਨ ਲਈ ਸੰਸਾਰ 'ਤੇ ਪ੍ਰਕਾਸ਼ਮਾਨ ਹੋਣਾ ਸਮੁੱਚੀ ਮਨੁੱਖਤਾ ਲਈ ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਖੇਤਰ ਵਿਚ ਵਡਮੁੱਲੀ ਅਗਵਾਈ ਦੇਣ ਵਾਲਾ ਹੈ। ਗੁਰੂ ਜੀ ਨੇ ਮਨੁੱਖ ਅੰਦਰੋਂ ਕੂੜ ਦੀ ਕੰਧ ਢਾਹ ਕੇ ਸੱਚ ਦਾ ਸੰਚਾਰ ਕਰਨ ਲਈ ਵਡਮੁੱਲੇ ਸਿਧਾਂਤ ਪੇਸ਼ ਕੀਤੇ। ਸਤਿਗੁਰ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਸੁਖਦ ਤੇ ਅਨੰਦਮਈ ਜੀਵਨ ਜਿਉਣ ਦੀ ਸੇਧ ਮਿਲਦੀ ਹੈ। ਉਨ੍ਹਾਂ ਕਿਹਾ 'ਜਗਤੁ ਗੁਰੁ ਬਾਬਾ' ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮਨੁੱਖਤਾ ਨੂੰ ਆਪਣੇ ਅੰਦਰੋਂ ਝੂਠ, ਬੇਈਮਾਨੀ, ਕੂੜ-ਕੁਸੱਤ ਜਿਹੀਆਂ ਬੁਰਾਈਆਂ ਦਾ ਤਿਆਗ ਕਰਕੇ ਸੱਚ-ਆਚਾਰ ਦੇ ਧਾਰਨੀ ਬਣਨਾ ਚਾਹੀਦਾ ਹੈ। ਗੁਰੂ ਨਾਨਕ ਸਾਹਿਬ ਵੱਲੋਂ ਸਿਰਜਿਆ ਸਮਾਜ ਉਨ੍ਹਾਂ ਦੇ ਗੁਰਬਾਣੀ ਫਲਸਫੇ ਤੋਂ ਭਲੀਭਾਂਤ ਪ੍ਰਗਟ ਹੁੰਦਾ ਹੈ। ਅਜੋਕੇ ਸਮੇਂ ਵਿਸ਼ਾਲ ਪੱਧਰ ਤੇ ਮਾਨਵ ਜੀਵਨ ਦੀ ਅੰਮ੍ਰਿਤ ਰੂਪੀ ਕਟੋਰੀ ਵਿੱਚ ਜੋ ਨਿਜਵਾਦ, ਨਿਜਲ਼ਾਭ, ਵੱਖਵਾਦ, ਨਸਲਵਾਦ, ਹੰਕਾਰਵਾਦ ਦਾ ਜ਼ਹਿਰ ਘੁਲ ਰਿਹਾ ਹੈ, ਉਸ ਦਾ ਮੁੱਖ ਕਾਰਨ ਅਸੀਂ ਗੁਰੂ ਨਾਨਕ ਸਾਹਿਬ ਦੇ ਸਭਿਆਚਾਰਕ ਕੀਮਤਾਂ ਨਾਲੋਂ ਟੁੱਟ ਰਹੇ ਹਾਂ। ਸਾਨੂੰ ਗੁਰੂ ਮਹਾਰਾਜ ਦੀ ਬਾਣੀ ਨੂੰ ਸਮਝਣਾ ਚਾਹੀਦਾ ਹੈ ਤੇ ਉਸੇ ਅਨੁਸਾਰ ਆਪਣੀ ਜੀਵਨ ਜੁਕਤ ਨੂੰ ਢਾਲਦੇ ਹੋਏ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣ ਦੇ ਫਲਸਫੇ ਨੂੰ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਲ੍ਹਾਂ ਅੰਦਰ ਸਜਾ ਪੂਰੀ ਕਰ ਚੁਕੇ ਬੰਦੀ ਸਿੰਘਾਂ ਨੂੰ ਸਰਕਾਰਾ ਵੱਲੋਂ ਰਿਹਾ ਨਾ ਕਰਨਾ ਬੇਇਨਸਾਫੀ ਹੈ।

ਬਾਬਾ ਨਾਗਰ ਸਿੰਘ ਹਰੀਆਂ ਵੇਲਾਂ ਨੇ ਕਿਹਾ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਦਲਾਂ ਵਲੋਂ ਰਲ ਕੇ ਮਹੱਲਾ ਕੱਢਿਆ ਜਾ ਰਿਹਾ ਹੈ। ਬੁੱਢਾ ਦਲ ਗੁਰੂ ਮਹਾਰਾਜ ਦੀਆਂ ਅਪਾਰ ਬਖਸ਼ਿਸ਼ਾਂ ਰਹੀਆਂ ਹਨ ਤਰਨਾ ਦਲ ਬੁੱਢਾ ਦਲ ਤੋਂ ਸਹਿਯੋਗ ਤੇ ਅਗਵਾਈ ਲੈ ਕੇ ਕੌਮ ਦੀ ਚੜਦੀ ਕਲਾ ਲਈ ਯੋਗ ਦਾਨ ਪਾਉਂਦੇ ਰਹੇ ਹਨ। ਹਰ ਮੋਰਚੇ ਤੇ ਨਿਹੰਗ ਸਿੰਘ ਅੱਗੇ ਹੋ ਕੇ ਕੁਰਬਾਨੀਆਂ ਦੇਂਦੇ ਰਹੇ ਹਨ। ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀਆਂ ਸਿਖਿਆਵਾਂ ਤੇ ਚੱਲਣ ਦੀ ਅਪੀਲ ਕੀਤੀ। ਬਾਬਾ ਜੋਗਾ ਸਿੰਘ ਮੁਖੀ ਤਰਨਾ ਦਲ ਬਾਬਾ ਬਕਾਲਾ ਅਤੇ ਬਾਬਾ ਅਵਤਾਰ ਸਿੰਘ ਮੁਖੀ ਤਰਨਾ ਦਲ ਸੰਪਰਦਾ ਬਿਧੀ ਚੰਦ ਨੇ ਪੂਰੇ ਖਾਲਸਾਈ ਜਾਹੋ ਜਲਾਲ ਨਾਲ ਮਹੱਲੇ 'ਚ ਸਮੂਲੀਅਤ ਕੀਤੀ ਉਪਰੰਤ ਮਹੱਲੇ ਦੀ ਆਰੰਭਤਾ ਹੋਈ।

ਮਹੱਲੇ ਵਿੱਚ ਨਿਹੰਗ ਸਿੰਘ ਦਲਾਂ ਦੇ ਮੁਖੀ ਤੇ ਵੱਡੀ ਗਿਣਤੀ ਵਿੱਚ ਨਿਹੰਗ ਸਿੰਘਾਂ ਨੇ ਤਿਆਰ ਬਰ ਤਿਆਰ ਸ਼ਸਤਰਧਾਰੀ ਹੋ ਕੇ ਸਮੂਲੀਅਤ ਕੀਤੀ। ਨਿਹੰਗ ਸਿੰਘਾਂ ਨੇ ਸੁੰਦਰ ਦੁਮਾਲਿਆਂ ਤੇ ਚੱਕ੍ਰ, ਖੰਡੇ, ਚੰਦ, ਗੁਰਜ, ਸ਼ਿੰਗਾਰ, ਬਾਗਨਖਾ ਸਜਾਈ, ਛੋਟੀਆਂ ਵੱਡੀਆਂ ਕਿਰਪਾਨਾਂ ਪਹਿਨੀ ਤੇ ਲੱਕ ਪਿਛੇ ਢਾਲਾਂ ਸਜਾਏ, ਹੱਥਾਂ ਵਿੱਚ ਨੇਜੇ, ਖੰਡੇ ਫੜੀ, ਨੀਲਿਆਂ ਕੇਸਰੀ ਬਾਣਿਆਂ ਵਿੱਚ ਜੰਗੀ ਮਾਹੌਲ ਦਾ ਦ੍ਰਿਸ਼ ਪੇਸ਼ ਕਰ ਰਹੇ ਸਨ। ਗੁਰਦੁਆਰਾ ਅਕਾਲ ਬੂੰਗਾ ਛਾਉਣੀ ਬੁੱਢਾ ਦਲ ਤੋਂ ਨਿਹੰਗ ਸਿੰਘਾਂ ਦਾ ਇੱਕ ਵਿਸ਼ਾਲ ਕਾਫਲਾ ਹਾਥੀਆਂ, ਊਠਾਂ, ਘੋੜਿਆਂ, ਗੱਡੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੈਦਲ ਯਾਤਰਾ ਕਰਦੇ ਨਿਹੰਗ ਸਿੰਘ ਗੁਰਦੁਆਰਾ ਬੇਰ ਸਾਹਿਬ, ਗੁਰਦੁਅਰਾ ਹੱਟ ਸਾਹਿਬ, ਮੱਹਲਾ ਕੱਦਗਰਾਂ, ਚੌਂਕ ਝਟਕੱਈਆਂ, ਸਦਰ ਬਜ਼ਾਰ ਰਾਹੀਂ ਮਹੱਲਾ ਰਿਸ਼ੀ ਨਗਰ ਚੌਂਕ ਚੇਲਿਆ ਵਾਲਾ, ਗੁਰਦੁਆਰਾ ਸ੍ਰੀ ਕੋਠੜੀ ਸਾਹਿਬ, ਗੁ: ਗੁਰੂ ਕਾ ਬਾਗ, ਐਸ.ਡੀ ਕਾਲਜ, ਮਹੱਲਾ ਹਕੀਮਾਂ, ਨਿਊ ਮਾਡਲ ਟਾਊਨ, ਸ਼ਹੀਦ ਊਧਮ ਸਿੰਘ ਚੌਂਕ, ਗੇਟ ਸੰਤ ਘਾਟ ਦਾਣਾ ਮੰਡੀ ਰਾਹੀਂ ਹੁੰਦਾ ਹੋਇਆ ਗੁਰਦੁਆਰਾ ਸੰਤ ਘਾਟ ਦੇ ਨਜ਼ਦੀਕ ਖੁਲ੍ਹੇ ਗਰਾਊਂਡ ਵਿਖੇ ਵਾਜਿਆਂ ਗਾਜਿਆਂ ਸਮੇਤ ਪੁੱਜਾ। ਘੋੜਿਆਂ ਦੀ ਦੌੜ ਤੇ ਨਿਹੰਗ ਸਿੰਘ ਦੇ ਜੰਗੀ ਕਰਤੱਵ ਦੇਖਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਹਾਜ਼ਰ ਸਨ। ਬੈਂਡ ਵਾਜਿਆਂ ਦੀਆਂ ਸੁੰਦਰ ਧੁੰਨਾਂ ਢੋਲ ਨਗਾਰਿਆਂ ਦੀਆਂ ਚੋਟਾਂ ਤੇ ਨਰਸਿੰਙੇ ਵਜਾਉਂਦੇ ਨਿਹੰਗ ਸਿੰਘ ਗਰਾਂਊਡ ਵਿੱਚ ਸ਼ਾਮਲ ਹੋਏ। ਉਪਰੰਤ ਨਿਹੰਗ ਸਿੰਘਾਂ ਨੇ ਗਤਕਾ, ਘੋੜ ਦੌੜ, ਨੇਜੇ ਨਾਲ ਕਿਲ੍ਹੇ ਪੁੱਟੇ ਅਤੇ ਇੱਕ ਤੋਂ ਦੋ, ਦੋ ਤੋਂ ਚਾਰ ਤੇ ਚਾਰ ਤੋਂ ਛੇ ਘੋੜਿਆਂ ਦੀ ਸਵਾਰੀ ਕਰਕੇ ਜੰਗੀ ਕਰਤੱਬ ਦਿਖਾਏ।

ਇਸ ਸਮੇਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96ਵੇਂ ਕਰੋੜੀ ਪੰਜਵਾਂ ਤਖ਼ਤ, ਤੋਂ ਇਲਾਵਾ ਜਥੇਦਾਰ ਬਾਬਾ ਜੋਗਾ ਸਿੰਘ ਸ਼ਹੀਦ ਮਿਸ਼ਲ ਬਾਬਾ ਦੀਪ ਸਿੰਘ ਤਰਨਾ ਦਲ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਜਥੇਦਾਰ ਦਲ ਪੰਥ ਬਿਧੀ ਚੰਦ ਸੁਰਸਿੰਘ, ਜਥੇਦਾਰ ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਹੁਸ਼ਿਆਰਪੁਰ ਵਲੋਂ ਬਾਬਾ ਨਾਗਰ ਸਿੰਘ, ਬਾਬਾ ਨੌਰੰਗ ਸਿੰਘ, ਰਾਜਸਭਾ ਦੇ ਮੈਂਬਰ ਬਾਬਾ ਬਲਬੀਰ ਸਿੰਘ ਸੀਚੇਵਾਲ, ਬਾਬਾ ਨੌਰੰਗ ਸਿੰਘ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਇੰਦਰਬੀਰ ਸਿੰਘ ਵਡਾਲਾ ਸਤਲਾਣੀ ਸਾਹਿਬ ਵਾਲੇ, ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ਼ ਬੁੱਢਾ ਦਲ ਅਮਰੀਕਾ, ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਬਾਬਾ ਵੱਸਣ ਸਿੰਘ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਸੁਖਜੀਤ ਸਿੰਘ ਕਨੱਈਆ, ਬਾਬਾ ਤਰਲੋਕ ਸਿੰਘ ਖਿਆਲਾ, ਬਾਬਾ ਬਲਦੇਵ ਸਿੰਘ ਮੁਸਤਰਾਬਾਦ, ਬਾਬਾ ਸਾਹਿਬ ਸਿੰਘ ਬਟਾਲਾ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਜਗਤਾਰ ਸਿੰਘ ਠੱਠੇ ਵਾਲੇ, ਬਾਬਾ ਢੂੰਡਾ ਸਿੰਘ ਮਿਸ਼ਲ ਭਾਈ ਬਚਿੱਤਰ ਸਿੰਘ, ਬਾਬਾ ਕੁਲਵਿੰਦਰ ਸਿੰਘ ਤਰਨਾ ਦਲ ਚਮਕੌਰ ਸਾਹਿਬ, ਬਾਬਾ ਛਿੰਦਾ ਸਿੰਘ ਭਿੱਖੀਵਿੰਡ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਸਰਵਣ ਸਿੰਘ ਮਝੈਲ, ਬਾਬਾ ਰਾਜਾਰਾਜ ਸਿੰਘ, ਬਾਬਾ ਰਣਯੋਧ ਸਿੰਘ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਗੁਰਸ਼ੇਰ ਸਿੰਘ, ਬਾਬਾ ਪਰਮਜੀਤ ਸਿੰਘ, ਬਾਬਾ ਬਲਦੇਵ ਸਿੰਘ ਪਟਿਆਲਾ, ਬਾਬਾ ਵਿਸ਼ਵਪ੍ਰਤਾਪ ਸਿੰਘ ਸਮਾਣਾ, ਬਾਬਾ ਸੁਖਵਿੰਦਰ ਸਿੰਘ ਮੋਰ, ਬਾਬਾ ਪ੍ਰੇਮ ਸਿੰਘ ਬਾਬਾ ਚਰਨ ਸਿੰਘ ਸੁਰਸਿੰਘ ਵਾਲੇ, ਸ੍ਰ. ਪਰਮਜੀਤ ਸਿੰਘ ਬਾਜਵਾ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਸ਼ੇਰ ਸਿੰਘ, ਬਾਬਾ ਬਾਊ ਸਿੰਘ, ਬਾਬਾ ਮਹਿਕ ਸਿੰਘ, ਬਾਬਾ ਬੂਟਾ ਸਿੰਘ, ਬਾਬਾ ਜਗਦੀਸ਼ ਸਿੰਘ, ਬਾਬਾ ਚਰਨ ਸਿੰਘ, ਬਾਬਾ ਸਤਿੰਦਰ ਸਿੰਘ, ਬਾਬਾ ਬਘੇਲ ਸਿੰਘ, ਬਾਬਾ ਨਿਹਾਲ ਸਿੰਘ, ਬਾਬਾ ਦਲੇਰ ਸਿੰਘ, ਬਾਬਾ ਕਰਮ ਸਿੰਘ, ਬਾਬਾ ਮੇਜਰ ਸਿੰਘ ਦਸ਼ਮੇਸ਼ ਤਰਨਾ ਦਲ ਲੁਧਿਆਣਾ, ਬਾਬਾ ਬਲਦੇਵ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਭਗਤ ਸਿੰਘ ਬਹਾਦਰਗੜ੍ਹ ਆਦਿ ਹਾਜ਼ਰ ਸਨ।

# ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਸ਼ਹੀਦੀ ਫਤਿਹ ਮਾਰਚ ਦਾ ਹੈਦਰਾਬਾਦ ਪੁੱਜਣ ਤੇ ਨਿੱਘਾ ਸੁਆਗਤ

## *ਸੰਗਤਾਂ ਨੇ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਸ਼ਸਤਰਾਂ ਦੇ ਕੀਤੇ ਦਰਸ਼ਨ*

ਹੈਦਰਾਬਾਦ/ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਪਾਸ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਨਿਸ਼ਾਨ ਨਿਗਾਰਿਆਂ, ਸ਼ਸਤਰਾਂ, ਬਸਤਰਾਂ ਅਤੇ ਹੁਕਮਨਾਮਿਆਂ ਦਾ ਖਜ਼ਾਨਾ ਹੈ ਜਿਸ ਦੇ ਦਰਸ਼ਨ ਕਰਵਾਉਣ ਅਤੇ ਗੁਰੂ ਦਾ ਸੰਦੇਸ਼ ਸੰਗਤਾਂ ਤੀਕ ਪੁਹੰਚਾਉਣ ਲਈ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਪਿਛਲੇ ਦੋ ਹਫਤਿਆਂ ਤੋਂ ਅਕਾਲੀ ਬਾਬਾ ਫੂਲਾ ਸਿੰਘ ਫਤਿਹ ਮਾਰਚ ਲੈ ਕੇ ਧਰਮ ਪ੍ਰਚਾਰ ਦੀ ਯਾਤਰਾ ਤੇ ਹਨ। ਇਹ ਫਤਿਹ ਮਾਰਚ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁਰਦੁਆਰਾ ਨਾਨਕਝੀਰਾ ਸਾਹਿਬ ਬਿਦਰ ਕਰਨਾਟਕਾ ਤੋਂ ਹੁੰਦਾ ਹੋਇਆ ਤੇਲਿੰਗਾਨਾ ਹੈਦਰਾਬਾਦ ਵਿਖੇ ਪੁੱਜਾ ਹੈ। ਤੇਲਿੰਗਾਨਾ ਪ੍ਰਾਂਤ ਦੇ ਪ੍ਰਸਿੱਧ ਸ਼ਹਿਰ ਹੈਦਰਾਬਾਦ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਬੁੱਢਾ ਦਲ ਵੱਲੋਂ ਸੰਗਤਾਂ ਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਹੋਏ ਜਿਸ ਵਿੱਚ ਬੁੱਢਾ ਦਲ ਪਾਸ ਗੁਰੂ ਸਾਹਿਬਾਨ ਤੇ ਸਿੱਖ ਜਰਨੈਲਾਂ ਦੇ ਸ਼ਸਤਰਾਂ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਕਟਾਰ, ਸ੍ਰੀ ਗੁਰੂ ਗੋਬਿੰਦ ਸਾਹਿਬ ਦੀ ਸ੍ਰੀ ਸਾਹਿਬ, ਸਾਹਿਬਜ਼ਾਦਾ ਫਤਿਹ ਸਿੰਘ ਦੀ ਢਾਲ, ਅਕਾਲੀ ਬਾਬਾ ਫੂਲਾ ਸਿੰਘ ਦਾ ਖੰਜਰ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਸ਼ਮਸ਼ੀਰ, ਸ਼ਹੀਦ ਬਾਬਾ ਦੀਪ ਸਿੰਘ ਦੀ ਦਸਤਾਰ ਦਾ ਚੱਕਰ ਆਦਿ ਦੇ ਵਾਰੋਵਾਰੀ ਸ਼ਸਤਰਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਅਤੇ ਇਨ੍ਹਾਂ ਦਾ ਇਤਿਹਾਸ ਵੀ ਸੰਗਤਾਂ ਨਾਲ ਸਾਂਝਾ ਕੀਤਾ। ਬੁੱਢਾ ਦਲ ਦੇ ਸਕੱਤਰ ਬਾਬਾ ਦਿਲਜੀਤ ਸਿੰਘ ਬੇਦੀ ਨੇ ਦਸਿਆ ਕਿ ਹੈਦਰਾਬਾਦ ਦੇ ਗੁਰਦੁਆਰਾ ਬ੍ਰਹਮਬਾਲਾ ਰਣਜੀਤ ਨਗਰ, ਗੁਰਦੁਆਰਾ ਸਾਹਿਬ ਆਸਾ ਸਿੰਘ ਬਾਗ਼, ਸੈਂਟਰਲ ਗੁਰਦੁਆਰਾ ਸਾਹਿਬ, ਸੈਂਟਰਲ ਗੁਰਦੁਆਰਾ ਗਉਲੀਗੋੜਾ, ਗੁਰਦੁਆਰਾ ਸਾਹਿਬ ਅਮੀਰਪੇਟ ਵਿਖੇ ਗੁਰਮਤਿ ਸਮਾਗਮਾਂ ਰਾਹੀਂ ਜਿਥੇ ਗੁਰੂ ਗ੍ਰੰਥ ਸਾਹਿਬ ਦੇ ਰੂਹਾਨੀ ਸੰਦੇਸ਼ ਨੂੰ ਪ੍ਰਗਟ ਕਰਨ ਦਾ ਜਤਨ ਕੀਤਾ, ਉਥੇ ਬੁੱਢਾ ਦਲ ਦੇ ਸ਼ਾਨਾਮੱਤੇ ਇਤਿਹਾਸ ਦਾ ਜ਼ਿਕਰ ਵੀ ਸੰਖੇਪ ਰੂਪ ਵਿੱਚ ਸੰਗਤਾਂ ਦੇ ਗਿਆਨ ਲਈ ਸਾਂਝਾ ਕੀਤਾ ਗਿਆ। ਗੁਰਦੁਆਰਾ ਬ੍ਰਹਮਬਾਲਾ ਵਿਖੇ ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਰਨੈਲ ਸਿੰਘ ਹਜ਼ੂਰੀ ਰਾਗੀ ਤਖ਼ਤ ਸ੍ਰੀ ਹਜ਼ੂਰ ਸਾਹਿਬ, ਬਾਬਾ ਜੋਗਾ ਸਿੰਘ ਕਰਨਾਲਵਾਲੇ, ਬਾਬਾ ਮਨਮੋਹਣ ਸਿੰਘ ਬਾਰਨਵਾਲੇ ਨੇ ਰਸਭਿੰਨਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਭਾਈ ਸੁਖਜੀਤ ਸਿੰਘ ਕਨੱਈਆ ਨੇ ਕਥਾ ਰਾਹੀਂ ਸੰਗਤਾਂ ਨੂੰ ਸਿੱਖ ਇਤਿਹਾਸ ਬਾਰੇ ਜਾਣੂੰ ਕਰਵਾਇਆ। ਭਾਈ ਪਰਮਵੀਰ ਸਿੰਘ ਰਹਿਰਾਸੀਏ ਨੇ ਸੰਗਤਾਂ ਨੂੰ ਸ਼ਸਤਰਾਂ ਦੇ ਦਰਸ਼ਨ ਕਰਵਾਏ।

ਇਸ ਸਮੇਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਪਿਛਲੇ ਦੋ ਸਾਲ ਤੋਂ ਚੱਲ ਰਹੇ ਹਨ। ਪੰਜਾਬ, ਦਿੱਲੀ, ਮੱਧਪ੍ਰਦੇਸ਼, ਮਹਾਂਰਾਸ਼ਟਰਾ, ਮੁੰਬਈ ਤੋਂ ਇਲਾਵਾ ਕਨੇਡਾ, ਅਮਰੀਕਾ, ਇੰਗਲੈਂਡ ਵਿਖੇ ਗੁਰਮਤਿ ਸਮਾਗਮਾਂ ਦੀ ਲਹਿਰ ਚਲਾਈ ਗਈ ਜਿਸ ਨੂੰ ਸੰਗਤਾਂ ਵੱਲੋਂ ਵੱਧ ਚੜ੍ਹ ਕੇ ਸਹਿਯੋਗ ਤੇ ਭਰਪੂਰ ਹੁੰਗਾਰਾ ਮਿਲਿਆ ਹੈ। ਦੱਖਣ ਦੀਆਂ ਸੰਗਤਾਂ ਦੀ ਪੁਰਜ਼ੋਰ ਮੰਗ ਤੇ ਅੱਜ ਹੈਦਰਾਬਾਦ ਪੁਜੇ ਹਾਂ। ਉਨ੍ਹਾਂ ਕਿਹਾ ਕਿ ਪਹਿਲੀ ਪਾਤਸ਼ਾਹੀ ਤੋਂ ਦਸਵੀਂ ਪਾਤਸ਼ਾਹੀ ਤੀਕ ਬੁੱਢਾ ਦਲ ਨੂੰ ਥਾਪੜਾ ਤੇ ਅਸੀਸ ਪ੍ਰਾਪਤ ਹੈ ਇਸ ਪਾਸ ਬਖਸ਼ਿਸ਼ਾਂ ਦਾ ਵੱਡਾ ਖਜ਼ਾਨਾ ਹੈ ਗੁਰੂ ਸਾਹਿਬਾਨਾਂ ਵੱਲੋਂ ਬਖਸ਼ਿਸ਼ ਹੋਏ ਸ਼ਸਤਰਾਂ ਤੇ ਹੋਰ ਨਿਸ਼ਾਨੀਆਂ ਦੇ ਅੱਜ ਸੰਗਤਾਂ ਪ੍ਰਤੱਖ ਦਰਸ਼ਨ ਕਰ ਰਹੀਆਂ ਹਨ।

ਹੈਦਰਾਬਾਦ ਦੇ ਵੱਖ-ਵੱਖ ਗੁਰੂਘਰਾਂ ਦੇ ਪ੍ਰਬੰਧਕ ਮੁਖੀਆਂ ਪ੍ਰਧਾਨਾਂ, ਸਕੱਤਰਾਂ ਜਿਨ੍ਹਾਂ ਵਿੱਚ ਸ. ਸੁਖਦੇਵ ਸਿੰਘ, ਸ. ਹਰਪਾਲ ਸਿੰਘ, ਸ. ਗੁਰਚਰਨ ਸਿੰਘ ਬੱਗਾ, ਸ. ਇੰਦਰ ਸਿੰਘ, ਸ. ਭਾਗਇੰਦਰ ਸਿੰਘ ਨੇ ਸੰਗਤਾਂ ਦੇ ਸਹਿਯੋਗ ਨਾਲ ਪੰਜਾਬ ਤੋਂ ਪੁਜੇ ਸ਼ਹੀਦੀ ਫਤਿਹ ਮਾਰਚ ਨਾਲ ਗੁਰੂ ਸਾਹਿਬ ਦੀ ਪਾਲਕੀ ਵਾਲੀ ਬੱਸ ਵਿੱਚ ਗੁਰੂ ਸਾਹਿਬ ਦੇ ਇਤਿਹਾਸਕ ਸ਼ਸਤਰਾਂ ਅਤੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦਾ ਪੁਰਜ਼ੋਰ ਨਿੱਘਾ ਸੁਆਗਤ ਕੀਤਾ ਅਤੇ ਫੁੱਲਾਂ ਦੀ ਵਰਖਾ ਕਰਕੇ ਸ਼ਰਧਾ ਸਤਿਕਾਰ ਅਤੇ ਖਾਲਸਾਈ ਜੈਕਾਰਿਆਂ ਨਾਲ ਭਰਪੂਰ ਸਵਾਗਤ ਕੀਤਾ। ਇਸ ਸ਼ਤਾਬਦੀ ਫਤਿਹ ਮਾਰਚ ਨਾਲ ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ਼ ਬੁੱਢਾ ਦਲ ਯੂ.ਐਸ.ਏ, ਸ. ਇੰਦਰਪਾਲ ਸਿੰਘ ਫੌਜੀ ਰਿੱਕੀ ਹਜ਼ੂਰ ਸਾਹਿਬ ਵਾਲੇ, ਬਾਬਾ ਸੁਖਜੀਤ ਸਿੰਘ ਕਨੱਈਆ, ਬਾਬਾ ਗੁਰਮੁੱਖ ਸਿੰਘ, ਬਾਬਾ ਪ੍ਰੇਮ ਸਿੰਘ ਵਾਹਿਗੁਰੂ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਹਰਪ੍ਰੀਤ ਸਿੰਘ ਹੈਪੀ, ਭਾਈ ਮਾਨ ਸਿੰਘ ਲਿਖਾਰੀ, ਬਾਬਾ ਗੁਰਮੁੱਖ ਸਿੰਘ, ਬਾਬਾ ਰਣਜੋਧ ਸਿੰਘ ਤੇ ਹੋਰ ਨਿਹੰਗ ਸਿੰਘ ਨਾਲ ਹਾਜ਼ਰ ਸਨ।



ਹੈਦਰਾਬਾਦ ਵਿਖੇ ਪੁਜੱਣ ਤੇ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ ਦਾ ਨਿੱਘਾ ਸੁਆਗਤ ਕਰਦੀਆਂ ਹੋਈਆਂ ਸੰਗਤਾਂ।

# ਸੁਲਤਾਨਪੁਰ ਲੋਧੀ ਵਿਖੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

## • ਸੰਗਤ ਨੇ ਫੁੱਲਾਂ ਦੀ ਵਰਖਾ ਕਰਕੇ ਕੀਤਾ ਨਗਰ ਕੀਰਤਨ ਦਾ ਸਵਾਗਤ; ਵੱਡੀ ਗਿਣਤੀ ਸ਼ਰਧਾਲੂਆਂ ਨੇ ਕੀਤੀ ਸ਼ਿਰਕਤ

## • ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ 'ਤੇ ਚੱਲੇ ਸਿੱਖ ਸੰਗਤ: ਜਥੇਦਾਰ ਗਿਆਨ ਹਰਪ੍ਰੀਤ ਸਿੰਘ



ਸੁਲਤਾਨਪੁਰ ਲੋਧੀ ਵਿੱਚ ਸਜਾਏ ਗਏ ਨਗਰ ਕੀਰਤਨ ਵਿੱਚ ਸ਼ਾਮਲ ਸੰਗਤ।



ਤਖ਼ਤ ਦਮਦਮਾ ਸਾਹਿਬ ਤੋਂ ਸਜਾਏ ਗਏ ਨਗਰ ਕੀਰਤਨ ਨੂੰ ਰਵਾਨਾ ਕਰਦੇ ਹੋਏ ਪਤਵੰਤੇ।

ਜਲੰਧਰ : ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰੂ ਨਾਨਕ ਦੇਵ ਦੇ 554ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ। ਇਸ ਨਗਰ ਕੀਰਤਨ ਮੌਕੇ ਵੱਡੀ ਗਿਣਤੀ ਸੰਗਤ ਨੇ ਹਾਜ਼ਰੀਆਂ ਭਰੀਆਂ ਤੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕੀਤਾ। ਨਗਰ ਕੀਰਤਨ ਗੁਰਦੁਆਰਾ ਸ੍ਰੀ ਸੰਤ ਘਾਟ ਤੋਂ ਆਰੰਭ ਹੋ ਕੇ ਦਾਣਾ ਮੰਡੀ, ਤਲਵੰਡੀ ਪੁਲ ਚੌਕ, ਆਰਿਆ ਸਮਾਜ ਚੌਕ, ਚੇਲਿਆਂ ਵਾਲਾ ਚੌਕ, ਸਦਰ ਬਾਜ਼ਾਰ, ਗੁਰਦੁਆਰਾ ਹੱਟ ਸਾਹਿਬ ਤੇ ਹੋਰ ਕਈ ਥਾਵਾਂ ਤੋਂ ਹੁੰਦਾ ਹੋਇਆ ਇਤਿਹਾਸਿਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ।

ਨਗਰ ਕੀਰਤਨ ਦੇ ਰਾਹ ਵਿੱਚ ਕਈ ਥਾਈਂ ਸੰਗਤ ਨੇ ਲੰਗਰ ਲਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ। ਨਗਰ ਕੀਰਤਨ ਦੀ ਸਮਾਪਤੀ ਮਗਰੋਂ ਸੰਗਤ ਬਾਬੇ ਨਾਨਕ ਦੀ ਪਵਿੱਤਰ ਵੇਈਂ 'ਤੇ ਵੀ ਨਤਮਸਤਕ ਹੋਈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਰਜਿੰਦਰ ਸਿੰਘ ਧਾਮੀ ਸਮੇਤ ਹੋਰ ਸ਼੍ਰੋਮਣੀ ਕਮੇਟੀ ਮੈਂਬਰ ਹਾਜ਼ਰ ਰਹੇ।

ਸ਼ਹਿਰ ਵਿੱਚ ਦਾਣਾ ਮੰਡੀ, ਸ਼ਹੀਦ ਊਧਮ ਸਿੰਘ ਚੌਕ, ਕਚਹਿਰੀ ਚੌਕ, ਬੀਡੀਪੀਓ ਦਫ਼ਤਰ ਸਾਹਮਣੇ, ਤਲਵੰਡੀ ਪੁਲ ਆਦਿ ਸਥਾਨਾਂ 'ਤੇ ਸੰਗਤ ਵੱਲੋਂ ਵਿਸ਼ਾਲ ਲੰਗਰ ਲਗਾਏ ਗਏ ਸਨ। ਗਲਾਈਡਰ ਰਾਹੀਂ ਨਗਰ ਕੀਰਤਨ ਵਿੱਚ ਸ਼ਾਮਲ ਸੰਗਤ 'ਤੇ ਫੁੱਲਾਂ ਦੀ ਵਰਖਾ ਵੀ ਕੀਤੀ ਗਈ। ਇਸ ਮੌਕੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ, ਸਾਬਕਾ ਮੰਤਰੀ ਡਾ. ਉਪਿੰਦਰਜੀਤ ਕੌਰ, ਵਿਧਾਇਕ ਰਾਣਾ ਇੰਦਰਪ੍ਰਤਾਪ ਸਿੰਘ, ਕੈਪਟਨ ਹਰਮਿੰਦਰ ਸਿੰਘ ਹਲਕਾ ਇੰਚਾਰਜ ਅਕਾਲੀ ਦਲ, ਸੱਜਣ ਸਿੰਘ ਚੀਮਾ ਹਲਕਾ ਇੰਚਾਰਜ 'ਆਪ' ਸਮੇਤ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

ਇਸੇ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿੱਚ ਅੱਜ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ। ਅੱਜ ਸਵੇਰੇ ਪਹਿਲਾਂ ਤਖ਼ਤ ਦਮਦਮਾ ਸਾਹਿਬ ਵਿਖੇ ਅਰਦਾਸ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪ ਨੂੰ ਸੁੱਖਆਸਨ ਤੋਂ ਗਿਆਨੀ ਹਰਪ੍ਰੀਤ ਸਿੰਘ ਨੇ ਲਿਆ ਕੇ ਫੁੱਲਾਂ ਨਾਲ ਸਜਾਈ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕੀਤਾ। ਇਸ ਮਗਰੋਂ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਦੀ ਸ਼ੁਰੂਆਤ ਤਖ਼ਤ ਦਮਦਮਾ ਦੇ ਮੁੱਖ ਗ੍ਰੰਥੀ ਭਾਈ ਜਗਤਾਰ ਸਿੰਘ ਵੱਲੋਂ ਅਰਦਾਸ ਕਰਨ ਨਾਲ ਹੋਈ। ਇਸ ਮੌਕੇ ਤਖ਼ਤ ਦਮਦਮਾ ਸਾਹਿਬ ਦੇ ਗਿਆਨੀ ਹਰਪ੍ਰੀਤ ਸਿੰਘ ਅਤੇ ਬਾਬਾ ਟੇਕ ਸਿੰਘ ਧਨੌਲਾ ਮੁਖੀ ਸੰਪਰਦਾਇ ਮਸਤੂਆਣਾ ਨੇ ਪੰਜ ਪਿਆਰਿਆਂ ਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਭੇਟ ਕੀਤੇ। ਨਗਰ ਕੀਰਤਨ ਅੱਗੇ ਗਤਕਾ ਪਾਰਟੀਆਂ ਨੇ ਗਤਕੇ ਦੇ ਜੌਹਰ ਦਿਖਾਏ। ਨਗਰ ਕੀਰਤਨ ਦੇ ਰਸਤੇ ਵਿੱਚ ਸ਼ਰਧਾਲੂਆਂ ਵੱਲੋਂ ਲੰਗਰ ਲਾਏ ਗਏ ਤੇ ਸਵਾਗਤੀ ਗੇਟ ਉਸਾਰੇ ਗਏ ਸਨ। ਗਿਆਨੀ ਹਰਪ੍ਰੀਤ ਸਿੰਘ ਨੇ ਗੁਰੂ ਨਾਨਕ ਦੇਵ ਦੇ ਜੀਵਨ ਬਾਰੇ ਚਾਨਣਾ ਪਾਇਆ ਤੇ ਸਮੁੱਚੀ ਕੌਮ ਨੂੰ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਉਣ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਗ੍ਰਹਿਣ ਕਰਨ ਦੀ ਅਪੀਲ ਕੀਤੀ। ਨਗਰ ਕੀਰਤਨ ਸ਼ਹਿਰ 'ਚੋਂ ਲੰਘਦਾ ਹੋਇਆ ਤਖ਼ਤ ਸਾਹਿਬ ਵਿਖੇ ਆ ਕੇ ਅਰਦਾਸ ਨਾਲ ਸੰਪੂਰਨ ਹੋਇਆ। ਨਗਰ ਕੀਰਤਨ ਵਿੱਚ ਭਾਈ ਅਮਰੀਕ ਸਿੰਘ ਕੋਟਸ਼ਮੀਰ ਸ਼੍ਰੋਮਣੀ ਕਮੇਟੀ ਮੈਂਬਰ, ਰਣਜੀਤ ਸਿੰਘ ਮੈਨੇਜਰ ਤਖ਼ਤ ਸਾਹਿਬ, ਜਗਪਾਲ ਸਿੰਘ ਇੰਚਾਰਜ ਧਰਮ ਪ੍ਰਚਾਰ ਸਬ ਦਫਤਰ, ਭੁਪਿੰਦਰ ਸਿੰਘ ਲਹਿਰੀ ਲੇਖਾਕਾਰ, ਕੁਲਵਿੰਦਰ ਸਿੰਘ ਬੰਗੀ ਆਦਿ ਸ਼ਖਸੀਅਤਾਂ ਤੋਂ ਇਲਾਵਾ ਵੱਡੀ ਗਿਣਤੀ ਸ਼ਰਧਾਲੂ ਹਾਜ਼ਰ ਸਨ।









# ਹਮਾਸ ਨੇ ਲੰਮੀ ਉਡੀਕ ਮਗਰੋਂ 17 ਬੰਧਕ ਰਿਹਾਅ ਕੀਤੇ


ਹਮਾਸ ਵੱਲੋਂ ਛੱਡੇ ਗਏ ਬੰਧਕ ਆਪਣੇ ਪਰਿਵਾਰ ਨੂੰ ਮਿਲ ਕੇ ਭਾਵੁਕ ਹੁੰਦੇ ਹੋਏ।


ਇਜ਼ਰਾਈਲ ਵੱਲੋਂ ਛੱਡੇ ਗਏ ਫਲਸਤੀਨੀ ਬੰਧਕ ਖੁਸ਼ੀ ਜ਼ਾਹਿਰ ਕਰਦੇ ਹੋਏ।

ਤਲ ਅਵੀਵ : ਹਮਾਸ ਨੇ ਕਈ ਘੰਟਿਆਂ ਦੀ ਉਡੀਕ ਤੋਂ ਬਾਅਦ ਅਖ਼ੀਰ 17 ਬੰਧਕਾਂ ਨੂੰ ਰਿਹਾਅ ਕਰ ਦਿੱਤਾ ਹੈ। ਮੀਡੀਆ ਰਿਪੋਰਟ ਮੁਤਾਬਕ ਇਨ੍ਹਾਂ ਨੂੰ ਬਾਅਦ ਵਿਚ ਮਿਸਰ ਭੇਜਿਆ ਗਿਆ। ਰਿਹਾਅ ਕੀਤੇ ਗਏ 17 ਜਣਿਆਂ ਵਿਚ 13 ਇਜ਼ਰਾਇਲੀ ਤੇ ਚਾਰ ਥਾਈ ਨਾਗਰਿਕ ਹਨ ਜਦਕਿ ਇਜ਼ਰਾਈਲ ਨੇ ਵੀ 39 ਫਲਸਤੀਨੀ ਕੈਦੀਆਂ ਨੂੰ ਆਜ਼ਾਦ ਕਰ ਦਿੱਤਾ ਹੈ। ਇਜ਼ਰਾਈਲ ਦੇ ਰੱਖਿਆ ਬਲਾਂ ਮੁਤਾਬਕ ਰੈੱਡ ਕਰਾਸ ਨੇ ਇਨ੍ਹਾਂ ਬੰਧਕਾਂ ਨੂੰ ਮਿਸਰ ਹਵਾਲੇ ਕਰ ਦਿੱਤਾ। ਇਸ ਤੋਂ ਬਾਅਦ ਵਾਹਨਾਂ ਦਾ ਕਾਫ਼ਲਾ ਬੰਧਕਾਂ ਨੂੰ ਸਰਹੱਦੀ ਲਾਂਘੇ ਉਤੇ ਲੈ ਕੇ ਗਿਆ ਜਿੱਥੇ ਇਜ਼ਰਾਇਲੀ ਅਧਿਕਾਰੀਆਂ ਨੇ ਨਾਵਾਂ ਦੀ ਸੂਚੀ ਦੀ ਪੁਸ਼ਟੀ ਕੀਤੀ। ਲਾਂਘੇ 'ਤੇ ਪਰਿਵਾਰਕ ਮੈਂਬਰਾਂ ਨੇ ਬੰਧਕਾਂ ਦੀ ਸ਼ਨਾਖ਼ਤ ਕੀਤੀ। ਜ਼ਿਕਰਯੋਗ ਹੈ ਕਿ ਹਮਾਸ ਵੱਲੋਂ ਬੰਧਕਾਂ ਦਾ ਇਹ ਦੂਜਾ ਗਰੁੱਪ ਛੱਡਿਆ ਗਿਆ ਹੈ। ਇਸ ਤਰ੍ਹਾਂ ਇਜ਼ਰਾਈਲ ਤੇ ਹਮਾਸ ਵਿਚਾਲੇ ਹੋਈ ਜੰਗਬੰਦੀ ਮੁੜ ਪੱਟੜੀ 'ਤੇ ਆਉਂਦੀ ਜਾਪ ਰਹੀ ਹੈ। ਜੰਗਬੰਦੀ ਦਾ ਅੱਜ ਤੀਜਾ ਦਿਨ ਸੀ। ਹਮਾਸ ਨੇ ਬੰਧਕ ਤੇ ਇਜ਼ਰਾਈਲ ਨੇ ਫਲਸਤੀਨੀ ਕੈਦੀ ਐਤਵਾਰ ਸੁਵੱਖਤੇ ਲੰਮੀ ਉਡੀਕ ਤੋਂ ਬਾਅਦ ਰਿਹਾਅ ਕੀਤੇ। ਇਸ ਤੋਂ ਪਹਿਲਾਂ ਬੰਧਕਾਂ ਨੂੰ ਛੱਡਣ ਬਾਰੇ ਟਕਰਾਅ ਪੈਦਾ ਹੋ ਗਿਆ ਸੀ। ਹਮਾਸ ਨੇ ਸ਼ਨਿਚਰਵਾਰ ਸ਼ਾਮ ਨੂੰ ਦੋਸ਼ ਲਾਇਆ ਸੀ ਕਿ ਇਜ਼ਰਾਈਲ ਸਮਝੌਤੇ ਨੂੰ ਤੋੜ ਰਿਹਾ ਹੈ। ਦੱਸਣਯੋਗ ਹੈ ਕਿ ਹਮਾਸ ਨੇ ਕਰੀਬ 240 ਲੋਕਾਂ ਨੂੰ 7 ਅਕਤੂਬਰ ਤੋਂ ਬੰਧਕ ਬਣਾਇਆ ਹੋਇਆ ਹੈ। ਇਸੇ ਦੌਰਾਨ ਹਮਾਸ ਨੇ ਅੱਜ ਕਿਹਾ ਕਿ ਉਨ੍ਹਾਂ ਦਾ ਇਕ ਚੋਟੀ ਦਾ ਕਮਾਂਡਰ ਅਹਿਮਦ ਅਲ-ਗੰਦੂਰ ਇਜ਼ਰਾਈਲ ਨਾਲ ਜੰਗ ਵਿਚ ਮਾਰਿਆ ਗਿਆ ਹੈ। ਹਾਲਾਂਕਿ ਉਨ੍ਹਾਂ ਉਸ ਦੀ ਮੌਤ ਦਾ ਸਮਾਂ ਜਾਂ ਸਥਾਨ ਨਹੀਂ ਦੱਸਿਆ। ਇਸੇ ਦੌਰਾਨ ਹਮਾਸ ਨੇ ਅੱਜ 17 ਹੋਰ ਬੰਧਕ ਰਿਹਾਅ ਕੀਤੇ ਹਨ ਜਿਨ੍ਹਾਂ ਵਿਚ 14 ਇਜ਼ਰਾਇਲੀ ਹਨ। ਗੋਲੀਬੰਦੀ ਦੇ ਸਮਝੌਤੇ ਤਹਿਤ ਉਨ੍ਹਾਂ ਬੰਧਕਾਂ ਦਾ ਤੀਜਾ ਗਰੁੱਪ ਆਜ਼ਾਦ ਕੀਤਾ ਹੈ। ਬੰਧਕਾਂ ਤੇ ਕੈਦੀਆਂ ਦਾ ਚੌਥਾ ਤਬਾਦਲਾ ਭਲਕੇ ਹੋਣ ਦੀ ਸੰਭਾਵਨਾ ਹੈ।


# ਕੇਟੀ ਪਾਰਨਾਇਕ ਨੇ ਭਾਰਤੀ ਫੌਜ, ਇੰਡੋ-ਤਿੱਬਤੀਅਨ ਬਾਰਡਰ ਪੁਲਿਸ ਅਤੇ ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਕੀਤੀ ਗੱਲਬਾਤ





ਅੰਜਾਵ : ਅਰੁਣਾਚਲ ਪ੍ਰਦੇਸ਼ ਦੇ ਰਾਜਪਾਲ ਲੈਫਟੀਨੈਂਟ ਜਨਰਲ (ਸੇਵਾਮੁਕਤ) ਕੇ.ਟੀ. ਪਾਰਨਾਇਕ ਨੂੰ ਅੰਜਾਵ ਦੀ ਆਪਣੀ ਫੇਰੀ ਦੌਰਾਨ ਭਾਰਤੀ ਫੌਜ, ਇੰਡੋ-ਤਿੱਬਤ ਬਾਰਡਰ ਪੁਲਿਸ ਅਤੇ ਬਾਰਡਰ ਰੋਡਜ਼ ਆਰਗੇਨਾਈਜੇਸ਼ਨ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਗੱਲਬਾਤ ਦੌਰਾਨ ਸਨਮਾਨਿਤ ਕੀਤਾ ਜਾ ਰਿਹਾ ਹੈ।

## ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਬਲਵੰਤ ਸਿੰਘ ਖੇੜਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ



ਅੰਮ੍ਰਿਤਸਰ : ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਨਾਮਵਰ ਸਮਾਜ ਸੇਵੀ ਤੇ ਉੱਘੇ ਅਧਿਆਪਕ ਆਗੂ ਤੇ ਸੋਸ਼ਿਲਿਸਟ ਪਾਰਟੀ (ਇੰਡੀਆ) ਦੇ ਕੌਮੀ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਮੰਚ ਦੇ ਪ੍ਰਧਾਨ ਇੰਜ. ਹਰਜਾਪ ਸਿੰਘ, ਸਰਪ੍ਰਸਤ ਪ੍ਰੋ. ਮੋਹਣ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ, ਮਨਮੋਹਨ ਸਿੰਘ ਬਰਾੜ, ਸੀਨੀਅਰ ਮੀਤ ਪ੍ਰਧਾਨ ਡਾ. ਇੰਦਰਜੀਤ ਸਿੰਘ ਗੋਗੋਆਣੀ ਤੇ ਜਨਰਲ ਸਕੱਤਰ ਸੁਰਿੰਦਰਜੀਤ ਸਿੰਘ ਬਿੱਟੂ ਤੇ ਸਮੂਹ ਮੈਂਬਰਾਨ ਨੇ ਕਿਹਾ ਕਿ ਖੇੜਾ ਸਾਹਿਬ ਦੀ ਸਾਰੀ ਜਿੰਦਗੀ ਸੰਘਰਸ਼ਮਈ ਰਹੀ ਹੈ। ਉਹ ਜਦ ਸਰਕਾਰੀ ਨੌਕਰੀ ਵਿੱਚ ਸਨ ਤਾਂ ਉਨ੍ਹਾਂ ਗੌਰਮਿੰਟ ਪ੍ਰਾਇਮਰੀ ਟੀਚਰਜ਼ ਐਸੋਸੀਏਸ਼ਨ ਬਣਾਕੇ ਪ੍ਰਾਇਮਰੀ ਡਾਇਰੈਕਟੋਰੇਟ ਸਥਾਪਤ ਲਈ ਜਦੋ ਜਹਿਦ ਕੀਤੀ ਤੇ ਇਹ ਇੱਕ ਵੱਖਰਾ ਡਾਇਰੈਕਟੋਰੇਟ ਸਥਾਪਤ ਕਰਨ ਵਿੱਚ ਕਾਮਯਾਬੀ ਪ੍ਰਾਪਤ ਕੀਤੀ।ਇਸ ਤਰ੍ਹਾਂ ਪ੍ਰਾਇਮਰੀ ਅਧਿਆਪਕਾਂ ਲਈ ਬਤੌਰ ਹੈੱਡ ਟੀਚਰ, ਸੈਂਟਰ ਹੈੱਡ ਟੀਚਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਤੀਕ ਤਰੱਕੀ ਕਰਨ ਦਾ ਰਾਹ ਖੁੱਲ੍ਹਿਆ।

ਸੇਵਾ ਮੁਕਤੀ ਪਿੱਛੋਂ ਉਹ ਸੋਸ਼ਿਲਿਸਟ ਪਾਰਟੀ (ਇੰਡੀਆ) ਵਿੱਚ ਸ਼ਾਮਲ ਹੋ ਗਏ ਤੇ ਇਸ ਸਮੇਂ ਉਹ ਕੌਮੀ ਮੀਤ ਪ੍ਰਧਾਨ ਸਨ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਦੋ ਸੰਵਿਧਾਨ ਰਖਣ ਵਿਰੁੱਧ ਲੰਮਾ ਸਮਾਂ ਸੰਘਰਸ਼ ਕੀਤਾ। ਉਨ੍ਹਾਂ ਵੱਲੋਂ 22 ਲੇਖਾਂ ਦਾ ਇੱਕ ਸੰਗ੍ਰਹਿ 'ਸਮਿਆਂ ਦੇ ਸਨਮੁੱਖ' 12 ਨਵੰਬਰ 2023 ਨੂੰ ਲੋਕ ਅਰਪਣ ਕੀਤਾ ਗਿਆ। ਉਨ੍ਹਾਂ ਨੇ 24-25 ਦਸੰਬਰ 1996 ਦੀ ਦਰਮਿਆਨ ਰਾਤ ਨੂੰ ਵਾਪਰੇ ਮਾਲਟਾ ਕਿਸ਼ਤੀ ਕਾਂਡ ਜਿਸ ਵਿੱਚ ਇੱਕ ਕਿਸ਼ਤੀ ਵਿੱਚ 565 ਲੋਕ ਸਵਾਰ ਸਨ ਜਿਨ੍ਹਾਂ ਦਾ ਸਬੰਧ ਭਾਰਤ, ਪਾਕਿਸਤਾਨ, ਸ੍ਰੀ ਲੰਕਾ ਅਤੇ ਬੰਗਲਾਦੇਸ਼ ਨਾਲ ਸੀ ਜੋ ਗੈਰ ਕਾਨੂੰਨੀ ਢੰਗ ਨਾਲ ਇਟਲੀ ਵਿੱਚ ਦਾਖਲ ਹੋ ਰਹੇ ਸਨ ਦੇ ਡੁੱਬ ਜਾਣ ਸੈਂਕੜੇ ਮੁਸਾਫ਼ਿਰ ਮਾਰੇ ਗਏ।ਸਭ ਤੋਂ ਵੱਧ ਗਿਣਤੀ ਭਾਰਤੀਆਂ ਦੀ ਸੀ। ਉਨ੍ਹਾਂ ਨੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਮਾਲਟਾ ਜਾਂਚ ਕਮੇਟੀ ਬਣਾ ਕੇ ਲੜਾਈ ਲੜੀ। ਉਸ ਸਮੇਂ ਸ੍ਰੀ ਇੰਦਰ ਕੁਮਾਰ ਗੁਜਰਾਲ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਦੇ ਧਿਆਨ ਵਿੱਚ ਇਹ ਮਾਮਲਾ ਲਿਆਂਦਾ। ਨਤੀਜੇ ਵੱਜੋਂ ਜਿਨ੍ਹਾਂ ਏਜੰਟਾਂ ਨੇ ਇਨ੍ਹਾਂ ਨੂੰ ਗੈਰ-ਕਾਨੂੰਨੀ ਭੇਜਿਆ ਸੀ ਉਨ੍ਹਾਂ ਵਿਰੁੱਧ ਸੀ ਬੀ ਆਈ ਵਲੋਂ ਕੇਸ ਚਲਾਉਣ ਦਾ ਆਦੇਸ਼ ਕਰਵਾਇਆ। ਜਿਸ ਦੇ ਸਿੱਟੇ ਵੱਜੋਂ ਏਜੰਟਾਂ 'ਤੇ ਕੇਸ ਦਰਜ ਹੋਏ ਤੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਮਿਲਿਆ। ਇਸ ਕੇਸ ਦੀ ਪੈਰਵੀ ਦੌਰਾਨ ਉਨ੍ਹਾਂ ਨੂੰ ਇਟਲੀ , ਯੂਨਾਨ ਤੇ ਹੋਰਨਾਂ ਮੁਲਕਾਂ ਦਾ ਦੌਰਾ ਵੀ ਕੀਤਾ। ਏਨੇ ਵਰ੍ਹੇ ਬੀਤ ਜਾਣ ਦੇ ਬਾਵਜੂਦ ਵੀ ਭਾਵੇਂ ਅਜੇ ਤੀਕ ਦੋਸ਼ੀਆਂ ਨੂੰ ਭਾਵੇਂ ਸਜਾਵਾਂ ਨਹੀਂ ਮਿਲੀਆਂ ਪਰ ਬਲਵੰਤ ਸਿੰਘ ਖੇੜੇ ਨੇ ਪ੍ਰਭਾਵਿਤ ਲੋਕਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਕੇ ਉਨ੍ਹਾਂ ਦਾ ਕੇਸ ਜ਼ੂਰ ਕੇਂਦਰ ਸਰਕਾਰ ਦੇ ਧਿਆਨ ਵਿੱਚ ਲਿਆਂਦਾ। ਖੇੜਾ ਜੀ ਅੱਜ ਭਾਵੇਂ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਵੱਲੋਂ ਕੀਤੇ ਲੋਕ ਭਲਾਈ ਦੇ ਕੰਮਾਂ ਕਰਕੇ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

## ਸ਼ਤਾਬਦੀ ਸਮਾਗਮਾਂ ਮੌਕੇ ਸਿੱਖ ਰੈਜੀਮੈਂਟ ਨੇ ਮਾਰਸ਼ਲ ਆਰਟ 'ਗਤਕਾ' ਪੇਸ਼ ਕੀਤਾ



ਨਵੀਂ ਦਿੱਲੀ : ਸਿੱਖ ਰੈਜੀਮੈਂਟ ਨੇ ਰਾਸ਼ਟਰਪਤੀ ਭਵਨ, ਨਵੀਂ ਦਿੱਲੀ ਵਿਖੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੁਆਰਾ ਰਾਸ਼ਟਰਪਤੀ ਦੇ ਬਾਡੀਗਾਰਡ ਨੂੰ ਰਾਸ਼ਟਰਪਤੀ ਦੇ ਬਾਡੀਗਾਰਡ ਅਤੇ ਰੈਜੀਮੈਂਟਲ ਸਟੈਂਡਰਡ ਨੂੰ ਪੇਸ਼ ਕਰਨ ਲਈ ਸੈਸ਼ਨ ਸ਼ਤਾਬਦੀ ਸਮਾਰੋਹ ਦੌਰਾਨ ਮਾਰਸ਼ਲ ਆਰਟ 'ਗਤਕਾ' ਪੇਸ਼ ਕੀਤਾ।

# ਦਿੱਲੀ 'ਚ ਸਿੱਖਾਂ ਵਲੋਂ ਕਰਤਾਰਪੁਰ ਦਰਬਾਰ ਸਾਹਿਬ ਪਾਕਿਸਤਾਨ ਗੁਰਦੁਆਰੇ ਨਜ਼ਦੀਕ ਹੋਈ ਕਥਿਤ ਪਾਰਟੀ ਦਾ ਪਾਕਿਸਤਾਨ ਹਾਈ ਕਮਿਸ਼ਨ ਸਾਹਮਣੇ ਸ਼ਾਂਤੀਪੂਰਵਕ ਵਿਰੋਧ










ਨਵੀਂ ਦਿੱਲੀ : ਪਾਕਿਸਤਾਨ ਦੇ ਪੰਜਾਬ ਸੂਬੇ ਦੇ ਨਾਰੋਵਾਲ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਗੁਰਦੁਆਰੇ ਵਿਖੇ ਆਯੋਜਿਤ ਕਥਿਤ ਪਾਰਟੀ ਦੇ ਖਿਲਾਫ ਦਿੱਲੀ ਦੇ ਸਿੱਖਾਂ ਨੇ ਮੰਗਲਵਾਰ ਨੂੰ ਨਵੀਂ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੇੜੇ ਪ੍ਰਦਰਸ਼ਨ ਕੀਤਾ, ਜਿਸ ਵਿਚ ਕਈ ਹਾਜ਼ਰੀਨ ਨੇ ਕਥਿਤ ਤੌਰ 'ਤੇ ਮੀਟ ਅਤੇ ਸ਼ਰਾਬ ਦੀ ਕੀਤੀ ਵਰਤੋਂ ਪ੍ਰਤੀ ਸੱਖਤ ਇਤਰਾਜ ਕਰਦੇ ਹੋਏ ਸੱਖਤ ਇਤਰਾਜ਼ ਕੀਤਾ ਅਤੇ ਇਸਦੀ ਭਾਰੀ ਨਿੰਦਾ ਕੀਤਾ ਉਨ੍ਹਾਂ ਮੈਮੋਰੰਡਮ ਦੇਦੇ ਹੋਏ ਕਿਹਾ ਕੀ ਪਾਕਿਸਤਾਨ ਸ਼ਰਾਰਤੀ ਅਨਸਰਾ ਨੂੰ ਨੱਥ ਪਾਵੇ ਤਾ ਕੀ ਅੱਗੋ ਇਸ ਤਰ੍ਹਾਂ ਨਾ ਹੋਵੇ ਅਤੇ ਇਸ ਸਮੇ ਪ੍ਰਬੰਧਕਾਂ ਅਤੇ ਸੰਗਤਾਂ ਵਲੋਂ ਗੁਰੂ ਕੇ ਲੰਗਰਾਂ ਦੀ ਅਤੁੱਟ ਸੇਵਾ ਕੀਤੀ ਗਈ।

## ਦਲ ਪੰਥ ਦੇ ਆਪਸੀ ਮਸਲਿਆਂ ਨੂੰ ਤੂਲ ਤੇ ਸਿਆਸੀ ਰੰਗਤ ਦੇਣ ਤੋਂ ਅਕਾਲੀ ਲੀਡਰਸ਼ਿਪ ਸੰਕੋਚ ਕਰੇ : ਪ੍ਰੋ. ਸਰਚਾਂਦ ਸਿੰਘ

### ਸੁਲਤਾਨਪੁਰ ਲੋਧੀ ਘਟਨਾ ਲਈ ਮੁੱਖ ਮੰਤਰੀ ਜ਼ਿੰਮੇਵਾਰ ਹੈ ਤਾਂ ਕੋਟਕਪੂਰਾ ਗੋਲੀ ਕਾਂਡ ਲਈ ਸੁਖਬੀਰ ਬਾਦਲ ਜ਼ਿੰਮੇਵਾਰ ਕਿਵੇਂ ਨਹੀਂ?

ਅੰਮ੍ਰਿਤਸਰ : ਭਾਜਪਾ ਦੇ ਸਿੱਖ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ 'ਤੇ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਸੁਲਤਾਨਪੁਰ ਲੋਧੀ ਦੀ ਮੰਦਭਾਗੀ ਘਟਨਾ ਲਈ ਮੁੱਖ ਮੰਤਰੀ ਭਗਵੰਤ ਮਾਨ ਜ਼ਿੰਮੇਵਾਰ ਹਨ ਤਾਂ ਫਿਰ 2015 'ਚ ਵਾਪਰੀ ਕੋਟਕਪੂਰਾ ਗੋਲੀ ਕਾਂਡ ਦੀ ਜ਼ਿੰਮੇਵਾਰੀ ਤਤਕਾਲੀ ਗ੍ਰਹਿ ਵਿਭਾਗ ਦੇ ਮੁਖੀ ਅਤੇ ਉਪ ਮੁੱਖ ਮੰਤਰੀ ਹੋਣ ਨਾਤੇ ਸੁਖਬੀਰ ਬਾਦਲ 'ਤੇ ਕਿਵੇਂ ਨਹੀਂ ਆਉਂਦੀ? ਉਨ੍ਹਾਂ ਕਿਹਾ ਕਿ ਬੇਅਦਬੀ ਦਾ ਇਨਸਾਫ਼ ਲੈਣ ਲਈ ਧਰਨੇ 'ਤੇ ਬੈਠੀ ਸੰਗਤ ਨਾਲ ਵਾਪਰੀ ਗੋਲੀ ਕਾਂਡ, ਜਿਸ ਵਿਚ ਦੋ ਸਿੰਘਾਂ ਨੂੰ ਜਾਨ ਗਵਾਉਣੀ ਪਈ ਦੀ ਪ੍ਰਸ਼ਾਸਕੀ, ਸਿਆਸੀ ਅਤੇ ਨੈਤਿਕ ਜ਼ਿੰਮੇਵਾਰੀ ਲੈਣ ਤੋਂ ਸੁਖਬੀਰ ਬਾਦਲ ਹਮੇਸ਼ਾਂ ਭੱਜਦੇ ਰਹੇ ਹਨ? ਬੇਸ਼ੱਕ ਉਕਤ ਗੋਲੀ ਕਾਂਡ ਲਈ ਹੋਰਨਾਂ ਤੋਂ ਇਲਾਵਾ ਸੁਖਬੀਰ ਬਾਦਲ ਖ਼ ?ਲਾਫ਼ ਵੀ ਫ਼ਰੀਦਕੋਟ ਅਦਾਲਤ 'ਚ ਚਲਾਨ ਪੇਸ਼ ਹੋ ਚੁੱਕਿਆ ਹੈ ਅਤੇ ਉਹ ਜ਼ਮਾਨਤ 'ਤੇ ਹਨ।



ਪ੍ਰੋ. ਸਰਚਾਂਦ ਸਿੰਘ ਨੇ ਅਕਾਲ ਬੁੰਗਾ ਛਾਉਣੀ ਨਿਹੰਗ ਸਿੰਘਾਂ ਵਿਖੇ ਝੜਪ ਦੌਰਾਨ ਪੁਲੀਸ ਮੁਲਾਜ਼ਮ ਜਸਪਾਲ ਸਿੰਘ ਦੀ ਹੋਈ ਮੌਤ 'ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਬਾਦਲ ਅਤੇ ਮਜੀਠੀਆ ਵੱਲੋਂ ਦਲ ਪੰਥ ਦੇ ਆਪਸੀ ਮਸਲਿਆਂ ਨੂੰ ਸਿਆਸੀ ਰੰਗਤ ਦੇਣ ਦੀ ਸਖ਼ਤ ਆਲੋਚਨਾ ਕੀਤੀ ਅਤੇ ਕਿਹਾ ਕਿ ਪੰਥਕ ਧਿਰਾਂ ਦੇ ਵਖਰੇਵਿਆਂ ਅਤੇ ਟਕਰਾਅ ਨੂੰ ਤੂਲ ਦੇ ਕੇ ਲੜਾਈ ਦਾ ਮੈਦਾਨ ਬਣਾਉਣ ਤੋਂ ਅਕਾਲੀ ਲੀਡਰਸ਼ਿਪ ਨੂੰ ਸੰਕੋਚ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੁਝ ਮਹੀਨਿਆਂ ਤੋਂ ਅਕਾਲੀ ਲੀਡਰਸ਼ਿਪ ਦਾ ਉਹਨਾਂ ਪੰਥਕ ਸ਼ਖ਼ਸੀਅਤਾਂ ਪ੍ਰਤੀ ਨਜ਼ਰੀਆ ਬਦਲਿਆ ਨਜ਼ਰ ਆਉਂਦਾ ਹੈ, ਜਿਨ੍ਹਾਂ ਨੇ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਸਮਾਜਿਕ ਸਮਾਗਮਾਂ ਵਿਚ ਸ਼ਿਰਕਤ ਕੀਤੀ ਹੋਵੇ ਜਾਂ ਫਿਰ ਜਿਨ੍ਹਾਂ ਪ੍ਰਤੀ ਉਨ੍ਹਾਂ ਨਾਲ ਦੂਰੀ ਬਣਾ ਲੈਣ ਦਾ ਅਹਿਸਾਸ ਹੋਇਆ ਹੋਵੇ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਮਾਨ ਸਰਕਾਰ ਹਰ ਮਾਮਲੇ 'ਚ ਫ਼ੇਲ੍ਹ ਹੋ ਚੁੱਕੀ ਹੈ। ਰਾਜ ਦੀ ਅਮਨ ਕਾਨੂੰਨ ਦੀ ਬਦਤਰ ਸਥਿਤੀ 'ਤੇ ਚਿੰਤਾ ਜ਼ਾਹਿਰ ਕੀਤਾ ਅਤੇ ਕਿਹਾ ਕਿ ਹਾਲ ਹੀ 'ਚ ਬਟਾਲਾ ਦੇ ਕੋਲ ਨਜਾਇਜ਼ ਮਾਈਨਿੰਗ ਨੂੰ ਰੋਕਣ ਵਾਲੇ ਮੁਲਾਜ਼ਮ ਦਰਸ਼ਨ ਸਿੰਘ ਦੀ ਹੱਤਿਆ ਤੋਂ ਸਾਫ਼ ਹੈ ਕਿ ਅਪਰਾਧਿਕ ਅਨਸਰਾਂ ਦੇ ਮਨਾਂ 'ਚ ਪੁਲੀਸ ਅਤੇ ਕਾਨੂੰਨ ਦਾ ਡਰ ਖ਼ਤਮ ਹੋ ਰਿਹਾ ਹੈ। ਇਸ ਤੋਂ ਪਹਿਲਾਂ ਫਰਵਰੀ ਮਹੀਨੇ ਦੌਰਾਨ ਡੇਰਾਬਸੀ ਕੋਲ ਗੈਰ ਕਾਨੂੰਨੀ ਮਾਈਨਿੰਗ ਨੂੰ ਰੋਕਣ 'ਤੇ ਕਿਸਾਨ ਆਗੂ ਗੁਰਚਰਨ ਸਿੰਘ ਦੀ ਹੱਤਿਆ ਕਰ ਦਿੱਤੀ ਗਈ ਸੀ। ਪੰਜਾਬ ਦੇ ਲੋਕ ਜੰਗਲ ਰਾਜ ਦੀ ਮਾਰ ਸਹਿ ਰਹੇ ਹਨ।

## ਗਲੋਬਲ ਸਿੱਖ ਕੌਂਸਲ ਵਲੋਂ ਅਫਗਾਨ ਸਿੱਖਾਂ ਤੇ ਹਿੰਦੂ ਸ਼ਰਨਾਰਥੀਆਂ ਦੇ ਮੁੜ ਵਸੇਬੇ ਦੇ ਯਤਨਾਂ ਦੀ ਸਰਾਹਨਾ

### ਦਿੱਲੀ ਪੁੱਜੇ ਅਫਗਾਨੀ ਸਿੱਖਾਂ ਦੇ ਕਨੇਡਾ ਪ੍ਰਵਾਸ ਲਈ ਵੀ ਮੱਦਦ ਕਰਨ ਦੀ ਕੀਤੀ ਅਪੀਲ

ਅਫ਼ਗਾਨਿਸਤਾਨ ਦੇ ਸਿੱਖਾਂ ਅਤੇ ਹਿੰਦੂਆਂ ਅਤੇ ਭਾਈਚਾਰੇ ਦੇ ਹੋਰ ਵਰਗਾਂ ਦੇ ਜੀਵਨ ਸੁਧਾਰ ਲਈ ਲਗਾਤਾਰ ਕੰਮ ਕਰ ਰਹੀ ਭੁੱਲਰ ਫਾਊਂਡੇਸ਼ਨ ਵੱਲੋਂ ਸਵਰਗੀ ਮਨਮੀਤ ਸਿੰਘ ਭੁੱਲਰ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ, ਨਿਊ ਮਹਾਂਵੀਰ ਨਗਰ, ਦਿੱਲੀ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸ੍ਰੀ ਸਹਿਜ ਪਾਠ ਅਤੇ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ। ਇਸ ਮੌਕੇ ਅਫਗਾਨ ਸਿੱਖ ਸੰਗਤ ਨੇ ਅਮਰੀਕਾ ਨਿਵਾਸੀ ਬੇਦੀ ਫਾਊਂਡੇਸ਼ਨ ਦੇ ਮੋਹਰੀ ਅਤੇ ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਦੇ ਮੀਤ ਪ੍ਰਧਾਨ ਸਰਦਾਰ ਪਰਮਜੀਤ ਸਿੰਘ ਬੇਦੀ ਨੂੰ ਅਫਗਾਨ ਸਿੱਖਾਂ ਅਤੇ ਹਿੰਦੂ ਸ਼ਰਨਾਰਥੀਆਂ ਦੇ ਮੁੜ ਵਸੇਬੇ ਲਈ ਕੀਤੇ ਗਏ ਅਣਥੱਕ ਯਤਨਾਂ ਲਈ ਉਚੇਚੇ ਤੌਰ ਉੱਤੇ ਸਨਮਾਨਿਤ ਕੀਤਾ ਗਿਆ। ਇਸ ਮਾਮਲੇ ਸਬੰਧੀ ਜੀ.ਐਸ.ਸੀ. ਦੀ ਪ੍ਰਧਾਨ ਲੇਡੀ ਡਾ: ਕੰਵਲਜੀਤ ਕੌਰ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਪਰਮਜੀਤ ਸਿੰਘ ਬੇਦੀ ਨੇ ਇਸ ਸਬੰਧ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਈ ਹੈ ਜਿਸ ਕਰਕੇ ਜੀ.ਐਸ.ਸੀ. ਸਰਦਾਰ ਬੇਦੀ ਦੀ ਇਸ ਅਟੁੱਟ ਵਚਨਬੱਧਤਾ ਦੀ ਪ੍ਰਸ਼ੰਸਾ ਕਰਦੀ ਹੈ ਕਿਉਂਕਿ ਉਨ੍ਹਾਂ ਨੇ ਅਣਥੱਕ ਮਿਹਨਤ ਕਰਦਿਆਂ ਅਣਗਿਣਤ ਪ੍ਰਵਾਸੀ ਪਰਿਵਾਰਾਂ ਨੂੰ ਮਾਣ ਅਤੇ ਉਮੀਦ ਨਾਲ ਨਵੀਂ ਸ਼ੁਰੂਆਤ ਕਰਨ ਦੇ ਯੋਗ ਬਣਾਇਆ ਹੈ। ਉਨ੍ਹਾਂ ਨੇ ਦਿੱਲੀ ਪੁੱਜੇ ਅਫਗਾਨੀ ਸਿੱਖਾਂ ਦੇ ਕਨੇਡਾ ਪ੍ਰਵਾਸ ਲਈ ਵੀ ਸੰਗਤ ਨੂੰ ਮੱਦਾਦ ਕਰਨ ਦੀ ਅਪੀਲ ਕੀਤੀ ਹੈ। ਇਸ ਮੌਕੇ ਆਪਣੇ ਸੰਬੋਧਨ ਵਿੱਚ ਪਰਮਜੀਤ ਸਿੰਘ ਬੇਦੀ ਨੇ ਦੱਸਿਆ ਕਿ ਉਨ੍ਹਾਂ ਨੇ ਅਫਗਾਨ ਸ਼ਰਨਾਰਥੀਆਂ ਨੂੰ ਆਪਣੀ ਪੁਨਰਵਾਸ ਯਾਤਰਾ ਦੌਰਾਨ ਲਗਨ ਅਤੇ ਇਮਾਨਦਾਰੀ ਦੇ ਉੱਚਤਮ



ਸਿੱਖ ਆਦਰਸ਼ਾਂ ਨੂੰ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਹਿਯੋਗ ਅਤੇ ਸਖ਼ਤ ਮਿਹਨਤ ਦੀ ਭਾਵਨਾ ਤੇ ਸਿੱਖ ਮਰਿਆਦਾ ਨੂੰ ਕਾਇਮ ਰੱਖਣਾ ਉਨ੍ਹਾਂ ਦੇ ਨਿੱਤ ਕਰਮ ਦਾ ਹਿੱਸਾ ਹੋਣਾ ਚਾਹੀਦੀਆਂ ਹੈ। ਇਸ ਮੌਕੇ ਬੋਲਦਿਆਂ ਅਫਗਾਨ ਸਿੱਖ ਸੰਗਤ ਦੇ ਆਗੂਆਂ ਨੇ ਪਰਮਜੀਤ ਸਿੰਘ ਬੇਦੀ ਵੱਲੋਂ ਅਫਗਾਨ ਹਿੰਦੂ-ਸਿੱਖ ਸਮਾਜ ਲਈ ਦਿੱਤੀਆਂ ਅਣਥੱਕ ਸੇਵਾਵਾਂ ਅਤੇ ਮਾਨਵਤਾਵਾਦੀ ਕੋਸ਼ਿਸ਼ਾਂ ਵਿੱਚ ਉਨ੍ਹਾਂ ਦੇ ਸਹਿਯੋਗੀ ਯਤਨਾਂ ਦੀ ਭਰਵੀਂ ਸ਼ਲਾਘਾ ਕੀਤੀ।

ਇਸ ਪ੍ਰੋਗਰਾਮ ਮੌਕੇ ਅਫਗਾਨ ਪ੍ਰੋਜੈਕਟ ਵਿੱਚ ਸ਼ਿੱਦਤ ਨਾਲ ਜੁੜੇ ਹੋਏ ਸਰਦਾਰ ਜਗਮੋਹਨ ਸਿੰਘ, ਸੰਪਾਦਕ 'ਦ ਵਰਲਡ ਸਿੱਖ ਨਿਊਜ਼' ਨੇ ਇਸ ਮੁੱਦੇ 'ਤੇ ਇੱਕ ਭਾਵਪੂਰਤ ਅਪੀਲ ਕਰਦਿਆਂ ਅਫਗਾਨ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਉੱਤੇ ਚੱਲਦਿਆਂ ਮਿਸਾਲੀ ਨਾਗਰਿਕ ਬਣਨ ਅਤੇ ਨਵੇਂ ਭਾਈਚਾਰਿਆਂ ਵਿੱਚ ਵਸੇਬੇ ਦੌਰਾਨ ਸੱਚੀਆਂ ਕਦਰਾਂ-ਕੀਮਤਾਂ ਉੱਪਰ ਪਹਿਰਾ ਦਿੰਦਿਆਂ ਕੌਮ ਦੇ ਦੂਤ ਵਜੋਂ ਸੇਵਾ ਕਰਦੇ ਹੋਏ ਮਾਰਗਦਰਸ਼ਨ ਕਰਨ। ਜੀ.ਐਸ.ਸੀ. ਦੀ ਪ੍ਰਧਾਨ ਡਾ: ਕੰਵਲਜੀਤ ਕੌਰ ਨੇ ਅਫਗਾਨ ਸ਼ਰਨਾਰਥੀਆਂ ਨੂੰ ਕੈਨੇਡਾ ਵਿੱਚ ਤਬਦੀਲ ਕਰਨ ਦੇ ਯਤਨਾਂ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਭੁੱਲਰ ਫਾਊਂਡੇਸ਼ਨ, ਬੇਦੀ ਫਾਊਂਡੇਸ਼ਨ ਅਤੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਦੀ ਦਰਿਆਦਿਲੀ ਅਤੇ ਯੋਗਦਾਨ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਪ੍ਰੋਜੈਕਟ ਦੀ ਸਫਲਤਾ ਸਾਡੇ ਭਾਈਚਾਰੇ ਦੀ ਏਕਤਾ ਅਤੇ ਹਮਦਰਦੀ ਦਾ ਪ੍ਰਮਾਣ ਹੈ ਜਿੰਨਾ ਨੇ ਇਕੱਠੇ ਮਿਲ ਕੇ ਉਸ ਹਮਦਰਦੀ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਹੈ। ਇਸ ਮੌਕੇ ਜੀ.ਐਸ.ਸੀ. ਦੇ ਜਨਰਲ ਸਕੱਤਰ ਹਰਸਰਨ ਸਿੰਘ ਨੇ ਕੌਮ ਦੀ ਵਿਆਪਕ ਏਕਤਾ ਅਤੇ ਮੱਦਾਦ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਖਾਸ ਕਰਕੇ ਉਨ੍ਹਾਂ ਰਫ਼ੂਜੀਆਂ ਲਈ ਜੋ ਹਾਲੇ ਵੀ ਦਿੱਲੀ ਅਤੇ ਕਾਬੁਲ ਵਿੱਚ ਹਨ। ਕੌਂਸਲ ਨੇ ਇਸ ਨੇਕ ਕਾਰਜ ਲਈ ਵਚਨਬੱਧਤਾ ਪ੍ਰਗਟਾਉਂਦੇ ਹੋਏ ਉਨ੍ਹਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਇਸ ਚੱਲ ਰਹੇ ਮਿਸ਼ਨ ਦੀ ਸਫਲਤਾ ਵਿੱਚ ਯੋਗਦਾਨ ਪਾਇਆ ਹੈ।

# ਇੱਕ ਉੱਜਵਲ ਭਲਕੇ ਵੱਲ: ਭਾਰਤ ਦੀ ਜੀ20 ਪ੍ਰੈਜ਼ੀਡੈਂਸੀ ਅਤੇ ਇੱਕ ਨਵੇਂ ਬਹੁਪੱਖੀਵਾਦ ਦੀ ਸਵੇਰ






ਨਰੇਂਦਰ ਮੋਦੀ*

ਅੱਜ ਭਾਰਤ ਨੂੰ ਜੀ20 ਦੀ ਪ੍ਰੈਜ਼ੀਡੈਂਸੀ ਦੇ 365 ਦਿਨ ਪੂਰੇ ਹੋ ਗਏ ਹਨ। ਇਹ 'ਵਸੁਧੈਵ ਕੁਟੁੰਬਕਮ, 'ਇਕ ਪ੍ਰਿਥਵੀ, ਇਕ ਪਰਿਵਾਰ, ਇਕ ਭਵਿੱਖ' ਦੀ ਭਾਵਨਾ ਨੂੰ ਪ੍ਰਤੀਬਿੰਬਤ ਕਰਨ, ਦੁਬਾਰਾ ਪ੍ਰਤੀਬੱਧ ਕਰਨ ਅਤੇ ਪੁਨਰ ਸੁਰਜੀਤ ਕਰਨ ਦਾ ਪਲ ਹੈ।

ਜਿਵੇਂ ਕਿ ਅਸੀਂ ਪਿਛਲੇ ਸਾਲ ਇਹ ਜ਼ਿੰਮੇਵਾਰੀ ਨਿਭਾਈ ਸੀ, ਗਲੋਬਲ ਲੈਂਡਸਕੇਪ ਬਹੁਪੱਖੀ ਚੁਣੌਤੀਆਂ ਨਾਲ ਜੂਝਿਆ: ਕੋਵਿਡ -19 ਮਹਾਮਾਰੀ ਤੋਂ ਰਿਕਵਰੀ, ਵਧ ਰਹੇ ਜਲਵਾਯੂ ਖਤਰੇ, ਵਿੱਤੀ ਅਸਥਿਰਤਾ, ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਕਰਜ਼ੇ ਦੀ ਪ੍ਰੇਸ਼ਾਨੀ, ਇਹ ਸਭ ਘਟਦੇ ਬਹੁਪੱਖੀਵਾਦ ਦੇ ਦਰਮਿਆਨ। ਟਕਰਾਅ ਅਤੇ ਮੁਕਾਬਲੇ ਦੇ ਦਰਮਿਆਨ, ਵਿਕਾਸ ਸਹਿਯੋਗ ਦਾ ਨੁਕਸਾਨ ਹੋਇਆ, ਤਰੱਕੀ ਵਿੱਚ ਰੁਕਾਵਟ ਆਈ।

ਜੀ20 ਚੇਅਰ ਮੰਨ ਕੇ, ਭਾਰਤ ਨੇ ਵਿਸ਼ਵ ਨੂੰ ਯਥਾ-ਸਥਿਤੀ ਦਾ ਇੱਕ ਵਿਕਲਪ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ, ਇੱਕ ਜੀਡੀਪੀ-ਕੇਂਦ੍ਰਿਤ ਤੋਂ ਮਾਨਵ-ਕੇਂਦ੍ਰਿਤ ਤਰੱਕੀ ਵੱਲ ਇੱਕ ਤਬਦੀਲੀ। ਭਾਰਤ ਦਾ ਉਦੇਸ਼ ਦੁਨੀਆ ਨੂੰ ਯਾਦ ਦਿਵਾਉਣਾ ਹੈ ਕਿ ਕਿਹੜੀ ਚੀਜ਼ ਸਾਨੂੰ ਵੰਡਦੀ ਹੈ, ਨਾ ਕਿ ਕਿਹੜੀ ਚੀਜ਼ ਸਾਨੂੰ ਇਕਜੁੱਟ ਕਰਦੀ ਹੈ। ਅੰਤ ਵਿੱਚ, ਵਿਸ਼ਵਵਿਆਪੀ ਗੱਲਬਾਤ ਨੂੰ ਵਿਕਸਿਤ ਕਰਨਾ ਪਿਆ-ਕੁਝ ਲੋਕਾਂ ਦੇ ਹਿੱਤਾਂ ਨੂੰ ਬਹੁਤ ਸਾਰੇ ਲੋਕਾਂ ਦੀਆਂ ਇੱਛਾਵਾਂ ਨੂੰ ਰਾਹ ਦੇਣਾ ਪਿਆ। ਇਸ ਲਈ ਬਹੁਪੱਖੀਵਾਦ ਦੇ ਬੁਨਿਆਦੀ ਸੁਧਾਰ ਦੀ ਲੋੜ ਸੀ ਜਿਵੇਂ ਕਿ ਅਸੀਂ ਜਾਣਦੇ ਹਾਂ। ਸਮਾਵੇਸ਼ੀ, ਅਭਿਲਾਸ਼ੀ, ਕਾਰਵਾਈ-ਮੁਖੀ, ਅਤੇ ਨਿਰਣਾਇਕ – ਇਹ ਚਾਰ ਸ਼ਬਦਾਂ ਨੇ ਜੀ20 ਦੇ ਪ੍ਰੈਜ਼ੀਡੈਂਟ ਵਜੋਂ ਸਾਡੀ ਪਹੁੰਚ ਨੂੰ ਪਰਿਭਾਸ਼ਿਤ ਕੀਤਾ, ਅਤੇ ਨਵੀਂ ਦਿੱਲੀ ਲੀਡਰਜ਼ ਘੋਸ਼ਣਾ (ਐੱਨਡੀਐੱਲਡੀ), ਸਾਰੇ ਜੀ20 ਮੈਂਬਰਾਂ ਦੁਆਰਾ ਸਰਬਸੰਮਤੀ ਨਾਲ ਅਪਣਾਇਆ ਗਿਆ, ਇਨ੍ਹਾਂ ਸਿਧਾਂਤਾਂ ਨੂੰ ਪੂਰਾ ਕਰਨ ਲਈ ਸਾਡੀ ਪ੍ਰਤੀਬੱਧਤਾ ਦਾ ਪ੍ਰਮਾਣ ਹੈ।

ਸਮਾਵੇਸ਼ ਸਾਡੀ ਪ੍ਰੈਜ਼ੀਡੈਂਸੀ ਦਾ ਕੇਂਦਰ ਰਿਹਾ ਹੈ। ਜੀ20 ਦੇ ਸਥਾਈ ਮੈਂਬਰ ਵਜੋਂ ਅਫਰੀਕਨ ਯੂਨੀਅਨ (ਏਯੂ) ਨੂੰ ਸ਼ਾਮਲ ਕਰਨ ਨੇ 55 ਅਫਰੀਕੀ ਦੇਸ਼ਾਂ ਨੂੰ ਫੋਰਮ ਵਿੱਚ ਏਕੀਕ੍ਰਿਤ ਕੀਤਾ, ਇਸ ਨੂੰ ਵਿਸ਼ਵ ਦੀ 80% ਆਬਾਦੀ ਨੂੰ ਸ਼ਾਮਲ ਕਰਨ ਲਈ ਫੈਲਾਇਆ। ਇਸ ਕਿਰਿਆਸ਼ੀਲ ਰੁਖ ਨੇ ਗਲੋਬਲ ਚੁਣੌਤੀਆਂ ਅਤੇ ਮੌਕਿਆਂ 'ਤੇ ਵਧੇਰੇ ਵਿਆਪਕ ਗੱਲਬਾਤ ਨੂੰ ਉਤਸ਼ਾਹਿਤ ਕੀਤਾ ਹੈ।

ਭਾਰਤ ਦੁਆਰਾ ਦੋ ਸੰਸਕਰਣਾਂ ਵਿੱਚ ਬੁਲਾਈ ਗਈ ਆਪਣੀ ਕਿਸਮ ਦੀ ਪਹਿਲੀ 'ਵੌਇਸ ਆਫ਼ ਗਲੋਬਲ ਸਾਊਥ ਸਮਿਟ' ਨੇ ਬਹੁ-ਪੱਖੀਵਾਦ ਦੀ ਇੱਕ ਨਵੀਂ ਸਵੇਰ ਦੀ ਸ਼ੁਰੂਆਤ ਕੀਤੀ। ਭਾਰਤ ਨੇ ਅੰਤਰਰਾਸ਼ਟਰੀ ਡਿਸਕੋਰਸ ਵਿੱਚ ਗਲੋਬਲ ਦੱਖਣ ਦੀਆਂ ਚਿੰਤਾਵਾਂ ਨੂੰ ਮੁੱਖ ਧਾਰਾ ਵਿੱਚ ਪੇਸ਼ ਕੀਤਾ ਅਤੇ ਇੱਕ ਅਜਿਹੇ ਯੁੱਗ ਦੀ ਸ਼ੁਰੂਆਤ ਕੀਤੀ ਹੈ ਜਿੱਥੇ ਵਿਕਾਸਸ਼ੀਲ ਦੇਸ਼ ਵਿਸ਼ਵ ਬਿਰਤਾਂਤ ਨੂੰ ਆਕਾਰ ਦੇਣ ਵਿੱਚ ਆਪਣਾ ਸਹੀ ਸਥਾਨ ਲੈਂਦੇ ਹਨ।

ਸਮਾਵੇਸ਼ਤਾ ਨੇ ਜੀ20 ਪ੍ਰਤੀ ਭਾਰਤ ਦੀ ਘਰੇਲੂ ਪਹੁੰਚ ਨੂੰ ਵੀ ਪ੍ਰਭਾਵਿਤ ਕੀਤਾ, ਜਿਸ ਨਾਲ ਇਸ ਨੂੰ ਇੱਕ ਪੀਪਲਜ਼ ਪ੍ਰੈਜ਼ੀਡੈਂਸੀ ਬਣਾਇਆ ਗਿਆ ਜੋ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਅਨੁਕੂਲ ਹੈ। 'ਜਨ ਭਾਗੀਦਾਰੀ' (ਲੋਕ ਭਾਗੀਦਾਰੀ) ਸਮਾਗਮਾਂ ਰਾਹੀਂ, ਜੀ20 1.4 ਬਿਲੀਅਨ ਨਾਗਰਿਕਾਂ ਤੱਕ ਪਹੁੰਚਿਆ, ਜਿਸ ਵਿੱਚ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਯੂਟੀਸ) ਨੂੰ ਭਾਈਵਾਲਾਂ ਵਜੋਂ ਸ਼ਾਮਲ ਕੀਤਾ ਗਿਆ। ਅਤੇ ਸਾਰਥਿਕ ਤੱਤਾਂ 'ਤੇ, ਭਾਰਤ ਨੇ ਇਹ ਯਕੀਨੀ ਬਣਾਇਆ ਕਿ ਅੰਤਰਰਾਸ਼ਟਰੀ ਧਿਆਨ ਜੀ20 ਦੇ ਆਦੇਸ਼ ਦੇ ਨਾਲ, ਵਿਆਪਕ ਵਿਕਾਸ ਦੇ ਉਦੇਸ਼ਾਂ ਵੱਲ ਸੇਧਿਤ ਕੀਤਾ ਗਿਆ ਸੀ। 2030 ਏਜੰਡੇ ਦੇ ਨਾਜ਼ੁਕ ਮੱਧ ਬਿੰਦੂ 'ਤੇ, ਭਾਰਤ ਸਸਟੇਨੇਬਲ ਡਿਵੈਲਪਮੈਂਟ ਲਕਸ਼ਾਂ (ਐੱਸਡੀਜੀਸ) 'ਤੇ ਤਰੱਕੀ ਨੂੰ ਤੇਜ਼ ਕਰਨ ਲਈ ਜੀ20 2023 ਕਾਰਜ ਯੋਜਨਾ ਵਿੱਚ ਸ਼ਾਮਲ ਹੋ ਗਿਆ ਹੈ, ਜਿਸ ਨੇ ਸਿਹਤ, ਸਿੱਖਿਆ, ਲਿੰਗ ਸਮਾਨਤਾ, ਵਾਤਾਵਰਣ ਸਥਿਰਤਾ ਸਮੇਤ ਆਪਸ ਵਿੱਚ ਜੁੜੇ ਮੁੱਦਿਆਂ 'ਤੇ ਇੱਕ ਅੰਤਰ-ਸੰਬੰਧਿਤ, ਕਾਰਜ-ਮੁਖੀ ਪਹੁੰਚ ਨੂੰ ਪੇਸ਼ ਕੀਤਾ ਹੈ। ਇਸ ਪ੍ਰਗਤੀ ਨੂੰ ਸੰਚਾਲਿਤ ਕਰਨ ਵਾਲਾ ਇੱਕ ਮੁੱਖ ਖੇਤਰ ਮਜ਼ਬੂਤ ਡਿਜੀਟਲ ਪਬਲਿਕ ਬੁਨਿਆਦੀ ਢਾਂਚਾ (ਡੀਪੀਆਈ) ਹੈ। ਇੱਥੇ, ਆਧਾਰ, ਯੂਪੀਆਈ, ਅਤੇ ਡਿਜੀਲੌਕਰ ਵਰਗੀਆਂ ਡਿਜੀਟਲ ਨਵੀਨਤਾਵਾਂ ਦੇ ਕ੍ਰਾਂਤੀਕਾਰੀ ਪ੍ਰਭਾਵ ਨੂੰ ਵੇਖਦਿਆਂ, ਭਾਰਤ ਆਪਣੀਆਂ ਸਿਫ਼ਾਰਸ਼ਾਂ ਵਿੱਚ ਨਿਰਣਾਇਕ ਸੀ। ਜੀ20 ਦੇ ਜ਼ਰੀਏ, ਅਸੀਂ ਡਿਜੀਟਲ ਪਬਲਿਕ ਇਨਫ੍ਰਾਸਟਰਕਚਰ ਰਿਪੋਜ਼ਟਰੀ ਨੂੰ ਸਫਲਤਾਪੂਰਵਕ ਪੂਰਾ ਕੀਤਾ, ਜੋ ਕਿ ਗਲੋਬਲ ਟੈਕਨੋਲੋਜੀਕਲ ਸਹਿਯੋਗ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਹ ਰਿਪੋਜ਼ਟਰੀ, 16 ਦੇਸ਼ਾਂ ਦੇ 50 ਤੋਂ ਵੱਧ ਡੀਪੀਆਈਸ ਦੀ ਵਿਸ਼ੇਸ਼ਤਾ, ਸੰਮਿਲਿਤ ਵਿਕਾਸ ਦੀ ਸ਼ਕਤੀ ਨੂੰ ਅਨਲੌਕ ਕਰਨ ਲਈ ਗਲੋਬਲ ਸਾਊਥ ਨੂੰ ਡੀਪੀਆਈ ਬਣਾਉਣ, ਅਪਣਾਉਣ ਅਤੇ ਸਕੇਲ ਕਰਨ ਵਿੱਚ ਮਦਦ ਕਰੇਗੀ।

ਸਾਡੀ ਇੱਕ ਪ੍ਰਿਥਵੀ ਲਈ, ਅਸੀਂ ਜ਼ਰੂਰੀ, ਸਥਾਈ, ਅਤੇ ਬਰਾਬਰੀ ਵਾਲੀ ਤਬਦੀਲੀ ਪੈਦਾ ਕਰਨ ਲਈ ਅਭਿਲਾਸ਼ੀ ਅਤੇ ਸਮਾਵੇਸ਼ੀ ਉਦੇਸ਼ ਪੇਸ਼ ਕੀਤੇ ਹਨ। ਘੋਸ਼ਣਾ ਪੱਤਰ ਦਾ 'ਗ੍ਰੀਨ ਡਿਵੈਲਪਮੈਂਟ ਪੈਕਟ' ਭੁੱਖ ਨਾਲ ਲੜਨ ਅਤੇ ਗ੍ਰਹਿ ਦੀ ਰੱਖਿਆ ਵਿਚਕਾਰ ਚੋਣ ਕਰਨ ਦੀਆਂ ਚੁਣੌਤੀਆਂ ਨੂੰ ਸੰਬੋਧਿਤ ਕਰਦਾ ਹੈ, ਇੱਕ ਵਿਆਪਕ ਰੋਡਮੈਪ ਦੀ ਰੂਪਰੇਖਾ ਦੇ ਕੇ, ਜਿੱਥੇ ਰੋਜ਼ਗਾਰ ਅਤੇ ਪਰਿਆਵਰਣ-ਪ੍ਰਣਾਲੀ ਅਨੁਕੂਲ ਹਨ, ਖਪਤ ਜਲਵਾਯੂ ਪ੍ਰਤੀ ਸੁਚੇਤ ਹੈ, ਅਤੇ ਉਤਪਾਦਨ ਗ੍ਰਹਿ-ਅਨੁਕੂਲ ਹੈ। ਮਿਲਦੇ-ਜੁਲਦੇ, ਜੀ20 ਘੋਸ਼ਣਾ ਪੱਤਰ 2030 ਤੱਕ ਗਲੋਬਲ ਅਖੁੱਟ ਊਰਜਾ ਸਮਰੱਥਾ ਨੂੰ ਤਿੰਨ ਗੁਣਾ ਕਰਨ ਦੀ ਮੰਗ ਕਰਦਾ ਹੈ। ਗਲੋਬਲ ਬਾਇਓਫਿਊਲ ਅਲਾਇੰਸ ਦੀ ਸਥਾਪਨਾ ਅਤੇ ਗ੍ਰੀਨ ਹਾਈਡ੍ਰੋਜਨ ਲਈ ਇੱਕ ਠੋਸ ਦਬਾਅ ਦੇ ਨਾਲ, ਇੱਕ ਸਵੱਛ, ਗ੍ਰੀਨ ਦੁਨੀਆ ਬਣਾਉਣ ਲਈ ਜੀ20 ਦੀਆਂ ਇੱਛਾਵਾਂ ਅਸਵੀਕਾਰਨਯੋਗ ਨਹੀਂ ਹਨ। ਇਹ ਹਮੇਸ਼ਾ ਹੀ ਭਾਰਤ ਦਾ ਸਿਧਾਂਤ ਰਿਹਾ ਹੈ, ਅਤੇ ਟਿਕਾਊ ਵਿਕਾਸ ਲਈ ਜੀਵਨਸ਼ੈਲੀ (ਲਾਈਫ-LiFE) ਰਾਹੀਂ, ਵਿਸ਼ਵ ਸਾਡੀਆਂ ਸਦੀਆਂ ਪੁਰਾਣੀਆਂ ਟਿਕਾਊ ਪਰੰਪਰਾਵਾਂ ਤੋਂ ਲਾਭ ਉਠਾ ਸਕਦਾ ਹੈ।

ਇਸ ਤੋਂ ਇਲਾਵਾ, ਘੋਸ਼ਣਾ ਗਲੋਬਲ ਉੱਤਰ ਤੋਂ ਮਹੱਤਵਪੂਰਨ ਵਿੱਤੀ ਅਤੇ ਤਕਨੀਕੀ ਸਹਾਇਤਾ ਦੀ ਤਾਕੀਦ ਕਰਦੇ ਹੋਏ, ਜਲਵਾਯੂ ਨਿਆਂ ਅਤੇ ਬਰਾਬਰੀ ਪ੍ਰਤੀ ਸਾਡੀ ਪ੍ਰਤੀਬੱਧਤਾ ਨੂੰ ਦਰਸਾਉਂਦੀ ਹੈ। ਪਹਿਲੀ ਵਾਰ, ਅਰਬਾਂ ਤੋਂ ਖਰਬਾਂ ਡਾਲਰਾਂ ਤੱਕ ਵਧਦੇ ਹੋਏ, ਵਿਕਾਸ ਵਿੱਤ ਦੀ ਵਿਸ਼ਾਲਤਾ ਵਿੱਚ ਲੋੜੀਂਦੇ ਕੁਆਂਟਮ ਜੰਪ ਨੂੰ ਮਾਨਤਾ ਦਿੱਤੀ ਗਈ ਹੈ। ਜੀ20 ਨੇ ਸਵੀਕਾਰ ਕੀਤਾ ਕਿ ਵਿਕਾਸਸ਼ੀਲ ਦੇਸ਼ਾਂ ਨੂੰ 2030 ਤੱਕ ਆਪਣੇ ਰਾਸ਼ਟਰੀ ਪੱਧਰ 'ਤੇ ਨਿਰਧਾਰਿਤ ਯੋਗਦਾਨ (ਐੱਨਡੀਸੀ'ਸ) ਨੂੰ ਪੂਰਾ ਕਰਨ ਲਈ 5.9 ਟ੍ਰਿਲੀਅਨ ਡਾਲਰ ਦੀ ਲੋੜ ਹੈ।

ਲੋੜੀਂਦੇ ਸਮਾਰਕ ਸੰਸਾਧਨਾਂ ਦੇ ਮੱਦੇਨਜ਼ਰ, ਜੀ20 ਨੇ ਬਿਹਤਰ, ਵੱਡੇ ਅਤੇ ਵਧੇਰੇ ਪ੍ਰਭਾਵਸ਼ਾਲੀ ਬਹੁਪੱਖੀ ਵਿਕਾਸ ਬੈਂਕਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਦੇ ਨਾਲ ਹੀ, ਭਾਰਤ ਸੰਯੁਕਤ ਰਾਸ਼ਟਰ ਦੇ ਸੁਧਾਰਾਂ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ, ਖਾਸ ਤੌਰ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਰਗੇ ਪ੍ਰਮੁੱਖ ਅੰਗਾਂ ਦੇ ਪੁਨਰਗਠਨ ਵਿੱਚ, ਜੋ ਇੱਕ ਵਧੇਰੇ ਬਰਾਬਰੀ ਵਾਲੀ ਗਲੋਬਲ ਵਿਵਸਥਾ ਨੂੰ ਯਕੀਨੀ ਬਣਾਏਗਾ।

ਘੋਸ਼ਣਾ ਪੱਤਰ ਵਿੱਚ ਲਿੰਗ ਸਮਾਨਤਾ ਨੂੰ ਕੇਂਦਰ ਵਿੱਚ ਲਿਆਂਦਾ ਗਿਆ, ਜਿਸਦਾ ਸਿੱਟਾ ਅਗਲੇ ਸਾਲ ਮਹਿਲਾਵਾਂ ਦੇ ਸਸ਼ਕਤੀਕਰਨ ਉੱਤੇ ਇੱਕ ਸਮਰਪਿਤ ਕਾਰਜ ਸਮੂਹ ਦੇ ਗਠਨ ਵਿੱਚ ਹੋਇਆ। ਭਾਰਤ ਦਾ ਮਹਿਲਾ ਰਿਜ਼ਰਵੇਸ਼ਨ ਬਿੱਲ 2023, ਭਾਰਤ ਦੀ ਸੰਸਦ ਅਤੇ ਰਾਜ ਵਿਧਾਨ ਸਭਾ ਸੀਟਾਂ ਦਾ ਇੱਕ ਤਿਹਾਈ ਹਿੱਸਾ ਮਹਿਲਾਵਾਂ ਲਈ ਰਾਖਵਾਂ ਕਰਨਾ ਮਹਿਲਾਵਾਂ ਦੀ ਅਗਵਾਈ ਵਾਲੇ ਵਿਕਾਸ ਲਈ ਸਾਡੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।

ਨਵੀਂ ਦਿੱਲੀ ਘੋਸ਼ਣਾ ਪੱਤਰ ਇਨ੍ਹਾਂ ਮੁੱਖ ਤਰਜੀਹਾਂ ਵਿੱਚ ਸਹਿਯੋਗ ਦੀ ਇੱਕ ਨਵੀਂ ਭਾਵਨਾ ਨੂੰ ਦਰਸਾਉਂਦਾ ਹੈ, ਨੀਤੀਗਤ ਤਾਲਮੇਲ, ਭਰੋਸੇਮੰਦ ਵਪਾਰ ਅਤੇ ਖਾਹਿਸ਼ੀ ਜਲਵਾਯੂ ਕਾਰਵਾਈ 'ਤੇ ਧਿਆਨ ਕੇਂਦਰਿਤ ਕਰਦਾ ਹੈ। ਇਹ ਮਾਣ ਵਾਲੀ ਗੱਲ ਹੈ ਕਿ ਸਾਡੀ ਪ੍ਰੈਜ਼ੀਡੈਂਸੀ ਦੇ ਕਾਰਜਕਾਲ ਦੌਰਾਨ, ਜੀ20 ਨੇ 87 ਨਤੀਜੇ ਪ੍ਰਾਪਤ ਕੀਤੇ ਅਤੇ 118 ਦਸਤਾਵੇਜ਼ ਅਪਣਾਏ, ਜੋ ਕਿ ਅਤੀਤ ਨਾਲੋਂ ਬਹੁਤ ਜ਼ਿਆਦਾ ਹੈ।

ਸਾਡੀ ਜੀ20 ਪ੍ਰੈਜ਼ੀਡੈਂਸੀ ਦੌਰਾਨ, ਭਾਰਤ ਨੇ ਭੂ-ਰਾਜਨੀਤਿਕ ਮੁੱਦਿਆਂ ਅਤੇ ਆਰਥਿਕ ਵਿਕਾਸ ਅਤੇ ਵਿਕਾਸ 'ਤੇ ਉਨ੍ਹਾਂ ਦੇ ਪ੍ਰਭਾਵਾਂ 'ਤੇ ਵਿਚਾਰ-ਵਟਾਂਦਰੇ ਦੀ ਅਗਵਾਈ ਕੀਤੀ। ਆਤੰਕਵਾਦ ਅਤੇ ਨਾਗਰਿਕਾਂ ਦੀ ਬੇਤੁਕੀ ਹੱਤਿਆ ਅਸਵੀਕਾਰਨਯੋਗ ਹੈ ਅਤੇ ਸਾਨੂੰ ਇਸ ਨੂੰ ਜ਼ੀਰੋ-ਟੌਲਰੈਂਸ ਦੀ ਨੀਤੀ ਨਾਲ ਹੱਲ ਕਰਨਾ ਚਾਹੀਦਾ ਹੈ। ਸਾਨੂੰ ਦੁਸ਼ਮਣੀ ਉੱਤੇ ਮਾਨਵਤਾਵਾਦ ਨੂੰ ਧਾਰਨ ਕਰਨਾ ਚਾਹੀਦਾ ਹੈ ਅਤੇ ਦੁਹਰਾਉਣਾ ਚਾਹੀਦਾ ਹੈ ਕਿ ਇਹ ਯੁੱਧ ਦਾ ਯੁੱਗ ਨਹੀਂ ਹੈ।

ਮੈਨੂੰ ਖੁਸ਼ੀ ਹੈ ਕਿ ਸਾਡੀ ਪ੍ਰੈਜ਼ੀਡੈਂਸੀ ਦੇ ਕਾਰਜਕਾਲ ਦੌਰਾਨ ਭਾਰਤ ਨੇ ਅਸਾਧਾਰਨ ਪ੍ਰਾਪਤੀ ਕੀਤੀ। ਇਸ ਨੇ ਬਹੁ-ਪੱਖੀਵਾਦ ਨੂੰ ਦੁਬਾਰਾ ਸੁਰਜੀਤ ਕੀਤਾ, ਗਲੋਬਲ ਦੱਖਣ ਦੀ ਆਵਾਜ਼ ਨੂੰ ਵਧਾਇਆ, ਵਿਕਾਸ ਨੂੰ ਅੱਗੇ ਵਧਾਇਆ ਅਤੇ ਮਹਿਲਾਵਾਂ ਦੇ ਸਸ਼ਕਤੀਕਰਨ ਲਈ ਹਰ ਥਾਂ ਲੜਿਆ।

ਜਦੋਂ ਕਿ ਅਸੀਂ ਬ੍ਰਾਜ਼ੀਲ ਨੂੰ ਜੀ20 ਪ੍ਰੈਜ਼ੀਡੈਂਸੀ ਸੌਂਪਦੇ ਹਾਂ, ਅਸੀਂ ਇਸ ਵਿਸ਼ਵਾਸ ਨਾਲ ਅਜਿਹਾ ਕਰਦੇ ਹਾਂ ਕਿ ਲੋਕਾਂ, ਗ੍ਰਹਿ, ਸ਼ਾਂਤੀ ਅਤੇ ਸਮ੍ਰਿੱਧੀ ਲਈ ਸਾਡੀਆਂ ਸਮੂਹਿਕ ਕਾਰਵਾਈਆਂ ਆਉਣ ਵਾਲੇ ਸਾਲਾਂ ਲਈ ਗੂੰਜਦੀਆਂ ਰਹਿਣਗੀਆਂ।

*ਪ੍ਰਧਾਨ ਮੰਤਰੀ, ਭਾਰਤ ਸਰਕਾਰ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਹੈਦਰਾਬਾਦ ਦੇ ਅਮੀਰਪੇਟ ਗੁਰਦੁਆਰੇ ਵਿਖੇ ਨਤਮਸਤਕ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ

**• ਤਿਲੰਗਾਨਾ ਨੂੰ ਬੀਆਰਐੱਸ ਤੋਂ ਮੁਕਤ ਕਰਵਾਏਗੀ ਭਾਜਪਾ: ਮੋਦੀ • ਪ੍ਰਧਾਨ ਮੰਤਰੀ ਨੇ ਚੋਣ ਰੈਲੀਆਂ ਨੂੰ ਕੀਤਾ ਸੰਬੋਧਨ; ਭਾਜਪਾ ਸਰਕਾਰ ਬਣਨ 'ਤੇ ਰਾਓ ਨੂੰ ਜੇਲ੍ਹ ਭੇਜਣ ਦਾ ਐਲਾਨ**











ਹੈਦਰਾਬਾਦ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੋਮਵਾਰ ਨੂੰ ਹੈਦਰਾਬਾਦ ਦੇ ਅਮੀਰਪੇਟ ਗੁਰਦੁਆਰੇ ਵਿਚ ਨਤਮਸਤਕ ਹੋਏ। ਉਨ੍ਹਾਂ ਸ਼ਹਿਰ ਵਿੱਚ ਕੋਟੀ ਦੀਪੋਤਸਵਮ ਪ੍ਰੋਗਰਾਮ ਵਿੱਚ ਵੀ ਸ਼ਿਰਕਤ ਕੀਤੀ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਦੀ ਮਹੱਤਤਾ ਨੂੰ ਸਵੀਕਾਰ ਕਰਦੇ ਹੋਏ ਲੋਕਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਟਵਿੱਟਰ 'ਤੇ ਇੱਕ ਪੋਸਟ ਵਿੱਚ, ਉਨ੍ਹਾਂ ਨੇ ਕਿਹਾ, 'ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁਭ ਮੌਕੇ 'ਤੇ ਵਧਾਈਆਂ। ਦੂਜਿਆਂ ਦੀ ਸੇਵਾ ਕਰਨ ਅਤੇ ਭਾਈਚਾਰਕ ਸਾਂਝ ਨੂੰ ਅੱਗੇ ਵਧਾਉਣ 'ਤੇ ਉਨ੍ਹਾਂ ਦਾ ਜ਼ੋਰ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਤਾਕਤ ਦਿੰਦਾ ਹੈ।

ਇੱਥੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਿਬੂਬਾਬਾਦ ਅਤੇ ਕਰੀਮਨਗਰ ਵਿੱਚ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਭਾਜਪਾ ਤਿਲੰਗਾਨਾ ਨੂੰ ਬੀਆਰਐੱਸ ਤੋਂ ਮੁਕਤੀ ਦਿਵਾਏਗੀ ਅਤੇ ਪਾਰਟੀ ਨੇ ਚੰਦਰਸ਼ੇਖਰ ਰਾਓ ਦੀ ਅਗਵਾਈ ਵਾਲੇ ਆਗੂਆਂ ਨੂੰ ਜੇਲ੍ਹ ਭੇਜਣ ਦੀ ਸਹੁੰ ਚੁੱਕੀ ਹੈ। ਸ੍ਰੀ ਮੋਦੀ ਨੇ ਕਿਹਾ ਕਿ ਤਿਲੰਗਾਨਾ ਨੂੰ ਬੀਆਰਐੱਸ ਤੋਂ ਮੁਕਤੀ ਦਿਵਾਉਣਾ ਭਾਜਪਾ ਆਪਣੀ ਜ਼ਿੰਮੇਵਾਰੀ ਸਮਝਦੀ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਸੱਤਾ ਵਿੱਚ ਆਉਣ ਮਗਰੋਂ ਤਿਲੰਗਾਨਾ ਦੇ ਮੁੱਖ ਮੰਤਰੀ ਚੰਦਰਸ਼ੇਖਰ ਰਾਓ ਦੇ ਘੁਟਾਲਿਆਂ ਦੀ ਜਾਂਚ ਕਰਵਾਏਗੀ। ਉਨ੍ਹਾਂ ਵਾਅਦਾ ਕੀਤਾ ਕਿ ਸੂਬੇ ਦੇ ਗਰੀਬਾਂ ਅਤੇ ਨੌਜਵਾਨਾਂ ਨਾਲ ਵਿਸ਼ਵਾਸਘਾਤ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਤਿੰਨ ਦਿਨਾਂ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨੂੰ ਕਈ ਵਿਅਕਤੀਆਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਕੇਸੀਆਰ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਤਿਆਰ ਬੈਠੇ ਹਨ। ਤਿਲੰਗਾਨਾ ਨੂੰ ਬਰਬਾਦ ਕਰਨ ਲਈ ਕਾਂਗਰਸ ਅਤੇ ਬੀਆਰਐੱਸ ਦੋਵੇਂ ਜ਼ਿੰਮੇਵਾਰ ਹਨ। ਸਾਬਕਾ ਪ੍ਰਧਾਨ ਮੰਤਰੀ ਨਰਸਿਮ ?ਹਾ ਰਾਓ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਕਰੀਮਨਗਰ ਦੀ ਮਿੱਟੀ ਨੇ ਰਾਓ ਦੇ ਰੂਪ ਵਿੱਚ ਦੇਸ਼ ਨੂੰ ਇੱਕ ਪ੍ਰਧਾਨ ਮੰਤਰੀ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਨੇ ਹਰ ਕਦਮ 'ਤੇ ਰਾਓ ਦਾ ਅਪਮਾਨ ਕੀਤਾ। ਉਨ੍ਹਾਂ ਕਿਹਾ ਕਿ ਪਰਿਵਾਰਵਾਦ ਵਾਲੇ ਕੇਵਲ ਆਪਣੇ ਬੱਚਿਆਂ ਬਾਰੇ ਸੋਚਦੇ ਹਨ ਅਤੇ ਉਨ੍ਹਾਂ ਨੂੰ ਦੂਜਿਆਂ ਦੇ ਬੱਚਿਆਂ ਦੀ ਕੋਈ ਚਿੰਤਾ ਨਹੀਂ ਹੈ। ਉਨ੍ਹਾਂ ਕਾਂਗਰਸ ਅਤੇ ਕੇਸੀਆਰ ਤੋਂ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਦੋਵੇਂ ਧੜੇ ਇੱਕੋ ਹਨ। ਸ੍ਰੀ ਮੋਦੀ ਨੇ ਮਗਰੋਂ ਸ਼ਾਮ ਨੂੰ ਸੂਬੇ ਦੀ ਰਾਜਧਾਨੀ ਵਿੱਚ ਆਰਟੀਸੀ ਕਰਾਸਿੰਗ ਚੌਕ ਨੇੜੇ ਕਾਚੀਗੁੜਾ ਵਿੱਚ ਰੋਡ ਸ਼ੋਅ ਵਿੱਚ ਹਿੱਸਾ ਲਿਆ। ਉਨ੍ਹਾਂ ਨਾਲ ਭਾਜਪਾ ਦੇ ਸੂਬਾਈ ਪ੍ਰਧਾਨ ਜੀ ਕਿਸ਼ਨ ਰੈਡੀ ਅਤੇ ਪਾਰਟੀ ਦੇ ਲੋਕ ਸਭਾ ਮੈਂਬਰ ਕੇ. ਲਛਮਣ ਵੀ ਸਨ।

# ਸਿੱਖ ਅੱਜ ਪੂਰੀ ਦੁਨੀਆਂ 'ਚ ਛਾਏ ਹੋਏ ਹਨ, ਪਰ ਮੁ.ਗਲਾਂ ਦਾ ਕਿਤੇ ਅਤਾ-ਪਤਾ ਨਹੀਂ : ਯੋਗੀ ਆਦਿਤਿਆਨਾਥ





ਲਖਨਊ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਮੁਗ਼ਲਾਂ ਅਤੇ ਸਿੱਖਾਂ ਵਿਚਕਾਰ ਹੋਏ ਸੰਘਰਸ਼ ਦੀ ਯਾਦ ਦਿਵਾਉਂਦਿਆਂ ਸੋਮਵਾਰ ਨੂੰ ਕਿਹਾ ਕਿ ਅੱਜ ਸਿੱਖ ਪੂਰੀ ਦੁਨੀਆਂ 'ਚ ਛਾਏ ਹੋਏ ਹਨ, ਪਰ ਮੁਗ਼ਲਾਂ ਦੀ ਸੱਤਾ ਦਾ ਕਿਤੇ ਅਤਾ-ਪਤਾ ਨਹੀਂ ਹੈ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਸੋਮਵਾਰ ਨੂੰ ਰਾਜਧਾਨੀ ਲਖਨਊ ਦੇ ਆਸ਼ੀਆਨਾ ਸਥਿਤ ਗੁਰਦੁਆਰੇ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ 'ਤੇ ਕਰਵਾਏ ਪ੍ਰੋਗਰਾਮ ਨੂੰ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ, "ਸਿੱਖ ਗੁਰੂਆਂ ਦੀ ਕੁਰਬਾਨੀ ਸਿਰਫ਼ ਖ਼ਾਲਸਾ ਪੰਥ ਲਈ ਨਾ ਹੋ ਕੇ ਹਿੰਦੁਸਤਾਨ ਅਤੇ ਧਰਮ ਨੂੰ ਬਚਾਉਣ ਲਈ ਸੀ।"

ਮੁੱਖ ਮੰਤਰੀ ਨੇ ਕਿਹਾ, "ਉਸ ਦੌਰ 'ਚ ਜਦੋਂ ਵੱਡੇ-ਵੱਡੇ ਰਾਜ-ਮਹਾਰਾਜੇ ਮੁਗ਼ਲ ਸੱਤਾ ਦੀ ਅਧੀਨਗੀ ਮੰਨ ਰਹੇ ਸਨ, ਤਾਂ ਸਿੱਖ ਗੁਰੂ ਅਪਣੇ ਦਮ 'ਤੇ ਦੇਸ਼ ਅਤੇ ਧਰਮ ਦੀ ਰਾਖੀ ਕਰ ਰਹੇ ਸਨ। ਜਿਸ ਦੇਸ਼ ਅਤੇ ਪੰਪਰਾ 'ਚ ਇਸ ਤਰ੍ਹਾਂ ਦਾ ਜੁਝਾਰੂਪਨ ਹੋਵੇ ਉਸ ਨੂੰ ਦੁਨੀਆਂ ਦੀ ਕੋਈ ਤਾਕਤ ਝੁਕਾ ਨਹੀਂ ਸਕਦੀ।" ਮੁੱਖ ਮੰਤਰੀ ਨੇ ਕਿਹਾ, "ਖ਼ਾਲਸਾ ਪੰਥ ਦੀ ਸਥਾਪਨਾ ਮੁਗ਼ਲ ਸਲਤਨਤ ਦੇ ਪਤਨ ਕਾਰਨ ਬਣੀ। ਅੱਜ ਸਿੱਖ ਪੂਰੀ ਦੁਨੀਆਂ 'ਤੇ ਛਾਏ ਹੋਏ ਹਨ, ਪਰ ਮੁਗ਼ਲਾਂ ਦੀ ਸੱਤਾ ਦਾ ਕਿਤੇ ਅਤਾ-ਪਤਾ ਨਹੀਂ ਹੈ। ਇਹ ਸੱਚ ਅਤੇ ਧਰਮ ਦਾ ਰਾਹ ਹੈ।"

ਮੁੱਖ ਮੰਤਰੀ ਨੇ ਸੂਬਾ ਵਾਸੀਆਂ ਨੂੰ ਪ੍ਰਕਾਸ਼ ਪੁਰਬ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਪ੍ਰਕਾਸ਼ ਪੁਰਬ ਸਾਡੇ ਸਾਰਿਆਂ ਦੇ ਜੀਵਨ 'ਚ ਗੁਰੂ ਕ੍ਰਿਪਾ ਤੋਂ ਗਿਆਨ ਦਾ ਚਾਨਣ ਦਿੰਦਾ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖ ਗੁਰੂਆਂ ਦਾ ਤਿਆਗ, ਕੁਰਬਾਨੀ, ਭਗਤੀ, ਤਾਕਤ, ਸਾਧਨਾ ਦੇਸ਼ ਅਤੇ ਧਰਮ ਲਈ ਅਦੁੱਤੀ ਹੈ ਅਤੇ ਭਾਰਤ ਹੀ ਨਹੀਂ ਪੂਰੀ ਦੁਨੀਆਂ 'ਚ ਗੁਰੂ ਨਾਨਕ ਜੀ ਦਾ ਪ੍ਰਕਾਸ਼ ਫੈਲਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ ਇਕ ਪੱਖ ਭਗਤੀ ਰਾਹੀਂ ਸਾਧਨਾ ਦਾ ਹੈ, ਤਾਂ ਦੂਜਾ ਪੱਖ ਭਗਤੀ ਰਾਹੀਂ ਲੋਕ ਭਲਾਈ ਅਤੇ ਦੇਸ਼ ਦੀ ਭਲਾਈ ਦਾ ਰਾਹ ਪੱਧਰਾ ਕਰਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭਗਤੀ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਉਸ ਦੌਰ 'ਚ ਬਾਬਰ ਦੇ ਜ਼ੁਲਮਾਂ ਵਿਰੁਧ ਆਵਾਜ਼ ਬੁਲੰਦ ਕੀਤੀ ਸੀ। ਉਨ੍ਹਾਂ ਕਿਹਾ, "ਜਾਤ-ਪਾਤ ਅਤੇ ਹੋਰ ਤੰਗ ਵਿਚਾਰਾਂ ਤੋਂ ਮੁਕਤ ਰਹਿ ਕੇ ਕਿਰਤ ਕਰਨ ਦੀ ਪ੍ਰੇਰਣਾ ਸਾਨੂੰ ਗੁਰੂ ਨਾਨਕ ਦੇਵ ਜੀ ਤੋਂ ਮਿਲਦੀ ਹੈ।"


ਯੋਗੀ ਆਦਿਤਿਆਨਾਥ ਨੇ ਕਿਹਾ ਕਿ ਸਿੱਖ ਧਰਮ ਭਗਤੀ ਦੇ ਗੂੜ੍ਹ ਰਹੱਸਾਂ ਨਾਲ ਭਰਿਆ ਪਿਆ ਹੈ ਅਤੇ ਖ਼ਾਲਸਾ ਸਿਰਫ਼ ਇਕ ਪੰਥ ਨਹੀਂ ਹੈ, ਇਹ ਦੇਸ਼ ਅਤੇ ਧਰਮ ਦੀ ਰਾਖੀ ਲਈ ਗੁਰੂ ਕ੍ਰਿਪਾ ਤੋਂ ਨਿਕਲਿਆ ਹੋਇਆ ਪ੍ਰਕਾਸ਼ ਪੁੰਜ ਹੈ। ਇਸ ਨੇ ਮੁਸ਼ਕਲ ਹਾਲਾਤ 'ਚ ਵੀ ਵਿਦੇਸ਼ੀ ਤਾਕਤਾਂ ਨੂੰ ਝੁਕਣ ਲਈ ਮਜਬੂਰ ਕੀਤਾ।

ਮੁੱਖ ਮੰਤਰੀ ਨੇ ਪ੍ਰੇਰਿਤ ਕਰਦਿਆਂ ਕਿਹਾ ਕਿ ਗੁਰੂ ਨਾਨਕ ਜੀ ਵਲੋਂ ਰੱਖੀ ਗਈ ਇਸ ਨੀਂਹ ਨੂੰ ਹੋਰ ਮਜ਼ਬੂਤ ਕਰਨਾ ਹਰ ਸਿੱਖ ਅਤੇ ਹਰ ਭਾਰਤੀ ਦਾ ਫ਼ਰਜ਼ ਹੈ ਅਤੇ ਇਸ 'ਚ ਹੀ ਦੇਸ਼ ਦੀ ਖ਼ੁਸ਼ਹਾਲੀ ਲੁਕੀ ਹੋਈ ਹੈ।

# ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨਿਊਯਾਰਕ ਨੇ ਗੁਰਦੁਆਰੇ 'ਚ ਭਾਰਤੀ ਰਾਜਦੂਤ ਸ. ਤਰਨਜੀਤ ਸਿੰਘ ਸੰਧੂ ਨੂੰ ਘੇਰਿਆ

*• ਹਰਦੀਪ ਨਿੱਝਰ ਅਤੇ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਬਾਰੇ ਸਵਾਲ ਕਰਨ ਦੀ ਕੋਸ਼ਿਸ਼*

*•ਪ੍ਰਕਾਸ਼ ਪੁਰਬ ਮੌਕੇ ਲੌਂਗ ਆਈਲੈਂਡ ਦੇ ਗੁਰੂ ਨਾਨਕ ਦਰਬਾਰ ਗੁਰਦੁਆਰੇ 'ਚ ਮੱਥਾ ਟੇਕਣ ਗਏ ਸਨ ਤਰਨਜੀਤ ਸੰਧੂ*



ਨਿਊਯਾਰਕ : ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਗੁਰਪੁਰਬ ਮੌਕੇ ਨਿਊਯਾਰਕ ਦੇ ਲੌਂਗ ਆਈਲੈਂਡ ਗੁਰਦੁਆਰੇ ਵਿਚ ਅਰਦਾਸ ਕੀਤੀ। ਗੁਰਦੁਆਰੇ 'ਚ ਖਾਲਿਸਤਾਨ ਸਮਰਥਕਾਂ ਦੇ ਇਕ ਸਮੂਹ ਨੇ ਉਨ੍ਹਾਂ ਨੂੰ ਘੇਰ ਕੇ ਸਵਾਲ ਕਰਨ ਦੀ ਕੋਸ਼ਿਸ਼ ਕੀਤੀ। ਪਰ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਉਨ੍ਹਾਂ (ਖਾਲਿਸਤਾਨ ਸਮਰਥਕਾਂ) ਨੂੰ ਬਾਹਰ ਕੱਢ ਦਿੱਤਾ। ਭਾਰਤੀ ਰਾਜਦੂਤ ਨਾਲ ਵਾਪਰੀ ਘਟਨਾ ਦੀ ਪੋਸਟ ਕੀਤੀ ਗਈ ਵੀਡੀਓ ਮੁਤਾਬਕ, 'ਗੁਰਦੁਆਰੇ 'ਚ ਕੁਝ ਖਾਲਿਸਤਾਨ ਸਮਰਥਕਾਂ ਨੇ ਸੰਧੂ ਨੂੰ ਘੇਰ ਲਿਆ ਤੇ ਕੈਨੇਡਾ ਵਿਚ ਮਾਰੇ ਗਏ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਬਾਰੇ ਸਵਾਲ ਕੀਤੇ।'

ਸੰਧੂ ਨੇ ਐਤਵਾਰ ਐਕਸ 'ਤੇ ਦੱਸਿਆ ਕਿ 'ਲੌਂਗ ਆਈਲੈਂਡ ਦੇ ਗੁਰੂ ਨਾਨਕ ਦਰਬਾਰ 'ਚ ਅਫ਼ਗਾਨਿਸਤਾਨ ਸਣੇ ਸਥਾਨਕ ਸੰਗਤ ਦੇ ਨਾਲ ਪ੍ਰਕਾਸ਼ ਪੁਰਬ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਦੌਰਾਨ ਕੀਰਤਨ ਸੁਣਿਆ, ਗੁਰੂ ਨਾਨਕ ਦੇ ਇਕਜੁੱਟਤਾ, ਏਕੇ ਤੇ ਬਰਾਬਰੀ ਦੇ ਸੁਨੇਹੇ ਬਾਰੇ ਚਰਚਾ ਕੀਤੀ। ਲੰਗਰ ਛਕਿਆ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।' ਖਾਲਿਸਤਾਨੀਆਂ ਦੇ ਵਿਰੋਧ ਦੇ ਖ਼ਦਸ਼ੇ ਦਰਮਿਆਨ ਸੰਧੂ ਦਾ ਹਿਕਸਵਿਲੇ ਗੁਰਦੁਆਰੇ ਵਿਚ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਸੂਤਰਾਂ ਨੇ ਦੱਸਿਆ ਕਿ ਕੁਝ ਵਿਅਕਤੀਆਂ ਨੇ ਇਸ ਮੌਕੇ ਗੜਬੜੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਤੇ ਭਾਰਤੀ ਰਾਜਦੂਤ ਨੂੰ ਘੇਰਨ ਦਾ ਯਤਨ ਕੀਤਾ। ਪਰ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ। ਸੰਧੂ ਨੇ ਗੁਰਦੁਆਰੇ ਵਿਚ ਆਪਣੇ ਬਿਆਨ 'ਚ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਅਮਰੀਕਾ ਵਿਚ ਭਾਰਤੀ ਸਫ਼ੀਰ ਉਨ੍ਹਾਂ ਨੂੰ ਹਰ ਸਹਾਇਤਾ ਤੇ ਸਮਰਥਨ ਦੇਣਗੇ। ਸੰਧੂ ਨੇ ਨਿਊਯਾਰਕ ਵਿਚਲੇ ਕੌਂਸੁਲ ਜਨਰਲ ਰਣਧੀਰ ਜੈਸਵਾਲ ਦੇ ਡਿਪਟੀ ਕੌਂਸੁਲ ਜਨਰਲ ਵਰੁਣ ਜੈੱਫ ਦੇ ਨਾਲ, ਭਾਰਤ-ਅਮਰੀਕਾ ਭਾਈਵਾਲੀ ਵਿਚ ਵਾਧੇ ਉਤੇ ਰੌਸ਼ਨੀ ਪਾਈ ਜੋ ਸਿਹਤ ਸੇਵਾ, ਊਰਜਾ, ਆਈਟੀ, ਉੱਭਰਦੀਆਂ ਤਕਨੀਕਾਂ, ਸੈਮੀਕੰਡਕਟਰ ਜਾਂ ਸਿੱਖਿਆ ਆਦਿ ਖੇਤਰਾਂ ਨਾਲ ਸਬੰਧਤ ਹੈ।

ਇਸ ਮੌਕੇ ਗੁਰਦੁਆਰੇ ਦੇ ਮੈਂਬਰਾਂ ਤੇ ਅਹੁਦੇਦਾਰਾਂ ਨੇ ਭਾਰਤੀ ਰਾਜਦੂਤ ਦਾ ਸਨਮਾਨ ਕੀਤਾ। ਸੰਧੂ ਨੇ ਜ਼ਿਕਰ ਕੀਤਾ ਕਿ ਤਾਲਿਬਾਨ ਵੱਲੋਂ ਅਫ਼ਗਾਨਿਸਤਾਨ ਉਤੇ ਕਬਜ਼ਾ ਕਰਨ ਤੋਂ ਬਾਅਦ ਅਗਸਤ 2021 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ 'ਸਰੂਪ' ਕਾਬੁਲ ਤੋਂ ਦਿੱਲੀ ਲਿਆਂਦੇ ਗਏ ਸਨ। ਇਸ ਤੋਂ ਪਹਿਲਾਂ ਸੰਧੂ ਨੇ ਇਕ ਵੱਖਰੀ ਪੋਸਟ ਵਿਚ ਕਿਹਾ ਕਿ ਉਨ੍ਹਾਂ ਸ਼ਨਿਚਰਵਾਰ ਨੂੰ ਨਿਊਯਾਰਕ ਵਿਚ ਸ੍ਰੀ ਗੁਰੂ ਰਵਿਦਾਸ ਮੰਦਰ ਦੀ ਯਾਤਰਾ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਦੇ ਇਕ ਪ੍ਰਸਿੱਧ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਦਾ ਸੁਨੇਹਾ ਹੈ।

## ਭੋਪਾਲ ਦੇ ਗੁਰਦੁਆਰਾ ਨਾਨਕਸਰ ਸਾਹਿਬ ਦਾ ਰੌਸ਼ਨ ਦ੍ਰਿਸ਼



ਭੋਪਾਲ ਵਿੱਚ ਸ਼ਨੀਵਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਤੋਂ ਪਹਿਲਾਂ ਗੁਰਦੁਆਰਾ ਨਾਨਕਸਰ ਸਾਹਿਬ ਦਾ ਰੌਸ਼ਨ ਦ੍ਰਿਸ਼।

## ਜਦੋਂ ਅੰਗਰੇਜ਼ਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਉੱਤੇ ਕਬਜ਼ਾ ਕਰ ਲਿਆ



ਐਂਗਲੋ-ਸਿੱਖ ਯੁੱਧਾਂ ਤੋਂ ਬਾਅਦ, ਲਾਰਡ ਡਲਹੌਜ਼ੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ਖਾਨੇ ਤੋਂ ਸ਼ਸਤਰ ਲੈ ਕੇ 1849 ਵਿਚ ਇੰਗਲੈਂਡ ਭੇਜ ਦਿੱਤਾ। ਇਹ 1966 ਦੀ ਤਸਵੀਰ ਤਖ਼ਤ ਕੇਸਗੜ੍ਹ ਸਾਹਿਬ ਵਾਪਸ ਜਾਣ ਤੋਂ ਪਹਿਲਾਂ ਲੰਡਨ ਵਿੱਚ ਪ੍ਰਦਰਸ਼ਿਤ ਹਥਿਆਰਾਂ ਨੂੰ ਦਰਸਾਉਂਦੀ ਹੈ।

*ਪਟਿਆਲਾ ਜੇਲ੍ਹ 'ਚ ਧਾਮੀ ਵੱਲੋਂ ਮੁਲਾਕਾਤ*

## ਰਾਜੋਆਣਾ ਰਹਿਮ ਦੀ ਅਪੀਲ ਵਾਪਸ ਕਰਵਾਉਣ ਲਈ ਬਜ਼ਿੱਦ, ਸ਼੍ਰੋਮਣੀ ਕਮੇਟੀ ਨੂੰ ਅਲਟੀਮੇਟਮ ਦਿੱਤਾ

ਪਟਿਆਲਾ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਅੱਜ ਇੱਥੇ ਕੇਂਦਰੀ ਜੇਲ੍ਹ ਵਿਖੇ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਰਾਜੋਆਣਾ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਕੀਤੀ ਰਹਿਮ ਦੀ ਅਪੀਲ ਵਾਪਸ ਕਰਵਾਉਣ ਲਈ ਬਜ਼ਿੱਦ ਰਹੇ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਪੰਜ ਦਸੰਬਰ ਤੱਕ ਦਾ ਅਲਟੀਮੇਟਮ ਦਿੰਦਿਆਂ ਸਪਸ਼ਟ ਕੀਤਾ ਹੈ ਕਿ ਜੇ ਚਾਰ ਦਸੰਬਰ ਤੱਕ ਇਹ ਪਟੀਸ਼ਨ ਵਾਪਸ ਨਾ ਲਈ ਤਾਂ ਉਹ ਪੰਜ ਦਸੰਬਰ ਤੋਂ ਭੁੱਖ ਹੜਤਾਲ ਸ਼ੁਰੂ ਕਰ ਦੇਣਗੇ। ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਸਬੰਧੀ ਰਾਜੋਆਣਾ ਨੂੰ 2007 ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ,ਜਿਸ ਸਬੰਧੀ ਉਨ੍ਹਾਂ ਨੂੰ ਪਟਿਆਲਾ ਜੇਲ੍ਹ ਵਿੱਚ ਫਾਂਸੀ ਦੇਣ ਲਈ 30 ਮਾਰਚ 2012 ਦਾ ਦਿਨ ਮੁਕੱਰਰ ਕੀਤਾ ਗਿਆ ਸੀ ਪਰ ਰਾਜੋਆਣਾ ਫਾਂਸੀ ਦੀ ਸਜ਼ਾ ਰੁਕਵਾਉਣ ਲਈ ਖੁਦ ਕੋਈ ਵੀ ਕਾਨੂੰਨੀ ਚਾਰਾਜੋਈ ਕਰਨ ਤੋਂ ਇਨਕਾਰੀ ਰਹੇ। ਇਸ ਕਾਰਨ ਅਕਾਲ ਤਖ਼ਤ ਸਾਹਿਬ ਦੇ ਆਦੇਸ਼ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਹਿਮ ਦੀ ਅਪੀਲ ਦਾਇਰ ਕੀਤੀ ਗਈ, ਜਿਸ ਸਬੰਧੀ ਹੀ ਫਾਂਸੀ ਤੋਂ ਦੋ ਦਿਨ ਪਹਿਲਾਂ ਰਾਸ਼ਟਰਪਤੀ ਵੱਲੋਂ ਫਾਂਸੀ ਦੀ ਸਜ਼ਾ 'ਤੇ ਰੋਕ ਲਾ ਦਿੱਤੀ ਗਈ ਸੀ। ਰਾਜੋਆਣਾ ਦਾ ਕਹਿਣਾ ਹੈ ਕਿ 12 ਸਾਲਾਂ ਤੋਂ ਉਸ ਦੀ ਇਸ ਪਟੀਸ਼ਨ 'ਤੇ ਕੋਈ ਵੀ ਫੈਸਲਾ ਨਹੀਂ ਹੋਇਆ। ਉਹ ਤਿਲ ਤਿਲ ਕਰਕੇ ਮਰਨ ਦੀ ਬਜਾਏ ਫਾਂਸੀ ਦੇ ਫੰਦੇ 'ਤੇ ਚੜ੍ਹਨ ਲਈ ਤਿਆਰ ਹਨ। ਇਸੇ ਲਈ ਉਨ੍ਹਾਂ ਵੱਲੋਂ ਅਕਾਲ ਤਖ਼ਤ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਜਾਰੀ ਕਰਨ ਕਿ ਉਹ ਰਹਿਮ ਦੀ ਅਪੀਲ ਸਬੰਧੀ ਪਟੀਸ਼ਨ ਵਾਪਸ ਲਵੇ। ਇਸ ਲਈ ਸ੍ਰੀ ਧਾਮੀ ਨੇ ਅੱਜ ਰਾਜੋਆਣਾ ਦੇ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਰਜਿੰਦਰ ਸਿੰਘ ਮਹਿਤਾ, ਭਗਵੰਤ ਸਿੰਘ, ਜਸਮੇਰ ਸਿੰਘ ਲਾਛੜੂ ਤੇ ਹੋਰ ਵੀ ਮੌਜੂਦ ਸਨ।



# ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ’ਤੇ ਬੁੱਧੀਜੀਵੀਆਂ ਤੇ ਕਾਨੂੰਨੀ ਮਾਹਰਾਂ ਨਾਲ ਭਰਵੀਂ ਬੈਠਕ ਆਯੋਜਿਤ

*• ਬੰਦੀ ਸਿੰਘਾਂ ਦੇ ਮਸਲੇ ਨੂੰ ਘੱਟੋ-ਘੱਟ ਸਾਂਝੇ ਪ੍ਰੋਗਰਾਮ ਤਹਿਤ ਅੱਗੇ ਵਧਾਉਣ ਦਾ ਫੈਸਲਾ*

*• ਦੇਸ਼ ਦੁਨੀਆ ਵਿੱਚ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ ਕਾਰਜਸ਼ੀਲ ਲੋਕਾਂ ਨੂੰ ਸੰਘਰਸ਼ ਦਾ ਹਿੱਸਾ ਬਣਾਇਆ ਜਾਵੇਗਾ : ਹਰਜਿੰਦਰ ਸਿੰਘ ਧਾਮੀ*



ਚੰਡੀਗੜ੍ਹ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੇ ਮਾਮਲੇ ’ਤੇ ਬੁੱਧੀਜੀਵੀਆਂ ਅਤੇ ਕਾਨੂੰਨੀ ਮਾਹਰਾਂ ਦੀ ਇੱਥੇ ਸ੍ਰੀ ਕਲਗੀਧਰ ਨਿਵਾਸ ਵਿਖੇ ਬੁਲਾਈ ਗਈ ਵਿਸ਼ੇਸ਼ ਇਕੱਤਰਤਾ ਦੌਰਾਨ ਹਾਜਰ ਸ਼ਖ਼ਸ਼ੀਅਤਾਂ ਦੇ ਸੁਝਾਅ ਅਨੁਸਾਰ ਇਸ ਮੁੱਦੇ ਨੂੰ ਘੱਟੋ-ਘੱਟ ਸਾਂਝੇ ਪ੍ਰੋਗਰਾਮ ਤਹਿਤ ਅੱਗੇ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ। ਇਕੱਤਰਤਾ ਮਗਰੋਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੰਦੀ ਸਿੰਘਾਂ ਦੇ ਮਾਮਲੇ ’ਚ ਕੌਮੀ ਅਤੇ ਮਨੁੱਖੀ ਦਰਦ ਰੱਖਣ ਵਾਲਿਆਂ ਦੀ ਇੱਕ ਵਿਸ਼ਾਲ ਮੀਟਿੰਗ ਜਲਦ ਹੀ ਕੀਤੀ ਜਾਵੇਗੀ, ਜਿਸ ਵਿੱਚ ਭਾਰਤ ਦੇ ਹਰ ਖਿੱਤੇ ਦੇ ਨਾਲ-ਨਾਲ ਵਿਦੇਸ਼ਾਂ ਵਿੱਚੋਂ ਵੀ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੇ ਲੋਕਾਂ ਨੂੰ ਸ਼ਾਮਲ ਕੀਤਾ ਜਾਵੇਗਾ। ਇਸ ਵਿੱਚ ਇਕੱਲੇ ਸਿੱਖ ਨਹੀਂ ਸਗੋਂ ਕਿਸੇ ਵੀ ਧਰਮ ਨਾਲ ਸਬੰਧਤ ਲੋਕ ਸ਼ਾਮਲ ਹੋਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਅੱਜ ਦੀ ਇਕੱਤਰਤਾ ਵਿੱਚ ਹਾਜਰ ਵਿਦਵਾਨਾਂ ਅਤੇ ਸੀਨੀਅਰ ਵਕੀਲਾਂ ਨੇ ਗੰਭੀਰਤਾ ਨਾਲ ਆਪਣੇ ਵਿਚਾਰ ਦਿੱਤੇ ਹਨ, ਜਿਸ ਤਹਿਤ ਬੰਦੀ ਸਿੰਘਾਂ ਦੀ ਰਿਹਾਈ ਲਈ ਭਵਿੱਖ ਵਿੱਚ ਕਾਰਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਹੁਤ ਹੀ ਕੀਮਤੀ ਸੁਝਾਅ ਇਕੱਤਰਤਾ ਵਿੱਚ ਪ੍ਰਾਪਤ ਹੋਏ ਹਨ, ਜਿਸ ਦੀ ਸ਼੍ਰੋਮਣੀ ਕਮੇਟੀ ਪੜਚੋਲ ਕਰਕੇ ਅਗਲੀ ਰਣਨੀਤੀ ਦਾ ਇੱਕ ਦਸਤਾਵੇਜ ਤਿਆਰ ਕਰੇਗੀ। ਫਿਲਹਾਲ ਮੁੱਢਲੇ ਤੌਰ ’ਤੇ ਕੁਝ ਪ੍ਰੋਗਰਾਮ ਉਲੀਕਣ ਦੀ ਸਹਿਮਤੀ ਬਣੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਮੁੱਢਲੇ ਤੌਰ ’ਤੇ ਵਿਦਵਾਨਾਂ ਅਤੇ ਸੀਨੀਅਰ ਵਕੀਲਾਂ ਦੇ ਵਿਚਾਰਾਂ ਨੂੰ ਵੇਖਦਿਆਂ ਸ਼੍ਰੋਮਣੀ ਕਮੇਟੀ ਤੁਰੰਤ ਪ੍ਰਭਾਵ ਤੋਂ ਕੌਮੀ ਦਰਦ ਰੱਖਣ ਵਾਲਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ ਅਵਾਜ਼ ਚੁੱਕਣ ਵਾਲਿਆਂ ਨਾਲ ਰਾਬਤਾ ਕਾਇਮ ਕਰੇਗੀ। ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨਾਂ ਤਹਿਤ ਇੱਕ ਸਰਗਰਮ ਪ੍ਰਚਾਰ ਲਹਿਰ ਵੀ ਅਰੰਭੀ ਜਾਵੇਗੀ, ਜਿਸ ਵਿੱਚ ਦੁਨੀਆ ਅਤੇ ਸਰਕਾਰਾਂ ਨੂੰ ਇਹ ਦੱਸਿਆ ਜਾਵੇਗਾ ਕਿ ਸਿੱਖ ਬੰਦੀ ਕੋਈ ਪੇਸ਼ੇਵਰ ਅਪਰਾਧੀ ਨਹੀਂ ਸਨ, ਸਗੋਂ ਇਨ੍ਹਾਂ ਨੇ ਕੌਮ ’ਤੇ ਜੁਲਮ ਵਿਰੁੱਧ ਭਾਵਨਾਵਾਂ ਦੇ ਵਹਿਣ ਵਿੱਚ ਵਹਿ ਕੇ ਕਦਮ ਚੁੱਕੇ ਸਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨਾਲ ਕੀਤੇ ਜਾ ਰਹੇ ਵਿਤਕਰੇ ਬਾਰੇ ਹਰ ਮੰਚ ’ਤੇ ਅਵਾਜ਼ ਬੁਲੰਦ ਕੀਤੀ ਜਾਵੇਗੀ। ਵੱਖ-ਵੱਖ ਮੀਡੀਆ ਮਾਧਿਅਮਾਂ ਰਾਹੀਂ ਬਹੁ-ਭਾਸ਼ਾਈ ਡਾਕੂਮੈਂਟਰੀਆਂ ਤਿਆਰ ਕਰਕੇ ਪ੍ਰਸਾਰਿਤ ਕੀਤੀਆਂ ਜਾਣਗੀਆਂ, ਤਾਂ ਜੋ ਪੂਰੇ ਵਿਸ਼ਵ ਦੇ ਲੋਕਾਂ ਨੂੰ ਪਤਾ ਲਗ ਸਕੇ ਕਿ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦਾ ਭਾਰਤ ਅੰਦਰ ਕਿਵੇਂ ਉਲੰਘਣ ਹੋ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਦੇਸ਼ ਭਰ ਦੇ ਉਨ੍ਹਾਂ ਕੇਸਾਂ ਦਾ ਇੱਕ ਖਰੜਾ ਤਿਆਰ ਕੀਤਾ ਜਾਵੇਗਾ ਜਿਨ੍ਹਾਂ ਵਿੱਚ ਫਾਂਸੀ ਜਾਂ ਉਮਰ ਕੈਦ ਦੀਆਂ ਸਜ਼ਾਵਾਂ ਵਾਲੇ ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਹੋਈ ਹੈ। ਇਹ ਜਾਣਕਾਰੀ ਇਕੱਠੀ ਕਰਕੇ ਸਰਕਾਰਾਂ, ਮਾਨਯੋਗ ਅਦਾਲਤਾਂ ਅਤੇ ਮਨੁੱਖੀ ਅਧਿਕਾਰਾਂ ਲਈ ਕਾਰਜਸ਼ੀਲ ਸੰਸਥਾਵਾਂ ਨੂੰ ਦੱਸਿਆ ਜਾਵੇਗਾ ਕਿ ਕਿਵੇਂ ਸਿੱਖਾਂ ਨਾਲ ਵਿਤਕਰਾ ਵਖਰੇਵਾਂ ਕਰਦਿਆਂ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਤਿੰਨ-ਤਿੰਨ ਦਹਾਕਿਆਂ ਤੋਂ ਨਜ਼ਰਬੰਦ ਰੱਖਿਆ ਹੋਇਆ ਹੈ। ਇਸ ਕਾਰਜ ਲਈ ਸੀਨੀਅਰ ਵਕੀਲਾਂ ਅਤੇ ਦੇਸ਼ ਭਰ ਵਿੱਚ ਮਾਨਵੀ ਹਿੱਤਾਂ ਦੀ ਰਖਵਾਲੀ ਕਰਨ ਵਾਲੇ ਨੁਮਾਇੰਦਿਆਂ ਦਾ ਸਹਿਯੋਗ ਲਿਆ ਜਾਵੇਗਾ। ਇਸ ਦੇ ਨਾਲ ਹੀ ਦੇਸ਼-ਵਿਦੇਸ਼ ਦੇ ਲੋਕਾਂ ਨੂੰ ਭਾਰਤ ਸਰਕਾਰ ਪਾਸ ਈ-ਮੇਲ ਰਾਹੀਂ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਅਵਾਜ਼ ਉਠਾਉਣ ਲਈ ਵੀ ਪ੍ਰੇਰਿਤ ਕੀਤਾ ਜਾਵੇਗਾ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਸੰਜੀਦਾ ਕੌਮੀ ਮਾਮਲੇ ’ਤੇ ਕੋਈ ਵੀ ਉਲੀਕਿਆ ਪ੍ਰੋਗਰਾਮ ਬਿਨਾਂ ਕਿਸੇ ਨਿਜੀ ਅਤੇ ਸਿਆਸੀ ਲਾਭ ਦੇ ਹੋਵੇਗਾ ਅਤੇ ਇਸ ਵਿੱਚ ਇਮਾਨਦਾਰੀ ਨਾਲ ਯਤਨ ਕਰਨ ਵਾਲੇ ਹਰ ਇੱਕ ਦਾ ਸਤਕਾਰ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਵਿਚਾਰ-ਵਟਾਂਦਰੇ ਲਈ ਜਲਦ ਹੀ ਜੇਲ੍ਹ ਵਿੱਚ ਮੁਲਾਕਾਤ ਕਰਨ ਦੀ ਗੱਲ ਵੀ ਆਖੀ। ਉਨ੍ਹਾਂ ਕਿਹਾ ਕਿ ਹਰ ਬੰਦੀ ਸਿੰਘ ਨੇ ਆਪਣੇ ਨਿਜ ਲਈ ਨਹੀਂ ਸਗੋਂ ਕੌਮ ਲਈ ਸੰਘਰਸ਼ ਕੀਤਾ ਹੈ, ਜਿਸ ਨੂੰ ਵੇਖਦਿਆਂ ਇਨ੍ਹਾਂ ਦੇ ਨਾਲ ਹੈ। ਇਕੱਤਰਤਾ ਦੌਰਾਨ ਜਿੱਥੇ ਵੱਡੀ ਗਿਣਤੀ ਵਿੱਚ ਹਾਜਰ ਸ਼ਖ਼ਸ਼ੀਅਤਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਉੱਥੇ ਹੀ ਕੁਝ ਵਿਦਵਾਨਾਂ ਅਤੇ ਕਾਨੂੰਨੀ ਮਾਹਰਾਂ ਵੱਲੋਂ ਲਿਖਤੀ ਤੌਰ ’ਤੇ ਵੀ ਆਪਣੇ ਸੁਝਾਅ ਭੇਜੇ ਗਏ। ਬੁੱਧੀਜੀਵੀਆਂ ਅਤੇ ਕਾਨੂੰਨੀ ਮਾਹਰਾਂ ਦੀ ਇਸ ਇਕੱਤਰਤਾ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਜੂਨੀਅਰ ਮੀਤ ਪ੍ਰਧਾਰ ਸ. ਗੁਰਬਖਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਬੀਬੀ ਪਰਮਜੀਤ ਕੌਰ ਲਾਂਡਰਾਂ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ. ਕੇਹਰ ਸਿੰਘ, ਸੀਨੀਅਰ ਪੱਤਰਕਾਰ ਸ. ਜਗਤਾਰ ਸਿੰਘ, ਡਾ. ਪਰਮਵੀਰ ਸਿੰਘ, ਡਾ. ਹਰਭਜਨ ਸਿੰਘ ਡੇਹਰਾਦੂਨ, ਸ. ਗੁਰਦਰਸ਼ਨ ਸਿੰਘ ਬਾਹੀਆ, ਡਾ. ਅਮਰਜੀਤ ਸਿੰਘ, ਸ. ਤਲਵਿੰਦਰ ਸਿੰਘ ਬੁੱਟਰ, ਸ. ਬਲਜੀਤ ਸਿੰਘ ਸਟੱਡੀ ਸਰਕਲ, ਕੇਂਦਰ ਸਿੰਘ ਸਭਾ ਦੇ ਪ੍ਰਧਾਨ ਸ਼ਾਮ ਸਿੰਘ, ਸ. ਸੁਰਿੰਦਰ ਸਿੰਘ ਕਿਸ਼ਨਪੁਰਾ, ਐਡਵੋਕੇਟ ਅਰਸ਼ਦੀਪ ਸਿੰਘ ਧਾਰਨੀ, ਸੀਨੀਅਰ ਐਡਵੋਕੇਟ ਸ. ਪਰਮਜੀਤ ਸਿੰਘ ਬਰਾੜ, ਸੀਨੀਅਰ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ, ਐਡਵੋਕੇਟ ਬਲਤੇਜ ਸਿੰਘ ਢਿੱਲੋਂ, ਐਡਵੋਕੇਟ ਜਸਪਾਲ ਸਿੰਘ ਮੰਝਪੁਰ, ਐਡਵੋਕੇਟ ਹਰੀਸ਼ ਰਾਏ, ਐਡਵੋਕੇਟ ਅਰਸ਼ਦੀਪ ਸਿੰਘ ਕਲੇਰ, ਐਡਵੋਕੇਟ ਪੁਨੀਤ ਕੌਰ ਸੇਖੋਂ, ਸ੍ਰੀ ਵਰਿੰਦਰਜੀਤ ਭੰਡਾਰੀ ਸਾਬਕਾ ਡਿਪਟੀ ਡਾਇਰੈਕਟਰ, ਸ਼੍ਰੋਮਣੀ ਕਮੇਟੀ ਸਕੱਤਰ ਸ. ਸੁਖਮਿੰਦਰ ਸਿੰਘ, ਮੀਤ ਸਕੱਤਰ ਸ. ਲਖਬੀਰ ਸਿੰਘ, ਸ. ਹਰਭਜਨ ਸਿੰਘ ਵਕਤਾ, ਗੁਰਦੁਆਰਾ ਸ੍ਰੀ ਅੰਬ ਸਾਹਿਬ ਦੇ ਮੈਨੇਜਰ ਸ. ਅਮਰਜੀਤ ਸਿੰਘ, ਇੰਚਾਰਜ ਸ. ਅਜ਼ਾਦਦੀਪ ਸਿੰਘ ਆਦਿ ਮੌਜੂਦ ਸਨ।

# ਸ੍ਰੀ ਗੁਰੂ ਰਾਮਦਾਸ ਜੀ ਲਾਇਬ੍ਰੇਰੀ ’ਚ ਮੌਜੂਦ ਅੰਗਰੇਜ਼ੀ ਪੁਸਤਕਾਂ ਦੀ ਸੂਚੀ ਐਡਵੋਕੇਟ ਧਾਮੀ ਨੇ ਕੀਤੀ ਜਾਰੀ -ਦਾਸਤਾਨ-ਏ-ਸਾਰਾਗੜ੍ਹੀ ਪੁਸਤਕ ਵੀ ਕੀਤੀ ਗਈ ਜਾਰੀ





ਅੰਮ੍ਰਿਤਸਰ : ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਸ੍ਰੀ ਗੁਰੂ ਰਾਮਦਾਸ ਜੀ ਲਾਇਬ੍ਰੇਰੀ ਵਿਚ ਸੁਰੱਖਿਅਤ ਅੰਗਰੇਜ਼ੀ ਪੁਸਤਕਾਂ ਦੀ ਤਿਆਰ ਕੀਤੀ ਗਈ ਸੂਚੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਾਰੀ ਕੀਤੀ ਗਈ। ਇਸ ਤੋਂ ਪਹਿਲਾਂ ਪੰਜਾਬੀ ਪੁਸਤਕਾਂ ਦੀ ਸੂਚੀ ਵੀ ਜਾਰੀ ਕੀਤੀ ਜਾ ਚੁੱਕੀ ਹੈ। 1927 ਵਿਚ ਸਥਾਪਤ ਕੀਤੀ ਗਈ ਇਸ ਲਾਇਬ੍ਰੇਰੀ ਵਿਚ 13 ਹਜ਼ਾਰ ਦੇ ਕਰੀਬ ਪੁਸਤਕਾਂ ਹਨ। ਮੌਜੂਦਾ ਸਮੇਂ ਇਹ ਲਾਇਬ੍ਰੇਰੀ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਿਵਾਸ ’ਚ ਕਾਰਜਸ਼ੀਲ ਹੈ। ਇਸ ਲਾਇਬ੍ਰੇਰੀ ਵਿਚ ਮੌਜੂਦ ਅੰਗਰੇਜ਼ੀ ਦੀਆਂ 4205 ਪੁਸਤਕਾਂ ਦੀ ਇਹ ਸੂਚੀ ਤਿਆਰ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੁਸਤਕ ਸੂਚੀ ਜਾਰੀ ਕਰਦਿਆਂ ਕਿਹਾ ਕਿ ਕਰੀਬ 100 ਸਾਲ ਪਹਿਲਾਂ ਹੋਂਦ ਵਿਚ ਆਈ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ ਅੰਦਰ ਕਈ ਅਹਿਮ ਪੁਸਤਕਾਂ ਸ਼ਾਮਲ ਹਨ, ਜਿਨ੍ਹਾਂ ਬਾਰੇ ਖੋਜਾਰਥੀਆਂ ਅਤੇ ਸੰਗਤਾਂ ਨੂੰ ਜਾਣੂ ਕਰਵਾਉਣ ਲਈ ਤਿਆਰ ਕੀਤੀ ਪੁਸਤਕ ਸੂਚੀ ਅਹਿਮ ਸਾਬਤ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਲਾਇਬ੍ਰੇਰੀ ਵਿਚ ਪੰਜਾਬੀ ਦੀਆਂ ਪੁਸਤਕਾਂ ਤੋਂ ਇਲਾਵਾ ਅੰਗਰੇਜ਼ੀ, ਉਰਦੂ, ਹਿੰਦੀ, ਬੰਗਾਲੀ ਤੇ ਫਾਰਸੀ ਪੁਸਤਕਾਂ ਤੋਂ ਇਲਾਵਾ ਕਈ ਹੋਰ ਭਾਸ਼ਾਵਾਂ ਦੀਆਂ ਕਿਤਾਬਾਂ ਦੇ ਨਾਲ-ਨਾਲ ਪੁਰਾਣੇ ਅਖਬਾਰ ਅਤੇ ਰਸਾਲੇ ਵੀ ਮੌਜੂਦ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਪੰਜਾਬੀ ਪੁਸਤਕਾਂ ਦੀ ਸੂਚੀ ਤਿਆਰ ਕੀਤੀ ਗਈ ਅਤੇ ਹੁਣ ਅੰਗਰੇਜ਼ੀ ਪੁਸਤਕਾਂ ਦੀ ਸੂਚੀ ਤਿਆਰ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੁਸਤਕ ਸੂਚੀ ਤਿਆਰ ਕਰਵਾਉਣ ਲਈ ਲਾਇਬ੍ਰੇਰੀਅਨ ਬੀਬੀ ਰਮਿੰਦਰ ਕੌਰ ਦੀ ਸ਼ਲਾਘਾ ਕੀਤੀ। ਇਸੇ ਦੌਰਾਨ ਪ੍ਰਿੰਸੀਪਲ ਜਸਮਿੰਦਰ ਸਿੰਘ ਸੰਧੂ ਵੱਲੋਂ ਲਿਖੀ ਗਈ ਦਾਸਤਾਨ-ਏ-ਸਾਰਾਗੜ੍ਹੀ ਪੁਸਤਕ ਵੀ ਜਾਰੀ ਕੀਤੀ ਗਈ। ਇਸ ਪੁਸਤਕ ਵਿਚ ਸਾਰਾਗੜ੍ਹੀ ਦੇ ਸ਼ਹੀਦਾਂ ਬਾਰੇ ਵੇਰਵੇ ਅੰਕਤ ਕੀਤੇ ਗਏ ਹਨ। ਇਹ ਪੁਸਤਕ ਪੰਜਾਬੀ ਅਤੇ ਅੰਗਰੇਜ਼ੀ ਦੋਵਾਂ ਭਾਸ਼ਾਵਾ ਵਿਚ ਹੈ। ਪੁਸਤਕਾਂ ਜਾਰੀ ਕਰਨ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੀਬੀ ਰਮਿੰਦਰ ਕੌਰ ਤੇ ਪ੍ਰਿੰਸੀਪਲ ਜਸਮਿੰਦਰ ਸਿੰਘ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਅਵਤਾਰ ਸਿੰਘ ਵਣਵਾਲਾ, ਸ. ਹਰਪਾਲ ਸਿੰਘ ਜੱਲਾ, ਸ. ਸੁਖਹਰਪ੍ਰੀਤ ਸਿੰਘ ਰੋਡੇ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਸੁਖਮਿੰਦਰ ਸਿੰਘ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਤੇਜਿੰਦਰ ਸਿੰਘ ਪੱਡਾ, ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਸ਼ਾਹਬਾਜ਼ ਸਿੰਘ, ਸ. ਪਰਮਜੀਤ ਸਿੰਘ, ਸ. ਹਰਭਜਨ ਸਿੰਘ ਵਕਤਾ ਆਦਿ ਮੌਜੂਦ ਸਨ।

# ਦਰਬਾਰ ਸਾਹਿਬ ਵਿਖੇ ਬਿਜਲਈ ਵਾਹਨ ਦਾਨ

ਅੰਮ੍ਰਿਤਸਰ : ਏਯੂ ਸਮਾਲ ਫਾਇਨਾਂਸ ਬੈਂਕ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜਦੀ ਸੰਗਤ ਦੀ ਸਹੂਲਤ ਲਈ ਚਾਰ ਬਿਜਲਈ ਵਾਹਨ ਦਾਨ ਕੀਤੇ ਹਨ। ਬੈਂਕ ਦੇ ਗਰੁੱਪ ਹੈੱਡ ਰਿਸ਼ੀ ਧਾਰੀਵਾਲ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਵਾਹਨਾਂ ਦੀਆਂ ਚਾਬੀਆਂ ਸੌਂਪੀਆਂ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਰੋਜ਼ਾਨਾ ਵੱਡੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਣ ਪੁੱਜਦੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਏਯੂ ਸਮਾਲ ਫਾਇਨਾਂਸ ਬੈਂਕ ਵੱਲੋਂ ਚਾਰ ਬੈਟਰੀ ਵਾਹਨ ਭੇਟ ਕੀਤੇ ਗਏ ਹਨ, ਜੋ ਬਜ਼ੁਰਗਾਂ, ਬੱਚਿਆਂ ਅਤੇ ਲੋੜਵੰਦਾਂ ਦੀ ਸਹੂਲਤ ਲਈ ਵਰਤੇ ਜਾਣਗੇ। ਬੈਂਕ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਨਿਵਾਸ ਦੇ ਸਾਹਮਣੇ ਇਨ੍ਹਾਂ ਵਾਹਨਾਂ ਨੂੰ ਚਾਰਜ ਕਰਨ ਲਈ ਸਥਾਨ ਦੇ ਨਾਲ-ਨਾਲ ਸੰਗਤ ਦੇ ਬੈਠਣ ਦਾ ਵੀ ਪ੍ਰਬੰਧ ਕੀਤਾ ਹੈ। ਐਡਵੋਕੇਟ ਧਾਮੀ ਨੇ ਬੈਂਕ ਵੱਲੋਂ ਕੀਤੀ ਸੇਵਾ ਦੀ ਸ਼ਲਾਘਾ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰਨਾਂ ਨੇ ਬੈਂਕ ਅਧਿਕਾਰੀਆਂ ਨੂੰ ਸਨਮਾਨਿਤ ਵੀ ਕੀਤਾ।



# ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਦੀ 'ਵਿਕਾਸ ਕ੍ਰਾਂਤੀ' ਰੈਲੀ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ

## ਪੰਜਾਬ ਹਰ ਖੇਤਰ 'ਚ ਕਰ ਰਿਹਾ ਹੈ ਲਾਸਾਨੀ ਵਿਕਾਸ: ਮੁੱਖ ਮੰਤਰੀ







ਹੁਸ਼ਿਆਰਪੁਰ (ਦਲਜੀਤ ਅਜਨੋਹਾ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅੱਜ ਇੱਥੇ 'ਵਿਕਾਸ ਕ੍ਰਾਂਤੀ' ਰੈਲੀ ਵਿੱਚ ਲੋਕਾਂ ਦੇ ਭਾਰੀ ਇਕੱਠ ਨੇ ਸੂਬਾ ਸਰਕਾਰ ਦੀਆਂ ਲੋਕ ਪੱਖੀ ਅਤੇ ਵਿਕਾਸਮਈ ਯੋਜਨਾਵਾਂ ਨੂੰ ਮਿਲੇ ਰਹੇ ਭਰਵਾਂ ਹੁੰਗਾਰੇ ਦੀ ਗਵਾਹੀ ਭਰੀ। ਹੁਸ਼ਿਆਰਪੁਰ ਦੇ ਲੋਕਾਂ ਨੂੰ ਤੋਹਫੇ ਵਜੋਂ 867 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ/ਨੀਂਹ ਪੱਥਰ ਰੱਖਣ/ ਦੇ ਐਲਾਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਇੱਕ ਇਤਿਹਾਸਕ ਮੌਕਾ ਹੈ ਜਦੋਂ ਸਮੁੱਚੇ ਕੰਢੀ ਖੇਤਰ ਦੀ ਕਿਸਮਤ ਬਦਲ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਇਸ ਖੇਤਰ ਦੇ ਵਿਕਾਸ ਨੂੰ ਹੁਲਾਰਾ ਦੇਣਗੇ ਅਤੇ ਲੋਕਾਂ ਦੇ ਜੀਵਨ ਵਿੱਚ ਖੁਸ਼ਹਾਲੀ ਲਿਆਉਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਇਸ ਖੇਤਰ ਨੂੰ ਅੱਖੋਂ-ਪਰੋਖੇ ਕਰਦੀਆਂ ਰਹੀਆਂ ਹਨ, ਪਰ ਉਨ੍ਹਾਂ ਦੀ ਸਰਕਾਰ ਇਸ ਖੇਤਰ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਅਰਵਿੰਦ ਕੇਜਰੀਵਾਲ ਨੂੰ ਇੱਕ ਮਹਾਨ ਅਤੇ ਕ੍ਰਾਂਤੀਕਾਰੀ ਨੇਤਾ ਦੱਸਿਆ ਜਿਸ ਨੇ ਆਮ ਆਦਮੀ ਨੂੰ ਭਾਰਤੀ ਰਾਜਨੀਤੀ ਦੇ ਕੇਂਦਰੀ ਮੰਚ 'ਤੇ ਲਿਆਉਣ ਦਾ ਹੌਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਨਾ ਤਾਂ ਕੋਈ ਸਿਆਸੀ ਰੈਲੀ ਹੈ ਅਤੇ ਨਾ ਹੀ ਸ਼ਕਤੀ ਪ੍ਰਦਰਸ਼ਨ , ਸਗੋਂ ਇਹ ਸਮਾਗਮ ਪੂਰਨ ਰੂਪ ਵਿੱਚ ਹੁਸ਼ਿਆਰਪੁਰ ਦੇ ਵਿਕਾਸ ਨੂੰ ਸਮਰਪਿਤ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਜ ਸੂਬੇ ਦੇ ਕੋਨੇ-ਕੋਨੇ ਵਿੱਚ ਬੇਮਿਸਾਲ ਵਿਕਾਸ ਦੇਖਣ ਨੂੰ ਮਿਲ ਰਿਹਾ ਹੈ ਅਤੇ ਇਹ ਆਮ ਆਦਮੀ ਸਰਕਾਰ ਦੇ ਮਹਿਜ਼ 18 ਮਹੀਨੇ ਦੇ ਸ਼ਾਸਨ ਦਾ ਨਤੀਜਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਹਸਪਤਾਲਾਂ, ਸਕੂਲਾਂ ਵਿੱਚ ਮੁਕੰਮਲ ਤੌਰ 'ਤੇ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ ਅਤੇ ਆਮ ਆਦਮੀ ਦੀ ਭਲਾਈ ਲਈ ਨਵੇਂ ਮੈਡੀਕਲ ਕਾਲਜ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਫੈਸਲੇ ਉਨ੍ਹਾਂ ਲੋਕਾਂ ਵੱਲੋਂ ਹੀ ਲਏ ਜਾ ਰਹੇ ਹਨ, ਜੋ ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਨੇ ਸੂਬੇ ਨੂੰ ਬਰਬਾਦੀ ਕੰਢੇ ਲਿਆ ਖੜ੍ਹਾ ਕੀਤਾ ਹੈ ਅਤੇ ਹੁਣ ਉਹ ਬੇਸ਼ਰਮੀ ਨਾਲ ਨੈਤਿਕਤਾ ਦਾ ਰਾਗ ਅਲਾਪਣ ਲੱਗੀਆਂ ਹੋਈਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਬਾਦਲ ਅਤੇ ਉਸ ਦੇ ਸਾਥੀਆਂ ਨੇ ਸੂਬੇ ਦੇ ਹਿੱਤ ਵੇਚੇ ਹਨ, ਆਮ ਆਦਮੀ ਦਾ ਜੀਵਨ ਬਰਬਾਦ ਕਰ ਦਿੱਤਾ ਹੈ ਅਤੇ ਹੁਣ ਉਹ ਆਮ ਆਦਮੀ ਪਾਰਟੀ ਨੂੰ ਮਲੰਗਾਂ ਦੀ ਪਾਰਟੀ ਕਹਿ ਕੇ ਪੰਜਾਬ ਦੇ ਨੌਜਵਾਨਾਂ ਦਾ ਅਪਮਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਕੋਲ ਬੁੱਧੀਜੀਵੀ ਨੇਤਾ ਹਨ, ਜਿਨ੍ਹਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਮੁੱਖ ਸੰਸਥਾਵਾਂ ਵਿੱਚ ਪੜ੍ਹਾਈ ਕੀਤੀ ਹੈ ਅਤੇ ਇਨ੍ਹਾਂ ਸਾਰਿਆਂ ਆਗੂਆਂ ਨੇ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਆਪੋ-ਆਪਣੇ ਖੇਤਰਾਂ ਵਿੱਚ ਆਪਣੀ ਕਾਬਲੀਅਤ ਦੇ ਬਾਖੂਬੀ ਸਬੂਤ ਦਿੱਤੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਆਗੂ ਜਿਨ੍ਹਾਂ ਨੂੰ ਪੰਜਾਬੀ ਦੇ ਮੂਲ ਸ਼ਬਦਾਂ ਦਾ ਉਚਾਰਨ ਤੱਕ ਨਹੀਂ ਕਰਨਾ ਆਉਂਦਾ, ਉਹ ਸੂਬੇ ਅਤੇ ਇੱਥੋਂ ਦੇ ਲੋਕਾਂ ਬਾਰੇ ਨਿਰਾਧਾਰ ਟੀਕਾ-ਟਿੱਪਣੀ ਕਰ ਰਹੇ ਹਨ।

ਮੁੱਖ ਮੰਤਰੀ ਨੇ ਭਵਿੱਖਬਾਣੀ ਕਰਦਿਆਂ ਕਿਹਾ ਕਿ ਲੋਕ ਇਨ੍ਹਾਂ ਤਾਨਾਸ਼ਾਹ ਆਗੂਆਂ ਤੋਂ ਇੰਨੇ ਅੱਕ ਚੁੱਕੇ ਹਨ ਕਿ ਉਨ੍ਹਾਂ ਨੇ ਆਉਣ ਵਾਲੀਆਂ ਆਮ ਚੋਣਾਂ ਵਿੱਚ ਸੂਬੇ ਦੀਆਂ ਸਾਰੀਆਂ 13 ਅਤੇ ਚੰਡੀਗੜ੍ਹ ਦੀ ਇੱਕ ਸੀਟ 'ਆਪ' ਦੀ ਝੋਲੀ ਵਿੱਚ ਪਾਉਣ ਦਾ ਮਨ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਅੰਕੜਾ 13-0 ਦਾ ਹੋਵੇਗਾ ਜਿੱਥੇ 13 'ਆਪ' ਦੇ ਹੱਕ ਵਿੱਚ ਹੋਣਗੇ ਅਤੇ ਬਾਕੀ ਪਾਰਟੀਆਂ ਦੇ ਖਾਤੇ ਤੱਕ ਨਹੀਂ ਖੁੱਲ੍ਹਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀ ਦਲ ਦੇ ਮੁਖੀ ਵਲੋਂ ਉਨ੍ਹਾਂ ਖਿਲਾਫ ਮਾਣਹਾਨੀ ਦਾ ਕੋਈ ਵੀ ਕੇਸ ਦਾਇਰ ਕਰਨ ਲਈ ਉਹ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਕਿਹਾ ਕਿ ਉਹ ਬਾਦਲ ਪਰਿਵਾਰ ਦੀਆਂ ਕਰਤੂਤਾਂ ਨੂੰ ਲੋਕਾਂ ਸਾਹਮਣੇ ਨੰਗਾ ਕਰਨ ਲਈ ਇਸ ਕੇਸ ਦਾ ਸਵਾਗਤ ਕਰਨਗੇ।

# ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ 203 ਏਕੜ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾਇਆ

## ਬਲਾਕ ਤਲਵਾੜਾ ਦੇ ਪਿੰਡ ਭੰਬੋਤਾੜ 'ਚ ਸਰਕਾਰੀ ਪੰਚਾਇਤੀ ਜ਼ਮੀਨ ਤੋਂ ਛੁਡਵਾਇਆ ਨਾਜਾਇਜ਼ ਕਬਜ਼ਾ





ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਜ਼ਿਲ੍ਹੇ ਦੇ ਤਲਵਾੜਾ ਬਲਾਕ ਦੇ ਪਿੰਡ ਭੰਬੋਤਾੜ ਦੀ 203 ਏਕੜ ਪੰਚਾਇਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾਇਆ। ਇਸ ਮੌਕੇ ਵਿਧਾਇਕ ਦਸੂਹਾ ਕਰਮਬੀਰ ਸਿੰਘ ਘੁੰਮਣ ਵੀ ਉਨ੍ਹਾਂ ਦੇ ਨਾਲ ਸਨ। ਪਿੰਡ ਦੇ ਕਮਿਊਨਿਟੀ ਸੈਂਟਰ ਵਿਚ ਕਰਵਾਏ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਚਾਇਤ ਮੰਤਰੀ ਨੇ ਦੱਸਿਆ ਕਿ ਭੰਬੋਤਾੜ ਅਧੀਨ ਪੈਂਦੇ ਚਾਰ ਪਿੰਡਾਂ ਵਿਚ 252 ਏਕੜ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਸੀ ਅਤੇ 203 ਏਕੜ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਪਿੰਡਾਂ ਦੀਆਂ ਪੰਚਾਇਤਾਂ ਅਤੇ ਕਿਸਾਨਾਂ ਵੱਲੋਂ ਆਪਣੀ ਮਰਜ਼ੀ ਨਾਲ ਛੱਡਿਆ ਗਿਆ ਹੈ, ਜੋ ਕਿ ਸ਼ਲਾਘਾਯੋਗ ਕੰਮ ਹੈ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੀ ਜ਼ਮੀਨ 'ਤੇ ਲੋਕਾਂ ਨੇ ਆਪਣੇ ਘਰ ਬਣਾ ਲਏ ਹਨ, ਇਸ ਸਬੰਧੀ ਨੀਤੀ ਬਣਾ ਕੇ ਜਲਦੀ ਹੀ ਕਬਜ਼ੇ ਛੁਡਵਾ ਲਏ ਜਾਣਗੇ ਅਤੇ ਲੋਕਾਂ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੋ ਜ਼ਮੀਨ ਕਬਜ਼ੇ ਤੋਂ ਮੁਕਤ ਕਰਵਾਈ ਗਈ ਹੈ, ਉਸ 'ਤੇ ਖੈਰ ਅਤੇ ਸਾਗਵਾਨ ਦੇ ਦਰੱਖਤ ਲੱਗੇ ਹੋਏ ਹਨ ਅਤੇ ਵੱਢਣਯੋਗ ਹੋ ਗਏ ਹਨ। ਉਨ੍ਹਾਂ ਕਿਹਾ ਕਿ ਵਿਭਾਗ ਤੋਂ ਮਨਜ਼ੂਰੀ ਲੈ ਕੇ ਇਨ੍ਹਾਂ ਦੀ ਕਟਾਈ ਕਰਵਾਈ ਜਾਵੇਗੀ ਅਤੇ ਪੈਸੇ ਸਰਕਾਰੀ ਖ਼ਜ਼ਾਨੇ ਵਿਚ ਜਮ ?ਹਾਂ ਕਰਵਾਏ ਜਾਣਗੇ।

ਇਕ ਸਵਾਲ ਦੇ ਜਵਾਬ ਵਿਚ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੂਬੇ ਵਿਚ ਵੱਖ-ਵੱਖ ਥਾਵਾਂ 'ਤੇ ਕਰੀਬ 13 ਹਜ਼ਾਰ ਏਕੜ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਛੁਡਵਾਏ ਗਏ ਹਨ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਅਦਾਲਤੀ ਕੇਸਾਂ ਦੇ ਨਿਪਟਾਰੇ ਸਬੰਧੀ ਵਕਾਲਤ ਵਿਚ ਤੇਜ਼ੀ ਲਿਆਂਦੀ ਜਾਵੇਗੀ ਅਤੇ ਸੂਬੇ ਦੀਆਂ ਹੋਰ ਜ਼ਮੀਨਾਂ ਨੂੰ ਵੀ ਜਲਦੀ ਹੀ ਕਬਜ਼ਿਆਂ ਤੋਂ ਮੁਕਤ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਰਕਾਰੀ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਭਾਵੇਂ ਉਹ ਕਿੰਨਾ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋਵੇ, ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ਿਆਂ ਤੋਂ ਛੁਟਕਾਰਾ ਦਿਵਾਉਣ ਲਈ ਕੰਮ ਕਰ ਰਹੇ ਵਿਭਾਗ ਦੇ ਸ਼ਾਮਲਾਟ ਸੈੱਲ ਨੂੰ ਮਜ਼ਬੂਤ ਕੀਤਾ ਗਿਆ ਹੈ ਤਾਂ ਜੋ ਪੰਚਾਇਤੀ ਜ਼ਮੀਨਾਂ ਤੋਂ ਕਬਜ਼ਿਆਂ ਤੋਂ ਛੁਟਕਾਰਾ ਦਿਵਾਉਣ ਵਿਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਸੰਯੁਕਤ ਡਾਇਰੈਕਟਰ ਜਗਵਿੰਦਰਜੀਤ ਸਿੰਘ ਸੰਧੂ, ਡਵੀਜ਼ਨਲ ਡਿਪਟੀ ਡਾਇਰੈਕਟਰ ਜਲੰਧਰ ਅਮਰਦੀਪ ਸਿੰਘ ਗੁਜਰਾਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਲਰਾਜ ਸਿੰਘ, ਡੀ.ਡੀ.ਪੀ.ਓ ਭੁਪਿੰਦਰ ਸਿੰਘ ਮੁਲਤਾਨੀ, ਬੀ.ਡੀ.ਪੀ.ਓ ਤਲਵਾੜਾ ਸੁਖਪ੍ਰੀਤਪਾਲ ਸਿੰਘ ਵੀ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਵੋਟਰ ਸੂਚੀਆਂ ਦੇ ਸ਼ਡਿਊਲ ਵਿਚ ਕੀਤੀ ਗਈ ਤਬਦੀਲੀ : ਡਿਪਟੀ ਕਮਿਸ਼ਨਰ

## ਵੋਟਰ ਰਜਿਸਟ੍ਰੇਸ਼ਨ ਦੀ ਮਿਤੀ 29 ਫਰਵਰੀ 2024 ਤੱਕ ਵਧਾਈ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਪੰਜਾਬ ਦੀ ਤਰਫੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਾਲ ਸਬੰਧਤ ਗੁਰਦੁਆਰਾ ਬੋਰਡ ਚੋਣ ਸਰਕਲਾਂ ਵਿਚ ਵੋਟਰ ਸੂਚੀਆਂ ਦੀ ਤਿਆਰੀ ਲਈ ਸਮਾਂ ਸਾਰਣੀ ਵਿਚ ਬਦਲਾਅ ਕੀਤਾ ਗਿਆ ਹੈ, ਜਿਸ ਤਹਿਤ ਵੋਟਰ ਰਜਿਸਟ ?ਰੇਸ਼ਨ ਦੀ ਮਿਤੀ 15 ਨਵੰਬਰ 2023 ਤੋਂ ਵਧਾ 29 ਫਰਵਰੀ 2024 ਤੱਕ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਪ੍ਰਕਿਰਿਆ ਤਹਿਤ ਵੋਟਰ ਸੂਚੀਆਂ ਦੀ ਤਿਆਰੀ ਅਤੇ ਛਪਾਈ ਦਾ ਕੰਮ 1 ਮਾਰਚ 2024 ਤੋਂ 20 ਮਾਰਚ 2024 ਤੱਕ ਕੀਤਾ ਜਾਵੇਗਾ। ਇਸ ਤੋਂ ਬਾਅਦ 21 ਮਾਰਚ 2024 ਨੂੰ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ ਅਤੇ ਉਸੇ ਦਿਨ ਵੋਟਰ ਸੂਚੀਆਂ ਸਬੰਧੀ ਦਾਅਵੇ ਅਤੇ ਇਤਰਾਜ਼ ਲੈਣ ਲਈ ਚੋਣ ਹਲਕੇ ਅਨੁਸਾਰ ਨਿਯੁਕਤ ਕੀਤੇ ਗਏ ਅਧਿਕਾਰੀਆਂ ਦੀ ਸੂਚੀ ਜਾਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਦੀ ਆਖਰੀ ਮਿਤੀ 11 ਅਪ੍ਰੈਲ, 2024 ਹੋਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ ਸਿੱਖ ਗੁਰਦੁਆਰਾ ਬੋਰਡ ਚੋਣਾਂ, 1959 ਦੇ ਨਿਯਮ ਨੰਬਰ 10 (3) ਅਨੁਸਾਰ 21 ਅਪ੍ਰੈਲ, 2024 ਤੱਕ ਕਰ ਦਿੱਤਾ ਜਾਵੇਗਾ। ਇਸ ਤੋਂ ਬਾਅਦ 2 ਮਈ 2024 ਨੂੰ ਸਪਲੀਮੈਂਟਰੀ ਸੂਚੀਆਂ ਦੀ ਤਿਆਰੀ ਅਤੇ ਛਪਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸੂਚੀ ਦੀ ਅੰਤਿਮ ਪ੍ਰਕਾਸ਼ਨਾ 3 ਮਈ, 2024 ਨੂੰ ਕੀਤੀ ਜਾਵੇਗੀ।




# ਕੌਮਾਂਤਰੀ ਵੈਟਰਨ ਅਥਲੀਟ ਦਵਿੰਦਰ ਕੌਰ









ਸਰਕਾਰੀ ਸੈਕੰਡਰੀ ਸਕੂਲ ਮਾਹਿਲਪੁਰ (ਲੜਕੇ) ਜ਼ਿਲ੍ਹਾ ਹਸ਼ਿਆਰਪੁਰ ਤੋਂ ਸੇਵਾ ਮੁਕਤ ਸਰੀਰਕ ਸਿੱਖਿਆ ਦੀ ਲੈਕਚਰਾਰ ਦਵਿੰਦਰ ਕੌਰ ਅਜ ਕਲ ਵੈਟਰਨ ਅਥਲੀਟਾਂ ਵਿਚ ਕਾਫੀ ਚਰਚਿਤ ਹੈ। ਉਹ ਪੈਦਲ ਚਾਲ ਦੇ ਨਾਲ ਨਾਲ ਮੈਰਾਥਾਨ ਵਿਚ ਵੀ ਮੱਲਾਂ ਮਾਰ ਰਹੀ ਹੈ। ਪੰਜਾਬ ਤੋਂ ਬਾਅਦ ਦੇਸ਼ ਭਰ ਦੇ ਅਨੇਕਾਂ ਮੁਕਾਬਲਿਆਂ ਵਿਚ ਸੋਨੇ ਚਾਂਦੀ ਦੇ ਮੈਡਲਾਂ ਨਾਲ ਆਪਣੇ ਗਲੇ ਨੂੰ ਸ਼ਿੰਗਾਰ ਚੁੱਕੀ ਹੈ। ਪ੍ਰਿੰਸੀਪਲ ਅਜਮੇਰ ਸਿੰਘ ਦੀ ਇਹ ਜੀਵਨ ਸਾਥਣ ਇਸਤਰੀ ਵਰਗ ਲਈ ਪ੍ਰੇਰਨਾ ਸਰੋਤ ਬਣਕੇ ਕੰਮ ਕਰ ਰਹੀ ਹੈ। ਸਕੂਲ ਸਮੇਂ ਤਤਕਲੀਨ ਪ੍ਰਿੰਸੀਪਲ ਸੀਮਾ ਰਾਣੀ ਬੁੱਧੀਰਾਜਾ ਦੀ ਅਗਵਾਈ ਹੇਠ ਉਸਨੇ ਅਨੇਕਾਂ ਮੱਲਾਂ ਮਾਰੀਆਂ। ਆਗਸਤ 2023 ਵਿਚ ਉਸਨੇ ਕੈਨੇਡਾ ਦੀ ਧਰਤੀ ਤੇ 63 ਸਾਲ ਉਮਰ ਵਰਗ ਵਿਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਿਚ ਸਫ਼ਲਤਾ ਪ੍ਰਪਤ ਕਰਕੇ ਮਾਹਿਲਪੁਰ ਦੀ ਬੱਲੇ ਬੱਲੇ ਕਰਵਾ ਦਿੱਤੀ। ਇਥੇ ਉਸਨੇ ਟੋਰਾਂਟੋ ਵਿਖੇ ਹੋਈ ਦਸ ਕਿਲੋਮੀਟਰ ਮੈਰਾਥਨ ਦੌੜ ਵਿਚ ਇੱਕ ਘੰਟਾ ਤੇ ਇੱਕ ਮਿੰਟ ਦਾ ਸਮਾ ਲੈ ਕੇ ਤਸਿਰਾ ਸਥਾਨ ਹਾਸਲ ਕੀਤਾ। ਕੈਨੇਡਾ ਦੀ ਰਾਜਧਾਨੀ ਓਟਾਵਾ ਵਿਚ ਵੀ ਬਰੋਨਜ਼ ਮੈਡਲ ਜਿੱਤਿਆ। ਬ੍ਰਿਟਿਸ਼ ਕੋਲੰਬੀਆ ਦੇ ਕੈਲਗਰੀ ਵਿਚ ਕਰਵਾਈ ਕੈਨੇਡੀਅਨ ਮਾਸਟਰਜ਼ ਅਥਲੈਟਿਕਸ ਆਊਟਡੋਰ ਚੈਂਪੀਅਨਸ਼ਿਪ ਵਿਚ ਦੋ ਹਜ਼ਾਰ ਮੀਟਰ ਸਟੀਪਲ ਚੇਂਗ ਰੇਸ ਵਿਚ ਸਿਲਵਰ ਮੈਡਲ ਜਿੱਤ ਕੇ ਭਾਰਤ ਦਾ ਨਾਮ ਚਮਕਾਇਆ। ਦਵਿੰਦਰ ਕੌਰ ਨੇ ਅਪ੍ਰੈਲ 2015 ਵਿਚ ਗੋਆ ਵਿਖੇ ਕਰਵਾਈ 36ਵੀਂ ਨੈਸ਼ਨਲ ਮਾਸਟਰਜ ਅਥਲੈਟਿਕਸ ਚੈਂਪੀਅਨਸ਼ਿਪ ਵਿਚ 800 ਅਤੇ 1500 ਮੀਟਰ ਵਿਚ ਗੋਲਡ ਅਤੇ 5 ਕਿਲੋਮੀਟਰ ਮੈਰਾਥਨ ਵਿਚ ਸਿਲਵਰ ਮੈਡਲ ਜਿੱਤ ਕੇ ਪੰਜਾਬ ਦੀ ਬੱਲੇ ਬੱਲੇ ਕਰਵਾਈ। ਇਸੇ ਤਰ੍ਹਾਂ ਰੋਹਤਕ ਵਿਖੇ ਕਰਵਾਈ 35 ਵੀ ਨੈਸ਼ਨਲ ਮੀਟ ਵਿਚ ਉਸਨੇ ਅੱਠ ਸੌ ਮੀਟਰ ਵਿਚ ਗੋਲਡ ਮੈਡਲ ਜਿੱਤ ਲਿਆ। ਮੱਧ ਪ੍ਰਦੇਸ਼ ਵਿਚ ਉਸਨੇ ਤਿੰਨ ਗੋਲਡ ਮੈਡਲ ਜਿਤ ਕੇ ਨਵਾਂ ਕੀਰਤੀਮਾਨ ਸਥਾਪਿਤ ਕੀਤਾ। ਮੈਸੂਰ ਵਿਚ ਕਰਵਾਈ ਨੈਸ਼ਨਲ ਵੈਟਰਨ ਮੀਟ ਵਿਚ ਉਸਨੇ ਪੰਦਰਾ ਸੌ ਦੌੜ ਵਿਚ ਗੋਲਡ, ਅੱਠ ਸੌ ਵਿਚ ਸਿਲਵਰ ਅਤੇ ਪੰਜ ਹਜ਼ਾਰ ਵਿਚ ਬਰੋਨਜ਼ ਮੈਡਲ ਜਿੱਤ ਲਏ। ਸਿੰਗਾਪੁਰ ਵਿਚ ਕਰਵਾਈ ਏਸ਼ੀਅਨ ਵੈਟਰਨ ਅਥਲੈਟਿਕਸ ਮੀਟ ਵਿਚ ਉਸਨੇ ਪੰਦਰਾ ਸੌ ਵਿਚ ਬਰੋਨਜ਼ ਮੈਡਲ ਜਿੱਤਿਆ। ਫਰਵਰੀ 2017 ਵਿਚ ਹੈਦਰਾਬਾਦ ਵਿਖੇ ਹੋਈ ਮੀਟ ਵਿਚ 1500 ਮੀ ਦੌੜ ਦਾ ਗੋਲਡ ਅਤੇ 800 ਮੀਟਰ ਵਿਚ ਸਿਲਵਰ ਮੈਡਲ ਜਿੱਤ ਇਸ ਸਾਲ ਦੀ ਸ਼ੁਰੂਆਤ ਵੀ ਕਮਾਲ ਦੀਆਂ ਪ੍ਰਾਪਤੀਆਂ ਨਾਲ ਕਰ ਲਈ।

ਦਵਿੰਦਰ ਕੌਰ ਦੀ ਦੇਖ ਰੇਖ ਹੇਠਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ਼ ਮੇਘੋਵਾਲ ਦੋਆਬਾ, ਖੈਰੜ ਅੱਛਰਵਾਲ ਅਤੇ ਹੁਣ ਮਾਹਿਲਪੁਰ ਵਿਚ ਕੌਮੀ ਪੱਧਰ ਦੇ ਫੁਟਬਾਲਰ ਅਤੇ ਅਥਲੀਟ ਪੈਦਾ ਕੀਤਾ ਜਾ ਰਹੇ ਹਨ। ਉਹ ਇਹਨਾਂ ਕਾਰਜਾਂ ਨੂੰ ਇੰਜ ਸਮੱਰਪਿਤ ਹੋ ਜਾਂਦੀ ਹੈ ਕਿ ਆਪੇ ਦੀ ਸੁੱਧ ਬੁੱਧ ਵੀ ਭੁੱਲ ਜਾਂਦੀ ਹੈ। ਅਸਲ ਵਿਚ ਉਸਨੇ ਆਪਣੇ ਫਰਜ਼ ਨੂੰ ਪੂਜਾ ਬਣਾਇਆ ਹੋਇਆ ਹੈ। ਵਿਹਲੇ ਸਮੇਂ ਨੂੰ ਅਭਿਆਸ ਦੇ ਲੇਖੇ ਲਾਉਂਦੀ ਹੈ। ਬੇਟੇ ਜਗਪ੍ਰੀਤ ਸਿੰਘ ਅਤੇ ਵਿਕਰਮਜੋਤ ਸਿੰਘ ਨੇ ਹਮੇਸ਼ਾਂ ਆਪਣੀ ਮਾਤਾ ਤੋਂ ਪ੍ਰੇਰਨਾ ਲਈ ਹੈ। ਉਹਨਾਂ ਦਾ ਕਹਿਣਾ ਹੈ



ਦਲਜੀਤ ਸਿੰਘ ਅਜਨੋਹਾ
98721-83601

ਕਿ ਉਹਨਾਂ ਦੀ ਮਾਤਾ ਸਕੂਲ਼ ਕਾਲਜ ਵੇਲੇ ਤੋਂ ਹੀ ਕੌਮੀ ਪੱਧਰ ਦੀ ਅਥਲੀਟ ਰਹੀ ਹੈ। ਉਹੀ ਜਜ਼ਬਾ ਉਹਨਾਂ ਅੰਦਰ ਅਜ ਵੀ ਕਾਰਜਸ਼ੀਲ਼ ਹੈ। ਉਸਨੇ ਆਪਣੀ ਸਰਕਾਰੀ ਸਰਵਿਸ 1988 ਵਿਚ ਡੀ.ਪੀ ਮਾਸਟਰ ਵਜੋਂ ਅਰੰਭ ਕੀਤੀ। 2008 ਵਿਚ ਲੈਕਚਰਾਰ ਬਣਕੇ ਖਿਡਾਰੀਆਂ ਦੀ ਖੇਡ ਕਲਾ ਨੂੰ ਨਿਖਾਰਨ ਵਿਚ ਜੁਟ ਗਈ। ਉਹਨਾਂ ਦੁਆਰਾ ਤਿਆਰ ਕੀਤੇ ਖਿਡਾਰੀਆਂ ਦੀ ਸੂਚੀ ਕਾਫੀ ਲੰਬੀ ਹੈ। ਉਸਦੀਆਂ ਆਪਣੀਆਂ ਪ੍ਰਾਪਤੀਆਂ ਵੀ ਅਜੇ ਦੋ ਤਿੰਨ ਸਾਲ ਦੀਆਂ ਹੀ ਹਨ। ਸੰਤ ਹਰੀ ਸਿੰਘ ਨੈਕੀਵਾਲਿਆਂ ਦੀ ਯਾਦ ਵਿਚ ਮੰਨਣਹਾਨਾ, ਹਸ਼ਿਆਰਪੁਰ ਵਿਖੇ ਰੰਨ ਫਾਰ ਵਿਮੈਨ ਆਨਰ ਵਿਚ ਉਸਨੇ ਮੈਰਾਥਨ ਵਿਚ ਸਿਲਵਰ ਮੈਡਲ ਜਿੱਤਿਆ। ਫਿਰੋਜਪੁਰ ਵਿਖੇ ਸ਼ਹੀਦ ਭਗਤ ਸਿੰਘ ਕਲੱਬ ਵਲੋਂ ਕਰਾਈ ਦੋ ਕਿਲੋਮੀਟਰ ਵਾਕ ਅਤੇ 800 ਮੀਟਰ ਦੌੜ ਵਿਚ ਗੋਲਡ ਮੈਡਲ ਜਿੱਤ ਲਏ। ਡੀ ਸੀ ਹੁਸ਼ਿਆਰਪੁਰ ਵਲੋਂ 2014 ਵਿਚ ਕਰਾਈ ਜਾਗਰੂਕਤਾ ਮੈਰਾਥਨ ਵਿਚ ਵੀ ਉਸਨੇ 6 ਕਿਲੋਮੀਟਰ ਦੀ ਦੌੜ ਵਿਚ ਪਹਿਲੀ ਥਾਂ ਹਾਸਲ ਕਰਕੇ ਚੰਗਾ ਆਣ ਸਨਮਾਨ ਹਾਸਲ ਕੀਤਾ।

ਰਾਜਸਥਾਨ ਦੇ ਸ਼ਹਿਰ ਅਲਵਰ ਵਿਚ ਕਰਾਈ ਅਥਲੈਟਿਕ ਮੀਟ ਦਵਿੰਦਰ ਕੌਰ ਵਿਚ ਅੱਠ ਸੌ ਤੇ 15 ਸੌ ਮੀਟਰ ਦੇ ਗੋਲਡ ਮੈਡਲ ਜਿੱਤ ਕੇ ਆਪਣੇ ਕਦ ਨੂੰ ਹੋਰ ਬੁਲੰਦ ਕਰ ਲਿਆ। ਚੰਗੀਗੜ੍ਹ ਮਾਸਟਰਜ ਅਥਲੈਟਿਕਸ ਮੀਟ ਵਿਚ ਤਿੰਨ ਕਿਲੋਮੀਟਰ ਵਾਕ ਅਤੇ ਅੱਠ ਸੌ ਮੀਟਰ ਦੀ ਦੌੜ ਵਿਚ ਵੀ ਪਹਿਲਾ ਸਥਾਨ ਹਾਸਲ ਕੀਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਵਿਚ ਕਰਵਾਈ ਨੈਸ਼ਨਲ ਮਾਸਟਰਜ਼ ਅਥਲੈਟਿਕਸ ਮੀਟ ਵਿਚ ਦਵਿੰਦਰ ਕੌਰ ਅੱਠ ਸੌ, 15 ਸੌ ਮੀਟਰ ਅਤੇ ਚਾਰ ਸੌ ਮੀਟਰ ਦੌੜ ਤੇ 5 ਕਿ.ਮੀ. ਵਾਕ ਵਿਚ ਚਾਰ ਗੋਲਡ ਮੈਡਲ ਜਿੱਤ ਕੇ ਨਵਾਂ ਰਿਕਾਰਡ ਕਾਇਮ ਕਰ ਦਿੱਤਾ। ਪਿਛਲੇ ਸਾਲ ਮੰਡੀ ਗੋਬਿੰਦਗੜ੍ਹ ਦੇ ਵਾਕਰ ਕਲੱਬ ਵਲੋਂ ਕਰਵਾਈ ਤਿੰਨ ਕਿਲੋਮੀਟਰ ਵਾਕ ਵਿਚ ਗੋਲਡ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ।2023 ਵਿਚ ਕੈਨੇਡਾ ਡੇ ਮੌਕੇ ਹੋਈਆਂ ਦੌੜਾਂ ਵਿਚ ਵੀ ਉਹ ਸਰਬੋਤਮ ਅਥਲੀਟ ਬਣੀ। ਇੰਜ ਉਸਨੇ ਆਪਣੀ ਚਾਲ ਅਤੇ ਦੌੜ ਨੂੰ ਹੋਰ ਸ਼ਿੰਗਾਰਨ ਦਾ ਕਾਰਜ ਅਰੰਭਿਆ ਹੋਇਆ ਹੈ। ਸਾਦੀ ਖੁਰਾਕ ਤੇ ਸਾਦੇ ਜੀਵਨ ਵਿਚ ਖੁਸ਼ ਰਹਿਣ ਵਾਲੀ ਹਰ ਕਿਸੇ ਦਾ ਮਾਣ ਸਤਿਕਾਰ ਕਰਕੇ ਅਨੰਦ ਮਹਿਸੂਸ ਕਰਦੀ ਹੈ। ਪ੍ਰਿੰ. ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਤੋਂ ਇਲਾਵਾ ਕਈ ਨਾਮਵਰ ਖੇਡ ਸੰਸਥਾਵਾਂ ਉਸਦੀਆਂ ਇਹਨਾਂ ਪ੍ਰਾਪਤੀਆਂ ਦਾ ਮਾਣ ਸਨਮਾਨ ਕਰ ਚੁਕੀਆਂ ਹਨ। ਦਵਿੰਦਰ ਕੌਰ ਦਾ ਆਪਣੇ ਹਾਣੀਆਂ ਨੂੰ ਕਹਿਣਾ ਹੈ ਕਿ ਜੇਕਰ ਉਹ ਲਗਾਤਾਰ ਅਭਿਆਸ ਕਰਨ ਤਾਂ ਗੋਡਿਆਂ ਅਤੇ ਲੱਕ ਦੀਆਂ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ ਆਪਣੀ ਖੁਰਾਕ ਅਤੇ ਰਹਿਣ ਸਹਿਣ ਨੂੰ ਸਾਦਾ ਰੱਖਣ ਨਾਲ ਵੀ ਬਹੁਤ ਕੁੱਝ ਹਾਸਲ ਕੀਤਾ ਜਾ ਸਕਦਾ ਹੈ। ਇਕਹਿਰੇ ਸਰੀਰ ਦੀ ਮਾਲਕਣ ਇਸ ਅਥਲੀਟ ਦਾ ਬੁਲੰਦ ਹੌਸਲਾ ਕਈ ਲੜਕੀਆਂ ਲਈ ਵੀ ਪ੍ਰੇਰਨਾਦਾਇਕ ਹੈ। ਇਹਨਾਂ ਸ਼ਾਨਦਾਰ ਅਤੇ ਜਾਨਦਾਰ ਪ੍ਰਾਪਤੀਆਂ ਤੋਂ ਇਸ ਗੱਲ ਦਾ ਅੰਦਾਜ਼ਾ ਸਹਿਜੇ ਹੀ ਲਗ ਜਾਂਦ ਹੈ ਕਿ ਉਹ ਆਉਣ ਵਾਲੇ ਸਾਲਾਂ ਵਿਚ ਕੌਮੀ ਤੇ ਕੌਮਾਂਤਰੀ ਪੱਧਰ ਤੇ ਹੋਰ ਵੀ ਉੱਚੀਆਂ ਉਡਾਰੀਆਂ ਨਾਲ ਪੰਜਾਬ ਦਾ ਨਾਮ ਰੌਸ਼ਨ ਕਰੇਗੀ। ਇਸ ਨਿਸ਼ਾਨੇ ਦੀ ਪ੍ਰਾਪਤੀ ਵਾਸਤੇ ਉਹ ਦਿਨ ਰਾਤ ਅਭਿਆਸ ਵਿਚ ਜੁਟੀ ਹੋਈ ਹੈ।

# ਜਲੰਧਰ-ਚਿੰਤਪੁਰਨੀ ਹਾਈਵੇ ਦਾ ਮੁਆਵਜ਼ਾ ਵੰਡ ਘੁਟਾਲਾ : 64 ਕਰੋੜ ਦੀ ਘਪਲੇਬਾਜ਼ੀ ਦੇ ਦੋਸ਼ ਹੇਠ 42 ਹੋਰ ਨਵੇਂ ਦੋਸ਼ੀ ਨਾਮਜ਼ਦ

ਹੁਸ਼ਿਆਰਪੁਰ (ਦਲਜੀਤ ਅਜਨੋਹਾ) : ਜਲੰਧਰ-ਚਿੰਤਪੁਰਨੀ ਹਾਈਵੇ ਲਈ ਐਕਵਾਇਰ ਕੀਤੀ ਜ਼ਮੀਨ ਲਈ ਕੇਂਦਰ ਸਰਕਾਰ ਤੋਂ ਪ੍ਰਾਪਤ ਕਰੋੜਾਂ ਰੁਪਏ ਦੇ ਮੁਆਵਜ਼ੇ ਦੀ ਵੰਡ ਵਿੱਚ ਬਹੁ-ਕਰੋੜੀ ਘਪਲੇਬਾਜ਼ੀ ਸਬੰਧੀ ਦਰਜ ਕੇਸ ਬਾਰੇ ਵਿਜੀਲੈਂਸ ਬਿਊਰੋ ਵੱਲੋਂ ਗਠਿਤ ਤਿੰਨ ਮੈਂਬਰੀ ਵਿਸ਼ੇਸ਼ ਪੜਤਾਲੀਆ ਟੀਮ (ਸਿੱਟ) ਵੱਲੋਂ ਕੀਤੀ ਤਫਤੀਸ਼ ਦੌਰਾਨ ਐਸ.ਡੀ.ਐਮ. ਹੁਸ਼ਿਆਰਪੁਰ ਅਤੇ ਤਹਿਸੀਲਦਾਰ ਹੁਸ਼ਿਆਰਪੁਰ ਦੇ ਦਫਤਰਾਂ ਵਿੱਚੋਂ ਕਾਫੀ ਰਿਕਾਰਡ ਗਾਇਬ ਪਾਏ ਗਏ। ਤਫ਼ਤੀਸ਼ ਵਿੱਚ ਇਹ ਵੀ ਸਾਹਮਣੇ ਆਇਆ ਕਿ ਤੱਤਕਾਲੀ ਐਸਡੀਐਮ ਆਨੰਦ ਸਾਗਰ ਨੇ ਲੁਈਸ ਬਰਜਰ ਕੰਪਨੀ ਵੱਲੋਂ ਤਿਆਰ ਕੀਤੀ ਡਰਾਫਟ 3-ਏ ਸ਼ਡਿਊਲ ਯੋਜਨਾ ਨੂੰ ਗਲਤ ਤਰੀਕੇ ਨਾਲ ਬਦਲ ਦਿੱਤਾ ਅਤੇ ਜ਼ਮੀਨ ਦਾ 64 ਕਰੋੜ ਰੁਪਏ ਦਾ ਮੁਆਵਜ਼ਾ ਆਪਣੇ ਜਾਣਕਾਰਾਂ ਨੂੰ ਉਸ ਵੱਲੋਂ ਇਸ ਨਵੀਂ ਸੜਕ ਦੇ ਨਾਲ ਖਰੀਦੀ ਜਮੀਨ ਲਈ ਜਾਰੀ ਕਰ ਦਿੱਤਾ। ਜਾਂਚ ਦੌਰਾਨ ਬਿਊਰੋ ਨੇ ਇਸ ਮਾਮਲੇ ਵਿੱਚ ਆਈ.ਪੀ.ਸੀ. ਦੀ ਇੱਕ ਹੋਰ ਧਾਰਾ 201 ਜੋੜ ਦਿੱਤੀ ਹੈ ਅਤੇ 42 ਹੋਰ ਨਵੇਂ ਮੁਲਜ਼ਮਾਂ ਨੂੰ ਨਾਮਜ਼ਦ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ 8 ਮੁਲਜ਼ਮਾਂ ਨੂੰ ਸ਼ਨੀਵਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਤਤਕਾਲੀ ਆਨੰਦ ਸਾਗਰ ਸ਼ਰਮਾ ਐਸ.ਡੀ.ਐਮ.-ਕਮ-ਕੁਲੈਕਟਰ ਅਤੇ ਭੂਮੀ ਗ੍ਰਹਿਣ ਅਫ਼ਸਰ ਹੁਸ਼ਿਆਰਪੁਰ ਸਮੇਤ ਕੁੱਲ 13 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜਿਨ੍ਹਾਂ ਵਿੱਚ ਬਲਜਿੰਦਰ ਸਿੰਘ ਤਹਿਸੀਲਦਾਰ ਹੁਸ਼ਿਆਰਪੁਰ, ਮਨਜੀਤ ਸਿੰਘ ਨਾਇਬ ਤਹਿਸੀਲਦਾਰ ਹੁਸ਼ਿਆਰਪੁਰ, ਦਲਜੀਤ ਸਿੰਘ ਪਟਵਾਰੀ ਪਿੰਡ ਖਵਾਸਪੁਰ (ਪਿੱਪਲਾਂਵਾਲਾ), ਪਰਵਿੰਦਰ ਕੁਮਾਰ ਪਟਵਾਰੀ ਵਾਸੀ ਪਿੰਡ ਖਵਾਸਪੁਰ, ਸੁਖਵਿੰਦਰਜੀਤ ਸਿੰਘ ਸੋਢੀ ਰਜਿਸਟਰੀ ਕਲਰਕ, ਦੇਵੀਦਾਸ ਡੀਡ ਰਾਈਟਰ, ਹਰਪਿੰਦਰ ਸਿੰਘ ਗਿੱਲ ਵਾਸੀ ਮਹਾਰਾਜਾ ਰਣਜੀਤ ਸਿੰਘ ਨਗਰ ਹੁਸ਼ਿਆਰਪੁਰ, ਸਤਵਿੰਦਰ ਸਿੰਘ ਢੱਟ ਅਤੇ ਅਵਤਾਰ ਸਿੰਘ ਜੌਹਲ ਦੋਵੇਂ ਵਾਸੀ ਮੁਹੱਲਾ ਟਿੱਬਾ ਸਾਹਿਬ ਹੁਸ਼ਿਆਰਪੁਰ ਅਤੇ ਜਸਵਿੰਦਰ ਪਾਲ ਸਿੰਘ ਵਾਸੀ ਲਿਲੀ ਕਾਟੇਜ, ਸੁਤਿਹਰੀ ਰੋਡ ਹੁਸ਼ਿਆਰਪੁਰ ਸ਼ਾਮਲ ਹਨ, ਉਨ੍ਹਾਂ ਨੂੰ ਪਹਿਲਾਂ ਹੀ ਭਾਰਤੀ ਦੰਡਾਵਲੀ ਦੀ ਧਾਰਾ 420, 467, 468, 471, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1) (ਡੀ), 13(2) ਤਹਿਤ ਵਿਜੀਲੈਂਸ ਪੁਲਿਸ ਥਾਣਾ, ਆਰਥਿਕ ਅਪਰਾਧ ਸ਼ਾਖਾ, ਲੁਧਿਆਣਾ ਵਿਖੇ ਐਫਆਈਆਰ ਨੰਬਰ 01 ਮਿਤੀ 10-02-2017 ਦੇ ਤਹਿਤ ਦਰਜ ਕੀਤੇ ਗਏ ਇਸ ਕੇਸ ਵਿੱਚ ਗ੍ਰਿਫਤਾਰ ਜਾਂ ਜਾਂਚ ਵਿੱਚ ਸ਼ਾਮਲ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਦੱਸਿਆ ਕਿ ਇਸ ਕੇਸ ਦੀ ਅਗਲੇਰੀ ਜਾਂਚ ਲਈ ਵਿਸ਼ੇਸ਼ ਜੱਜ ਲੁਧਿਆਣਾ ਦੀ ਸਮਰੱਥ ਅਦਾਲਤ ਵੱਲੋਂ ਮਿਤੀ 05-04-2022 ਨੂੰ ਦਿੱਤੇ ਹੁਕਮਾਂ ਅਨੁਸਾਰ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ ਪੰਜਾਬ ਵੱਲੋਂ ਵਿਜੀਲੈਂਸ ਦੇ ਡਾਇਰੈਕਟਰ ਰਾਹੁਲ ਐਸ. ਦੀ ਨਿਗਰਾਨੀ ਹੇਠ ਤਿੰਨ ਮੈਂਬਰੀ ਐਸ.ਆਈ.ਟੀ. ਦਾ ਗਠਨ ਕੀਤਾ ਗਿਆ, ਜਿਸ ਵਿੱਚ ਰਾਜੇਸ਼ਵਰ ਸਿੰਘ, ਐਸ.ਐਸ.ਪੀ, ਵਿਜੀਲੈਂਸ ਬਿਊਰੋ ਰੇਂਜ ਜਲੰਧਰ, ਗੁਰਮੀਤ ਸਿੰਘ, ਐਸ.ਐਸ.ਪੀ, ਵਿਜੀਲੈਂਸ ਬਿਊਰੋ ਰੇਂਜ ਫਿਰੋਜ਼ਪੁਰ ਅਤੇ ਸੂਬਾ ਸਿੰਘ, ਐਸ.ਐਸ.ਪੀ, ਆਰਥਿਕ ਅਪਰਾਧ ਵਿੰਗ, ਵਿਜੀਲੈਂਸ ਬਿਊਰੋ ਲੁਧਿਆਣਾ ਨੂੰ ਮੈਂਬਰ ਬਣਾਇਆ ਗਿਆ। ਜਾਂਚ ਦੌਰਾਨ ਪਤਾ ਲੱਗਾ ਕਿ ਤੱਤਕਾਲੀ ਐਸਡੀਐਮ ਹੁਸ਼ਿਆਰਪੁਰ ਆਨੰਦ ਸਾਗਰ ਸ਼ਰਮਾ ਨੇ ਆਪਣੇ ਵੱਲੋਂ ਤਿਆਰ ਕੀਤੀ ਸ਼ਡਿਊਲ 3-ਏ ਵਿੱਚ ਪੰਜ ਪਿੰਡਾਂ ਖਵਾਸਪੁਰ, ਡਿਗਾਣਾ ਕਲਾਂ, ਡਿਗਾਣਾ ਖੁਰਦ, ਹਰਦੋ ਖਾਨਪੁਰ ਅਤੇ ਖਸਰਾ ਬੱਸੀ ਜੋਨਾ/ਚੋਹਲੀ ਦੇ ਹਾਈਵੇਅ ਅਲਾਈਨਮੈਂਟ ਨੂੰ ਬਦਲ ਦਿੱਤਾ ਜੋ ਕਿ ਇੱਕ ਸਰਵੇਖਣ ਤੋਂ ਬਾਅਦ ਲੂਈਸ ਬਰਜਰ ਕੰਪਨੀ ਦੁਆਰਾ ਤਿਆਰ ਕੀਤਾ ਮੂਲ ਡਰਾਫਟ ਅਨੁਸੂਚੀ 3-1 ਨਾਲ ਮੇਲ ਨਹੀਂ ਖਾਂਦਾ। ਬੁਲਾਰੇ ਨੇ ਅੱਗੇ ਦੱਸਿਆ ਕਿ



ਕਾਰਜਕਾਰੀ ਇੰਜਨੀਅਰ ਲੋਕ ਨਿਰਮਾਣ ਵਿਭਾਗ ਹੁਸ਼ਿਆਰਪੁਰ ਤੋਂ ਉਕਤ ਸ਼ਡਿਊਲ ਡਰਾਫਟ 3-ਏ ਪ੍ਰਾਪਤ ਕਰਨ ਉਪਰੰਤ ਤਤਕਾਲੀ ਐਸਡੀਐਮ ਹੁਸ਼ਿਆਰਪੁਰ ਆਨੰਦ ਸਾਗਰ ਸ਼ਰਮਾ ਨੇ ਇਸ ਵਿੱਚ ਦਰਜ ਦਸਤਾਵੇਜ਼ਾਂ ਦੀ ਤਸਦੀਕ ਕਰਨੀ ਸੀ ਪਰ ਉਨ੍ਹਾਂ ਨੇ ਉਕਤ ਡਰਾਫਟ ਸ਼ਡਿਊਲ ਨੂੰ ਆਪਣੇ ਦਫ਼ਤਰ ਵਿੱਚ 4 ਮਹੀਨਿਆਂ ਤੋਂ ਵੱਧ ਸਮੇਂ ਲਈ ਲੰਬਿਤ ਰੱਖਿਆ। ਇਸ ਮਾਮਲੇ ਵਿੱਚ ਉਕਤ ਮੁਲਜ਼ਮ ਐਸਡੀਐਮ ਆਨੰਦ ਸਾਗਰ ਸ਼ਰਮਾ ਨੇ ਨੋਟੀਫਿਕੇਸ਼ਨ ਲਈ ਸ਼ਡਿਊਲ 3-ਏ ਵਿੱਚ ਉਕਤ ਪੰਜ ਪਿੰਡਾਂ ਦੇ ਖਸਰਾ ਨੰਬਰਾਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਉਕਤ ਬਦਲੇ ਹੋਏ ਖਸਰਾ ਨੰਬਰ ਨੋਟੀਫਿਕੇਸ਼ਨ 3-ਡੀ ਅਤੇ 3-ਜੀ ਵਿੱਚ ਵੀ ਪ੍ਰਕਾਸ਼ਿਤ ਕੀਤੇ ਗਏ ਸਨ। ਉਕਤ ਦੋਸ਼ੀ ਐਸ.ਡੀ.ਐਮ ਨੇ ਆਪਣੇ ਅਧੀਨ ਪਟਵਾਰੀ ਤੋਂ ਝੂਠੀਆਂ ਰਿਪੋਰਟਾਂ ਲੈ ਕੇ ਜ਼ਮੀਨ ਦੀ ਕਿਸਮ ਨੂੰ ਗਲਤ ਤਰੀਕੇ ਨਾਲ ਖੇਤੀਬਾੜੀ ਤੋਂ ਰਿਹਾਇਸ਼ੀ/ਵਪਾਰਕ ਬਣਾ ਦਿੱਤਾ ਅਤੇ ਇਸ ਸਬੰਧੀ ਝੂਠਾ ਪਰਿਵਰਤਨ ਸਰਟੀਫਿਕੇਟ ਤਿਆਰ ਕਰ ਲਿਆ। ਬਾਅਦ ਵਿੱਚ, ਕੇਂਦਰ ਸਰਕਾਰ ਵੱਲੋਂ ਕੁੱਲ 286,36,13,620 ਰੁਪਏ ਮੁਆਵਜ਼ਾ ਰਾਸ਼ੀ ਵਜੋਂ ਪ੍ਰਾਪਤ ਕੀਤੇ ਗਏ ਜੋ ਉਕਤ ਐਸ.ਡੀ.ਐਮ ਵੱਲੋਂ ਅਪਰਾਧਿਕ ਸਾਜ਼ਿਸ਼ ਤਹਿਤ ਭੂ-ਮਾਫੀਆ ਨਾਲ ਮਿਲੀਭੁਗਤ ਕਰਕੇ, ਮੁਆਵਜ਼ੇ ਲਈ ਨੋਟੀਫਿਕੇਸ਼ਨ 3ਏ, 3ਡੀ, 3ਜੀ ਵਿੱਚ ਖੇਤੀਬਾੜੀ ਜ਼ਮੀਨ ਵਜੋਂ ਪ੍ਰਕਾਸ਼ਿਤ ਕੀਤੀ ਗਈ ਜ਼ਮੀਨ ਲਈ ਰਿਹਾਇਸ਼ੀ ਦਰਾਂ 'ਤੇ 64,13,66,399 ਰੁਪਏ ਗੈਰਕਾਨੂੰਨੀ ਤਰੀਕੇ ਨਾਲ ਮੁਆਵਜ਼ਾ ਵੰਡ ਦਿੱਤਾ।

# ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਸਿਲਕਿਆਰਾ ਸੁਰੰਗ ਵਿੱਚ ਫਸੇ 41 ਮਜ਼ਦੂਰਾਂ ਨੂੰ ਬਚਾਉਣ ਦਾ ਜਸ਼ਨ ਮਨਾਇਆ





ਦੇਹਰਾਦੂਨ : ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਬੁੱਧਵਾਰ ਨੂੰ ਸਿਲਕਿਆਰਾ ਸੁਰੰਗ ਵਿੱਚ ਫਸੇ 41 ਮਜ਼ਦੂਰਾਂ ਦੇ ਸਫਲ ਬਚਾਅ ਦਾ ਜਸ਼ਨ ਮਜ਼ਦੂਰਾਂ ਦੇ ਪਰਿਵਾਰਕ ਮੈਂਬਰਾਂ ਨਾਲ ਮਨਾਇਆ।

ਇਗਾਸ ਬਾਗਵਾਲ ਦੀਵਾਲੀ ਦੇ ਗਿਆਰਾਂ ਦਿਨ ਬਾਅਦ ਉੱਤਰਾਖੰਡ ਵਿੱਚ ਮਨਾਇਆ ਜਾਂਦਾ ਹੈ। ਇਹ ਤਿਉਹਾਰ ਮੁੱਖ ਤੌਰ 'ਤੇ ਉੱਤਰਾਖੰਡ ਦੇ ਗੜ੍ਹਵਾਲ ਅਤੇ ਕੁਮਾਉਂ ਖੇਤਰਾਂ ਵਿੱਚ ਮਨਾਇਆ ਜਾਂਦਾ ਹੈ।

ਪੱਛਮੀ ਬੰਗਾਲ ਤੋਂ ਸੁਰਜੀਤ ਬਹੇਰਾ, ਜਿਸ ਦਾ ਜੀਜਾ 41 ਮਜ਼ਦੂਰਾਂ ਵਿੱਚੋਂ ਇੱਕ ਹੈ, ਨੇ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਬਚਾਅ ਦਾ ਭਰੋਸਾ ਹੈ। 'ਅਸੀਂ ਬਹੁਤ ਖੁਸ਼ ਹਾਂ। ਸਾਨੂੰ ਉਨ੍ਹਾਂ ਦੇ ਬਚਾਅ ਦਾ ਭਰੋਸਾ ਸੀ। ਸਾਨੂੰ ਸਰਕਾਰ ਤੋਂ ਬਹੁਤ ਮਦਦ ਮਿਲੀ। ਉੱਤਰਾਖੰਡ ਸਰਕਾਰ ਨੇ ਸਾਡੀ ਬਹੁਤ ਮਦਦ ਕੀਤੀ। ਮੁੱਖ ਮੰਤਰੀ 7-8 ਦਿਨ ਉੱਥੇ ਰਹੇ ਅਤੇ ਉਹ ਵੀ ਆਪਰੇਸ਼ਨ ਵਿੱਚ ਸ਼ਾਮਲ ਸਨ'।

ਇਸ ਤੋਂ ਪਹਿਲਾਂ ਦਿਨ ਵਿੱਚ ਮੁੱਖ ਮੰਤਰੀ ਧਾਮੀ ਨੇ ਘੋਸ਼ਣਾ ਕੀਤੀ ਸੀ ਕਿ ਸਿਲਕਿਆਰਾ ਸੁਰੰਗ ਦੇ ਅੰਦਰ ਬਚਾਅ ਕਾਰਜ ਵਿੱਚ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ ਨੂੰ 50,000 ਰੁਪਏ ਦੀ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਵੇਗੀ।

ਉੱਤਰਕਾਸ਼ੀ ਸੁਰੰਗ ਤੋਂ ਬਚਾਏ ਗਏ 41 ਮਜ਼ਦੂਰਾਂ ਨੂੰ ਅਗਲੇਰੀ ਡਾਕਟਰੀ ਜਾਂਚ ਲਈ ਚਿਨਿਆਲੀਸੌਰ ਤੋਂ ਏਮਜ਼ ਰਿਸ਼ੀਕੇਸ਼ ਲਿਆਂਦਾ ਗਿਆ। ਮਜ਼ਦੂਰਾਂ ਨੂੰ ਆਈਏਐਫ ਦੇ ਚਿਨੂਕ ਹੈਲੀਕਾਪਟਰ ਵਿੱਚ ਸਵਾਰ ਹੋ ਕੇ ਰਿਸ਼ੀਕੇਸ਼ ਲਿਆਂਦਾ ਗਿਆ।











ਬਚਾਏ ਗਏ 41 ਕਰਮਚਾਰੀ ਅਗਲੇਰੀ ਡਾਕਟਰੀ ਜਾਂਚ ਲਈ ਰਿਸ਼ੀਕੇਸ਼ ਲਈ ਆਈਏਐਫ ਦੇ ਚਿਨੂਕ ਹੈਲੀਕਾਪਟਰ ਵਿੱਚ ਸਵਾਰ ਹੋਏ।



ਅੰਤਰਰਾਸ਼ਟਰੀ ਸੁਰੰਗ ਮਾਹਰ, ਅਰਨੋਲਡ ਡਿਕਸ ਨੇ ਸਿਲਕਿਆਰਾ ਸੁਰੰਗ ਤੋਂ ਸਾਰੇ 41 ਮਜ਼ਦੂਰਾਂ ਦੇ ਸਫਲ ਬਚਾਅ ਤੋਂ ਬਾਅਦ ਪੀਐਮਓ ਦੇ ਸਾਬਕਾ ਸਲਾਹਕਾਰ ਭਾਸਕਰ ਖੁਲਬੇ ਨਾਲ ਮੁਲਾਕਾਤ ਕੀਤੀ।



ਸਿਲਕਿਆਰਾ ਸੁਰੰਗ ਦੇ ਅੰਦਰ ਫਸੇ ਮਜ਼ਦੂਰਾਂ ਨੂੰ ਬਚਾਉਣ ਤੋਂ ਪਹਿਲਾਂ

# ਉੱਤਰਕਾਸ਼ੀ: ਸੁਰੰਗ 'ਚੋਂ ਸਾਰੇ ਮਜ਼ਦੂਰ ਸੁਰੱਖਿਅਤ ਬਾਹਰ ਕੱਢੇ

- ਜ਼ਮੀਨ ਖਿਸਕਣ ਕਾਰਨ ਸੁਰੰਗ ਅੰਦਰ ਫਸ ਗਏ ਸਨ 41 ਵਰਕਰ
- ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਤੇ ਕੇਂਦਰੀ ਰਾਜ ਮੰਤਰੀ ਵੀਕੇ ਸਿੰਘ ਨੇ ਕੀਤਾ ਮਜ਼ਦੂਰਾਂ ਦਾ ਸਵਾਗਤ







ਉੱਤਰਕਾਸ਼ੀ : ਬਚਾਅ ਕਰਮੀਆਂ ਦੇ ਕਰੀਬ 17 ਦਿਨਾਂ ਦੇ ਅਣਥੱਕ ਯਤਨਾਂ ਤੋਂ ਬਾਅਦ ਅਖ਼ੀਰ ਅੱਜ ਉੱਤਰਾਖੰਡ ਦੀ ਸਿਲਕਿਆਰਾ ਸੁਰੰਗ ਵਿਚ ਫਸੇ 41 ਵਰਕਰਾਂ ਨੂੰ ਸਫ਼ਲਤਾ ਨਾਲ ਬਾਹਰ ਕੱਢ ਲਿਆ ਗਿਆ। ਬਚਾਏ ਗਏ ਵਰਕਰਾਂ ਨਾਲ ਮੌਕੇ 'ਤੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਤੇ ਕੇਂਦਰੀ ਮੰਤਰੀ ਵੀਕੇ ਸਿੰਘ ਨੇ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਟਵੀਟ ਕਰ ਕੇ ਦੱਸਿਆ ਕਿ ਸਾਰੇ ਵਰਕਰਾਂ ਦੀ ਮੁੱਢਲੀ ਸਿਹਤ ਜਾਂਚ ਕਰ ਲਈ ਗਈ ਹੈ।
ਇਸ ਲਈ ਸੁਰੰਗ ਵਿਚ ਹੀ ਮੈਡੀਕਲ ਕੈਂਪ ਬਣਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਜ਼ਮੀਨ ਖਿਸਕਣ ਕਾਰਨ ਉਸਾਰੀ ਅਧੀਨ ਸੁਰੰਗ ਦਾ ਇਕ ਹਿੱਸਾ 12 ਨਵੰਬਰ ਨੂੰ ਢਹਿ ਗਿਆ ਸੀ। ਸੁਰੰਗ ਦਾ ਇਕ ਹਿੱਸਾ ਢਹਿਣ ਕਾਰਨ ਬਾਹਰ ਨਿਕਲਣ ਦਾ ਰਸਤਾ ਬੰਦ ਹੋ ਗਿਆ ਸੀ ਤੇ ਵਰਕਰ ਅੰਦਰ ਫਸ ਗਏ ਸਨ। ਉਦੋਂ ਤੋਂ ਹੀ ਵਰਕਰਾਂ ਨੂੰ ਛੇ ਇੰਚ ਦੀ ਪਾਈਪ ਰਾਹੀਂ ਭੋਜਨ, ਦਵਾਈਆਂ ਤੇ ਹੋਰ ਜ਼ਰੂਰੀ ਵਸਤਾਂ ਭੇਜੀਆਂ ਜਾ ਰਹੀਆਂ ਸਨ। ਇਹ ਪਾਈਪ ਢਹਿ ਗਏ ਹਿੱਸੇ ਦੇ ਮਲਬੇ ਵਿਚੋਂ ਪਾਈ ਗਈ ਸੀ। ਕਰੀਬ 17 ਦਿਨ ਚੱਲੇ ਇਸ ਬਚਾਅ ਅਪਰੇਸ਼ਨ ਦੌਰਾਨ ਕਈ ਵਾਰ ਉਮੀਦ ਦੀ ਕਿਰਨ ਜਾਗੀ ਤੇ ਕਈ ਵਾਰ ਨਿਰਾਸ਼ਾ ਵੀ ਹੱਥ ਲੱਗੀ। ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ (ਐੱਨਡੀਆਰਐਫ) ਦੇ ਕਰਮੀਆਂ ਨੇ ਅੱਜ ਦੇਰ ਸ਼ਾਮ ਫਸੇ ਵਰਕਰਾਂ ਨੂੰ ਸਟੀਲ ਦੇ ਪਾਈਪ ਰਾਹੀਂ ਬਾਹਰ ਕੱਢਿਆ ਜੋ ਕਿ 60 ਮੀਟਰ ਦੇ 'ਐਸਕੇਪ ਪੈਸੇਜ' (ਬਚਾਅ ਦਾ ਰਾਹ) ਵਿਚ ਪਾਇਆ ਗਿਆ ਸੀ। ਸੁਰੰਗ 'ਚ ਫਸੇ 41 ਵਰਕਰਾਂ ਵਿਚੋਂ ਪਹਿਲੇ ਵਰਕਰ ਨੂੰ ਲੈ ਕੇ ਐਂਬੂਲੈਂਸ ਰਾਤ ਕਰੀਬ 8 ਵਜੇ ਬਾਹਰ ਨਿਕਲੀ। ਇਸ ਤੋਂ ਪਹਿਲਾਂ ਕਰੀਬ ਇਕ ਘੰਟਾ 'ਰੈਟ-ਹੋਲ' ਮਾਈਨਿੰਗ ਮਾਹਿਰ ਮਲਬੇ ਦੇ ਆਖ਼ਰੀ ਹਿੱਸੇ ਨੂੰ ਪੁੱਟਣ 'ਚ ਲੱਗੇ ਰਹੇ। ਕਈ ਦਿਨਾਂ ਤੋਂ ਬਣੇ ਇਸ ਸੰਕਟ ਦੇ ਹੱਲ ਹੋਣ ਦੇ ਨਾਲ ਹੀ ਮੌਕੇ 'ਤੇ ਮੌਜੂਦ ਲੋਕਾਂ ਨੇ ਇਕ-ਦੂਜੇ ਨੂੰ ਜੱਫੀਆਂ ਪਾ ਲਈਆਂ ਤੇ ਖ਼ੁਸ਼ੀ ਵਿਚ 'ਹਰ ਹਰ ਮਹਾਦੇਵ' ਤੇ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਾਏ। ਮੌਕੇ ਉਤੇ ਮੌਜੂਦ ਐਂਬੂਲੈਂਸਾਂ ਵਰਕਰਾਂ ਨੂੰ ਸਥਾਨਕ ਕਮਿਊਨਿਟੀ ਸਿਹਤ ਕੇਂਦਰ ਲੈ ਕੇ ਗਈਆਂ ਜਿੱਥੇ ਵਿਸ਼ੇਸ਼ ਤੌਰ 'ਤੇ 41 ਬਿਸਤਰਿਆਂ ਦਾ ਵਾਰਡ ਬਣਾਇਆ ਗਿਆ ਸੀ। ਇਸ ਤੋਂ ਪਹਿਲਾਂ ਸਟੀਲ ਪਾਈਪ ਰਾਹੀਂ ਬਾਹਰ ਨਿਕਲੇ ਵਰਕਰਾਂ ਦੀ ਤੁਰੰਤ ਸਿਹਤ ਜਾਂਚ ਕੀਤੀ ਗਈ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਅੱਜ ਕਿਹਾ ਕਿ ਵਰਕਰਾਂ ਦੇ ਸੁਰੱਖਿਅਤ ਬਾਹਰ ਨਿਕਲਣ 'ਤੇ ਉਹ ਰਾਹਤ ਮਹਿਸੂਸ ਕਰ ਰਹੇ ਹਨ ਤੇ ਖ਼ੁਸ਼ ਹਨ। ਉਨ੍ਹਾਂ ਕਿਹਾ ਕਿ ਵੱਖ-ਵੱਖ ਏਜੰਸੀਆਂ ਨੇ ਪੂਰੇ ਤਾਲਮੇਲ ਨਾਲ ਬਹੁਤ ਮਹੱਤਵਪੂਰਨ ਬਚਾਅ ਅਪਰੇਸ਼ਨ ਨੂੰ ਸਿਰੇ ਚੜ੍ਹਾਇਆ ਹੈ। ਗਡਕਰੀ ਨੇ ਕੌਮਾਂਤਰੀ ਬਚਾਅ ਮਾਹਿਰਾਂ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਪੂਰੇ ਅਪਰੇਸ਼ਨ ਦੀ ਲਗਾਤਾਰ ਨਿਗਰਾਨੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਤੇ ਕੇਂਦਰੀ ਮੰਤਰੀ ਵੀਕੇ ਸਿੰਘ ਦਾ ਵੀ ਸ਼ੁਕਰੀਆ ਅਦਾ ਕੀਤਾ। ਮੁੱਖ ਮੰਤਰੀ ਧਾਮੀ ਨੇ ਵਰਕਰਾਂ ਤੇ ਬਚਾਅ ਕਰਮੀਆਂ ਦੀ ਹਿੰਮਤ ਦੀ ਸਿਫ਼ਤ ਕੀਤੀ।

## 'ਰੈਟ ਹੋਲ' ਕਾਮਿਆਂ ਦਾ ਹੁਨਰ ਤੇ ਤਜਰਬਾ ਕੰਮ ਆਇਆ

ਨਵੀਂ ਦਿੱਲੀ: ਰੈਟ ਹੋਲ ਮਾਈਨਿੰਗ ਭਾਵੇਂ ਗ਼ੈਰਕਾਨੂੰਨੀ ਹੋ ਸਕਦੀ ਹੈ ਪਰ ਸਿਲਕਿਆਰਾ ਸੁਰੰਗ ਦਾ ਇੱਕ ਹਿੱਸਾ ਢਹਿ ਜਾਣ ਨਾਲ ਫ਼ਸੇ 41 ਮਜ਼ਦੂਰਾਂ ਨੂੰ ਬਚਾਉਣ ਲਈ ਜਾਰੀ ਬਚਾਅ ਕਾਰਜਾਂ ਲਈ 'ਰੈਟ ਹੋਲ' ਕਾਮਿਆਂ ਦੇ ਹੁਨਰ ਅਤੇ ਤਜਰਬੇ ਦੀ ਵਰਤੋਂ ਕੀਤੀ ਗਈ। ਇਹ ਗੱਲ ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਦੇ ਇੱਕ ਮੈਂਬਰ ਨੇ ਅੱਜ ਇੱਥੇ ਕਹੀ। ਅਥਾਰਿਟੀ ਦੇ ਮੈਂਬਰ ਲੈਫਟੀਨੈਂਟ ਜਨਰਲ (ਸੇਵਾਮੁਕਤ) ਸਈਦ ਅਤਾ ਹਸਨੈਨ ਨੇ ਕਿਹਾ ਕਿ ਰੈਟ ਹੋਲ ਕਾਮਿਆਂ ਨੇ 24 ਘੰਟੇ ਤੋਂ ਘੱਟ ਸਮੇਂ ਵਿੱਚ 10 ਮੀਟਰ ਦੀ ਖੁਦਾਈ ਕਰਕੇ ਅਨੋਖਾ ਕਾਰਜ ਕੀਤਾ ਹੈ। ਉਨ੍ਹਾਂ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ 'ਰੈਟ ਹੋਲ' ਖਣਨ ਗ਼ੈਰਕਾਨੂੰਨੀ ਹੋ ਸਕਦਾ ਹੈ ਪਰ 'ਰੈਟ-ਹੋਲ' ਕਾਮਿਆਂ ਦਾ ਹੁਨਰ, ਤਜਰਬੇ ਅਤੇ ਕਾਰਗੁਜ਼ਾਰੀ ਦੀ ਵਰਤੋਂ ਹੀ ਅਖੀਰ ਨੂੰ ਕੰਮ ਆਈ।









## ਭਾਰਤੀ ਰਾਹਤ ਕਾਰਜਾਂ ਦੀ ਕੌਮਾਂਤਰੀ ਮੀਡੀਆ 'ਚ ਪ੍ਰਸ਼ੰਸਾ

ਲੰਡਨ: ਉਤਰਾਖੰਡ ਵਿੱਚ ਪਹਾੜੀ ਸੁਰੰਗ ਵਿੱਚ ਫਸੇ 41 ਮਜ਼ਦੂਰਾਂ ਨੂੰ 17 ਦਿਨਾਂ ਮਗਰੋਂ ਸੁਰੱਖਿਅਤ ਬਾਹਰ ਕੱਢੇ ਜਾਣ ਦੇ ਬਚਾਅ ਕਾਰਜਾਂ ਦੀ ਕੌਮਾਂਤਰੀ ਮੀਡੀਆ ਵਿੱਚ ਪ੍ਰਸ਼ੰਸਾ ਹੋ ਰਹੀ ਹੈ ਅਤੇ ਇਸ ਨਾਟਕੀ ਘਟਨਾਕ੍ਰਮ ਦਾ ਸਿੱਧਾ ਪ੍ਰਸਾਰਨ ਕੀਤਾ ਗਿਆ ਹੈ। ਬੀਬੀਸੀ ਬਚਾਅ ਕਾਰਜਾਂ ਬਾਰੇ ਲਗਾਤਾਰ ਅੱਪਡੇਟ ਕਰਦਾ ਰਿਹਾ ਹੈ। ਉਸ ਨੇ ਆਪਣੀ ਰਿਪੋਰਟ ਵਿੱਚ ਕਿਹਾ, "ਸੁਰੰਗ ਵਿੱਚੋਂ ਪਹਿਲੇ ਵਿਅਕਤੀ ਦੇ ਬਾਹਰ ਆਉਣ ਦੀ ਖ਼ਬਰ ਆਉਂਦਿਆਂ ਹੀ ਸੁਰੰਗ ਦੇ ਬਾਹਰ ਜਸ਼ਨ ਦਾ ਮਾਹੌਲ ਸੀ।" ਇਸ ਤੋਂ ਇਲਾਵਾ 'ਸੀਐੱਨਐੱਨ', 'ਅਲ-ਜਜ਼ੀਰਾ', 'ਦਿ ਟੈਲੀਗ੍ਰਾਫ਼', 'ਦਿ ਗਾਰਡੀਅਨ' ਨੇ ਵੀ ਬਚਾਅ ਕਾਰਜਾਂ ਨੂੰ ਪ੍ਰਮੁੱਖਤਾ ਨਾਲ ਥਾਂ ਦਿੱਤੀ ਹੈ।

## ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਹੋਰਾਂ ਵੱਲੋਂ ਵਰਕਰਾਂ ਤੇ ਬਚਾਅ ਕਰਮੀਆਂ ਦੇ ਜਜ਼ਬੇ ਨੂੰ ਸਲਾਮ

ਨਵੀਂ ਦਿੱਲੀ: ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉੱਤਰਾਖੰਡ ਦੀ ਸੁਰੰਗ ਵਿਚ ਫਸੇ 41 ਵਰਕਰਾਂ ਨੂੰ ਬਚਾਉਣ ਲਈ ਕੀਤੇ ਗਏ ਸਫ਼ਲ ਅਪਰੇਸ਼ਨ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਸਾਰਿਆਂ ਲਈ ਭਾਵੁਕ ਕਰਨ ਵਾਲਾ ਪਲ ? ਹੈ। ਮੁਰਮੂ ਨੇ ਕਿਹਾ ਕਿ ਦੇਸ਼ ਵਰਕਰਾਂ ਦੇ ਹੌਸਲੇ ਨੂੰ ਸਲਾਮ ਕਰਦਾ ਹੈ। ਉਨ੍ਹਾਂ ਕਿਹਾ ਕਿ ਨਿੱਜੀ ਜੋਖ਼ਮ ਚੁੱਕ ਕੇ ਅਹਿਮ ਢਾਂਚੇ ਉਸਾਰਦੇ ਇਨ੍ਹਾਂ ਵਰਕਰਾਂ ਦਾ ਦੇਸ਼ ਹਮੇਸ਼ਾ ਕਰਜ਼ਦਾਰ ਹੈ। ਰਾਸ਼ਟਰਪਤੀ ਨੇ ਸਾਰੀਆਂ ਟੀਮਾਂ ਤੇ ਮਾਹਿਰਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਇਨ੍ਹਾਂ ਨੇ ਬੇਮਿਸਾਲ ਦ੍ਰਿੜ੍ਹਤਾ ਦਾ ਮੁਜ਼ਾਹਰਾ ਕਰ ਕੇ ਇਤਿਹਾਸ ਦੇ ਸਭ ਤੋਂ ਔਖੇ ਮਿਸ਼ਨਾਂ ਵਿਚੋਂ ਇਕ ਨੂੰ ਸਿਰੇ ਚਾੜ੍ਹਿਆ ਹੈ। ਮੋਦੀ ਨੇ ਬਚਾਅ ਅਪਰੇਸ਼ਨ ਵਿਚ ਲੱਗੇ ਕਰਮੀਆਂ ਤੇ ਮਾਹਿਰਾਂ ਦੀ ਭਾਵਨਾ ਨੂੰ ਸਲਾਮ ਕੀਤਾ। ਉਨ੍ਹਾਂ ਕਿਹਾ ਕਿ ਵਰਕਰਾਂ ਦੇ ਹੌਸਲੇ ਤੇ ਅਹਿਦ ਨੇ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਵਰਕਰਾਂ ਦੇ ਜਜ਼ਬੇ ਨੂੰ ਸਲਾਮ ਕੀਤਾ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਇਹ ਬਹੁਤ ਰਾਹਤ ਤੇ ਖ਼ੁਸ਼ੀ ਵਾਲੀ ਖ਼ਬਰ ਹੈ। ਉਨ੍ਹਾਂ ਸਰਕਾਰ ਨੂੰ ਬੇਨਤੀ ਕੀਤੀ ਕਿ ਉਹ ਵਰਕਰਾਂ ਨੂੰ ਤੁਰੰਤ ਸਿਹਤ ਸਹਾਇਤਾ ਤੇ ਮੁਆਵਜ਼ਾ ਦੇਵੇ। ਇਸ ਦੇ ਨਾਲ ਹੀ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਾਰੀਆਂ ਉਸਾਰੀ ਅਧੀਨ ਯੋਜਨਾਵਾਂ ਦਾ ਸੇਫਟੀ ਆਡਿਟ ਵੀ ਕਰਾਇਆ ਜਾਵੇ। ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਕਿਹਾ ਕਿ ਸਾਰੇ ਵਰਕਰਾਂ ਨੂੰ ਇਕ-ਇਕ ਲੱਖ ਰੁਪਏ ਦੀ ਮਦਦ ਦਿੱਤੀ ਜਾਵੇਗੀ।

# ਦਿੱਲੀ ਪੁਲਿਸ ਕਮਿਸ਼ਨਰ ਸੰਜੇ ਅਰੋੜਾ ਦਿੱਲੀ ਪੁਲਿਸ ਅਕੈਡਮੀ ਵਿਖੇ ਨਵੇਂ ਭਰਤੀ ਹੋਏ ਸਬ-ਇੰਸਪੈਕਟਰਾਂ ਅਤੇ ਹੋਰ ਰੈਂਕਾਂ ਦੀ ਪਾਸਿੰਗ ਆਉਟ ਪਰੇਡ ਦੌਰਾਨ ਕੀਤਾ ਪੁਰਸਕਾਰ ਪ੍ਰਦਾਨ








ਨਵੀਂ ਦਿੱਲੀ : ਦਿੱਲੀ ਪੁਲਿਸ ਕਮਿਸ਼ਨਰ ਸੰਜੇ ਅਰੋੜਾ ਨੇ ਬੁੱਧਵਾਰ ਨੂੰ ਦਿੱਲੀ ਪੁਲਿਸ ਅਕੈਡਮੀ, ਨਵੀਂ ਦਿੱਲੀ ਵਿਖੇ ਨਵੇਂ ਭਰਤੀ ਸਬ-ਇੰਸਪੈਕਟਰਾਂ ਅਤੇ ਹੋਰ ਰੈਂਕਾਂ ਦੀ ਪਾਸਿੰਗ ਆਉਟ ਪਰੇਡ ਦੌਰਾਨ ਪੁਰਸਕਾਰ ਪ੍ਰਦਾਨ ਕੀਤੇ।

## ਆਧੁਨਿਕ ਗੁਰਦੁਆਰੇ ਨਸ਼ਟ ਕਰਨ ਉਪਰ ਸਾਨੂੰ ਕੋਈ ਇਤਰਾਜ਼ ਨਹੀਂ

- ਪਾਕਿਸਤਾਨ ਸਰਕਾਰ ਇਤਿਹਾਸਕ ਗੁਰਦੁਆਰਿਆਂ ਦੀ ਸੰਭਾਲ ਕਰੇ
- ਪਾਕਿਸਤਾਨ ਆਰਥਿਕ ਤੌਰ 'ਤੇ ਮਜ਼ਬੂਤ ਹੋਵੇ : ਜਥੇਦਾਰ ਹਰਪ੍ਰੀਤ ਸਿੰਘ



ਨਨਕਾਣਾ ਸਾਹਿਬ ਪਾਕਿਸਤਾਨ :- ਪਾਕਿਸਤਾਨ ਦੇ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਿੰਨੀ ਸ਼ਿੱਦਕ ਨਾਲ ਇਸਲਾਮ ਤੌਹੀਦ ਦੀ ਗੱਲ ਆਈ ਹੈ ਓਨੀ ਸ਼ਿੱਦਕ ਨਾਲ ਹੀ ਤੌਹੀਦ ਦੀ ਗੱਲ ਗੁਰੂ ਨਾਨਕ ਸਾਹਿਬ ਨੇ ਕੀਤੀ। ਪਰ ਜਿਵੇਂ ਇਸਲਾਮ ਨੇ ਕਿਹਾ ਕਿ ਉਸ ਦਾ ਕੋਈ ਸ਼ਰੀਕ ਨਹੀਂ ਗੁਰੂ ਨਾਨਕ ਸਾਹਿਬ ਕਹਿੰਦੇ ਕਿ ਜਿਵੇਂ ਇਸਲਾਮ ਦੇ ਵਿਚ ਅੱਲਾ ਤੋਂ ਬਿਨਾਂ ਕਿਸੇ ਹੋਰ ਮੰਨਣਾ ਸਭ ਤੋਂ ਵੱਡਾ ਗੁਨਾਹ ਹੈ ਉਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਜ਼ਰੀਏ ਵਿਚ ਵੀ ਅਕਾਲ ਪੁਰਖ ਨੂੰ ਛੱਡ ਕੇ ਕਿਸੇ ਹੋਰ ਨੂੰ ਮੰਨਣਾ ਵੀ ਇਕ ਬਹੁਤ ਵੱਡਾ ਗੁਨਾਹ ਹੈ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਮੂਰਤੀਆਂ ਬਣਾ ਉਨ੍ਹਾਂ ਨੂੰ ਪੂਜਣ ਵਿਚ ਲੋਕਾਈ ਜਿਹੜੀ ਫਸੀ ਹੋਈ ਸੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ। ਖਾਸ ਕਰਕੇ ਪਾਕਿਸਤਾਨ ਦੇ ਬਾਰਡਰ ਦੇ ਨਾਲ ਨਾਲ ਜਿਹੜੇ ਸਾਡੇ ਗੁਰਦੁਆਰਾ ਹਨ ਆਧੁਨਿਕ ਗੁਰਦੁਆਰੇ ਨਸ਼ਟ ਹੋਣ 'ਤੇ ਕੋਈ ਇਤਰਾਜ਼ ਨਹੀਂ, ਪਾਕਿਸਤਾਨ ਸਰਕਾਰ ਇਤਿਹਾਸਕ ਗੁਰਦੁਆਰਿਆਂ ਦੀ ਸੰਭਾਲ ਕਰੇ। ਉਨ੍ਹਾਂ ਦੁਆ ਕੀਤੀ ਕਿ ਪਾਕਿਸਤਾਨ ਆਰਥਿਕ ਤੌਰ 'ਤੇ ਮਜ਼ਬੂਤ ਹੋਵੇ। ਉਨ੍ਹਾਂ ਪਾਕਿਸਤਾਨ ਦੇ ਸਿੱਖ ਆਗੂ ਸਰਦਾਰ ਗੋਪਾਲ ਸਿੰਘ ਚਾਵਲਾ ਦੀ ਵੀ ਤਾਰੀਫ ਕੀਤੀ।




ਨਵੀਂ ਦਿੱਲੀ : ਦਿੱਲੀ ਪੁਲਿਸ ਦੇ ਕਮਿਸ਼ਨਰ ਸੰਜੇ ਅਰੋੜਾ ਨੇ ਸੁਨੀਲ ਕੁਮਾਰ ਗੌਤਮ, ਸਪੈਸ਼ਲ ਸੀਪੀ ਟ੍ਰੇਨਿੰਗ ਡਿਵੀਜ਼ਨ, ਦਿੱਲੀ ਪੁਲਿਸ ਅਤੇ ਵਿਜੇ ਸਿੰਘ, ਡਾਇਰੈਕਟਰ, ਦਿੱਲੀ ਪੁਲਿਸ ਅਕੈਡਮੀ, ਦੇ ਨਾਲ ਦਿੱਲੀ ਪੁਲਿਸ ਅਕੈਡਮੀ ਦੇ ਨਿਊਜ਼ਲੈਟਰ "ਕਦਮਤਾਲ" ਦੇ ਉਦਘਾਟਨੀ ਸੰਸਕਰਨ ਦਾ ਉਦਘਾਟਨ ਕੀਤਾ। ਦਿੱਲੀ ਪੁਲਿਸ ਅਕੈਡਮੀ, ਨਵੀਂ ਦਿੱਲੀ ਵਿਖੇ ਨਵੇਂ ਭਰਤੀ ਸਬ-ਇੰਸਪੈਕਟਰਾਂ ਅਤੇ ਹੋਰ ਰੈਂਕਾਂ ਦੀ ਪਾਸਿੰਗ ਆਉਟ ਪਰੇਡ ਦੌਰਾਨ।

# ਛੱਤੀਸਗੜ੍ਹ: ਨਕਸਲੀਆਂ ਨੇ ਨਿਰਮਾਣ ਕਾਰਜਾਂ 'ਚ ਲੱਗੇ 14 ਵਾਹਨ ਤੇ ਮਸ਼ੀਨਾਂ ਫੂਕੀਆਂ





ਦਾਂਤੇਵਾੜਾ : ਛੱਤੀਸਗੜ੍ਹ ਦੇ ਨਕਸਲ ਪ੍ਰਭਾਵਿਤ ਦਾਂਤੇਵਾੜਾ ਜ਼ਿਲ੍ਹੇ ਵਿਚ ਮਸ਼ਕੂਕ ਨਕਸਲੀਆਂ ਨੇ ਨਿਰਮਾਣ ਕਾਰਜ ਵਿਚ ਲੱਗੇ ਘੱਟੋ-ਘੱਟ 14 ਵਾਹਨਾਂ ਅਤੇ ਮਸ਼ੀਨਾਂ ਨੂੰ ਅੱਗ ਲਗਾ ਦਿੱਤੀ। ਘਟਨਾ ਵਿੱਚ ਕਿਸੇ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਇਹ ਘਟਨਾ ਭਾਨਸੀ ਥਾਣਾ ਖੇਤਰ ਦੇ ਅਧੀਨ ਪੈਂਦੇ ਬੰਗਾਲੀ ਕੈਂਪ ਨਾਮਕ ਸਥਾਨ 'ਤੇ ਰਾਤ ਕਰੀਬ 1:30 ਵਜੇ ਵਾਪਰੀ। ਕਰੀਬ 40-50 ਅਣਪਛਾਤੇ ਵਿਅਕਤੀ, ਜਿਨ੍ਹਾਂ ਨੇ ਆਮ ਨਾਗਰਿਕਾਂ ਦੇ ਕੱਪੜੇ ਪਾਏ ਹੋਏ ਸਨ ਅਤੇ ਕੁਝ ਹਥਿਆਰਬੰਦ ਸਨ, ਮੌਕੇ 'ਤੇ ਪਹੁੰਚ ਗਏ ਅਤੇ ਉਥੇ ਖੜ੍ਹੇ ਟਰੱਕਾਂ, ਪੋਕਲੇਨ ਅਤੇ ਜੇਸੀਬੀ ਮਸ਼ੀਨਾਂ ਸਮੇਤ 14 ਵਾਹਨਾਂ ਅਤੇ ਮਸ਼ੀਨਾਂ ਨੂੰ ਅੱਗ ਲਗਾ ਦਿੱਤੀ।

# ਪੰਜਾਬ ਰਾਜ ਭਵਨ ਨੇ ਮਨਾਇਆ ਜੰਮੂ-ਕਸ਼ਮੀਰ ਤੇ ਲੱਦਾਖ ਦਾ ਸਥਾਪਨਾ ਦਿਵਸ

ਚੰਡੀਗੜ੍ਹ : "ਏਕ ਭਾਰਤ, ਸ਼੍ਰੇਸ਼ਟ ਭਾਰਤ" ਦੇ ਥੀਮ ਤਹਿਤ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਮਜ਼ਬੂਤ ਕਰਦਿਆਂ ਪੰਜਾਬ ਰਾਜ ਭਵਨ ਵਿਖੇ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਅਤੇ ਲੱਦਾਖ ਦਾ ਸਥਾਪਨਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਸਮਾਗਮ ਪੰਜਾਬ ਰਾਜ ਭਵਨ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਸਾਂਝੇ ਤੌਰ 'ਤੇ ਕਰਵਾਇਆ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ, ਪੰਜਾਬ ਦੇ ਰਾਜਪਾਲ ਅਤੇ ਯੂ.ਟੀ., ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਇਨ੍ਹਾਂ ਖੇਤਰਾਂ ਦੇ ਵਿਲੱਖਣ ਸੱਭਿਆਚਾਰਾਂ ਅਤੇ ਰਿਵਾਇਤਾਂ ਦੀ ਪ੍ਰਸ਼ੰਸਾ ਕਰਦਿਆਂ ਇਸ ਮਹੱਤਵਪੂਰਨ ਸਮਾਰੋਹ ਦੀ ਮੇਜ਼ਬਾਨੀ ਕਰਨ 'ਤੇ ਖੁਸ਼ੀ ਜ਼ਾਹਰ ਕੀਤੀ। ਉਨ੍ਹਾਂ ਦੇਸ਼ ਦੇ ਵਿਭਿੰਨਤਾ ਨਾਲ ਭਰੇ ਸੱਭਿਆਚਾਰਾਂ ਦੇ ਤਾਣੇ-ਬਾਣੇ ਨੂੰ ਪਛਾਣਨ ਅਤੇ ਇਸਦਾ ਜਸ਼ਨ ਮਨਾਉਣ ਦੀ ਲੋੜ 'ਤੇ ਜ਼ੋਰ ਦਿਤਾ ਜੋ ਭਾਰਤ ਨੂੰ ਅਸਲ ਵਿਚ ਵਿਲੱਖਣ ਬਣਾਉਂਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ 'ਏਕ ਭਾਰਤ ਸ਼੍ਰੇਸ਼ਟ ਭਾਰਤ' ਪ੍ਰੋਗਰਾਮ ਤਹਿਤ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਥਾਪਨਾ ਦਿਵਸ ਮਨਾਏ ਜਾਂਦੇ ਹਨ ਜਿਸ ਦਾ ਉਦੇਸ਼ ਦੇਸ਼ ਦੇ ਲੋਕਾਂ ਦਰਮਿਆਨ ਮਜ਼ਬੂਤ ਬੰਧਨ ਅਤੇ ਸਾਂਝ ਪੈਦਾ ਕਰਨਾ ਹੈ। ਇਹ ਆਪਸੀ ਤਾਲਮੇਲ ਨੂੰ ਵਧਾਉਣ ਦੇ ਨਾਲ ਨਾਲ ਆਪਸੀ ਸੂਝ ਨੂੰ ਉਤਸ਼ਾਹਿਤ ਕਰਦਾ ਹੈ ਅਤੇ 'ਵਨ ਨੇਸ਼ਨ - ਵਨ ਪੀਪਲ' ਦੇ ਬੰਧਨ ਨੂੰ ਮਜ਼ਬੂਤ ਕਰਦਾ ਹੈ।

ਇਸ ਪ੍ਰੋਗਰਾਮ ਦੌਰਾਨ ਉਨ੍ਹਾਂ ਸਾਰਿਆਂ ਨੂੰ ਇਕਜੁੱਟ ਹੋ ਕੇ ਇਕ ਨਵੇਂ ਅਤੇ ਮਜ਼ਬੂਤ ਰਾਸ਼ਟਰ ਦੇ ਨਿਰਮਾਣ ਦਾ ਪ੍ਰਣ ਲੈਣ ਦੀ ਅਪੀਲ ਵੀ ਕੀਤੀ। ਇਸ ਪ੍ਰੋਗਰਾਮ ਦੇ ਜਸ਼ਨਾਂ ਦੀ ਸ਼ੁਰੂਆਤ ਇਕ ਦਿਲਚਸਪ ਸੱਭਿਆਚਾਰਕ ਪ੍ਰੋਗਰਾਮ ਦੇ ਨਾਲ ਹੋਈ ਜਿਸ ਵਿੱਚ ਮਨਮੋਹਕ ਸੁਰੀਲੇ ਲੱਦਾਖੀ ਲੋਕ ਸੰਗੀਤ ਅਤੇ ਜਬਰੋ ਵਰਗੇ ਲੋਕ ਨਾਚ ਪ੍ਰਦਰਸ਼ਨਾਂ ਰਾਹੀਂ ਲੱਦਾਖ ਦੀ ਅਮੀਰ ਵਿਰਾਸਤ ਦਾ ਪ੍ਰਦਰਸ਼ਨ ਕੀਤਾ ਗਿਆ, ਜਿਸ ਨੇ ਦਰਸ਼ਕਾਂ ਦਾ ਮਨ ਮੋਹ ਲਿਆ।

ਇਸ ਮੌਕੇ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਵਿਚ ਭਾਰਤ ਦੇ ਵਧੀਕ ਸਾਲਿਸਟਰ ਜਨਰਲ ਸਤਿਆਪਾਲ ਜੈਨ, ਧਰਮਪਾਲ ਸਲਾਹਕਾਰ ਪ੍ਰਸ਼ਾਸਕ ਯੂ.ਟੀ ਚੰਡੀਗੜ੍ਹ, ਪ੍ਰਵੀਰ ਰੰਜਨ ਡੀਜੀਪੀ ਯੂਟੀ ਚੰਡੀਗੜ੍ਹ ਅਤੇ ਪੀ.ਸੀ. ਡੋਗਰਾ ਸਾਬਕਾ ਡੀਜੀਪੀ ਪੰਜਾਬ ਵੀ ਸ਼ਾਮਲ ਸਨ।










## ਪੰਜਾਬ, ਛੱਤੀਸਗੜ੍ਹ, ਕਰਨਾਟਕ, ਮੱਧ ਪ੍ਰਦੇਸ਼, ਤਾਮਿਲਨਾਡੂ, ਪੁਡੂਚੇਰੀ ਅਤੇ ਚੰਡੀਗੜ੍ਹ ਦੇ ਸਥਾਪਨਾ ਦਿਵਸ ਉਪਰ ਯਾਦਗਾਰੀ ਸਮਾਗਮ



ਗੁਹਾਟੀ : ਬੁੱਧਵਾਰ ਨੂੰ ਗੁਹਾਟੀ ਦੇ ਸ਼੍ਰੀਮੰਤ ਸੰਕਰਦੇਵ ਇੰਟਰਨੈਸ਼ਨਲ ਆਡੀਟੋਰੀਅਮ ਵਿੱਚ ਪੰਜਾਬ, ਛੱਤੀਸਗੜ੍ਹ, ਕਰਨਾਟਕ, ਮੱਧ ਪ੍ਰਦੇਸ਼, ਤਾਮਿਲਨਾਡੂ, ਪੁਡੂਚੇਰੀ ਅਤੇ ਚੰਡੀਗੜ੍ਹ ਦੇ ਸਥਾਪਨਾ ਦਿਵਸ ਦੇ ਜਸ਼ਨ ਦੌਰਾਨ ਰਵਾਇਤੀ ਪਹਿਰਾਵੇ ਵਿੱਚ ਕਲਾਕਾਰਾਂ ਨੇ ਯਾਦਗਾਰੀ ਪ੍ਰਦਰਸ਼ਨ ਕੀਤਾ।

# ਜਿਸ ਸਮਾਜ ਦੀ ਬੱਚੇ ਬੱਚੀਆ ਉੱਚ ਸਿਖਿਆ ਪ੍ਰਾਪਤ ਕਰ ਲੈਣ ਉਹ ਪ੍ਰਵਾਰ ਸਮਾਜ ਅਤੇ ਦੇਸ਼ 'ਚ ਸਵਰਗ ਬਣ ਜਾਂਦਾ









ਵਿਦਿਆਰਥੀਆਂ ਆਪਣੀਆਂ ਡਿਗਰੀਆਂ ਪ੍ਰਾਪਤ ਕਰਨ ਤੋਂ ਬਾਅਦ ਖੁਸ਼ੀ 'ਚ ਇੱਕ ਯਾਦਗਾਰੀ ਫੋਟੋ ਸੈਲਫੀ ਲੈਂਦੇ ਹੋਏ

ਪਟਿਆਲਾ: ਪਟਿਆਲਾ ਦੇ ਸਰਕਾਰੀ ਮੈਡੀਕਲ ਕਾਲਜ ਅਤੇ ਰਾਜਿੰਦਰਾ ਹਸਪਤਾਲ ਵਿਖੇ ਬੁੱਧਵਾਰ ਨੂੰ ਐਮਬੀਬੀਐਸ ਬੈਚ ਦੀ ਕਨਵੋਕੇਸ਼ਨ ਦੌਰਾਨ ਆਪਣੀਆਂ ਡਿਗਰੀਆਂ ਅਤੇ ਤਗਮੇ ਪ੍ਰਾਪਤ ਕਰਨ ਤੋਂ ਬਾਅਦ ਵਿਦਿਆਰਥੀਆਂ ਦੇ ਇੱਕ ਸਮੂਹ ਨੇ ਇੱਕ ਯਾਦਗਾਰੀ ਸੈਲਫੀ ਲਈ। ਇਥੇ ਇਹ ਜ਼ਿਕਰਯੋਗ ਹੈ ਕੀ ਜਿਸ ਸਮਾਜ ਦੀ ਬੱਚੇ ਬੱਚੀਆ ਉੱਚ ਸਿਖਿਆ ਪ੍ਰਾਪਤ ਕਰ ਲੈਣ ਉਹ ਪ੍ਰਵਾਰ ਸਮਾਜ ਅਤੇ ਦੇਸ਼ 'ਚ ਸਵਰਗ ਬਣ ਜਾਂਦਾ ਹੈ।

ਕਦੇ ਹੜ ਰੋੜ ਲੈਂਦੇ ਕਦੇ ਕਰਜ਼ਾ ਮਾਰ ਜਾਂਦਾ
ਉੱਤੋਂ ਮਾਰ ਦੀਆਂ ਸਰਕਾਰਾਂ, ਅੰਨਦਾਤੇ ਕਿਥੇ ਮਰਨ
ਸਤਨਾਮ ਸਿੰਘਾਂ, ਜੇਕਰ ਕਿਸਾਨ ਲੜਨ ਨਾ ਤਾਂ ਹੋਰ ਕੀ ਕਰਨ

# ਅਖੇ ਪੰਜਾਬ ਦਾ ਧੂੰਆਂ ਸਿੱਧਾ ਦਿੱਲੀ ਨੂੰ ਜਾਂਦਾ, ਕੀ ਦਿੱਲੀ ਜਾਕੇ ਰੁਕ ਜਾਂਦਾ

## ਪੰਜਾਬ ਦੇ ਕਿਸਾਨ ਨੂੰ ਬਦਨਾਮ ਕਰਨ ਦੀ ਸ਼ੁਰੂਆਤ ਕਰਕੇ ਹੁਣ ਪੰਜਾਬ 'ਤੇ ਰਾਜ ਕਰ ਰਿਹਾ ਨਾਲੇ ਪੰਜਾਬ ਨੂੰ ਤੰਗ ਪ੍ਰੇਸ਼ਾਨ ਕਰ ਰਿਹਾ





# ਪਟਿਆਲਾ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਯਤਨਸ਼ੀਲ

ਪਟਿਆਲਾ ਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਪੁਲਿਸ ਟੀਮ ਦੇ ਨਾਲ ਵੀਰਵਾਰ ਨੂੰ ਪਟਿਆਲਾ ਦੇ ਪਿੰਡ ਨਾਭਾ ਦੇ ਇੱਕ ਖੇਤ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ।













# ਕਿਸਾਨਾਂ ਵੱਲੋਂ ਅੱਗ ਲਗਾਈ ਗਈ ਪਰਾਲੀ ਦਾ ਮੁਆਇਨਾ ਕਰਦੇ ਹੋਏ ਅਧਿਕਾਰੀ



ਫ਼ਿਰੋਜ਼ਪੁਰ ਦੇ ਪਿੰਡ ਗੁਰੂਹਰਸਹਾਏ ਵਿਖੇ ਬੁੱਧਵਾਰ ਨੂੰ ਇੱਕ ਖੇਤ ਵਿੱਚ ਕਿਸਾਨਾਂ ਵੱਲੋਂ ਅੱਗ ਲਗਾਈ ਗਈ ਪਰਾਲੀ ਦਾ ਨਿਰੀਖਣ ਕਰਦੇ ਹੋਏ ਅਧਿਕਾਰੀ।

# ਸਿੱਖ ਫਾਰ ਜਸਟਿਸ ਦੇ ਸ. ਗੁਰਪਤਵੰਤ ਸਿੰਘ ਪੰਨੂੰ ਦੇ ਕਤਲ ਪ੍ਰਤੀ ਸਾਜਿਸ਼ ਦੀ ਖਬਰ ਪੂਰੀ ਦੁਨੀਆ 'ਚ ਅੱਗ ਵਾਂਗ ਫੈਲੀ

- ਅਮਰੀਕਾ ਨੇ ਭਾਰਤੀ ਸਰਕਾਰ ਦੇ ਕਰਮਚਾਰੀ ਦੁਆਰਾ ਨਿਰਦੇਸ਼ਤ ਸਿੱਖ ਫਾਰ ਜਸਟਿਸ ਦੇ ਅੰਤਰਰਾਸ਼ਟਰੀ ਵੱਖਵਾਦੀ ਆਗੂ ਦੀ ਹੱਤਿਆ ਦੀ ਸਾਜਿਸ਼ ਦਾ ਦੋਸ਼
- ਭਾਰਤ ਸਰਕਾਰ ਵਲੋਂ ਦੋਸ਼ਾਂ ਪ੍ਰਤੀ ਇਕ ਉਚ ਪੱਧਰੀ ਜਾਂਚ ਕਮੇਟੀ ਦਾ ਫੌਰਨ ਕੀਤਾ ਗਠਨ






ਲਿਵਰਮੋਰ/ ਕੈਲੀਫੋਰਨੀਆ : ਅਮਰੀਕਨ ਕਨੇਡੀਅਨ ਸਿਟੀਜਨ ਅਤੇ ਪਿਛਲੇ 16 ਸਾਲ ਤੋਂ ਸਿੱਖ ਫਾਰ ਜਸਟਿਸ ਜਥੇਬੰਦੀ ਦੇ ਨਾਮ ਹੇਠ ਵਖਰੇ ਦੇਸ਼ ਖਾਲਿਸਤਾਨ ਲਈ ਲੜ ਰਹੇ ਅਤੇ ਕਨੇਡਾ, ਯੂਰਪ ਚ ਖਾਲਿਸਤਾਨ ਲਈ ਵੋਟਾਂ ਨਾਲ ਜਨਮਤ ਕਰਵਾ ਰਹੇ ਵੱਖਵਾਦੀ ਆਗੂ ਸ ਗੁਰਪਤਵੰਤ ਸਿੰਘ ਪੰਨੂੰ ਦੀ ਹੱਤਿਆ ਦੀ ਸਾਜਿਸ਼ ਪ੍ਰਤੀ ਖਬਰ ਨਾਲ ਸਿੱਖ ਜਗਤ ਦੇ ਨਾਲ ਨਾਲ ਪੂਰੀ ਦੁਨੀਆ 'ਚ ਖਬਰ ਅੱਗ ਵਾਂਗ ਫੈਲ ਗਈ ਅਮਰੀਕਾ ਦੀਆਂ ਤਕਰੀਬਨ ਸਾਰੀਆਂ ਵੱਡੀਆਂ ਅਖਬਾਰਾਂ ਨੇ ਇਹ ਖਬਰ ਆਪਣੇ ਪਹਿਲੇ ਪੇਜ਼ ਉਪਰ ਛਾਪੀ।

ਇੱਕ ਭਾਰਤੀ ਸਰਕਾਰੀ ਕਰਮਚਾਰੀ, ਜਿਸਨੇ ਆਪਣੇ ਆਪ ਨੂੰ ਖੁਫੀਆ ਜਾਣਕਾਰੀ ਲਈ ਜ਼ਿੰਮੇਵਾਰ "ਸੀਨੀਅਰ ਫੀਲਡ ਅਫਸਰ" ਦੱਸਿਆ ਸੀ, ਨੇ ਮਈ ਵਿੱਚ ਨਿਊਯਾਰਕ ਸਿਟੀ ਵਿੱਚ ਇੱਕ ਸਿੱਖ ਵੱਖਵਾਦੀ ਦੀ ਹੱਤਿਆ ਦਾ ਹੁਕਮ ਦਿੱਤਾ ਸੀ, ਯੂਐਸ ਪ੍ਰੌਸੀਕਿਊਟਰਾਂ ਨੇ ਬੁੱਧਵਾਰ ਨੂੰ ਦੋਸ਼ ਲਾਇਆ। ਸਤੰਬਰ ਵਿੱਚ ਕੈਨੇਡੀਅਨ ਅਧਿਕਾਰੀਆਂ ਦੁਆਰਾ ਲਾਏ ਗਏ ਇਸੇ ਤਰ੍ਹਾਂ ਦੇ ਦੋਸ਼ਾਂ ਤੋਂ ਬਾਅਦ ਅਦਾਲਤ ਨੇ ਭਾਰਤ ਦੀਆਂ ਜਾਸੂਸੀ ਸੇਵਾਵਾਂ ਦੀ ਜਾਂਚ ਨੂੰ ਵਧਾ ਦਿੱਤਾ ਹੈ। ਅਮਰੀਕਾ 'ਚ ਸ. ਗੁਰਪਤਵੰਤ ਸਿੰਘ ਪੰਨੂੰ ਦੀ ਹੱਤਿਆ ਦੀ ਸਾਜਿਸ਼ ਰਚਣ ਦੇ ਦੋਸ਼ਾਂ ਦੀ ਜਾਂਚ ਲਈ ਕੇਂਦਰ ਵਲੋਂ ਉਚ ਪੱਧਰੀ ਕਮੇਟੀ ਗਠਿਤ ਕੀਤੀ।

ਭਾਰਤ ਨੇ ਅਮਰੀਕੀ ਧਰਤੀ 'ਤੇ ਇਕ ਸਿੱਖ ਵੱਖਵਾਦੀ ਆਗੂ ਦੇ ਕਤਲ ਦੀ ਸਾਜ਼ਿਸ਼ ਨਾਲ ਜੁੜੇ ਦੋਸ਼ਾਂ ਦੀ ਜਾਂਚ ਲਈ ਇਕ ਉਚ ਪੱਧਰੀ ਜਚ ਕਮੇਟੀ ਦਾ ਗਠਨ ਕੀਤਾ ਹੈ। 'ਫਾਈਨੈਂਸ਼ੀਅਲ ਟਾਈਮਜ਼' ਨੇ ਪਿਛਲੇ ਹਫ਼ਤੇ ਬੇਨਾਮ ਸੂਤਰਾਂ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਸੀ ਕਿ ਅਮਰੀਕੀ ਅਧਿਕਾਰੀਆਂ ਨੇ ਗੁਰਪਤਵੰਤ ਸਿੰਘ ਪੰਨੂੰ ਦੇ ਕਤਲ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਸੀ ਅਤੇ ਇਸ ਸਾਜ਼ਿਸ਼ ਵਿਚ ਸ਼ਾਮਲ ਹੋਣ ਦੀ ਚਿੰਤਾ 'ਤੇ। ਭਾਰਤ ਸਰਕਾਰ ਨੂੰ ਚਿਤਾਵਨੀ ਜਾਰੀ ਕੀਤੀਸੀ। ਵਿਦੇਸ਼ ਮੰਤਰਾਲਾ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਬੁੱਧਵਾਰ ਨੂੰ ਕਿਹਾ ਕਿ ਭਾਰਤ ਨੇ ਮਾਮਲੇ ਦੇ ਸਾਰੇ ਸਬੰਧਤ ਪਹਿਲੂਆਂ 'ਤੇ ਗੌਰ ਕਰਨ ਲਈ 18 ਨਵੰਬਰ ਨੂੰ ਉਚ ਪੱਧਰੀ ਜਾਂਚ ਕਮੇਟੀ ਦਾ ਗਠਨ ਕੀਤਾ ਹੈ। ਪੰਨੂੰ ਇਕ ਸਿੱਖ ਕੱਟੜਪੰਥੀ ਹੈ ਜਿਸ ਕੋਲ ਅਮਰੀਕਾ ਅਤੇ ਕੈਨੇਡਾ ਦੀ ਨਾਰਿਕਤਾ ਹੈ। ਭਾਰਤੀ ਜਾਂਚ ਏਜੰਸੀਆਂ ਨੂੰ ਵੱਖ ਵੱਖ ਦੋਸ਼ਾਂ 'ਚ ਉਸ ਦੀ ਭਾਲਹੈ। ਬਾਗਚੀ ਨੇ ਕਿਹਾ, "ਅਸੀਂ ਪਹਿਲਾਂ ਹੀ ਕਹਿ ਚੁੱਕੇ ਹਾਂ ਕਿ ਅਮੀਕਾ ਨਾਲ ਦੁਵੱਲੇ ਸੁਰੱਖਿਆ ਸਹਿਯੋਗ 'ਤੇ ਚਰਚਾ ਦੌਰਾਨ ਅਮਰੀਕੀ ਪੱਖ ਨੇ ਸੰਗਠਿਤ ਅਪਰਾਧੀਆਂ, ਬੰਦੂਕ ਚਲਾਉਣ ਵਾਲਿਆਂ ਅਤੇ ਹੋਰਾਂ ਵਿਚਾਲੇ ਗਠਜੋੜ ਨਾਲ ਜੁੜੀਆਂ ਕੁਝ ਜਾਣਕਾਰੀਆਂ ਸਾਂਝੀਆਂ ਕੀਤੀਆਂ ਸਨ।" ਉਹ ਇਸ ਮਾਮਲੇ 'ਤੇ ਮੀਡੀਆ ਦੇ ਸਵਾਲ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਕਿਹਾ, "ਅਸੀਂ ਹਿਹ ਵੀ ਸੰਕੇਤ ਦਿੱਤਾ ਹੈ ਕਿ ਭਾਰਤ ਅਜਿਹੀਆਂ ਸੂਚਨਾਵਾਂ ਨੂੰ ਗੰਭੀਰਤਾ ਨਾਲ ਲੈਂਦਾ ਹੈ, ਕਿਉਂਕਿ ਉਹ ਸਾਡੇ ਰਾਸ਼ਟਰੀ ਸੁਰੱਖਿਆ ਹਿੱਤਾਂ 'ਤੇ ਵੀ ਪ੍ਰਭਾਵ ਪਾਉਂਦੀਆਂ ਹਨ ਅਤੇ ਸਬੰਧਤ ਵਿਭਾਗ ਪਹਿਲਾਂ ਤੋਂ ਹੀ ਇਸ ਮੁੱਦੇ ਦੀ ਜਾਂਚ ਕਰ ਰਹੇ ਹਨ।" ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ, "ਇਸ ਸੰਦਰਭ 'ਚ ਇਹ ਸੂਚਿਤ ਕੀਤਾ ਜਾਂਦਾ ਹੈ ਕਿ 18 ਨਵੰਬਰ ਨੂੰ ਭਾਰਤ ਸਰਕਾਰ ਨੇ ਮਾਮਲੇ ਦੇ ਸਾਰੇ ਸਬੰਧਤ ਪਹਿਲੂਆਂ 'ਤੇ ਗੌਰ ਕਰਨ ਲਈ ਇਕ ਉਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ।" ਬਾਗਚੀ ਨੇ ਕਿਹਾ ਕਿ ਭਾਰਤ ਕਮੇਟੀ ਦੇ ਨਤੀਜਿਆਂ ਦੇ ਆਧਾਰ 'ਤੇ ਜ਼ਰੂਰੀ ਕਾਰਵਾਈ ਕਰੇਗੀ। 'ਫਾਈਨੈਂਸ਼ੀਅਲ ਟਾਈਮਜ਼' ਦੀ ਖ਼ਬਰ ਵਿਚ ਕੁਝ ਹਫ਼ਤੇ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਜੂਨ 'ਚ ਵੈਨਕੂਵਰ ਉਪ ਨਗਰ 'ਚ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ 'ਚ ਭਾਰਤੀ ਏਜੰਟਾਂ ਦੀ ਸੰਭਾਵਿਤ ਸ਼ਮੂਲੀਅਤ ਦੇ ਦੋਸ਼ ਲਗਾਏ ਸਨ। ਟਰੂਡੋ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਸੀ। ਹਾਲਾਂਕਿ ਇਸ ਘਟਨਾਕ੍ਰਮ ਤੋਂ ਬਾਅਦ ਦੋਹਾਂ ਦੇਸ਼ਾਂ ਵਿਚਾਲੇ ਤਣਾਅ ਆ ਗਿਆ। ਖ਼ਬਰ ਤੋਂ ਬਾਅਦ ਬਾਗਚੀ ਨੇ 22 ਨਵੰਬਰ ਨੂੰ ਕਿਹਾ ਸੀ ਕਿ ਅਮਰੀਕੀ ਪੱਖ ਨੇ ਸੰਗਠਿਤ ਅਪਰਾਧੀਆਂ, ਬੰਦੂਕ ਚਲਾਉਣ ਵਾਲਿਆਂ ਅਤੇ ਹੋਰ ਲੋਕਾਂ ਵਿਚਾਲੇ ਮਿਲੀਭੁਗਤ ਨਾਲ ਸਬੰਧਤ ਕੁਝ ਸੂਚਨਾਵਾਂ ਸਾਂਝੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸੂਚਨਾ ਦੋਹਾਂ ਦੇਸ਼ਾਂ ਲਈ ਚਿੰਤਾ ਦਾ ਕਾਰਨ ਹੈ ਅਤੇ ਉਨ੍ਹਾਂ ਨੇ ਜ਼ਰੂਰੀ ਕਾਰਵਾਈ ਕਰਨ ਦਾ ਫੈਸਲਾ ਲਿਆ ਹੈ।



ਯੂਐਸ ਅਟਾਰਨੀ Damian Williams ਅਖਿਲ ਗੁਪਤਾ ਖਿਲਾਫ਼ ਮੈਨਹੈਟਨ ਦੀ ਸੰਘੀ ਅਦਾਲਤ ਵਿਚ ਦੋਸ਼ ਆਇਦ ਕਰਦੇ ਹੋਏ। ਫੋਟੋ : ਸ਼ੋਸ਼ਲ ਮੀਡੀਆ

# ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਪਾਰਟੀ ਵਰਕਰ ਵਲੋਂ 100 ਦਿਨਾਂ ਦੇ ਫੰਡ ਦੇ ਮੁੱਦੇ ਦੇ ਖਿਲਾਫ ਡਾ. ਅੰਬੇਡਕਰ ਦੀ ਮੂਰਤੀ ਦੇ ਸਾਹਮਣੇ ਪ੍ਰਦਰਸ਼ਨ

ਕੋਲਕਾਤਾ : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਰਾਜ ਦੇ ਸ਼ਹਿਰੀ ਵਿਕਾਸ ਅਤੇ ਨਗਰਪਾਲਿਕਾ ਮਾਮਲਿਆਂ ਦੇ ਮੰਤਰੀ ਫਿਰਹਾਦ ਹਕੀਮ ਅਤੇ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਦੇ ਨੇਤਾਵਾਂ ਦੇ ਨਾਲ ਬੀ.ਆਰ. ਅੰਬੇਡਕਰ ਦੇ ਬੁੱਤ ਦੇ ਸਾਹਮਣੇ 100 ਦਿਨਾਂ ਦੇ ਫੰਡ ਦੇ ਮੁੱਦੇ ਦੇ ਖਿਲਾਫ ਵਿਧਾਨ ਸਭਾ ਕੰਪਲੈਕਸ 'ਚ ਪ੍ਰਦਰਸ਼ਨ ਕਰਦੇ ਹੋਏ





# ਰਾਹੁਲ ਗਾਂਧੀ ਨੇ MOLP ਸਕੂਲ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ







ਮਲੱਪਪੁਰਮ : ਕਾਂਗਰਸ ਆਗੂ ਰਾਹੁਲ ਗਾਂਧੀ ਬੁੱਧਵਾਰ ਨੂੰ ਮਲੱਪਪੁਰਮ ਦੇ ਵਜ਼ੌਂਕਦਾਵੂ ਵਿਖੇ ਐਮਓਐਲਪੀ ਸਕੂਲ ਦੀ ਨਵੀਂ ਇਮਾਰਤ ਦੇ ਨੀਂਹ ਪੱਥਰ ਸਮਾਗਮ ਦੌਰਾਨ ਤਸਵੀਰ ਖਿਚਵਾਉਂਦੇ ਹੋਏ।

# ਤੇਲੰਗਾਨਾ ਦੀਆਂ 119 ਸੀਟਾਂ ਤੇ ਵੋਟਿੰਗ ਜਾਰੀ, ਕਈ ਦਿੱਗਜ਼ ਨੇਤਾਵਾਂ ਨੇ ਪਾਈ ਵੋਟ



ਤੇਲੰਗਾਨਾ ਵਿਧਾਨ ਸਭਾ ਚੋਣਾਂ ਦੌਰਾਨ ਪੋਲਿੰਗ ਬੂਥ ’ਤੇ ਵੋਟਰਾਂ ਦੇ ਪਛਾਣ ਪੱਤਰਾਂ ਦੀ ਜਾਂਚ ਕਰਦੀ ਹੋਈ ਇੱਕ ਮਹਿਲਾ ਪੁਲਿਸ।



ਵ੍ਹੀਲਚੇਅਰ ਵਿੱਚ ਇੱਕ ਬਜ਼ੁਰਗ ਵੋਟਰ ਦੀ ਮਦਦ ਕੀਤੀ ਜਾ ਰਹੀ ਹੈ।



ਅਸਦੁਦੀਨ ਓਵੈਸੀ ਤੇਲੰਗਾਨਾ ਵਿਧਾਨ ਸਭਾ ਚੋਣਾਂ ਲਈ ਵੋਟ ਪਾਉਣ ਲਈ ਆਪਣੇ ਪਰਿਵਾਰਕ ਮੈਂਬਰਾਂ ਨਾਲ ਪੋਲਿੰਗ ਬੂਥ ’ਤੇ ਪਹੁੰਚੇ।

ਦੱਖਣੀ ਸੂਬੇ ਤੇਲੰਗਾਨਾ ਵਿਚ ਅੱਜ ਵਿਧਾਨ ਸਭਾ ਚੋਣਾਂ ਲਈ ਵੋਟਾਂ ਪੈ ਰਹੀਆਂ ਹਨ। ਵਿਧਾਨ ਸਭਾ ਦੀਆਂ 119 ਸੀਟਾਂ ’ਤੇ ਸਵੇਰੇ 7 ਵਜੇ ਤੋਂ ਵੋਟਿੰਗ ਸ਼ੁਰੂ ਹੋ ਗਈ ਹੈ, ਜੋ ਕਿ ਸ਼ਾਮ 6 ਵਜੇ ਤੱਕ ਚੱਲੇਗੀ। ਸੂਬੇ ਦੇ 3 ਕਰੋੜ 26 ਲੱਖ ਤੋਂ ਵੱਧ ਵੋਟਰ ਆਪਣੇ ਵੋਟ ਦੇ ਅਧਿਕਾਰ ਦੇ ਵਰਤੋਂ ਕਰਨਗੇ। ਮੁੱਖ ਮੰਤਰੀ ਚੰਦਰਸ਼ੇਖਰ ਰਾਓ ਦੀਆਂ ਨਜ਼ਰਾਂ ਇੱਥੇ ਲਗਾਤਾਰ ਤੀਜੀ ਵਾਰ ਸੂਬੇ ਦੀ ਸੱਤਾ ’ਚ ਵਾਪਸੀ ਕਰਨ ’ਤੇ ਹੋਵੇਗੀ। ਭਾਜਪਾ ਇਸ ਦੱਖਣੀ ਸੂਬੇ ਵਿਚ ਐਂਟਰੀ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਰੱਖਣਾ ਚਾਹੁੰਦੀ। ਉੱਥੇ ਹੀ ਕਾਂਗਰਸ ਵੀ ਸੱਤਾ ’ਚ ਕਾਬਜ਼ ਹੋਣ ਲਈ ਸੰਘਰਸ਼ ਕਰ ਰਹੀ ਹੈ।

ਸਵੇਰ 7 ਵਜੇ ਤੋਂ ਸ਼ੁਰੂ ਹੋਈ ਵੋਟਿੰਗ ਲਈ ਵੱਡੀ ਗਿਣਤੀ ਵਿਚ ਲੋਕ ਆਪਣੇ ਵੋਟ ਪਾਉਣ ਲਈ ਵੋਟਿੰਗ ਕੇਂਦਰਾਂ ’ਤੇ ਪਹੁੰਚੇ ਹਨ। ਜਿਨ੍ਹਾਂ ਵਿਚ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ, ਉਨ੍ਹਾਂ ਦੇ ਮੰਤਰੀ-ਪੁੱਤਰ ਕੇ. ਟੇ. ਰਾਮਾਰਾਵ, ਤੇਲੰਗਾਨਾ ਪ੍ਰਦੇਸ਼ ਭਾਜਪਾ ਪ੍ਰਧਾਨ ਜੀ. ਕਿਸ਼ਨ ਰੈੱਡੀ, ਕਾਂਗਰਸ ਪ੍ਰਧਾਨ ਏ. ਰੇਵੰਤ ਰੈੱਡੀ, ਭਾਜਪਾ ਦੇ ਲੋਕ ਸਭਾ ਮੈਂਬਰ ਬੀ. ਸੰਜੇ ਕੁਮਾਰ ਅਤੇ ਡੀ. ਅਰਵਿੰਦ ਸ਼ਾਮਲ ਹਨ।

ਦੁਪਹਿਰ 1 ਵਜੇ ਤੱਕ 36.68 ਫ਼ੀਸਦੀ ਵੋਟਾਂ ਪਈਆਂ। ਪ੍ਰਦੇਸ਼ ਚੋਣ ਕਮਿਸ਼ਨ ਦੇ ਸੂਤਰਾਂ ਮੁਤਾਬਕ 106 ਚੋਣ ਖੇਤਰਾਂ ’ਚ ਵੋਟਿੰਗ ਜਾਰੀ ਹੈ ਅਤੇ ਸ਼ਾਮ 5 ਵਜੇ ਖ਼ਤਮ ਹੋਵੇਗੀ, ਜਦਕਿ 13 ਨਕਸਲ ਪ੍ਰਭਾਵਿਤ ਖੇਤਰਾਂ ’ਚ ਵੋਟਾਂ ਸ਼ਾਮ 4 ਵਜੇ ਖ਼ਤਮ ਹੋਣਗੀਆਂ। ਸੂਬੇ ਭਰ ਵਿਚ 35,655 ਵੋਟਿੰਗ ਕੇਂਦਰ ਬਣਾਏ ਗਏ ਹਨ। ਚੋਣ ਮੈਦਾਨ ਵਿਚ 221 ਮਹਿਲਾਵਾਂ ਸਮੇਤ 2,290 ਉਮੀਦਵਾਰ ਹਨ। ਇਨ੍ਹਾਂ ਵਿਚ ਮੁੱਖ ਮੰਤਰੀ ਕੇ. ਚੰਦਰਸ਼ੇਖਰ ਅਤੇ ਉਨ੍ਹਾਂ ਦੇ ਮੰਤਰੀ ਪੁੱਤਰ ਕੇ. ਟੀ. ਰਾਮਾਰਾਵ ਸ਼ਾਮਲ ਹਨ।











## ਦਲ ਪੰਥ ਦਾ ਸਿੱਖ ਕੌਮ 'ਚ ਸਥਾਨ ਅਤੇ ਜਥੇਦਾਰ

# ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ



ਪ੍ਰੋ. ਸਰਚਾਂਦ ਸਿੰਘ ਖਿਆਲਾ
9781355522



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੋਣ ਨਾਤੇ ਗਿਆਨੀ ਹਰਪ੍ਰੀਤ ਸਿੰਘ ਨੇ ਕਈ ਵਾਰ ਸੰਗਤ ਨੂੰ ਪੰਥਕ ਸੰਸਥਾਵਾਂ ਅਤੇ ਸ਼ਖ਼ਸੀਅਤਾਂ ਦੀ ਕਿਰਦਾਰਕੁਸ਼ੀ ਕਰ ਰਹੀਆਂ ਤਾਕਤਾਂ ਤੋਂ ਸੁਚੇਤ ਹੋਣ ਦਾ ਹੋਕਾ ਦਿੱਤਾ ਸੀ। ਪਰ ਹੈਰਾਨੀ ਦੀ ਗਲ ਹੈ ਕਿ ਪੰਥ ਦੀਆਂ ਮਾਨਤਾ ਪ੍ਰਾਪਤ ਸੰਸਥਾਵਾਂ ਅਤੇ ਸ਼ਖ਼ਸੀਅਤਾਂ ਦਾ ਅਕਸ ਖ਼ਰਾਬ ਕਰਨ 'ਚ ਆਪਣੇ ਹੀ ਲੋਕ ਹੋਣਗੇ ਇਸ ਦਾ ਤਸੱਵਰ ਕਿਸੇ ਨੇ ਨਹੀਂ ਕੀਤਾ ਹੋਵੇਗਾ। ਹਾਲ ਹੀ 'ਚ ਅਕਾਲੀ ਲੀਡਰਸ਼ਿਪ ਦੇ ਇਕ ਹਿੱਸੇ ਵੱਲੋਂ ਸਿਆਸੀ ਮੁਫ਼ਾਦ ਤਹਿਤ ਦਲ ਪੰਥ ਜਿਸ ਨੂੰ ਪੰਥ 'ਚ ਚਲਦੀ ਵਹੀਰ ਤਖ਼ਤ ਵਜੋਂ ਦਰਜਾਬੰਦੀ ਹਾਸਲ ਹੈ, ਨੂੰ ਅਤੇ ਇਸ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਨੂੰ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ। ਇਸ ਕਾਰਜ ਲਈ ਅਕਾਲੀ ਦਲ ਦਾ ਸੋਸ਼ਲ ਮੀਡੀਆ ਕਾਫ਼ੀ ਤੇਜ਼ੀ ਦਿਖਾ ਰਿਹਾ ਹੈ।

ਸੁਲਤਾਨਪੁਰ ਲੋਧੀ ਦੇ ਅਕਾਲ ਬੁੰਗਾ ਛਾਉਣੀ ਨਿਹੰਗ ਸਿੰਘਾਂ ਦਾ ਵਿਵਾਦ ਕਾਫ਼ੀ ਪੁਰਾਣਾ ਹੈ। ਨਿਹੰਗ ਸਿੰਘਾਂ ਦੇ ਦੋ ਧੜਿਆਂ 'ਚ ਆਪਸੀ ਝੜਪ ਬਹੁਤ ਮੰਦਭਾਗੀ ਸੀ। ਕਬਜ਼ੇ ਦੀ ਭਾਵਨਾ ਦੀ ਥਾਂ ਦਲ ਪੰਥ ਦੇ ਆਗੂਆਂ ਨੂੰ ਮਿਲ ਬੈਠ ਕੇ ਮਸਲੇ ਦਾ ਹੱਲ ਕੱਢ ਲਿਆ ਜਾਣਾ ਚਾਹੀਦਾ ਸੀ। ਪਰ ਕਿਸੇ ਵੀ ਸਿਆਸੀ ਧਿਰ ਨੂੰ ਪੰਥਕ ਮਾਮਲਿਆਂ 'ਚ ਦਖ਼ਲ ਦੇਣ ਤੋਂ ਸੰਕੋਚ ਕਰਨ ਦੀ ਲੋੜ ਸੀ। ਜਿਸ ਦਲ ਪੰਥ ਪ੍ਰਤੀ ਪ੍ਰਾਪੇਗੰਡੇ ਦੀ ਖੇਡ ਅਕਾਲੀਆਂ ਵੱਲੋਂ ਖੇਡੀ ਜਾ ਰਹੀ ਹੈ ਉਹ ਗੁਰੂ ਪੰਥ ਦੀ ਇਤਿਹਾਸਕ ਜਥੇਬੰਦੀ ਹੈ। ਜਿਸ ਦੀਆਂ ਪੰਥ ਅਤੇ ਦੇਸ਼ ਕੌਮ ਪ੍ਰਤੀ ਵੱਡੀਆਂ ਘਾਲਣਾਵਾਂ ਹਨ। ਮੁਗ਼ਲ ਅਤੇ ਅਫ਼ਗ਼ਾਨੀਆਂ ਤੋਂ ਇਲਾਵਾ ਦੇਸ਼ ਦੀ ਆਨ ਸ਼ਾਨ ਅਤੇ ਅਜ਼ਾਦੀ ਖ਼ਾਤਰ ਅੰਗਰੇਜ਼ਾਂ ਨਾਲ ਯੁੱਧ ਕਰਦਿਆਂ ਕੁਰਬਾਨੀਆਂ ਦਾ ਇਤਿਹਾਸ ਸਿਰਜਣ 'ਚ ਇਹ ਜਥੇਬੰਦੀ ਹਮੇਸ਼ਾਂ ਮੂਹਰੇ ਰਹੀ।

ਬੁੱਢਾ ਦਲ ਦੇ ਮੁਖੀ ਤੇ ਸਾਰੇ ਨਿਹੰਗ ਸਿੰਘ ਮਰਯਾਦਾ ਅਨੁਸਾਰ ਨੀਲੇ ਵਸਤਰ ਪਹਿਨਦੇ ਹਨ ਅਤੇ ਸਿੱਖੀ ਜੀਵਨ ਪੱਖੋਂ ਵੀ ਮਰਯਾਦਾ ਦੇ ਪੱਕੇ ਧਾਰਨੀ ਹਨ। ਨਿਹੰਗ ਸਿੰਘਾਂ ਦਾ ਜ਼ਿਆਦਾਤਰ ਸਬੰਧ ਖ਼ਾਲਸਾ ਪੰਥ ਬੁੱਢਾ ਦਲ ਨਾਲ ਸੀ। ਅਠਾਰ੍ਹਵੀਂ ਸਦੀ ਦੇ ਉਤਰਾਰਧ ਵਿਚ ਜਦੋਂ ਸਿੱਖ ਫ਼ੌਜਾਂ ਨੇ ਸਰਹਿੰਦ ਨੂੰ ਜਿੱਤ ਲਿਆ ਤਾਂ ਸਾਰੀਆਂ ਮਿਸਲਾਂ ਦੇ ਸਰਦਾਰਾਂ ਨੇ ਵੱਧ ਤੋਂ ਵੱਧ ਇਲਾਕਾ ਆਪਣੇ ਕਬਜ਼ੇ ਅਧੀਨ ਕਰਕੇ ਰਿਆਸਤਾਂ ਦੀ ਸਥਾਪਨਾ ਕੀਤੀ ਅਤੇ ਇਸ ਕਰਕੇ ਪਰਸਪਰ ਵੈਰ-ਵਿਰੋਧ ਵਧਿਆ। ਪਰ ਨਿਹੰਗ ਸਿੰਘ ਫ਼ੌਜਾਂ ਨੇ ਆਪਣੇ ਆਪ ਨੂੰ ਇਸ ਪ੍ਰਕਾਰ ਦੇ ਲਾਲਚ ਅਤੇ ਵਿਵਾਦ ਤੋਂ ਦੂਰ ਰੱਖਿਆ। ਸਮੇਂ-ਸਮੇਂ ਦੀਵਾਲੀ, ਵਿਸਾਖੀ ਦੇ ਜੋੜ ਮੇਲਿਆਂ ਸਮੇਂ ਇਹ ਅਕਾਲ ਤਖ਼ਤ ਉੱਤੇ ਇਕੱਠੇ ਹੁੰਦੇ ਰਹਿੰਦੇ ਅਤੇ ਆਪਣੀ ਸਿਦਕ ਦਿਲੀ ਅਤੇ ਤਿਆਗੀ ਮਾਨਸਿਕਤਾ ਕਰਕੇ ਸਿੱਖ ਸਮਾਜ ਵਿਚ ਵਿਚਰਦੇ ਰਹੇ। ਜਥੇਦਾਰ ਬਾਬਾ ਫੂਲਾ ਸਿੰਘ ਜੀ ਅਕਾਲੀ ਅਕਾਲ ਤਖ਼ਤ ਦੀ ਸੇਵਾ ਸੰਭਾਲ ਕਰਦੇ ਰਹੇ ਅਤੇ ਉਨ੍ਹਾਂ ਦੀ ਪੰਥ ਵਿਚ ਬੜੀ ਪ੍ਰਤਿਸ਼ਠਾ ਸੀ। ਬਾਅਦ ਵਿੱਚ ਉਹ ਜਥੇਦਾਰ ਬਾਬਾ ਫੂਲਾ ਸਿੰਘ ਅਕਾਲੀ ਦੇ ਨਾਮ ਨਾਲ ਪ੍ਰਸਿੱਧ ਹੋਏ। ਮਹਾਰਾਜਾ ਰਣਜੀਤ ਸਿੰਘ ਨੇ ਮਿਸਲਾਂ ਨੂੰ ਆਪਣੇ ਅਧਿਕਾਰ ਅਧੀਨ ਕਰਕੇ ਰਾਜ ਦੀ ਸਥਾਪਨਾ ਕੀਤੀ, ਤਾਂ ਵੀ ਨਿਹੰਗ ਸਿੰਘਾਂ ਨੇ ਆਪਣੀ ਵੱਖਰੀ ਪਛਾਣ ਬਣਾਈ ਰੱਖੀ। ਮਹਾਰਾਜੇ ਨੇ ਨਿਹੰਗ ਸਿੰਘਾਂ ਨੂੰ ਆਪਣੀ ਸੈਨਾ ਵਿਚ ਭਰਤੀ ਕਰਨਾ ਚਾਹਿਆ, ਪਰ ਇਨ੍ਹਾਂ ਨੇ ਨੌਕਰੀ ਕਰਨ ਤੋਂ ਨਾਂਹ ਕਰ ਦਿੱਤੀ। ਇਨ੍ਹਾਂ ਪੰਥ ਦਰਦੀਆਂ ਨੇ ਖ਼ੁਦ-ਮੁਖ਼ਤਿਆਰ ਰਹਿੰਦੇ ਹੋਇਆ ਵੀ ਲੋੜ ਪੈਣ 'ਤੇ ਸਿੱਖ-ਰਾਜ ਦੇ ਵਿਸਥਾਰ ਵਿੱਚ ਮਹਾਰਾਜ ਰਣਜੀਤ ਸਿੰਘ ਦੀ ਡਟ ਕੇ ਨਿਰਸਵਾਰਥ ਮਦਦ ਕੀਤੀ। ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਨੇ ਕਸੂਰ, ਮੁਲਤਾਨ, ਕਸ਼ਮੀਰ ਆਦਿ ਦੀਆਂ ਲੜਾਈਆਂ ਵਿਚ ਪੂਰੀ ਗਰਮਜੋਸ਼ੀ ਨਾਲ ਹਿੱਸਾ ਲਿਆ। ਸੰਨ 1823 ਈਸਵੀ ਵਿਚ ਹੋਈ ਨੌਸ਼ਹਿਰਾ ਦੀ ਲੜਾਈ ਵਿੱਚ ਸਿੰਘ ਸਾਹਿਬ ਜਥੇਦਾਰ ਬਾਬਾ ਫੂਲਾ ਸਿੰਘ ਜੀ ਅਕਾਲੀ ਨੇ ਚਮਤਕਾਰੀ ਬਹਾਦਰੀ ਦਾ ਪਹਿਚਾਣ ਦਿੰਦਿਆਂ ਸ਼ਹੀਦੀ ਪ੍ਰਾਪਤ ਕੀਤੀ। ਇਸ ਤਰ੍ਹਾਂ ਸਿੱਖ ਰਾਜ ਵੇਲੇ ਇਨ੍ਹਾਂ ਦੇ ਯਸ਼ ਦਾ ਸੂਰਜ ਆਪਣੀ ਪੂਰੀ ਬੁਲੰਦੀ ਉੱਤੇ ਸੀ। ਪੰਜਾਬ ਨੂੰ ਅੰਗਰੇਜ਼ਾਂ ਤੋਂ ਸੁਰਖ਼ਰੂ ਰੱਖਣ ਖ਼ਾਤਰ ਦਲ ਪੰਥ ਦੇ ਸੱਤਵੇਂ ਮੁਖੀ ਜਥੇਦਾਰ ਹਨੂਮਾਨ ਸਿੰਘ ਨੇ 90 ਸਾਲ ਦੀ ਉਮਰ ਵਿਚ ਸੋਹਾਣਾ ਦੀ ਲੜਾਈ 'ਚ ਅੰਗਰੇਜ਼ਾਂ ਨਾਲ ਟਾਕਰਾ ਕਰਦਿਆਂ ਸ਼ਹੀਦੀ ਪਾਈ। ਉਨ੍ਹਾਂ ਤੋਂ ਬਾਅਦ ਬੁੱਢਾ ਦਲ ਦੇ ਅੱਠਵੇਂ ਮੁਖੀ ਜਥੇਦਾਰ ਪ੍ਰਹਿਲਾਦ ਸਿੰਘ ਵੀ ਲੜਦਿਆਂ ਸ਼ਹੀਦੀ ਜਾਮ ਪੀਤਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਉੱਤੇ ਅੰਗਰੇਜ਼ ਹਕੂਮਤ ਦੀ ਸਥਾਪਤੀ ਉਪਰੰਤ ਨਿਹੰਗ ਸਿੰਘਾਂ ਦਾ ਸਿੱਧਾ ਟਕਰਾਅ ਸ਼ੁਰੂ ਹੋ ਗਿਆ। ਅੰਗਰੇਜ਼ਾਂ ਅਤੇ ਵਿਦੇਸ਼ੀ ਅਫ਼ਸਰਾਂ ਨੂੰ ਅਕਾਲੀ ਫ਼ੌਜਾਂ ਵੱਲੋਂ ਹਜ਼ਾਰਤ ਦੀ ਨਜ਼ਰ ਨਾਲ ਵੇਖਣ ਕਾਰਨ ਨਿਹੰਗ ਸਿੰਘ ਉਨ੍ਹਾਂ ਦੇ ਜ਼ੁਲਮ ਦਾ ਵਿਸ਼ੇਸ਼ ਨਿਸ਼ਾਨਾ ਬਣਦੇ ਸਨ।

ਇਕ ਸਮਾਂ ਸੀ ਜਦੋਂ ਬੁੱਢਾ ਦਲ ਵਿਚ ਸਿੰਘਾਂ ਦੀ ਤੇਜ਼ੀ ਨਾਲ ਵਧਦੀ ਭਰਤੀ ਨੂੰ ਵੇਖਦਿਆਂ ਸਿੰਘ ਸਾਹਿਬ ਬਾਬਾ ਨਵਾਬ ਕਪੂਰ ਸਿੰਘ ਜੀ ਨੇ ਸਿਰ ਕੱਢ ਸਿਆਣੇ ਸਿੰਘਾਂ ਨਾਲ ਵਿਚਾਰ ਵਟਾਂਦਰੇ ਉਪਰੰਤ ਗੁਰਮਤਾ ਪਕਾਇਆ, ਬੁੱਢਾ ਦਲ ਦੀ ਅਗਵਾਈ ਵਿਚ ਪੰਜ ਤਰਨਾ ਦਲ ਬਣਾਏ ਤੇ ਇਨ੍ਹਾਂ ਦਾ ਉਤਾਰਾ ਪੰਜ ਸਰੋਵਰਾਂ 'ਤੇ ਕੀਤਾ। ਇਹ ਸਮੂਹ ਤਰਨਾ ਦਲ ਅੱਜ ਵੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਅਗਵਾਈ ਵਿੱਚ ਹੀ ਵਿਚਰਦੇ ਹਨ। ਨਿਹੰਗ ਸਿੰਘਾਂ ਦੀਆਂ ਛਾਉਣੀਆਂ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਇਹ ਨਿੱਤਨੇਮ ਕਰਨ ਵਿੱਚ ਪੱਕੇ ਹਨ ਅਤੇ ਸਿੱਖ ਮਰਯਾਦਾ ਦੇ ਧਾਰਨੀ ਹਨ। ਸੁਰਾਪਾਨ ਤੋਂ ਪੂਰੀ ਤਰ੍ਹਾਂ ਸੰਕੋਚ ਕਰਦੇ ਹੋਏ 'ਸੁਖਨਿਧਾਨ' ਦੀ ਮੌਜ ਵਿੱਚ ਵਿਚਰਦੇ ਹਨ ਅਤੇ ਆਪਣੇ ਦੁਆਰਾ ਝਟਕਾਏ ਚਟੰਗੇ ਦੇ ਮਾਸ ਦਾ ਸੇਵਨ ਕਰਦੇ ਹਨ। ਚੰਡੀ ਦੀ ਵਾਰ ਦਾ ਨਿੱਤ ਪਾਠ ਕਰਕੇ ਇਹ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਇਨ੍ਹਾਂ ਦੁਆਰਾ ਵਰਤੀ ਗਈ ਸੰਕਟ ਦੇ ਸਮੇਂ ਨੂੰ ਹੁਲਾਰਾ ਦੇਣ ਵਾਲੀ ਸ਼ਬਦਾਵਲੀ (ਨਿਹੰਗ ਸਿੰਘਾਂ ਦੇ ਬੋਲੇ) ਇਨ੍ਹਾਂ ਦੀ ਚੜ੍ਹਦੀ ਕਲਾਂ ਵਾਲੀ ਮਾਨਸਿਕਤਾ ਦੀ ਪ੍ਰਤੀਕ ਹੈ। ਜਿਵੇਂ ਕਿ 'ਗੱਜ ਕੇ ਜੈਕਾਰਾ ਗਜਾਵੈ ਸੋ ਫਤਹੇ ਪਾਵੇ, ਨਿਹਾਲ ਹੋ ਜਾਵੇ ਸਤਿ ਸ੍ਰੀ ਅਕਾਲ। ਹਠੀਓ ਤਪੀਓ ਸ਼ਹੀਦੋ ਸਿੰਘੋ ਸਰਬਤ ਗੁਰੂ ਖਾਲਸਾ ਸਿੰਘ ਸਾਹਿਬ ਕੋ ਸਤਿ ਸ੍ਰੀ ਅਕਾਲ। ਬਾਂਕੀਆਂ ਫੌਜਾਂ ਦੇ ਮਾਲਕੋ ਸਤਿਗੁਰੂ ਸੱਚੇ ਪਾਤਸ਼ਾਹ ਜੀਓ ਰਖਿਓ ਬਿਰਧ ਬਾਣੇ ਦੀ ਲਾਜ। ਗੁਰਬਰ ਅਕਾਲ ਦੇਗ ਤੇਗ ਫਤਹ। ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੌਜੂਦਾ ਸਮੇਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਚੱਕਰਵਰਤੀ ਪੰਜਾਬ ਭਾਰਤ (ਵਿਸ਼ਵ) ਦੇ ਚੌਦ੍ਹਵੇਂ ਮੌਜੂਦਾ ਜਥੇਦਾਰ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਜੀ ਅਕਾਲੀ 96 ਕਰੋੜੀ ਦਲ ਪੰਥ ਦੀਆਂ ਸੇਵਾਵਾਂ ਨਿਭਾ ਰਹੇ ਹਨ। ਬੁੱਢਾ ਦਲ ਦੇ 13ਵੇਂ ਜਥੇਦਾਰ ਬਾਬਾ ਸੰਤਾ ਸਿੰਘ ਦਲ ਪੰਥ ਵਿੱਚ ਕਥਾ ਵਿਖਿਆਨ ਕਰਦੇ ਹੁੰਦੇ ਸਨ ਕਿ 8-9 ਸਾਲ ਦੀ ਬਚਪਨ ਆਯੂ ਵਿਚ ਹੀ ਭੁਜੰਗੀ ਬਲਬੀਰ ਸਿੰਘ ਸਪੁੱਤਰ ਸ: ਆਸਾ ਸਿੰਘ, ਅਰਜਨ ਨਗਰ ਪਟਿਆਲਾ, ਬੁੱਢਾ ਦਲ ਵਿਚ ਭਰਤੀ ਹੋ ਗਏ। ਇਨ੍ਹਾਂ ਨੇ ਦਲ ਪੰਥ ਵਿੱਚ ਵੱਖ ਵੱਖ ਸੇਵਾਵਾਂ ਸਮਰਪਿਤ ਭਾਵਨਾ ਨਾਲ ਨਿਭਾਈਆਂ। ਬਾਬਾ ਸੰਤਾ ਜੀ ਦੇ ਹਜ਼ੂਰੀ ਸੇਵਕ, ਗੜਵਈ ਵੀ ਰਹੇ ਫਿਰ ਪੀ. ਏ. ਅਤੇ ਮੁਖਤਾਰੇਆਮ ਵੀ ਬਣੇ, ਸਰਕਾਰੇ ਦਰਬਾਰੇ ਸਾਰੇ ਕਾਰਜ ਵੀ ਤਨਦੇਹੀ ਨਾਲ ਕਰਦੇ ਰਹੇ। ਬੁੱਢਾ ਦਲ ਦਾ ਧਾਰਮਿਕ ਵਿਸ਼ੇਸ਼ ਰਸਾਲਾ ਨਿਹੰਗ ਸਿੰਘ ਸੰਦੇਸ਼ ਦੇ ਸੰਪਾਦਕ ਵੀ ਰਹੇ। ਬਾਬਾ ਸੰਤਾ ਸਿੰਘ ਜੀ ਨੇ ਆਪਣੇ ਜਿਉਂਦੇ ਜੀਅ ਬਾਬਾ ਬਲਬੀਰ ਸਿੰਘ ਜੀ ਦੀਆਂ ਸੇਵਾਵਾਂ ਤੇ ਦਲ ਪੰਥ ਪ੍ਰਤੀ ਸਮਰਪਿਤ ਭਾਵਨਾ ਨੂੰ ਦੇਖਦਿਆਂ 18-04-2007 ਨੂੰ ਆਪਣਾ ਉੱਤਰਾਧਿਕਾਰੀ ਬਣਾ ਦਿੱਤਾ ਸੀ। ਬਾਬਾ ਬਲਬੀਰ ਸਿੰਘ ਨੇ 01-10-2007 ਨੂੰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵੇਂ ਤਖ਼ਤ ਦੀ ਬਤੌਰ ਜਥੇਦਾਰ ਕਮਾਂਡ ਸੰਭਾਲੀ ਅਤੇ ਗੁਰਮਤਿ ਪ੍ਰਚਾਰ, ਅੰਮ੍ਰਿਤ ਸੰਚਾਰ ਅਤੇ ਹੋਰ ਪੰਥਕ ਕਾਰਜਾਂ ਨੂੰ ਸਫਲਤਾ ਪੂਰਵਕ ਨੇਪਰੇ ਚੜ੍ਹਾਅ ਰਹੇ ਹਨ। ਉਨ੍ਹਾਂ ਸੇਵਾ ਮਾਰਗ ਵਿੱਚ ਅਨੇਕਾਂ ਨਵੇਂ ਨਿਸ਼ਾਨੇ ਤੇ ਮੀਲ ਪੱਥਰ ਸਥਾਪਤ ਕੀਤੇ ਹਨ। ਬੁੱਢਾ ਦਲ ਦੀਆਂ ਛਾਉਣੀਆਂ ਤੇ ਸਕੂਲਾਂ ਦੀਆਂ ਸੁੰਦਰ ਇਮਾਰਤਾਂ ਦੀਆਂ ਸੇਵਾਵਾਂ ਸ਼ੁਰੂ ਕਰਵਾਈਆਂ ਗਈਆਂ ਹਨ। ਹੋਰ ਬਹੁਤ ਸਾਰੀਆਂ ਛਾਉਣੀਆਂ ਵਿਚ ਨਵੀਂਆਂ ਇਮਾਰਤਾਂ ਦੀ ਉਸਾਰੀ ਦਾ ਕਾਰਜ ਅਤੇ ਜਾਇਦਾਦਾਂ ਦੀ ਸੰਭਾਲ ਸਫ਼ਲਤਾ ਪੂਰਵਕ ਇਹਨਾਂ ਵੱਲੋਂ ਜਾਰੀ ਹੈ। ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਡੂੰਘੀ ਦਿਲਚਸਪੀ ਲੈ ਕੇ ਹੋਰ ਨਵੀਂਆਂ ਛਾਉਣੀਆਂ ਅਤੇ ਉਨ੍ਹਾਂ ਦੀਆਂ ਸੁੰਦਰ ਇਮਾਰਤਾਂ ਉਸਾਰੀਆਂ ਹਨ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਦੀ ਯਾਦ ਵਿੱਚ ਬਹੁਤ ਸੁੰਦਰ ਤੇ ਯਾਦਗਾਰੀ ਗੇਟ ਡਿਉੜੀ ਨੁਮਾ ਅੰਮ੍ਰਿਤਸਰ ਸਾਹਿਬ ਵਿਖੇ ਬਣਾਇਆ ਗਿਆ ਹੈ। ਗੁ: ਮੱਲ ਅਖਾੜਾ ਪਾ: 6ਵੀਂ ਦੇ ਬਿਲਕੁਲ ਨਜ਼ਦੀਕ ਹੀ ਛੇ ਮੰਜ਼ਲੀ ਸਰਾਂ ਬਣਾਈ ਜਾ ਰਹੀ ਹੈ ਜਿਸ ਦੀ ਇਮਾਰਤ ਤਿਆਰ ਹੈ ਬਾਕੀ ਤਿਆਰੀ ਹੋ ਰਹੀ ਹੈ। ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ ਗੁਰਦੁਆਰਾ ਬੁੰਗਾ ਸਿੰਘ ਸਾਹਿਬ ਬਾਬਾ ਨਵਾਬ ਕਪੂਰ ਸਿੰਘ ਜੀ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਵਿਖੇ ਚਾਰਦੀਵਾਰੀ, ਸਿੰਘਾਂ ਲਈ ਅਰਾਮਦਾਇਕ ਰਹਾਇਸ਼ੀ ਕਮਰੇ, ਗੁਰੂ ਮਹਾਰਾਜ ਦਾ ਦਰਬਾਰ ਅਤੇ ਘੋੜਿਆਂ ਲਈ ਅਰਾਮਦਾਇਕ ਤਬੇਲਾ ਆਦਿ ਤਿਆਰ ਕੀਤੇ ਗਏ ਹਨ।

ਬਾਬਾ ਬਲਬੀਰ ਸਿੰਘ ਅਕਾਲੀ ਦੀ ਦੂਰਅੰਦੇਸ਼ੀ ਦਾ ਸਿੱਟਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਪ੍ਰੇਰ ਕੇ ਬੁੱਢਾ ਦਲ ਦੇ ਸਾਰੇ ਮੁਖੀ ਜਥੇਦਾਰ ਸਾਹਿਬਾਨਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੁਸ਼ੋਭਿਤ ਕਰਵਾਇਆਂ ਗਈਆਂ ਹਨ। ਹਜ਼ਾਰਾ ਦੀ ਗਿਣਤੀ ਵਿਚ ਸੰਗਤਾਂ ਇਹਨਾਂ ਮਹਾਨ ਸ਼ਖ਼ਸੀਅਤਾਂ ਦੇ ਦਰਸ਼ਨ ਕਰਕੇ ਇਤਿਹਾਸ ਤੋਂ ਜਾਣੂ ਹੋ ਰਹੀਆਂ ਹਨ। ਬੁੱਢਾ ਦਲ ਦੇ ਸਾਰੇ ਮੁਖੀ ਜਥੇਦਾਰ ਸਾਹਿਬਾਨਾਂ ਦੀਆਂ ਜੀਵਨੀਆਂ ਲਿਖਵਾ ਕੇ ਪ੍ਰਕਾਸ਼ਿਤ ਕਰਨ ਦਾ ਮਹੱਤਵਪੂਰਨ ਗੁਰਮਤਾ, ਨਿਹੰਗ ਸਿੰਘਾਂ ਦਾ ਜੀਵਨ ਅਤੇ ਪਿਛੋਕੜ ਸੰਬੰਧੀ ਲਿਟਰੇਚਰ, ਨਿਹੰਗ ਸਿੰਘ ਸੰਦੇਸ਼ ਮਾਸਕ ਪੱਤਰ ਦਾ ਲਗਾਤਾਰ ਸਚਿਤਰ ਰੂਪ ਵਿੱਚ ਪ੍ਰਕਾਸ਼ਿਤ ਕਰਾਉਣਾ, ਸਮੂਹ ਛਾਉਣੀਆਂ ਦੀ ਸੁਚਿੱਤਰ ਪੁਸਤਕ ਆਦਿ ਜਿਹੇ ਸਾਰੇ ਕਾਰਜ ਕਰਾ ਰਹੇ ਹਨ। ਬੁੱਢਾ ਦਲ ਦੇ ਮੁਖੀ ਸਾਹਿਬਾਨਾਂ ਦੇ ਜੀਵਨ ਤੇ ਰੋਸ਼ਨੀ ਪਾਉਂਦੀਆਂ ਵੱਢ ਆਕਾਰੀ ਨਿੱਗਰ ਜਾਣਕਾਰੀ ਭਰਪੂਰ ਪੋਥੀਆਂ ਜਿਵੇਂ ਦਲ ਪੰਥ ਦੇ ਪਹਿਲੇ ਮੁਖੀ ਸਿੰਘ ਸਾਹਿਬ ਬਾਬਾ ਬਿਨੋਦ ਸਿੰਘ ਜੀ, ਸਿੰਘ ਸਾਹਿਬ ਨਵਾਬ ਕਪੂਰ ਸਿੰਘ ਜੀ, ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਫੂੱਲਾ ਸਿੰਘ ਜੀ ਅਕਾਲੀ "ਨਿਹੰਗ ਸਿੰਘਾਂ ਦੇ ਖਾਲਸਾਈ ਗੜਗੱਜ ਬੋਲੇ, ਆਦਿ ਛਪ ਚੁੱਕੀਆਂ ਸਨ। ਗੁਰੂ ਨਾਨਕ ਸਾਹਿਬ ਜੀ ਦੇ ਪੰਜ ਸੌ ਪੰਜਾਹ ਸਾਲਾਂ ਪ੍ਰਕਾਸ਼ ਪੁਰਬ ਤੇ ਪੰਜ ਸੌ ਪੰਜਾਹ ਪੰਨਿਆਂ ਦਾ ਨਿਹੰਗ ਸਿੰਘ ਸੰਦੇਸ਼ ਵਿਸ਼ੇਸ਼ ਅੰਕ, ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ 400 ਸਾਲਾਂ ਪ੍ਰਕਾਸ਼ ਪੁਰਬ ਤੇ ਵਿਸ਼ੇਸ਼ ਅੰਕ ਕੱਢੇ ਗਏ।

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾਵਹੀਰ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਦਲ ਪੰਥ ਨੂੰ ਵੱਡੀ ਦੇਣ ਹੈ। ਬੁੱਢਾ ਦਲ ਕਿਸੇ ਸਿਆਸੀ ਪਾਰਟੀ ਦਾ ਮੁਥਾਜ ਨਹੀਂ ਹੈ। ਉਨ੍ਹਾਂ ਵੱਲੋਂ ਨਿਹੰਗ ਸਿੰਘਾਂ ਸਮੇਤ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਪ੍ਰਚਾਰ ਯਾਤਰਾ 'ਤੇ ਦੌਰਾਨ ਨਿਹੰਗ ਸਿੰਘਾਂ ਦੇ ਦੂਸਰੇ ਧੜੇ ਵੱਲੋਂ ਯਾਦਗਾਰ ਗੁਰਦੁਆਰਾ ਅਕਾਲ ਬੁੰਗਾ ਨਵਾਬ ਕਪੂਰ ਸਿੰਘ ਸੁਲਤਾਨਪੁਰ ਲੋਧੀ 'ਤੇ ਜਬਰੀ ਕਬਜ਼ਾ ਜਮਾ ਲਿਆ ਜਾਣਾ ਬਹੁਤ ਹੀ ਮੰਦਭਾਗਾ ਹੈ। ਕਿਸੇ ਜ਼ਿੰਮੇਵਾਰ ਵਿਅਕਤੀ ਦੀ ਗੈਰ ਮੌਜੂਦਗੀ ਵਿਚ ਕਿਸੇ ਦੀ ਸਥਾਨ 'ਤੇ ਹਮਲਾ ਕਰਨਾ ਕਮਜ਼ੋਰ ਮਨੁੱਖ ਦੀ ਨਿਸ਼ਾਨੀ ਹੈ। ਬਾਬਾ ਬਲਬੀਰ ਸਿੰਘ ਦੇ ਪਰਿਵਾਰ ਦੇ 7 ਜੀਅ ਇਨ੍ਹਾਂ ਲੜਾਈਆਂ ਕਾਰਨ ਜਾਨ ਗਵਾ ਚੁੱਕੇ ਹਨ। ਦਲ ਪੰਥ ਦੇ ਆਪਸੀ ਮਸਲੇ ਆਪਸ ਵਿਚ ਮਿਲ ਬੈਠ ਕੇ ਸੁਲਝਾ ਲਏ ਜਾਣੇ ਚਾਹੀਦੇ ਹਨ। ਕਿਸੇ ਵੀ ਸਿਆਸੀ ਧਿਰ ਨੂੰ ਅਪਰਾਧਿਕ ਬਿਰਤੀ ਵਾਲੇ ਵਿਅਕਤੀ ਜੋ ਅਮਨ ਸ਼ਾਂਤੀ ਲਈ ਖ਼ਤਰਾ ਹਨ, ਲਈ ਢਾਲ ਨਹੀਂ ਬਣਨਾ ਚਾਹੀਦਾ। ਇਹ ਵਿਵਾਦ ਨਹੀਂ ਸੀ ਹੋਣਾ ਚਾਹੀਦਾ, ਖ਼ਾਸ ਕਰ ਸਿਆਸੀ ਧਿਰਾਂ ਨੂੰ ਧਿਰ ਨਹੀਂ ਬਣਨਾ ਚਾਹੀਦਾ।



ਮਿਤੀ 28 ਨਵੰਬਰ 2017 ਨੂੰ
ਸਿੱਖ ਕੌਮ ਦੇ ਸਰਬਉਚ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਤੋਂ
ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ(ਚੱਕਰਵਰਤੀ)
ਪੰਜਾਬ ਹਿੰਦੁਸਤਾਨ(ਵਿਸ਼ਵ) ਦੇ 14ਵੇਂ ਮੁਖੀ
ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੂੰ
"ਸ਼੍ਰੋਮਣੀ ਸੇਵਾ ਰਤਨ"
ਦੀ ਉਪਾਧੀ ਨਾਲ ਸਨਮਾਨਦੇ ਹੋਏ।

# ਸਮਾਜ ਸੇਵਾ ਦੇ ਖੇਤਰ ਪਿਛਲੇ ਚਾਰ ਦਹਾਕਿਆਂ ਤੋਂ ਸਰਗਰਮ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ

## ਭਾਈ ਘਨੱਈਆ ਜੀ ਐਵਾਰਡ, ਹੁਸ਼ਿਆਰਪੁਰ ਸੇਵਾ ਰਤਨ ਐਵਾਰਡ, ਅੰਬੇਡਕਰ ਆਫ ਪੀਸ ਐਵਾਰਡ, ਅੰਤਰਰਾਸ਼ਟਰੀ ਸਰਬ ਧਰਮ ਸਦਭਾਵਨਾ ਸਨਮਾਨ ਨਾਲ ਸਨਮਾਨਿਤ ਹੋ ਚੁੱਕੇ ਹਨ- ਪ੍ਰੋਫੈਸਰ ਸੁਨੇਤ













ਮਜੂਦਾ ਸਵਾਰਥੀ ਯੁੱਗ ਵਿੱਚ ਅਸੀ ਅਕਸਰ ਦੇਖਦੇ ਹਾਂ ਕਿ ਸਮਾਜ ਵਿੱਚ ਬਹੁਤ ਘੱਟ ਲੋਕ ਹੁੰਦੇ ਹਨ ਜਿਹੜੇ ਦੂਸਰਿਆਂ ਦੇ ਦੁੱਖ ਦਰਦ,ਸੁੱਖ ਸੁਵਿਧਾਵਾਂ ਜਾਂ ਲੋੜਾਂ ਦਾ ਧਿਆਨ ਰੱਖਦੇ ਹਨ ਜ਼ਿਆਦਾ ਤਰ ਤਾਂ ਆਪਣੇ ਸਵਾਰਥ, ਚਿੰਤਾ ਟੈਂਸ਼ਨ ਕਿਸੇ ਨਾ ਕਿਸੇ ਬੀਮਾਰੀ ਵਿੱਚ ਗ੍ਰਸਤ ਹੋ ਕਿ ਸਮਾਜ ਵਿੱਚ ਵਿਚਰਦੇ ਅਪਣਾ ਜੀਵਨ ਬਿਤਾ ਜਾਂਦੇ ਹਨ ਤੇ ਕੁਝ ਲੋਕ ਇਸ ਤਰ੍ਹਾਂ ਦੇ ਹੁੰਦੇ ਹਨ ਜਿਹਗੇ ਬਿਨਾ ਕਿਸੇ ਸਵਾਰਥ, ਰਿਸ਼ਤੇ ਮਨੁੱਖਤਾ ਦੀ ਸੇਵਾ ਕਰਦਿਆਂ ਆਪਣਾ ਜੀਵਨ ਬਤੀਤ ਕਰਦੇ ਹਨ ਉਹ ਹਮੇਸ਼ਾ ਗਰੀਬਾਂ, ਜ਼ਰੂਰਤ ਮੰਦ ਲੋਕਾਂ ਦੀ ਸੇਵਾ ਲਈ ਤਤਪਰ ਰਹਿੰਦੇ ਹਨ ਅੱਜ ਇਸੇ ਤਰ੍ਹਾਂ ਦੀ ਸ਼ਖ਼ਸੀਅਤ ਨਾਲ ਕੀਤੀ ਗਈ ਵਿਸ਼ੇਸ਼ ਗੱਲਬਾਤ ਨੂੰ ਦਲਜੀਤ ਅਜਨੋਹਾ ਬਿਉਰੋ ਚੀਫ਼ ਵਲੋਂ ਅੱਖਰਾਂ ਦੇ ਰੂਪ ਵਿੱਚ ਅਮਰੀਕਾ ਤੋਂ ਛਪਦੇ ਹਫਤਾਵਾਰੀ ਅਖਬਾਰ ਸਾਡੇ ਲੋਕ ਦੇ ਪਾਠਕਾਂ ਦੇ ਰੂਬਰੂ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਜਿਹੜੀ ਸਖਸ਼ੀਅਤ ਹੁਸ਼ਿਆਰਪੁਰ ਹੀ ਨਹੀਂ ਪੰਜਾਬ ਦੇ ਨਾਲ ਨਾਲ ਦੇਸ਼ ਤੇ ਵਿਦੇਸ਼ ਵਿੱਚ ਵੀ ਉਨਾਂ ਵਲੋਂ ਕੀਤੇ ਜਾ ਰਹੇ ਜਨ ਹਿਤ ਦੇ ਕਾਰਜਾਂ ਕਰਕੇ ਸਤਿਕਾਰ ਸਹਿਤ ਜਾਣੇ ਜਾਂਦੇ ਹਨ


ਜੀ ਹਾਂ ਅਸੀਂ ਗੱਲ ਕਰ ਰਹੇ ਹਾਂ ਸਮਾਜ ਸੇਵੀ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਹੋਰਾਂ ਦੀ ਉਨਾਂ ਗੱਲਬਾਤ ਕਰਦਿਆ ਆਪਣੇ ਸਮਾਜ ਸੇਵਾ ਦੇ ਸਫ਼ਰ ਬਾਰੇ ਦੱਸਿਆ ਕਿ ਤਕਰੀਬਨ 40 ਸਾਲ ਪਹਿਲਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਵਿਦਿਆਰਥੀ ਸਮੇਂ ਕਿਸੇ ਦੁਰਘਟਨਾ ਗ੍ਰਸਤ ਲੋੜਵੰਦ ਵਿਅਕਤੀ ਨੂੰ ਬਚਾਉਣ ਲਈ ਪੀ ਜੀ ਆਈ ਚੰਡੀਗੜ੍ਹ ਦੇ ਬਲੱਡ ਬੈਂਕ ਵਿੱਚ ਖ਼ੂਨਦਾਨ ਕਰਨ ਤੋਂ ਹੋਈ ।

ਪਿੰਡ ਵਿੱਚ ਰਹਿੰਦਿਆਂ ਕਦੇ ਵੀ ਖ਼ੂਨਦਾਨ ਬਾਰੇ ਨਹੀਂ ਸੁਣਿਆ ਸੀ ਪ੍ਰੰਤੂ ਜਿਸ ਵਿਅਕਤੀ ਲਈ ਖ਼ੂਨਦਾਨ ਕੀਤਾ ਸੀ ਉਨ੍ਹਾਂ ਸਾਕ ਸਬੰਧੀਆਂ ਵੱਲੋਂ ਦਿੱਤੇ ਅਸ਼ੀਰਵਾਦ ਅਤੇ ਦੁਆਂਵਾਂ ਅਤੇ ਮਰੀਜ਼ ਦੇ ਚਿਹਰੇ ਦੀ ਖੁਸ਼ੀ ਤੋਂ ਇਸ ਸੇਵਾ ਦਾ ਸਫਰ ਸ਼ੁਰੂ ਹੋਇਆ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਹੋਸਟਲ ਵਿੱਚ ਰਹਿੰਦੇਂ ਹੋਰ ਦੋਸਤਾਂ ਮਿੱਤਰਾਂ ਨਾਲ ਮਿਲ ਕੇ ਅੱਗੇ ਵਧਦੇ ਗਏ ਅਤੇ ਮੌਜੂਦਾ ਸਮੇਂ ਵਿੱਚ ਵੀ ਜ਼ਿਦਗੀ ਦਾ ਹਿੱਸਾ ਹੈ। ਲੋਕਾਂ ਸਰਬਸਾਂਝੀਵਾਲਤਾ ਪਰਉਪਕਾਰ ਅਤੇ ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਅਤੇ ਖ਼ੂਨਦਾਨ ਅਤੇ ਨੇਤਰਦਾਨ ਸੇਵਾ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਭਾਈ ਘਨੱਈਆ ਜੀ ਮਿਸ਼ਨ ਦੀ ਸਥਾਪਨਾ ਕੀਤੀ ਗਈ ।

ਪੀ ਜੀ ਆਈ ਚੰਡੀਗੜ੍ਹ ਵਿਖੇ ਸਥਿਤ ਨੇਤਰਦਾਨ ਬੈਂਕ ਦੇ ਅਧਿਕਾਰੀਆਂ ਵੱਲੋਂ ਨੇਤਰਦਾਨ ਸਬੰਧੀ ਵੀ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਸਾਂਝੇ ਤੌਰ ਖ਼ੂਨਦਾਨ ਅਤੇ ਨੇਤਰਦਾਨ ਸੇਵਾ ਸਬੰਧੀ ਜਾਗਰੂਕਤਾ ਕੈਂਪ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਦੇਸ਼ ਭਰ ਵਿੱਚ ਖ਼ੂਨਦਾਨ ਸੇਵਾ ਨੂੰ ਉਤਸ਼ਾਹਿਤ ਕਰਨ ਲਈ ਬਣੀ ਸੰਸਥਾ ਨਾਲ ਜੁੜੇ ਕੇ ਪੰਜਾਬ ਵਿੱਚ ਖ਼ੂਨਦਾਨ ਲਹਿਰ ਅੱਗੇ ਵਧਾਉਣ ਲਈ ਖ਼ੂਨਦਾਨ ਕੈਂਪ ਆਯੋਜਿਤ ਕਰਵਾਏ ਗਏ ਅਤੇ ਹਜ਼ਾਰਾਂ ਹੀ ਨੌਜਵਾਨਾਂ ਨੂੰ ਇਸ ਮਹਾਨ ਸੇਵਾ ਕਾਰਜ ਜੋੜਨ ਲਈ ਅੱਗੇ ਆਏ। ਭਾਈ ਘਨੱਈਆ ਜੀ ਚੈਰੀਟੇਬਲ ਬਲੱਡ ਬੈਂਕ , ਹੁਸ਼ਿਆਰਪੁਰ ਨੂੰ ਸਥਾਪਿਤ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਈ ਗਈ।

ਨੇਤਰਹੀਣਾਂ ਦੀ ਜ਼ਿੰਦਗੀ ਵਿੱਚ ਰੋਸ਼ਨੀ ਭਰਨ ਲਈ 1999 ਵਿੱਚ ਆਪਣੇ ਪਿਤਾ ਸਵਰਗੀ ਸਰਦਾਰ ਗੁਰਚਰਨ ਸਿੰਘ ਦੇ ਦਿਹਾਂਤ ਉਪਰੰਤ ਉਨ੍ਹਾਂ ਦੀਆਂ ਅੱਖਾਂ ਦਾਨ ਕਰਵਾਈਆਂ ਗਈਆਂ ਅਤੇ ਕੁਝ ਸਾਲ ਬਾਅਦ ਆਪਣੀ ਮਾਤਾ ਸ਼੍ਰੀਮਤੀ ਗੁਰਮੀਤ ਕੌਰ ਦੀਆਂ ਅੱਖਾਂ ਦਾਨ ਕਰਕੇ ਨੇਤਰਦਾਨ ਲਹਿਰ ਵਿੱਚ ਆਪਣਾ ਯੋਗਦਾਨ ਪਾਇਆ। ਭਾਵੇਂ ਵਿਹਮਾਂ ਭਰਮਾਂ ਵਿੱਚ ਫਸੇ ਕੁਝ ਰਿਸ਼ਤੇਦਾਰਾਂ ਨੇ ਨੇਤਰਦਾਨ ਸੇਵਾ ਕਰਨ ਦਾ ਵਿਰੋਧ ਵੀ ਕੀਤਾ। ਦੇਸ਼ ਭਰ ਵਿੱਚ ਨੇਤਰਦਾਨ ਸਬੰਧੀ ਜਾਗਰੂਕਤਾ ਪੈਦਾ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੀ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਜਿਸ ਦੇ ਉਹ ਸਰਪ੍ਰਸਤ ਹਨ ਦੀ ਸਥਾਪਨਾ ਲਈ ਵੀ ਵੱਡਮੁੱਲਾ ਯੋਗਦਾਨ ਪਾਇਆ ਅਤੇ ਪੰਜਾਬ ਭਰ ਵਿੱਚ ਨੇਤਰਦਾਨ ਲਹਿਰ ਨੂੰ ਘਰ ਘਰ ਪਹੁੰਚਾਉਣ ਲਈ ਮੁਹਿੰਮ ਦਾ ਹਿੱਸਾ ਬਣੇ। ਪੰਜਾਬ ਸਰਕਾਰ ਵੱਲੋਂ ਬਣਾਈ ਗਈ ਕੋਰਨੀਅਲ ਬਲਾਈਂਡਨੈਸ ਫ ?ਰੀ ਪੰਜਾਬ ਸਬੰਧੀ ਕਮੇਟੀ ਦੇ ਮੈਂਬਰ ਵੀ ਹਨ। ਸਰਕਾਰੀ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ ਵਿਖੇ ਸੇਵਾਵਾਂ ਨਿਭਾਉਣ ਦੇ ਨਾਲ ਨਾਲ ਕਾਲਜ ਦੀ ਐਨ ਐਸ ਐਸ ਸੇਵਾ ਦੇ ਇੰਚਾਰਜ ਵਜੋਂ ਸੇਵਾ ਨਿਭਾਈ ਅਤੇ ਵਿਦਿਆਰਥੀਆਂ ਨੂੰ ਵਿਦਿਆ ਦੇ ਨਾਲ ਨਾਲ ਸਮਾਜਿਕ ਕਦਰਾਂ ਕੀਮਤਾਂ , ਖ਼ੂਨਦਾਨ ਅਤੇ ਨੇਤਰਦਾਨ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਰਿਹਾ।

ਹਰ ਲੋੜਵੰਦ ਵਿਅਕਤੀ ਨੂੰ ਬਚਾਉਣ ਲਈ ਖ਼ੂਨਦਾਨ ਸੇਵਾ ਰਾਹੀਂ ਮਦਦ ਕਰਨ ਲਈ ਅਤੇ ਹਰ ਨੇਤਰਹੀਣ ਵਿਅਕਤੀ ਦੀ ਜ਼ਿੰਦਗੀ ਨੂੰ ਰੋਸ਼ਨੀ



ਦਲਜੀਤ ਸਿੰਘ ਅਜਨੋਹਾ

98721-83601

ਪ੍ਰਦਾਨ ਕਰਵਾਉਣ ਲਈ ਸਹਾਇਤਾ ਕਰਨ ਲਈ ਉਪਰਾਲੇ ਕੀਤੇ ਗਏ।

ਕਾਰਗਿਲ ਦੇ ਯੁੱਧ ਦੌਰਾਨ ਜ਼ਖ਼ਮੀ ਹੋਏ ਯੋਧਿਆਂ ਲਈ ਖ਼ੂਨ ਦਾਨ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ । ਹੁਸ਼ਿਆਰਪੁਰ ਵਿਖੇ ਸਤਿਕਾਰ ਨਾਲ ਇਨ੍ਹਾਂ ਨੂੰ ਚਲਦਾ ਫਿਰਦਾ ਬਲੱਡ ਬੈਂਕ ਵੀ ਕਿਹਾ ਜਾਂਦਾ ਹੈ ।

ਭਾਈ ਘਨੱਈਆ ਜੀ ਦੀ ਜੀਵਨੀ ਅਤੇ ਮਹਾਨ ਸੇਵਾਵਾਂ ਸਬੰਧੀ ਖੋਜ ਕਾਰਜਾਂ ਨਾਲ ਅਤੇ ਵਿਸ਼ਵ ਭਰ ਵਿੱਚ ਮਹਾਨ ਸੇਵਾਵਾਂ ਲਈ ਪ੍ਰਸਿੱਧ ਅੰਤਰਰਾਸ਼ਟਰੀ ਰੈਡ ਕਰਾਸ ਸੁਸਾਇਟੀ ਦੇ ਉਦੇਸ਼ਾਂ ਅਤੇ ਸੇਵਾਵਾਂ ਸਬੰਧੀ ਜਾਣਕਾਰੀ ਹਾਸਲ ਲਈ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਹਨ । ਲੰਮੇ ਲੰਮੇ ਤੋਂ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਪਹੁਚਾਉਣ ਲਈ ਅੰਤਰਰਾਸ਼ਟਰੀ ਰੈਡ ਕਰਾਸ ਸੁਸਾਇਟੀ ਜਨੇਵਾ ਸਵਿਟਜ਼ਰਲੈਂਡ , ਭਾਰਤੀ ਰੈਡ ਕਰਾਸ ਸੁਸਾਇਟੀ ਅਤੇ ਕਈ ਹੋਰ ਉਘੀਆਂ ਸਮਾਜ ਸੇਵੀ ਸੰਸਥਾਵਾਂ, ਕੇਂਦਰ ਸਰਕਾਰ, ਪੰਜਾਬ ਸਰਕਾਰ ਨਾਲ ਸੰਪਰਕ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ । ਅੰਤਰਰਾਸ਼ਟਰੀ ਰੈਡ ਕਰਾਸ ਸੁਸਾਇਟੀ ਅਤੇ ਭਾਰਤੀ ਰੈਡ ਕਰਾਸ ਸੁਸਾਇਟੀ ਵੱਲੋਂ ਸਤਿਕਾਰ ਦਿੰਦੇ ਹੋਏ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਨੂੰ ਆਪਣੀ ਪ੍ਰਮਾਣਿਤ ਵੈੱਬਸਾਈਟ ਤੇ ਪਬਲਿਸ਼ ਕਰ ਦਿੱਤਾ ਹੈ ਤਾਂ ਕਿ ਵਿਸ਼ਵ ਭਾਈਚਾਰੇ ਦੇ ਲੋਕ ਮਾਨਵਤਾ ਦੀ ਸੇਵਾ , ਸਰਬਸਾਂਝੀਵਾਲਤਾ ਅਤੇ ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਕਾਰਜ ਕਰਨ ਲਈ ਅੱਗੇ ਆ ਸਕਣ। ਪੰਜਾਬ ਸਰਕਾਰ ਵੱਲੋਂ ਹਰ ਸਾਲ 20 ਸਤੰਬਰ ਨੂੰ ਭਾਈ ਘਨੱਈਆ ਜੀ ਮਾਨਵ ਸੇਵਾ ਸੰਕਲਪ ਦਿਵਸ ਵਜੋਂ ਮਨਾਉਣ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਂਦੇ ਹਨ। ਸਰਕਾਰੀ ਸੇਵਾਵਾਂ ਤੋਂ ਸੇਵਾ ਮੁਕਤ ਹੋਣ ਉਪਰੰਤ ਵੀ ਇਨ੍ਹਾਂ ਸਮਾਜ ਸੇਵੀ ਕਾਰਜਾਂ ਦੇ ਨਾਲ ਨਾਲ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵਿੱਦਿਆ ਹਾਸਲ ਕਰਨ ਲਈ ਪ੍ਰੇਰਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਸਰਕਾਰ ਵੱਲੋਂ ਗਰੀਬ ਲੋਕਾਂ ਲਈ ਬਣਾਈਆਂ ਜਾਂਦੀਆਂ ਭਲਾਈ ਸਕੀਮਾਂ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਕਾਰਜ ਕੀਤੇ ਜਾ ਰਹੇ ਹਨ। ਗਰੀਬ ਅਤੇ ਲੋੜਵੰਦ ਬੱਚਿਆਂ ਨੂੰ ਵਿੱਦਿਆ ਹਾਸਲ ਕਰਨ ਲਈ ਮਦਦਗਾਰ ਉਘੀ ਸਮਾਜ ਸੇਵੀ ਸੰਸਥਾ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ ਨਾਲ ਜੁੜ ਕੇ ਹੁਸ਼ਿਆਰਪੁਰ ਦੇ ਪਿੰਡ ਅੱਜੋਵਾਲ ਵਿਖੇ ਸਥਿਤ ਪ੍ਰੀਤ ਨਗਰ ਜਿਸ ਨੂੰ ਸ਼ਿਗਲੀਗਰ ਮਹੱਲਾ ਵੀ ਕਹਿੰਦੇ ਹਨ ਵਿਖੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਦੇ ਬੱਚਿਆਂ ਨੂੰ ਵੱਧ ਤੋਂ ਵੱਧ ਵਿੱਦਿਆ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ । ਝੁੱਗੀਆਂ ਝੌਂਪੜੀਆਂ ਵਿਚ ਰਹਿ ਰਹੇ ਲੋਕਾਂ ਨੂੰ ਸਵੱਛ ਭਾਰਤ ਅਭਿਆਨ ਅਧੀਨ ਸੋਚਾਲਿਆ ਬਣਵਾ ਕੇ ਦੇਣ ਲਈ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਪੱਕੇ ਮਕਾਨ ਬਣਾਉਣ ਲਈ ਲੋੜੀਂਦੀ ਕਾਰਵਾਈ ਕਰਨ ਵਿੱਚ ਇਨ੍ਹਾਂ ਗਰੀਬ ਲੋਕਾਂ ਦੀ ਆਵਾਜ਼ ਬਣ ਕੇ ਮਦਦ ਗਈ ਹੈ। ਸਰਕਾਰੀ ਸਕੀਮ ਤਹਿਤ ਇੱਕ ਸੌ ਦੇ ਲੱਗਭਗ ਸ਼ੌਚਾਲਿਆ ਦੀ ਸਹੂਲਤ ਪ੍ਰਦਾਨ ਹੋ ਚੁੱਕੀ ਹੈ ਅਤੇ ਪੱਕੇ ਮਕਾਨ ਬਣਾਉਣ ਸਬੰਧੀ ਲੋੜੀਂਦੀ ਕਾਰਵਾਈ। ਇਥੋਂ ਦੇ ਕੁਝ ਬੱਚਿਆਂ ਨੂੰ ਉਤਸ਼ਾਹਿਤ ਕਰਕੇ ਸਰਕਾਰੀ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ ਵਿਖੇ ਦਾਖਲ ਕਰਵਾਉਣ ਲਈ ਵੀ ਉਹਨਾਂ ਦੀ ਸਹਾਇਤਾ ਕੀਤੀ ਗਈ ਹੈ ਤਾਂ ਕਿ ਇਹ ਲੋਕ ਵੀ ਸਮੇਂ ਦੇ ਹਾਣੀ ਬਣਨ ਲਈ ਅਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਵਿੱਦਿਆ ਹਾਸਲ ਕਰਵਾਉਣ ਲਈ ਅੱਗੇ ਆ ਸਕਣ।


ਇਨ੍ਹਾਂ ਸੇਵਾਵਾਂ ਲਈ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੂੰ ਪੰਜਾਬ ਸਰਕਾਰ ਵੱਲੋਂ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਭਾਈ ਘਨੱਈਆ ਜੀ ਐਵਾਰਡ, ਹੁਸ਼ਿਆਰਪੁਰ ਸੇਵਾ ਰਤਨ ਐਵਾਰਡ, ਅੰਬੇਡਕਰ ਆਫ ਪੀਸ ਐਵਾਰਡ, ਅੰਤਰਰਾਸ਼ਟਰੀ ਸਰਬ ਧਰਮ ਸਦਭਾਵਨਾ ਸਨਮਾਨ, ਜ਼ਿਲ੍ਹਾ ਪ੍ਰਸ਼ਾਸਨ, ਸਿਹਤ ਵਿਭਾਗ, ਪੰਜਾਬ ਰੈਡ ਕਰਾਸ ਸੁਸਾਇਟੀ, ਅਤੇ ਹੋਰ ਮਾਨਵਤਾ ਦੀ ਸੇਵਾ ਹਿੱਤ ਕਾਰਜ ਕਰਦੀਆਂ ਸੰਸਥਾਵਾਂ ਵੱਲੋਂ ਵੀ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।





# ਪ੍ਰੀਤ ਕੌਰ ਮਿਸ ਪੰਜਾਬਣ ਬਣੀ-ਵਰਿੰਦਰ ਕੌਰ ਬੇਬੇ ਨੰਬਰ ਵੰਨ ਤੇ ਆਤਮਾ ਸਿੰਘ ਬਾਪੂ ਨੰਬਰ ਵੰਨ ਚੁਣੇ ਗਏ





ਹੁਸ਼ਿਆਰਪੁਰ (ਦਲਜੀਤ ਅਜਨੋਹਾ) : ਸਰੀ (ਕੈਨੇਡਾ) ਵਿਖੇ ਆਰ ਕੇ ਇੰਟਰਟੇਨਮੈਂਟ, ਮਹਿਫ਼ਲ ਮੀਡੀਆ ਅਤੇ ਔਨ ਆਰ ਆਈ ਟੀ ਵੀ ਦੇ ਸਾਂਝੇ ਉਪਰਾਲੇ ਤਹਿਤ ਕਰਵਾਏ ਜਾ ਰਹੇ 10 ਮੁਲਕਾਂ ਵਿਚ ਕਰਵਾਏ ਜਾ ਰਹੇ ਪੰਜਾਬੀਆਂ ਦੇ ਟੇਲੈਂਟ ਮੁਕਾਬਲੇ ਤਹਿਤ ਸਰੀ ਸ਼ਹਿਰ ਵਿਚ ਬਹੁਤ ਹੀ ਸ਼ਲਾਘਾਯੋਗ ਪ੍ਰੋਗਰਾਮ ਕਰਵਾਇਆ ਗਿਆ।

ਇਸ ਪ੍ਰੋਗਰਾਮ ਦੇ ਕਰਤਾ ਧਰਤਾ ਫਾਊਂਡਰ ਅਮਨਦੀਪ ਕੌਰ ਪੰਨੂ ਦੀ ਅਗਵਾਈ ਹੇਠ ਮਿਸ ਪੰਜਾਬਣ ਅਤੇ ਮਿਸਜ਼ ਪੰਜਾਬਣ ਅਤੇ ਬੇਬੇ ਨੰਬਰ ਵੰਨ ਅਤੇ ਬਾਪੂ ਨੰਬਰ ਵੰਨ ਪਰਫਾਰਮੈਂਸ ਨੂੰ ਸਰੀ ਦੇ ਬਾਲੀਵੁੱਡ ਹਾਲ ਵਿਖੇ ਕਰਵਾਇਆ ਗਿਆ। ਇਸ ਪ੍ਰੋਗਰਾਮ ਦੇ ਪ੍ਰਬੰਧਕ ਅਮਨਦੀਪ ਕੌਰ ਪੰਨੂ, ਜਸਵਿੰਦਰ ਖੋਸਾ ਅਤੇ ਪ੍ਰਦੀਪ ਬੈਂਸ ਸਨ। ਮੁਕਾਬਲਿਆਂ ਦੌਰਾਨ ਪ੍ਰੀਤ ਕੌਰ ਮਿਸ ਪੰਜਾਬਣ ਚੁਣੀ ਗਈ ਜਿਸਨੇ ਆਪਣੇ ਨਿਵੇਕਲੇ ਅੰਦਾਜ਼ ਨਾਲ ਲੋਕਾਂ ਦਾ ਦਿਲ ਜਿੱਤਿਆ। ਵਰਿੰਦਰ ਕੌਰ ਨੇ ਬੇਬੇ ਨੰਬਰ ਵੰਨ ਅਤੇ ਆਤਮਾ ਸਿੰਘ ਨੇ ਬਾਪੂ ਨੰਬਰ ਵੰਨ ਦਾ ਖਿਤਾਬ ਜਿੱਤਿਆ। ਪ੍ਰਬੰਧਕਾਂ ਨੇ ਦੱਸਿਆ ਕਿ ਜੇਤੂਆਂ ਨੂੰ ਸੈਮੀਫਾਈਨਲ 'ਚ ਐਂਟਰੀ ਦਿੱਤੀ ਜਾਵੇਗੀ। ਇਸ ਪ੍ਰੋਗਰਾਮ ਵਿਚ ਸਰੀ ਨਿਊਟਨ ਤੋਂ ਲਿਬਰਲ ਐਮ ਪੀ ਸੁੱਖ ਧਾਲੀਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ ਜਦੋਂਕਿ ਉਘੇ ਕਬੱਡੀ ਪ੍ਰੋਮੋਟਰ ਬਲਵੀਰ ਬੈਂਸ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਉਘੇ ਗਾਇਕ ਹਰਵਿੰਦਰ ਕਾਕੇ ਸ਼ਾਹ ਜਿਹੜੇ ਵਿਸ਼ੇਸ ਤੌਰ 'ਤੇ ਪੰਜਾਬ ਤੋਂ ਪਹੁੰਚੇ ਤੋਂ ਇਲਾਵਾ ਮਨਿੰਦਰ ਮੋਗਾ, ਟਵਿੰਕਲ, ਜੱਸ ਸਿੱਧੂ, ਲੱਖਾ ਸਿੱਧਵਾ, ਐਸ ਤਾਰੀ ਹਾਰਡੀ, ਚੰਨ ਕੌਰ, ਗੁਰਲਾਬ ਬਰਾੜ, ਹਰਮਨ ਬਲ, ਮਸ਼ਹੂਰ ਗਾਇਕਾ ਡੌਲੀ ਸਿੰਘ, ਕੁਲਵਿੰਦਰ ਮਾਨ (ਕਾਲਾ), ਅਰਸ਼ਦੀਪ ਖਹਿਰਾ, ਡਾਕਟਰ ਹਰਪ੍ਰੀਤ ਸ਼ੇਖੋਂ, ਸੀਨੀਅਰ ਕੋਆਰਡੀਨੇਟਰ ਰਸ਼ਪਾਲ ਗਿੱਲ, ਜੈਸ ਔਜਲਾ ਗ੍ਰੀਨ ਸਟੋਨ ਇਮੀਗ੍ਰੇਸ਼ਨ ਸਰੀ ਨੇ ਵਿਸ਼ੇਸ਼ ਸ਼ਮੂਲੀਅਤ ਕੀਤੀ। ਟਿੱਕਾ ਸਿੱਕਾ ਰੈਸਟੋਰੈਂਟ ਸਰੀ ਜਿਸਦੇ ਮਾਲਕ ਥਾਂਦੀ ਵਲੋਂ ਦਿੱਤੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਨੇ ਟੋਰਾਂਟੋ ਤੋ ਆਈ ਮਹਿਫ਼ਲ ਮੀਡੀਆ ਟੀਮ ਦਾ ਸਨਮਾਨ ਕੀਤਾ। ਇਸ ਪ੍ਰੋਗਰਾਮ ਦੇ ਮੁੱਖ ਸਪਾਂਸਰ ਅਜੈ ਖੋਸਾ, ਅੰਗਦ ਪੰਨੂ, ਹੈਰੀ ਬੈਂਸ, ਜਸਵਿੰਦਰ ਖੋਸਾ, ਅਮਨਦੀਪ ਪੰਨੂ ਪ੍ਰਦੀਪ ਬੈਂਸ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਅਸਟਰੇਲੀਆ ਦੇ ਉਘੇ ਕਾਰੋਬਾਰੀ ਸੋਨੂ ਮਿਨਹਾਸ ਨੇ ਕੀਤੀ ਮੈਂਬਰ ਪਾਰਲੀਮੈਂਟ ਮਿਸ਼ੇਲ ਲੈਂਡਰੀ ਨਾਲ ਮੁਲਾਕਾਤ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਅਸਟਰੇਲੀਆ ਦੇ ਉਘੇ ਕਾਰੋਬਾਰੀ ਮਨਦੀਪ ਮਿਨਹਾਸ ਉਰਫ ਸੋਨੂ ਮਿਨਹਾਸ ਅਤੇ ਹਰਸ਼ਰਨ ਸਿੰਘ ਰੋਮਾਣਾ ਨੇ ਅਸਟਰੇਲੀਆ ਦੀ ਮਾਣਯੋਗ ਮਿਸ਼ੇਲ ਲੈਂਡਰੀ ਮੈਂਬਰ ਪਾਰਲੀਮੈਂਟ ਨਾਲ ਦੀਵਾਲੀ ਮੌਕੇ ਰੱਖੇ ਗਏ ਸਮਾਗਮ ਦੌਰਾਨ ਵਿਸ਼ੇਸ਼ ਮੁਲਾਕਾਤ ਕੀਤੀ, ਇਸ ਦੌਰਾਨ ਉਹਨਾਂ ਵਲੋਂ ਅਸਟਰੇਲੀਆ ਵਿੱਚ ਭਾਰਤੀਆਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਵਾਰੇ ਚਰਚਾ ਕੀਤੀ ਗਈ ਅਤੇ ਭਾਰਤ ਅਤੇ ਅਸਟਰੇਲੀਆ ਦੇ ਸਬੰਧ ਸੁਖਾਵੇ ਬਣਾਉਣ ਬਾਰੇ ਗੱਲਬਾਤ ਕੀਤੀ ਗਈ, ਇਸ ਦੌਰਾਨ ਮਾਣਯੋਗ ਮੈਂਬਰ ਪਾਰਲੀਮੈਂਟ ਵਲੋਂ ਵੀ ਪੂਰਨ ਭਰੋਸਾ ਦਿੱਤਾ ਗਿਆ ਅਤੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਾਡੇ ਦੇਸ਼ ਦੀ ਉਨਤੀ ਵਿੱਚ ਭਾਰਤੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ, ਇਹ ਲੋਕ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਕੇ ਸਾਡੇ ਦੇਸ਼ ਨੂੰ ਨਵੀਆਂ ਲੀਹਾਂ ਤੇ ਤੋਰ ਰਹੇ ਹਨ, ਇਸ ਦੌਰਾਨ ਵੱਡੀ ਗਿਣਤੀ ਵਿੱਚ ਭਾਰਤੀ ਅਤੇ ਅਸਟਰੇਲੀਅਨ ਨਾਗਰਿਕ ਹਾਜ਼ਰ ਹੋਏ।

# ਫ਼ਿਰੋਜ਼ਪੁਰ ਨਾਲ ਲੱਗਦੀ ਕੌਮਾਂਤਰੀ ਸਰਹੱਦ ਤੋਂ ਬੀਐੱਸਐੱਫ ਨੇ ਪਾਕਿਸਤਾਨੀ ਡਰੋਨ ਤੇ 2 ਕਿਲੋ ਹੈਰੋਇਨ ਬਰਾਮਦ ਕੀਤੀ

ਨਵੀਂ ਦਿੱਲੀ : ਬੀਐੱਸਐੱਫ ਨੇ ਅੱਜ ਤੜਕੇ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਚੀਨ ਦਾ ਬਣਿਆ ਪਾਕਿਸਤਾਨੀ ਡਰੋਨ ਬਰਾਮਦ ਕੀਤਾ। ਡਰੋਨ ਦੀ ਸੂਹ ਮਿਲਣ 'ਤੇ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਸ਼ੁਰੂ ਕਰਨ ਤੋਂ ਬਾਅਦ ਸਵੇਰੇ 7.45 ਵਜੇ ਦੇ ਕਰੀਬ ਰਾਣਾ ਪੰਜ ਗਰਾਂਈਂ ਪਿੰਡ ਤੋਂ ਡਰੋਨ ਨੂੰ ਜ਼ਬਤ ਕੀਤਾ ਗਿਆ। ਬੀਐੱਸਐੱਫ ਨੇ ਕਿਹਾ ਕਿ ਬਰਾਮਦ ਕੀਤਾ ਗਿਆ ਡਰੋਨ ਚੀਨ ਵਿੱਚ ਬਣਿਆ ਹੈ। ਇਸ ਦੇ ਨਾਲ ਪੈਕਟ ਹੈਰੋਇਨ (ਕੁੱਲ ਵਜ਼ਨ ਲਗਭਗ 2 ਕਿਲੋਗ੍ਰਾਮ) ਬਰਾਮਦ ਹੋਇਆ ਹੈ।

# ਮੁੱਖ ਮੰਤਰੀ ਨਾਲ ਮੀਟਿੰਗ ਦੇ ਭਰੋਸੇ ਮਗਰੋਂ ਕਿਸਾਨਾਂ ਨੇ ਧਰਨਾ ਚੁੱਕਿਆ

## *ਖੇਤੀ ਮੰਤਰੀ ਨਾਲ ਬੈਠਕ 'ਚ ਮੰਗਾਂ ਬਾਰੇ ਸਹਿਮਤੀ ਬਣਨ ਮਗਰੋਂ ਲਿਆ ਫ਼ੈਸਲਾ*





ਮੁਹਾਲੀ : ਸੰਯੁਕਤ ਕਿਸਾਨ ਮੋਰਚਾ ਨੇ ਅੱਜ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਮੰਗ ਪੱਤਰ ਦੇਣ ਅਤੇ ਸੂਬੇ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨਾਲ ਮੀਟਿੰਗ ਮਗਰੋਂ ਜਗਤਪੁਰਾ ਟੀ-ਪੁਆਇੰਟ (ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ) 'ਤੇ ਤਿੰਨ ਰੋਜ਼ਾ ਮੋਰਚੇ ਦੀ ਸਮਾਪਤੀ ਦਾ ਐਲਾਨ ਕਰ ਦਿੱਤਾ। ਰਾਜਪਾਲ ਅਤੇ ਕਿਸਾਨਾਂ ਦਰਮਿਆਨ ਸੁਖਾਵੇਂ ਮਾਹੌਲ ਵਿੱਚ ਮੀਟਿੰਗ ਹੋਈ ਤੇ ਰਾਜਪਾਲ ਨੇ ਮੋਰਚੇ ਦੀਆਂ ਮੰਗਾਂ ਕੇਂਦਰ ਤੇ ਰਾਜ ਸਰਕਾਰਾਂ ਤੱਕ ਪਹੁੰਚਾਉਣ ਅਤੇ ਰਾਸ਼ਟਰਪਤੀ ਨੂੰ ਭੇਜਣ ਦਾ ਭਰੋਸਾ ਦਿੱਤਾ। ਰਾਜਪਾਲ ਸ੍ਰੀ ਪੁਰੋਹਿਤ ਨੇ ਚੰਡੀਗੜ੍ਹ ਪੁਲੀਸ ਦੇ ਮੁਖੀ ਪਰਵੀਰ ਰੰਜਨ ਨੂੰ ਮੌਕੇ 'ਤੇ ਹੀ ਕਿਸਾਨ ਅੰਦੋਲਨ ਨਾਲ ਸਬੰਧਤ ਚੰਡੀਗੜ੍ਹ ਵਿਚਲੇ ਕੇਸਾਂ ਦਾ ਨਿਪਟਾਰਾ ਫੌਰੀ ਕਰਨ ਲਈ ਕਿਹਾ। ਕਿਸਾਨ ਮੋਰਚੇ ਦੇ ਆਗੂਆਂ ਨੇ ਰਾਜਪਾਲ ਨਾਲ ਮੀਟਿੰਗ ਮਗਰੋਂ ਧਰਨਾ ਸਮਾਪਤ ਕਰਨ ਦਾ ਐਲਾਨ ਕੀਤਾ। ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਨਵੰਬਰ ਤੋਂ ਮੁਹਾਲੀ ਵਿੱਚ ਮੋਰਚਾ ਲਾਇਆ ਹੋਇਆ ਸੀ। ਮੋਰਚੇ ਦੀ ਸਮਾਪਤੀ ਦੇ ਐਲਾਨ ਨਾਲ ਚੰਡੀਗੜ੍ਹ ਅਤੇ ਪੰਜਾਬ ਦੇ ਪ੍ਰਸ਼ਾਸਨ ਨੇ ਸੁੱਖ ਦਾ ਸਾਹ ਲਿਆ ਹੈ।

ਖੁਫ਼ੀਆ ਏਜੰਸੀਆਂ ਨੂੰ ਪੰਜਾਬ ਦੇ ਕਿਸਾਨਾਂ ਵੱਲੋਂ ਲਾਇਆ ਮੋਰਚਾ ਨਵੀਂ ਦਿੱਲੀ ਦੇ ਸੰਘਰਸ਼ ਦੀ ਤਰਜ਼ 'ਤੇ ਲੰਮਾ ਖਿੱਚੇ ਜਾਣ ਦਾ ਖਦਸ਼ਾ ਸੀ। ਹਾਲਾਂਕਿ, ਇਹ ਧਰਨਾ ਅੱਜ ਜੈਕਾਰਿਆਂ ਅਤੇ ਨਾਅਰਿਆਂ ਦੀ ਗੂੰਜ ਨਾਲ ਸਮਾਪਤ ਕਰਨ ਦਾ ਐਲਾਨ ਕੀਤਾ ਗਿਆ। ਮੋਰਚੇ ਦੇ ਤੀਜੇ ਦਿਨ ਕਿਸਾਨ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਕਿਸਾਨ ਆਗੂਆਂ ਤੋਂ ਇਲਾਵਾ ਸਮਰਥਨ 'ਚ ਮੁਲਾਜ਼ਮ ਤੇ ਟਰੇਡ ਯੂਨੀਅਨਾਂ ਦੇ ਆਗੂਆਂ ਨੇ ਵੀ ਸੰਬੋਧਨ ਕੀਤਾ। ਬੁਲਾਰਿਆਂ ਨੇ ਸਾਰੀਆਂ ਫ਼ਸਲਾਂ ਦੀ ਐੱਮਐੱਸਪੀ 'ਤੇ ਖ਼ਰੀਦ ਦੀ ਗਾਰੰਟੀ ਦੇਣ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਫਸਲਾਂ ਦੇ ਭਾਅ ਤੈਅ ਕਰਨ, ਕਿਸਾਨਾਂ ਸਿਰ ਚੜ੍ਹਿਆ ਕਰਜ਼ਾ ਰੱਦ ਕਰਨ, ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਣੀ ਨੂੰ ਅਹੁਦੇ ਤੋਂ ਬਰਖਾਸਤ ਕਰ ਕੇ ਸਜ਼ਾ ਦੇਣ, ਦਿੱਲੀ ਅੰਦੋਲਨ ਦੌਰਾਨ ਕਿਸਾਨਾਂ 'ਤੇ ਬਣਾਏ ਸਾਰੇ ਕੇਸ ਰੱਦ ਕਰਨ, ਬਿਜਲੀ ਸੋਧ ਬਿੱਲ ਨੂੰ ਚੋਰ ਮੋਰੀਆਂ ਰਾਹੀਂ ਲਾਗੂ ਕਰਨਾ ਬੰਦ ਕਰਨ, 60 ਸਾਲ ਤੋਂ ਵੱਧ ਉਮਰ ਦੇ ਸਾਰੇ ਕਿਸਾਨਾਂ ਨੂੰ 10 ਹਜ਼ਾਰ ਰੁਪਏ ਮਹੀਨਾ ਪੈਨਸ਼ਨ ਦੇਣ, 'ਨਿਊਜ਼ਕਲਿੱਕ' ਖ਼ ?ਲਾਫ਼ ਦਰਜ ਕੇਸ ਰੱਦ ਕਰਨ, ਕਿਸਾਨ ਘੋਲ ਨੂੰ ਦੇਸ਼ ਵਿਰੋਧੀ ਕਹਿਣਾ ਬੰਦ ਕਰਨ, ਖੇਤੀ ਨੂੰ ਕਾਰਪੋਰੇਟਾਂ ਕੋਲ ਵੇਚਣ ਦੀਆਂ ਨੀਤੀਆਂ ਰੱਦ ਕਰਨ, ਪਬਲਿਕ ਸੈਕਟਰ ਬਹਾਲ ਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਬੰਦ ਕਰਨ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ। ਸੰਯੁਕਤ ਕਿਸਾਨ ਮੋਰਚਾ ਦੇ ਵਫ਼ਦ 'ਚ ਹਰਿੰਦਰ ਸਿੰਘ ਲੱਖੋਵਾਲ, ਸੁਖਦੇਵ ਸਿੰਘ ਕੋਕਰੀ, ਡਾ. ਦਰਸ਼ਨਪਾਲ, ਰਾਮਿੰਦਰ ਸਿੰਘ ਪਟਿਆਲਾ, ਬਲਦੇਵ ਸਿੰਘ ਨਿਹਾਲਗੜ੍ਹ, ਸਤਨਾਮ ਸਿੰਘ ਸਾਹਨੀ, ਜਗਮੋਹਣ ਸਿੰਘ, ਸਤਨਾਮ ਸਿੰਘ ਬਹਿਰੂ, ਸਤਨਾਮ ਸਿੰਘ ਅਜਨਾਲਾ, ਮਨਜੀਤ ਸਿੰਘ ਧਨੇਰ, ਬਲਵਿੰਦਰ ਸਿੰਘ ਮੱਲੀਨੰਗਲ, ਰਵਨੀਤ ਸਿੰਘ ਬਰਾੜ, ਬਿੰਦਰ ਸਿੰਘ ਗੋਲੇਵਾਲ, ਬੂਟਾ ਸਿੰਘ ਸ਼ਾਦੀਪੁਰ, ਮਨਜੀਤ ਸਿੰਘ ਧਨੇਰ, ਰੁਲਦੂ ਸਿੰਘ ਮਾਨਸਾ, ਸੁਖ ਗਿੱਲ ਮੋਗਾ, ਜੰਗਵੀਰ ਸਿੰਘ ਚੌਹਾਨ, ਬਲਜੀਤ ਸਿੰਘ ਗਰੇਵਾਲ, ਨਛੱਤਰ ਸਿੰਘ ਸ਼ਾਮਲ ਸਨ।

# ਸਿੱਖ ਬੰਦੀਆਂ ਦੀ ਰਿਹਾਈ ਦਾ ਮਸਲਾ-ਹੁਣ ਸ਼੍ਰੋਮਣੀ ਕਮੇਟੀ ਦੀ ਰਣਨੀਤੀ ਕੀ ਹੋਵੇ ?

**ਸਤਨਾਮ ਸਿੰਘ ਮਾਣਕ**

1980 ਤੋਂ ਲੈ ਕੇ 2012 ਤੱਕ ਪੰਜਾਬ ਨੂੰ ਜਿਨ੍ਹਾਂ ਸਥਿਤੀਆਂ ਵਿਚੋਂ ਗੁਜ਼ਰਨਾ ਪਿਆ, ਉਨ੍ਹਾਂ ਨੇ ਨਾ ਕੇਵਲ ਸੂਬੇ ਨੂੰ ਰਾਜਨੀਤਕ, ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਤੌਰ ’ਤੇ ਗ਼ਹਿਰੀ ਤਰ੍ਹਾਂ ਪ੍ਰਭਾਵਿਤ ਕੀਤਾ, ਉਥੇ ਇਸ ਕਾਰਨ ਦੇਸ਼-ਵਿਦੇਸ਼ ਵਿਚ ਵਸਦੇ ਪੰਜਾਬੀਆਂ, ਖ਼ਾਸ ਕਰਕੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਵੀ ਵੱਡੇ ਇਮਤਿਹਾਨਾਂ ਵਿਚੋਂ ਗੁਜ਼ਰਨਾ ਪਿਆ। ਇਸ ਸਮੇਂ ਦੌਰਾਨ ਹਜ਼ਾਰਾਂ ਪੰਜਾਬੀਆਂ ਦੀਆਂ ਜਾਨਾਂ ਗਈਆਂ ਅਤੇ ਹਜ਼ਾਰਾਂ ਹੀ ਪਰਿਵਾਰਾਂ ਦੀਆਂ ਜ਼ਿੰਦਗੀਆਂ ਵਿਚ ਵੱਡੀ ਉਥਲ-ਪੁਥਲ ਹੋਈ। ਇਹ ਸਭ ਕੁਝ ਭਾਵੇਂ ਹੁਣ ਇਤਿਹਾਸ ਦਾ ਹਿੱਸਾ ਹੈ, ਪਰ ਇਸ ਸਮੇਂ ਦੌਰਾਨ ਵਾਪਰਿਆ ਦੁਖਦਾਈ ਘਟਨਾਕ੍ਰਮ ਅੱਜ ਵੀ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਉਸ ਸਮੇਂ ਜੋ ਗੁੰਝਲਾਂ, ਜੋ ਸਮੱਸਿਆਵਾਂ ਪੈਦਾ ਹੋਈਆਂ ਉਨ੍ਹਾਂ ਨੂੰ ਅਜੇ ਤੱਕ ਵੀ ਪੂਰੀ ਤਰ੍ਹਾਂ ਨਹੀਂ ਸੁਲਝਾਇਆ ਜਾ ਸਕਿਆ।

ਇਨ੍ਹਾਂ ਵਿਚੋਂ ਇਕ ਮਸਲਾ ਬੰਦੀ ਸਿੰਘਾਂ ਦੀ ਰਿਹਾਈ ਦਾ ਵੀ ਹੈ। ਪਿਛਲੇ ਕਈ ਸਾਲਾਂ ਤੋਂ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਜਥੇਬੰਦੀਆਂ ਅਤੇ ਹੋਰ ਇਨਸਾਫ਼ ਪਸੰਦ ਲੋਕਾਂ ਵਲੋਂ ਇਹ ਮੰਗ ਕੀਤੀ ਜਾ ਰਹੀ ਹੈ, ਕਿ ਵੱਖ-ਵੱਖ ਕੇਸਾਂ ਵਿਚ ਨਜ਼ਰਬੰਦ ਜਿਹੜੇ ਸਿੱਖ ਭਾਈਚਾਰੇ ਨਾਲ ਸੰਬੰਧਿਤ ਲੋਕ ਅਦਾਲਤਾਂ ਵਲੋਂ ਦਿੱਤੀਆਂ ਗਈਆਂ ਆਪਣੀਆਂ ਸਾਰੀਆਂ ਸਜ਼ਾਵਾਂ ਭੁਗਤ ਚੁੱਕੇ ਹਨ (ਕਈ ਤਾਂ ਨਿਰਧਾਰਤ ਸਜ਼ਾਵਾਂ ਤੋਂ ਵੀ ਦੁੱਗਣੀਆਂ ਸਜ਼ਾਵਾਂ ਭੁਗਤ ਚੁੱਕੇ ਹਨ, ਇਸ ਦੇ ਬਾਵਜੂਦ ਸਾਲਾਂ ਤੋਂ ਉਨ੍ਹਾਂ ਨੂੰ ਜੇਲ੍ਹਾਂ ਵਿਚ ਰੱਖਿਆ ਗਿਆ ਹੈ) ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ। ਪਰ ਕੇਂਦਰ ਸਰਕਾਰ ਅਤੇ ਵੱਖ-ਵੱਖ ਸੂਬਿਆਂ ਦੀਆਂ ਰਾਜ ਸਰਕਾਰਾਂ ਜਿਨ੍ਹਾਂ ਦੇ ਰਾਜਾਂ ਵਿਚ ਇਹ 9 ਸਿੱਖ ਵਿਅਕਤੀ ਨਜ਼ਰਬੰਦ ਹਨ, ਉਨ੍ਹਾਂ ਨੂੰ ਰਿਹਾਅ ਕਰਨ ਤੋਂ ਇਕ ਤਰ੍ਹਾਂ ਨਾਲ ਇਨਕਾਰੀ ਹੋਈਆਂ ਬੈਠੀਆਂ ਹਨ। ਜਦੋਂਕਿ ਦੇਸ਼ ਵਿਚ ਹੋਰ ਬਹੁਤ ਸਾਰੇ ਗੰਭੀਰ ਅਪਰਾਧ ਕਰਨ ਵਾਲੇ ਕੈਦੀਆਂ ਨੂੰ ਕਈ ਵਾਰ ਸਮੇਂ ਤੋਂ ਪਹਿਲਾਂ ਵੀ ਰਿਹਾਅ ਕੀਤਾ ਜਾ ਚੁੱਕਾ ਹੈ।

ਇਸ ਸੰਬੰਧੀ ਇਕ ਉੱਘਾ ਕੇਸ ਬਲਕਿਸ ਬਾਨੋ ਦੇ ਪਰਿਵਾਰ ਨੂੰ ਕਤਲ ਕਰਨ ਵਾਲੇ ਅਤੇ ਉਸ ਨਾਲ ਜਬਰ ਜਨਾਹ ਕਰਨ ਵਾਲੇ ਗੁਜਰਾਤ ਨਾਲ ਸੰਬੰਧਿਤ ਦੋਸ਼ੀਆਂ ਦਾ ਵੀ ਹੈ। ਇਨ੍ਹਾਂ 7-8 ਦੋਸ਼ੀਆਂ ਨੂੰ ਨਾ ਕੇਵਲ ਗੁਜਰਾਤ ਸਰਕਾਰ ਦੀ ਸਿਫਾਰਿਸ਼ ’ਤੇ ਸਮੇਂ ਤੋਂ ਪਹਿਲਾਂ ਰਿਹਾਅ ਕੀਤਾ ਗਿਆ, ਸਗੋਂ ਰਿਹਾਈ ਉਪਰੰਤ ਭਾਜਪਾ ਦੇ ਸਮਰਥਕਾਂ ਵਲੋਂ ਉਨ੍ਹਾਂ ਦਾ ਹਾਰ ਪਾ ਕੇ ਸਵਾਗਤ ਵੀ ਕੀਤਾ ਗਿਆ ਸੀ। ਦੂਜੀ ਮਿਸਾਲ ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਦੀ ਹੈ। ਸਿਰਸਾ ਸਥਿਤ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਦੋ ਸਾਧਵੀਆਂ ਨਾਲ ਜਬਰ ਜਨਾਹ ਕਰਨ ਅਤੇ ਦੋ ਵਿਅਕਤੀਆਂ ਨੂੰ ਕਤਲ ਕਰਨ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੁਝ ਸਾਲ ਪਹਿਲਾਂ ਸੁਣਾਈ ਗਈ ਸੀ। ਪਰ ਕਾਨੂੰਨ ਲਾਗੂ ਕਰਨ ਦੇ ਦੋਹਰੇ ਅਤੇ ਦੋਗਲੇ ਮਿਆਰਾਂ ਨੂੰ ਦੇਖ ਲਓ ਕਿ ਉਹ ਹੁਣ ਤੱਕ 8 ਵਾਰ ਉਹ ਪੈਰੋਲ ’ਤੇ ਬਾਹਰ ਆ ਚੁੱਕਾ ਹੈ। ਲਗਭਗ ਹਰ ਚੋਣ ਤੋਂ ਪਹਿਲਾਂ ਉਸ ਨੂੰ ਰਿਹਾਈ ਦਿੱਤੀ ਜਾਂਦੀ ਹੈ, ਉਸ ਨੂੰ ਜੇਲ੍ਹ ਤੋਂ ਬਾਹਰ ਆਉਣ ਦਾ ਮੌਕਾ ਦਿੱਤਾ ਜਾਂਦਾ ਹੈ, ਤਾਂ ਕਿ ਉਹ ਆਪਣੇ ਸਮਰਥਕਾਂ ਤੋਂ ਹਰਿਆਣਾ, ਪੰਜਾਬ ਅਤੇ ਰਾਜਸਥਾਨ ਵਿਚ ਭਾਜਪਾ ਨੂੰ ਵੋਟਾਂ ਦਿਵਾ ਸਕੇ। ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਵਿਚ ਇਕ ਕੇਂਦਰੀ ਮੰਤਰੀ ਜਿਸ ਦੇ ਪੁੱਤਰ ਅਸ਼ੀਸ਼ ਮਿਸ਼ਰਾ ਨੇ ਕਿਸਾਨਾਂ ’ਤੇ ਜੀਪ ਚੜ੍ਹਾ ਕੇ ਕਈ ਕਿਸਾਨਾਂ ਨੂੰ ਕੁਚਲ ਦਿੱਤਾ ਸੀ ਅਤੇ ਜਿਸ ਕੇਸ ਦੀ ਦੇਸ਼ ਭਰ ਵਿਚ ਬੇਹੱਦ ਚਰਚਾ ਹੋਈ ਸੀ, ਉਸ ਮਾਮਲੇ ਵਿਚ ਵੀ ਮੰਤਰੀ ਦੇ ਪੁੱਤਰ ਨੂੰ ਅਦਾਲਤ ਵਲੋਂ ਪੱਕੀ ਜ਼ਮਾਨਤ ਦੇ ਦਿੱਤੀ ਗਈ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਸ ਨਾਲ ਘੱਟ-ਗਿਣਤੀਆਂ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਵਿਚ ਇਹ ਧਾਰਨਾ ਪੱਕੀ ਹੁੰਦੀ ਜਾ ਰਹੀ ਹੈ ਕਿ ਉਨ੍ਹਾਂ ਲਈ ਕਾਨੂੰਨ ਹੋਰ ਹੈ ਅਤੇ ਬਹੁਗਿਣਤੀ ਨਾਲ ਸੰਬੰਧਿਤ ਲੋਕਾਂ ਲਈ ਕਾਨੂੰਨ ਹੋਰ ਹੈ। ਜੇਕਰ ਇਹ ਧਾਰਨਾ ਲੋਕਾਂ ਦੇ ਮਨਾਂ ਵਿਚ ਲਗਾਤਾਰ ਪੱਕੀ ਹੁੰਦੀ ਗਈ ਤਾਂ ਇਸ ਦੇ ਬੇਹੱਦ ਗੰਭੀਰ ਸਿੱਟੇ ਨਿਕਲ ਸਕਦੇ ਹਨ।

ਜਿਥੋਂ ਤੱਕ ਸਿੱਖ ਬੰਦੀਆਂ ਦਾ ਸੰਬੰਧ ਹੈ, ਇਨ੍ਹਾਂ ਦੀ ਰਿਹਾਈ ਲਈ ਭਾਵੇਂ ਪਿਛਲੇ ਕਈ ਸਾਲਾਂ ਤੋਂ ਵੱਖ-ਵੱਖ ਸੰਗਠਨਾਂ ਵਲੋਂ ਆਵਾਜ਼ ਉਠਾਈ ਜਾਂਦੀ ਰਹੀ ਹੈ, ਪਰ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਚੇਚੇ ਤੌਰ ’ਤੇ ਪਿਛਲੇ ਸਾਲ ਇਕ ਦਸੰਬਰ ਤੋਂ ਦੇਸ਼-ਵਿਦੇਸ਼ ਵਿਚ ਮੁਹਿੰਮ ਚਲਾ ਕੇ ਅਤੇ ਲੋਕਾਂ ਤੋਂ ਇਸ ਸੰਬੰਧੀ ਫਾਰਮ ਭਰਵਾ ਕੇ ਉਨ੍ਹਾਂ ਦਾ ਸਮਰਥਨ ਹਾਸਿਲ ਕੀਤਾ ਸੀ। ਅਜਿਹੇ 26 ਲੱਖ ਫਾਰਮ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਜ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੌਂਪਣਾ ਚਾਹੁੰਦੀ ਸੀ, ਪਰ ਲੰਮੇ ਸਮੇਂ ਬਾਅਦ ਆਖਿਰ ਬਨਵਾਰੀ ਲਾਲ ਪੁਰੋਹਿਤ ਨੇ ਤਾਂ ਇਸ ਲਈ 16 ਨਵੰਬਰ ਨੂੰ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਮਾਂ ਦੇ ਦਿੱਤਾ ਸੀ ਅਤੇ ਉਨ੍ਹਾਂ ਨੇ ਇਹ ਫਾਰਮ ਇਕ ਪੈੱਨਡਰਾਈਵ ਵਿਚ ਪਾ ਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਉਨ੍ਹਾਂ ਨੂੰ ਦਿੱਤੇ ਗਏ ਮੰਗ ਪੱਤਰ ਸਮੇਤ ਉਸ ਨੂੰ ਨੂੰ ਸੌਂਪ ਦਿੱਤੇ ਸਨ ਅਤੇ ਉਨ੍ਹਾਂ ਨੂੰ ਕੇਂਦਰ ਸਰਕਾਰ ਨਾਲ ਵੀ ਇਹ ਮਸਲਾ ਉਠਾਉਣ ਲਈ ਅਪੀਲ ਕੀਤੀ ਸੀ। ਪਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਜੇ ਤੱਕ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਸੰਬੰਧੀ ਕੋਈ ਸਮਾਂ ਨਹੀਂ ਦਿੱਤਾ।

ਇਸ ਕਾਰਨ ਹੁਣ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਚੁਣੀ ਗਈ ਕਾਰਜਕਾਰਨੀ ਨੇ ਇਹ ਗੰਭੀਰ ਮੁੱਦਾ ਪੰਜਾਬ ਦੇ ਬੁੱਧੀਜੀਵੀਆਂ ਅਤੇ ਕਾਨੂੰਨੀ ਮਾਹਿਰਾਂ ਨਾਲ ਵਿਚਾਰਨ ਲਈ 25 ਨਵੰਬਰ ਨੂੰ ਚੰਡੀਗੜ੍ਹ ਵਿਚ ਮੀਟਿੰਗ ਬੁਲਾਈ ਹੈ। ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਹ ਵੀ ਕਿਹਾ ਹੈ ਕਿ ਉਕਤ ਮੀਟਿੰਗ ਵਿਚ ਪ੍ਰਾਪਤ ਹੋਏ ਸੁਝਾਵਾਂ ਦੇ ਆਧਾਰ ’ਤੇ ਅੱਗੇ ਸਿੱਖ ਜਥੇਬੰਦੀਆਂ ਦੀ ਮੀਟਿੰਗ ਬੁਲਾ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ। ਸਵਾਲਾਂ ਦਾ ਸਵਾਲ ਇਹ ਹੈ ਕਿ ਇਸ ਮੁੱਦੇ ’ਤੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੁਣ ਕਿਹੋ ਜਿਹੀ ਰਣਨੀਤੀ ਅਪਣਾਉਣੀ ਚਾਹੀਦੀ ਹੈ ਅਤੇ ਕਿਹੋ ਜਿਹੀ ਲਾਮਬੰਦੀ ਕਰਨੀ ਚਾਹੀਦੀ ਹੈ। ਇਸ ਸੰਬੰਧੀ ਸਾਡੇ ਕੁਝ ਸੁਝਾਅ ਇਸ ਪ੍ਰਕਾਰ ਹਨ:

1. ਸਾਡੇ ਵਿਚਾਰ ਅਨੁਸਾਰ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਸਿੱਖ ਨਜ਼ਰਬੰਦ ਜਿਹੜੇ ਕਈ ਮਾਮਲਿਆਂ ਵਿਚ ਅਦਾਲਤਾਂ ਵਲੋਂ ਦਿੱਤੀਆਂ ਗਈਆਂ ਸਜ਼ਾਵਾਂ ਤੋਂ ਵੀ ਦੁੱਗਣੀਆਂ ਸਜ਼ਾਵਾਂ ਭੁਗਤ ਚੁੱਕੇ ਹਨ, ਉਨ੍ਹਾਂ ਨੂੰ ਇਸ ਦੇ ਬਾਵਜੂਦ ਜੇਲ੍ਹਾਂ ਵਿਚ ਰੱਖਣਾ ਇਕ ਗ਼ੈਰ-ਕਾਨੂੰਨੀ ਅਤੇ ਗ਼ੈਰ-ਸੰਵਿਧਾਨਕ ਕਰਮ ਹੈ। ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਸੰਬੰਧੀ ਕਾਨੂੰਨੀ ਮਾਹਿਰਾਂ ਦੀ ਰਾਇ ਲੈ ਕੇ ਸੁਪਰੀਮ ਕੋਰਟ ਵਿਚ ਵੀ ਇਸ ਨੂੰ ਚੁਣੌਤੀ ਦੇਣੀ ਚਾਹੀਦੀ ਹੈ।

2. ਇਸ ਮੁੱਦੇ ਨੂੰ ਸਿਰਫ਼ ਸਿੱਖ ਨਜ਼ਰਬੰਦਾਂ ਦਾ ਮੁੱਦਾ ਬਣਾ ਕੇ ਨਹੀਂ ਉਠਾਉਣਾ ਚਾਹੀਦਾ ਹੈ, ਸਗੋਂ ਇਸ ਨੂੰ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਵਜੋਂ ਵੀ ਉਠਾਉਣਾ ਚਾਹੀਦਾ ਹੈ। ਦੇਸ਼ ਸੰਵਿਧਾਨ ਅਤੇ ਕਾਨੂੰਨ ਅਨੁਸਾਰ ਚਲਦਾ ਹੈ ਅਤੇ ਕਿਸੇ ਵੀ ਸਰਕਾਰ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਕਿਸੇ ਵੀ ਵਿਅਕਤੀ ਚਾਹੇ ਕੋਈ ਹਿੰਦੂ, ਸਿੱਖ ਜਾਂ ਮੁਸਲਮਾਨ ਹੋਵੇ ਜਾਂ ਕਿਸੇ ਵੀ ਹੋਰ ਧਰਮ ਜਾਂ ਭਾਈਚਾਰੇ ਨਾਲ ਸੰਬੰਧਿਤ ਹੋਵੇ, ਉਸ ਨੂੰ ਲੰਮੇ ਸਮੇਂ ਲਈ ਨਜ਼ਰਬੰਦ ਰੱਖਣਾ, ਕਿਸੇ ਵੀ ਤਰ੍ਹਾਂ ਉਚਿਤ ਨਹੀਂ ਹੈ। ਇਸ ਲਈ 25 ਨਵੰਬਰ ਦੀ ਮੀਟਿੰਗ ਤੋਂ ਬਾਅਦ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਗਲੀ ਕਾਰਵਾਈ ਲਈ ਜੋ ਸਿੱਖ ਜਥੇਬੰਦੀਆਂ ਦੀ ਮੀਟਿੰਗ ਬੁਲਾਉਣੀ ਹੈ, ਉਸ ਲਈ ਪੰਜਾਬ ਦੀਆਂ ਦੂਜੀਆਂ ਰਾਜਨੀਤਕ ਪਾਰਟੀਆਂ, ਕਿਸਾਨ ਜਥੇਬੰਦੀਆਂ ਅਤੇ ਹੋਰ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੇ ਸੰਗਠਨਾਂ ਦੇ ਆਗੂਆਂ ਨੂੰ ਵੀ ਪ੍ਰਸਤਾਵਿਤ ਅਗਲੀ ਮੀਟਿੰਗ ਵਿਚ ਸ਼ਾਮਿਲ ਹੋਣ ਲਈ ਸੱਦਾ ਦੇਣਾ ਚਾਹੀਦਾ ਹੈ। ਇਸ ਨੂੰ ਸਮੂਹ ਪੰਜਾਬੀਆਂ ਦਾ ਮਸਲਾ ਬਣਾ ਕੇ ਪੇਸ਼ ਕਰਨਾ ਚਾਹੀਦਾ ਹੈ। ਇਸ ਲਈ ਸਮੂਹ ਪੰਜਾਬੀਆਂ ਦੀ ਹੀ ਲਾਮਬੰਦੀ ਕੀਤੀ ਜਾਣੀ ਚਾਹੀਦੀ ਹੈ।

3. ਸਿੱਖ ਬੰਦੀਆਂ ਦੀ ਰਿਹਾਈ ਲਈ ਕੋਈ ਵੀ ਸੰਘਰਸ਼ ਜਾਂ ਲਾਮਬੰਦੀ ਸ਼ੁਰੂ ਕਰਨ ਤੋਂ ਪਹਿਲਾਂ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਕੋਲ ਇਹ ਮੁੱਦਾ ਉਠਾਉਣ ਲਈ ਇਕ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਤੋਂ ਇਸ ਲਈ ਸਮਾਂ ਮੰਗਣਾ ਚਾਹੀਦਾ ਹੈ। ਇਸ ਲਈ ਦੇਸ਼ ਦੀਆਂ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਜਿਹੜੀਆਂ ਕਿ ਅਜਿਹੀ ਮੁਲਾਕਾਤ ਲਈ ਭੂਮਿਕਾ ਨਿਭਾਅ ਸਕਦੀਆਂ ਹਨ, ਉਨ੍ਹਾਂ ਦੀ ਚੋਣ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਤੋਂ ਇਸ ਸੰਬੰਧੀ ਲੋੜੀਂਦਾ ਸਹਿਯੋਗ ਲੈਣ ਕੋਈ ਝਿਜਕ ਨਹੀਂ ਦਿਖਾਉਣੀ ਚਾਹੀਦੀ। ਅਸੀਂ ਸਮਝਦੇ ਹਾਂ ਕਿ ਸਿੱਖ ਭਾਈਚਾਰੇ ਦੀਆਂ ਬੁਹਤ ਸਾਰੀਆਂ ਹਿਤੈਸ਼ੀ ਸ਼ਖ਼ਸੀਅਤਾਂ, ਜਿਨ੍ਹਾਂ ਦੀ ਪ੍ਰਧਾਨ ਮੰਤਰੀ ਤੱਕ ਵੀ ਪਹੁੰਚ ਹੋ ਸਕਦੀ ਹੈ, ਇਸ ਮੁੱਦੇ ਨੂੰ ਹੱਲ ਕਰਵਾਉਣ ਲਈ ਆਪਣੀਆਂ ਸੇਵਾਵਾਂ ਦੇ ਸਕਦੀਆਂ ਹਨ, ਜੇਕਰ ਸ਼?ਰੋਮਣੀ ਕਮੇਟੀ ਇਸ ਸੰਬੰਧੀ ਗੰਭੀਰਤਾ ਨਾਲ ਕੋਸ਼ਿਸ਼ ਕਰੇ।

4. ਜੇਕਰ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਕੋਸ਼ਿਸ਼ ਦੇ ਬਾਵਜੂਦ ਪ੍ਰਧਾਨ ਮੰਤਰੀ ਨਾਲ ਅਜਿਹੀ ਮੁਲਾਕਾਤ ਲਈ ਸਮਾਂ ਨਹੀਂ ਮਿਲਦਾ ਅਤੇ ਇਹ ਮੁੱਦਾ ਕੇਂਦਰ ਸਰਕਾਰ ਨਾਲ ਉਠਾਉਣ ਦੇ ਸਾਰੇ ਯਤਨ ਅਸਫਲ ਹੁੰਦੇ ਹਨ ਤਾਂ ਫਿਰ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪ੍ਰਧਾਨ ਮੰਤਰੀ ਦੇ ਨਾਂਅ ਇਕ ਖੁੱਲ੍ਹਾ ਪੱਤਰ ਲਿੱਖਣਾ ਚਾਹੀਦਾ ਹੈ, ਜਿਸ ਵਿਚ 80ਵਿਆਂ ਵਿਚ ਪੰਜਾਬ ਨਾਲ ਹੋਈਆਂ ਬੇਇਨਸਾਫ਼ੀਆਂ ਅਤੇ ਉਨ੍ਹਾਂ ਦੇ ਪ੍ਰਤੀਕਰਮ ਵਜੋਂ ਆਰੰਭ ਹੋਏ ਧਰਮ ਯੁੱਧ ਮੋਰਚੇ ਅਤੇ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਪ੍ਰਤੀ ਉਸ ਸਮੇਂ ਦੀ ਕਾਂਗਰਸ ਪਾਰਟੀ ਦੀ ਸ੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਵਲੋਂ ਕੋਈ ਸਾਰਥਿਕ ਹੁੰਗਾਰਾ ਨਾ ਭਰਨ ਕਾਰਨ ਹਾਲਾਤ ਵਿਗੜਨ ਦਾ ਵੇਰਵਾ ਦੇ ਕੇ ਇਹ ਦੱਸਣਾ ਚਾਹੀਦਾ ਹੈ ਕਿ ਪੰਥ ਤੇ ਪੰਜਾਬ ਨਾਲ ਕੀਤੀਆਂ ਗਈਆਂ ਘੋਰ ਬੇਇਨਸਾਫੀਆਂ ਕਰਕੇ ਹੀ ਧਰਮ ਯੁੱਧ ਮੋਰਚਾ ਸ਼ੁਰੂ ਹੋਇਆ ਸੀ ਅਤੇ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਵੱਲ ਸਰਕਾਰ ਵਲੋਂ ਧਿਆਨ ਨਾ ਦਿੱਤੇ ਜਾਣ ਕਾਰਨ ਰਾਜ ਵਿਚ ਹਿੰਸਾ ਦੀ ਸ਼ੁਰੂਆਤ ਹੋਈ, ਜਿਸ ਦਾ ਸਿੱਟਾ ਆਪ੍ਰੇਸ਼ਨ ਬਲਿਊ ਸਟਾਰ, ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਅਤੇ ਉਸ ਤੋਂ ਬਾਅਦ ਸਿੱਖ ਵਿਰੋਧੀ ਹਿੰਸਾ ਦੇ ਰੂਪ ਵਿਚ ਨਿਕਲਿਆ। ਇਸ ਲਈ ਮੁੱਖ ਤੌਰ ’ਤੇ ਉਸ ਸਮੇਂ ਦੀ ਕੇਂਦਰੀ ਸਰਕਾਰ ਜ਼ਿੰਮੇਵਾਰ ਸੀ। ਸਿੱਖ ਭਾਈਚਾਰੇ ਅਤੇ ਕਾਂਗਰਸ ਵਿਚਕਾਰ ਇਸ ਟਕਰਾਅ ਨੇ ਪੰਜਾਬ ਲਈ ਅਤੇ ਦੇਸ਼ ਲਈ ਬੜੀਆਂ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਕੀਤੀਆਂ ਸਨ, ਜਿਸ ਦੇ ਸਿੱਖ ਭਾਈਚਾਰੇ ਦੇ ਨਾਲ-ਨਾਲ ਸਮੁੱਚੇ ਦੇਸ਼ ਨੂੰ ਵੱਡੇ ਨੁਕਸਾਨ ਹੋਏ। ਹੁਣ ਦੇਸ਼ ਵਿਚ ਜਦੋਂ ਕਿ ਪਿਛਲੇ ਲਗਭਗ 10 ਸਾਲਾਂ ਤੋਂ ਭਾਜਪਾ ਸੱਤਾਧਾਰੀ ਹੈ, ਤਾਂ ਉਸ ਨੂੰ ਸਿੱਖ ਭਾਈਚਾਰੇ, ਜਿਸ ਦਾ ਦੇਸ਼ ਦੀ ਆਜ਼ਾਦੀ ਵਿਚ ਅਹਿਮ ਰੋਲ ਰਿਹਾ ਹੈ, ਉਸ ਵਲੋਂ ਕਾਂਗਰਸ ਪਾਰਟੀ ਦੀਆਂ ਉਸ ਸਮੇਂ ਦੀਆਂ ਸਰਕਾਰਾਂ ਵਰਗਾ ਵਰਤਾਓ ਨਹੀਂ ਕਰਨਾ ਚਾਹੀਦਾ।

ਦੇਸ਼ ਦੇ ਹਿਤ ਮੰਗ ਕਰਦੇ ਹਨ ਕਿ ਪਿਛਲੀਆਂ ਗ਼ਲਤੀਆਂ ਤੋਂ ਸਿੱਖਦਿਆਂ ਹੋਇਆਂ ਭਾਜਪਾ ਅਤੇ ਉਸ ਦੀ ਸਰਕਾਰ ਅਜਿਹੇ ਹਾਲਾਤ ਪੈਦਾ ਨਾ ਕਰੇ, ਜਿਸ ਨਾਲ ਸਿੱਖ ਭਾਈਚਾਰਾ ਦੇਸ਼ ਦੀ ਮੁੱਖਧਾਰਾ ਤੋਂ ਦੂਰ ਜਾਵੇ ਅਤੇ ਪੰਜਾਬ ਵਰਗੇ ਸਰਹੱਦੀ ਪ੍ਰਾਂਤ ਵਿਚ, ਵਿਦੇਸ਼ੀ ਤਾਕਤਾਂ ਪੈਦਾ ਹੋਣ ਵਾਲੀ ਇਸ ਬੇਗਾਨਗੀ ਦਾ ਲਾਭ ਉਠਾ ਕੇ ਪੰਜਾਬ ਅਤੇ ਦੇਸ਼ ਲਈ ਨਵੀਆਂ ਸਮੱਸਿਆਵਾਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕਰਨ। ਦੇਸ਼ ਦੀ, ਪੰਜਾਬ ਦੀ ਅਤੇ ਸਿੱਖ ਭਾਈਚਾਰੇ ਦੀ ਬਿਹਤਰੀ ਇਸੇ ਗੱਲ ਵਿਚ ਹੈ ਕਿ ਦੇਸ਼ ਵਿਚ ਹਰ ਪੱਧਰ ’ਤੇ ਸਿੱਖ ਭਾਈਚਾਰੇ ਨੂੰ ਸੰਵਿਧਾਨ ਅਤੇ ਕਾਨੂੰਨ ਦੇ ਮੁਤਾਬਿਕ ਬਰਾਬਰ ਦੇ ਹੱਕ ਅਤੇ ਇਨਸਾਫ਼ ਮਿਲੇ।

ਇਸ ਤੋਂ ਬਾਅਦ ਵੀ ਜੇਕਰ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਬੰਧਿਤ ਹੋਰ ਸੰਗਠਨਾਂ ਨੂੰ ਇਸ ਮੁੱਦੇ ’ਤੇ ਕੋਈ ਸਫਲਤਾ ਨਹੀਂ ਮਿਲਦੀ, ਤਾਂ ਆਖਰੀ ਹਥਿਆਰ ਅਤੇ ਯਤਨ ਵਜੋਂ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਹ ਮੁੱਦਾ ਪੰਜਾਬ ਅਤੇ ਦੇਸ਼ ਦੇ ਸਮੂਹ ਲੋਕਾਂ ਦੇ ਸਾਹਮਣੇ ਰੱਖਣਾ ਚਾਹੀਦਾ ਹੈ ਤੇ ਇਸ ਲਈ ਇਕ ਸਾਂਝੀ ਕਮੇਟੀ ਬਣਾ ਕੇ ਪੁਰਅਮਨ ਸੰਘਰਸ਼ ਦੀ ਠੋਸ ਯੋਜਨਾ ਉਲੀਕਣੀ ਚਾਹੀਦੀ ਹੈ। ਜੇਕਰ ਸਮੇਂ ਦੀਆਂ ਸਰਕਾਰਾਂ ਕਿਸੇ ਭਾਈਚਾਰੇ ਜਾਂ ਲੋਕਾਂ ਦੇ ਕਿਸੇ ਵਰਗ ਦੀ ਗੱਲ ਨਹੀਂ ਸੁਣਦੀਆਂ ਤਾਂ ਪੁਰਅਮਨ ਸੰਘਰਸ਼ ਕਰਨਾ ਉਨ੍ਹਾਂ ਦਾ ਹੱਕ ਹੈ ਤੇ ਇਸ ਹੱਕ ਦਾ ਇਸਤੇਮਾਲ ਕਰਨਾ ਸਿੱਖ ਭਾਈਚਾਰਾ ਚੰਗੀ ਤਰ੍ਹਾਂ ਜਾਣਦਾ ਵੀ ਹੈ।



ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਮੰਗ ਪੱਤਰ ਦਿੰਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਕਾਰਜਕਾਰਨੀ ਦੇ ਹੋਰ ਮੈਂਬਰ



# ਇਤਿਹਾਸਕ ਦਿਹਾੜਿਆਂ ਦੀਆਂ ਤਰੀਕਾਂ ਬਾਰੇ ਭੰਬਲਭੂਸਾ



ਸਰਵਜੀਤ ਸਿੰਘ
ਸੈਕਰਾਮੈਂਟੋ
lsarbjits@gmail.com

ਸ. ਹਰਜਿੰਦਰ ਸਿੰਘ ਧਾਮੀ ਜੀ,
ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।
ਵਿਸ਼ਾ:- **ਇਤਿਹਾਸਕ ਦਿਹਾੜਿਆਂ ਦੀਆਂ ਤਰੀਕਾਂ ਬਾਰੇ ਭੰਬਲਭੂਸਾ**

ਸ. ਹਰਜਿੰਦਰ ਸਿੰਘ ਧਾਮੀ ਜੀ, ਜਿਵੇ ਆਪ ਜੀ ਜਾਣਦੇ ਹੀ ਹੋ ਕਿ ਪਿਛਲੇ ਡੇੜ ਦਹਾਕੇ ਤੋਂ ਕੌਮ ਵਿੱਚ ਇਤਿਹਾਸਕ ਦਿਹਾੜਿਆਂ ਨੂੰ ਮਨਾਉਣ ਸਬੰਧੀ ਭੰਬਲਭੂਸਾ ਬਣਿਆ ਹੋਇਆ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਮਿਲਗੋਭਾ ਕੈਲੰਡਰ ਦੀ ਪੜਤਾਲ ਕਰਨ ਤੇ ਇਹ ਜਾਣਕਾਰੀ ਮਿਲਦੀ ਹੈ ਕਿ, ਇਹ ਕੈਲੰਡਰ ਸੂਰਜੀ ਬਿਕ੍ਰਮੀ, ਦ੍ਰਿਕਗਿਣਤ ਸਿਧਾਂਤ ਮੁਤਾਬਕ ਛਾਪਿਆ ਜਾਂਦਾ ਹੈ। ਵਿਦਵਾਨਾਂ ਵੱਲੋਂ ਇਸ ਕੈਲੰਡਰ ਦੇ ਸਾਲ ਦੀ ਲੰਬਾਈ 365.2563 ਦਿਨ ਮੰਨੀ ਗਈ ਹੈ। ਇਸ ਕੈਲੰਡਰ ਦਾ ਨਾਮ ਨਾਨਕਸ਼ਾਹੀ ਕੈਲੰਡਰ ਰੱਖਿਆ ਗਿਆ ਹੈ। ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ 365.2425 ਦਿਨ ਮੰਨੀ ਗਈ ਹੈ। ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਚੰਦ ਦੇ ਕੈਲੰਡਰ ਮੁਤਾਬਕ ਨਿਰਧਾਰਤ ਕੀਤੇ ਜਾਂਦੇ ਹਨ। ਜਿਸ ਦੇ ਆਮ ਸਾਲ ਦੀ ਲੰਬਾਈ 354.37 ਦਿਨ ਮੰਨੀ ਅਤੇ ਮਾੜਾ ਮਹੀਨਾ (ਮਲਮਾਸ) ਆਉਣ ਕਾਰਨ ਤੀਜੇ-ਚੌਥੇ ਸਾਲ ਦੀ ਲੰਬਾਈ 384 ਦਿਨ ਹੋ ਜਾਂਦੀ ਹੈ। ਜਿਸ ਕਾਰਨ ਹਰ ਸਾਲ ਹਰ ਦਿਹਾੜੇ ਦਾ ਪ੍ਰਵਿਸ਼ਟਾ ਬਦਲ ਜਾਂਦਾ ਹੈ।

ਪ੍ਰਧਾਨ ਜੀ, ਕੀ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ, ਸੈਕੜਿਆਂ ਦੀ ਗਿਣਤੀ ਵਿੱਚ ਪ੍ਰਚਾਰਕਾਂ ਅਤੇ ਸਿੱਖ ਇਤਿਹਾਸ ਖੋਜ ਬੋਰਡ ਦੇ ਖੋਜੀ ਵਿਦਵਾਨਾਂ ਨੂੰ ਇਸ ਮਸਲੇ ਬਾਰੇ ਜਾਣਕਾਰੀ ਨਹੀਂ ਹੈ ਜਾਂ ਉਨ੍ਹਾਂ ਤੋਂ ਸਲਾਹ ਹੀ ਨਹੀਂ ਲਈ ਜਾਂਦੀ? ਸਵਾਲ ਪੈਦਾ ਹੁੰਦਾ ਹੈ ਕਿ ਅਜੇਹੇ ਮਹੱਤਵ ਪੂਰਨ ਫੈਸਲੇ ਕੌਣ ਕਰਦਾ ਹੈ? ਇਹ ਹਾਸੋਂ ਹੀਣੀ ਸਥਿਤੀ ਪੈਦਾ ਕਰਨ ਲਈ ਸਿੱਧੇ ਤੌਰ 'ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਜਿੰਮੇਵਾਰ ਹੈ। ਇਸ ਦੇ ਪ੍ਰਧਾਨ ਹੋਣ ਦੇ ਨਾਤੇ ਆਪ ਜੀ ਕੌਮ ਨੂੰ ਜਵਾਬ ਦੇਹ ਹੋ।

ਪ੍ਰਧਾਨ ਜੀ, ਇਥੇ ਇਹ ਨੁਕਤਾ ਵੀ ਧਿਆਨ 'ਚ ਰੱਖਣਾ ਬਹੁਤ ਜ਼ਰੂਰੀ ਹੈ ਕਿ ਸ਼੍ਰੋਮਣੀ ਕਮੇਟੀ, ਸਾਲ ਦੀ ਜਿਸ ਲੰਬਾਈ ਮੁਤਾਬਕ (365.2563 ਦਿਨ) ਅੱਜ ਕੈਲੰਡਰ ਛਾਪਦੀ ਹੈ, ਇਹ ਲੰਬਾਈ ਨਵੰਬਰ 1964 ਈ: ਵਿੱਚ ਵਿਦਵਾਨਾਂ ਵੱਲੋਂ ਨਿਰਧਾਰਤ ਕੀਤੀ ਗਈ ਸੀ। ਇਸ ਤੋਂ ਪਹਿਲਾ ਗੁਰੂ ਕਾਲ ਤੋਂ ਚਲੇ ਆ ਰਹੇ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਮੰਨੀ ਜਾਂਦੀ ਸੀ। ਹੁਣ ਜਦੋਂ ਸਾਰੀ ਦੁਨੀਆਂ ਮੰਨਦੀ ਹੈ ਕਿ ਕੁਦਰਤ ਦੇ ਨਿਯਮ ਦੇ ਨਿਯਮ ਮੁਤਾਬਕ ਧਰਤੀ, 365.2422 ਦਿਨਾਂ ਵਿੱਚ ਸੂਰਜ ਦੀ ਪ੍ਰਕਰਮਾ ਪੂਰੀ ਕਰ ਲੈਂਦੀ ਹੈ ਤਾਂ ਸ਼੍ਰੋਮਣੀ ਕਮੇਟੀ ਦੀ ਕੀ ਮਜ਼ਬੂਰੀ ਹੈ ਕਿ ਉਹ ਆਪਣੇ ਕੈਲੰਡਰ ਦੇ ਸਾਲ ਦੀ ਲੰਬਾਈ ਕੁਦਰਤ ਦੇ ਨਿਯਮ ਮੁਤਾਬਕ ਨਿਰਧਾਰਤ ਨਹੀਂ ਕਰਨਾ ਚਾਹੁੰਦੀ? ਸਾਲ ਦੀ ਇਸੇ ਲੰਬਾਈ (365.2422 ਦਿਨ) ਮੁਤਾਬਕ ਹੀ, ਇਸ ਧਰਤੀ ਉੱਪਰ ਰੁੱਤਾਂ ਆਉਂਦੀਆਂ-ਜਾਂਦੀਆਂ ਹਨ। ਇਸ ਧਰਤੀ ਉੱਪਰ ਦਿਨ-ਰਾਤ ਦਾ ਬਰਾਬਰ ਹੋਣਾ ਆਦਿ, ਸਭ ਇਸੇ ਲੰਬਾਈ ਮੁਤਾਬਕ ਹੀ ਹੋ ਰਿਹਾ ਹੈ। ਇਕ ਅਕਾਲ ਪੁਰਖ ਨੂੰ ਮੰਨਣ ਵਾਲੀ ਕੌਮ ਦੇ ਮੌਜੂਦਾ ਮੁਖੀ, ਅਕਾਲ ਪੁਰਖ ਦੇ ਨਿਯਮਾਂ ਤੋਂ ਆਕੀ ਕਿਉ ਹਨ?

ਪ੍ਰਧਾਨ ਜੀ, ਪਿਛਲੇ ਲੰਮੇ ਸਮੇ ਤੋਂ ਸ਼ ?ਰੋਮਣੀ ਕਮੇਟੀ ਵੱਲੋਂ ਅਪਣਾਏ ਗਏ ਗੈਰ ਜਿੰਮੇਵਾਰ ਵਤੀਰੇ ਨੂੰ ਸਮਝਣ ਲਈ ਇਕ ਉਦਾਹਰਣ ਦੇਣੀ ਜਰੂਰੀ ਸਮਝਦਾ ਹਾਂ। ਸਿੱਖ ਕੌਮ ਦੇ ਕੇਂਦਰੀ ਧੁਰੇ ਸ਼੍ਰੀ ਅਕਾਲ ਤਖਤ ਸਾਹਿਬ ਜੀ ਦਾ ਸਿਰਜਣਾ ਦਿਵਸ ਅਤੇ ਮੀਰੀ-ਪੀਰੀ ਦਿਵਸ ਦੇ ਇਤਿਹਾਸਕ ਦਿਹਾੜਿਆਂ ਦੇ ਦਰਜ ਪ੍ਰਵਿਸ਼ਟਿਆਂ ਦੀ ਪੜਤਾਲ ਕਰਨ ਤੇ ਬੜੀ ਹੀ ਅਨੋਖੀ ਤਸਵੀਰ ਸਾਹਮਣੇ ਆਈ ਹੈ।

| ਦਿਹਾੜਾ | ਸੰਮਤ 551 | ਸੰਮਤ 552 | ਸੰਮਤ 553 | ਸੰਮਤ 554 | ਸੰਮਤ 555 |
|---|---|---|---|---|---|
| ਅਕਾਲ ਤਖ਼ਤ ਸਾਹਿਬ ਦਾ ਸਿਰਜਣਾ ਦਿਵਸ | 18 ਹਾੜ | 18 ਹਾੜ | 18 ਹਾੜ | 18 ਹਾੜ | 25 ਜੇਠ |
| ਮੀਰੀ -ਪੀਰੀ ਦਿਹਾੜਾ | 27 ਹਾੜ | 17 ਹਾੜ | 4 ਸਾਵਣ | 25 ਹਾੜ | 14 ਹਾੜ |
| ਫ਼ਰਕ | 9 ਦਿਨ | -1 ਦਿਨ | 17 ਦਿਨ | 7 ਦਿਨ | 20 ਦਿਨ |

ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਗਏ ਸੰਮਤ 551 ਦੇ ਕੈਲੰਡਰ ਮੁਤਾਬਕ ਤਾਂ ਅਕਾਲ ਤਖਤ ਸਾਹਿਬ ਜੀ ਦਾ ਸਿਰਜਣਾ ਦਿਵਸ ਤੋਂ 9 ਦਿਨ ਪਿਛੋਂ ਮੀਰੀ-ਪੀਰੀ ਦਿਹਾੜਾ ਆਇਆ ਸੀ। ਸੰਮਤ 552 ਦੇ ਕੈਲੰਡਰ ਵਿੱਚ ਅਕਾਲ ਤਖਤ ਸਾਹਿਬ ਜੀ ਦਾ ਸਿਰਜਣਾ ਤੋਂ ਇਕ ਦਿਨ ਪਹਿਲਾ ਕਿਵੇਂ ਆ ਗਿਆ? ਮੀਰੀ ਪੀਰੀ ਦੀਆਂ ਦੋ ਤਲਵਾਰਾਂ, ਥੜਾ ਬਣਨ ਤੋਂ ਇਕ ਦਿਨ ਪਹਿਲਾ ਪਹਿਨੀਆਂ ਗਈਆਂ ਸਨ? ਸੰਮਤ 553 ਵਿੱਚ 17 ਦਿਨ ਪਿਛੋਂ, ਸੰਮਤ 554 ਵਿੱਚ 7 ਦਿਨ ਪਿਛੋਂ ਅਤੇ ਸੰਮਤ 555 ਵਿੱਚ 20 ਦਿਨ ਪਿਛੋਂ ਮੀਰੀ-ਪੀਰੀ ਦਾ ਦਿਹਾੜਾ ਮਨਾਇਆ ਗਿਆ ਸੀ। ਦੋਵਾਂ ਦਿਹਾੜਿਆਂ ਵਿਚ ਫ਼ਰਕ ਹਰ ਸਾਲ ਬਦਲ ਕਿਉ ਜਾਂਦਾ ਹੈ? ਜਦੋਂ ਕਿ ਸ਼੍ਰੋਮਣੀ ਕਮੇਟੀ ਹਰ ਸਾਲ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਹੀ ਛਪਦੀ ਹੈ। ਇਥੇ ਇਹ ਨੁਕਤਾ ਵੀ ਧਿਆਨ ਮੰਗਦਾ ਹੈ ਕਿ ਇਸ ਸਾਲ, ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਵਸ ਪਿਛਲੇ ਸਾਲ (ਸੰਮਤ 554) ਤੋਂ 24 ਦਿਨ ਪਹਿਲਾ ਕਿਵੇਂ ਆ ਗਿਆ? 18 ਹਾੜ ਤੋਂ ਬਦਲ ਕੇ ਅਚਾਨਕ 25 ਜੇਠ ਕਿਵੇਂ ਹੋ ਗਿਆ? ਇਹ ਪ੍ਰਵਿਸ਼ਟਾ ਕਿਸ ਦੇ ਕਹਿਣ ਤੇ ਬਦਲਿਆ ਗਿਆ ਹੈ? ਜੇ ਅਜੇ ਵੀ ਨਾ ਸੰਭਲੇ ਤਾਂ, ਮੇਰੇ ਹਿਸਾਬ ਨਾਲ ਅਗਲੇ ਸਾਲ (ਸੰਮਤ 556) ਇਹ ਦਿਹਾੜਾ 13 ਹਾੜ ਨੂੰ, ਭਾਵ 383 ਦਿਨਾਂ ਪਿਛੋਂ ਆਵੇਗਾ, ਜਦੋਂ ਕਿ ਕੁਦਰਤ ਦੇ ਨਿਯਮ ਮੁਤਾਬਕ ਧਰਤੀ ਸੂਰਜ ਦੁਵਾਲੇ ਇਕ ਚੱਕਰ 365 ਦਿਨਾਂ ਵਿੱਚ ਪੂਰਾ ਕਰ ਲਵੇਗੀ। ਅਕਾਲ ਪੁਰਖ ਦੇ ਬਣਾਏ ਨਿਯਮ ਮੁਤਾਬਕ ਸਾਲ ਦੀ ਲੰਬਾਈ ਨੂੰ ਪ੍ਰਵਾਨ ਕਰਨ ਵਿੱਚ ਸ਼੍ਰੋਮਣੀ ਕਮੇਟੀ ਨੂੰ ਕੀ ਦਿੱਕਤ ਹੈ?

ਪ੍ਰਧਾਨ ਜੀ, ਜਦੋਂ ਸ਼੍ਰੋਮਣੀ ਕਮੇਟੀ ਆਪਣਾ ਕੈਲੰਡਰ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ, ਸਾਲ ਦੀ ਲੰਬਾਈ 365.2563 ਦਿਨ) ਛਾਪਦੀ ਹੈ ਤਾਂ ਇਤਿਹਾਸਿਕ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਕਿਉ ਨਹੀਂ ਦਰਜ ਕੀਤੇ ਜਾਂਦੇ? ਸਾਰੇ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਨਿਰਧਾਰਤ ਕਰਨ ਨਾਲ ਗੁਰਮਤਿ ਜਾਂ ਇਤਿਹਾਸ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ? ਜੇ ਦਿਹਾੜੇ ਵਦੀ-ਸੁਦੀ ਮੁਤਾਬਕ ਮਨਾਉਣੇ ਹਨ ਤਾਂ ਕੈਲੰਡਰ ਵੀ ਉਹੀ ਛਾਪੋ, ਜਿਹੜਾ ਪਿਛਲੀ ਸਦੀ 'ਚ ਛਾਪਦੇ ਸੀ। ਮਿਲਗੋਭਾ ਕੈਲੰਡਰ ਛਾਪ ਕੇ ਕੌਮ ਨੂੰ ਗੁੰਮਰਾਹ ਤਾਂ ਨਾ ਕਰੋ। ਦੋ ਬੇੜੀਆਂ 'ਚ ਸਵਾਰੀ ਕਰਕੇ ਕਿਵੇਂ ਪਾਰ ਲੱਗੋਗੇ?

ਸ. ਹਰਜਿੰਦਰ ਸਿੰਘ ਧਾਮੀ ਜੀ, ਅੱਜ ਸਿੱਖ ਕੌਮ ਪੂਰੀ ਦੁਨੀਆਂ ਵਿੱਚ ਫੈਲ ਚੁੱਕੀ ਹੈ। ਸਾਨੂੰ ਵੀ ਸਮੇਂ ਦੇ ਹਾਣੀ ਬਣਨ ਦੀ ਲੋੜ ਹੈ। ਇਸ ਲਈ ਸਾਡੇ ਕੇਂਦਰੀ ਅਸਥਾਨ ਤੋਂ ਕੁਝ ਠੋਸ ਫੈਸਲੇ ਲੈਣ ਦੀ ਸਖ਼ਤ ਜ਼ਰੂਰਤ ਹੈ ਤਾਂ ਜੋ ਦੁਨੀਆਂ ਭਰ ਵਿੱਚ ਸਿੱਖ ਕੌਮ ਦੇ ਮਾਣ-ਸਤਿਕਾਰ ਵਿੱਚ ਵਾਧਾ ਹੋ ਸਕੇ ਅਤੇ ਕੌਮੀ ਅਨੁਸ਼ਾਸਨ ਨੂੰ ਕਾਇਮ ਰੱਖਿਆ ਜਾ ਸਕੇ।

ਨਿਮਰਤਾ ਸਹਿਤ ਬੇਨਤੀ ਹੈ ਕਿ ਨਵੇਂ ਸਾਲ (ਸੰਮਤ 556) ਦਾ ਕੈਲੰਡਰ ਤਿਆਰ ਕਰਨ ਵਿੱਚ ਅਜੇ ਤਿੰਨ ਮਹੀਨੇ ਤੋਂ ਵੱਧ ਦਾ ਸਮਾਂ ਹੈ। ਜੇ ਇੱਛਾ ਸ਼ਕਤੀ ਹੋਵੇ ਤਾਂ ਇਸ ਸਮੇਂ ਦੌਰਾਨ ਕੌਮੀ ਹਿੱਤਾਂ ਨੂੰ ਮੁੱਖ ਰੱਖ ਕੇ ਕੁਝ ਠੋਸ ਫੈਸਲੇ ਲਏ ਜਾ ਸਕਦੇ ਹਨ। ਆਸ ਕਰਦੇ ਹਾਂ ਕਿ ਆਪ ਜੀ, ਆਪਣੇ ਰੁਝੇਵਿਆਂ 'ਚ ਕੁਝ ਸਮਾਂ ਕੱਢ ਕੇ, ਇਸ ਬਹੁਤ ਹੀ ਅਹਿਮ ਮੁੱਦੇ ਵੱਲ ਧਿਆਨ ਜਰੂਰ ਦਿਓਗੇ।

**ਧੰਨਵਾਦ**
**ਸਤਿਕਾਰ ਸਹਿਤ**
**ਸਰਵਜੀਤ ਸਿੰਘ ਸੈਕਰਾਮੈਂਟੋ**
**13 ਮੱਘਰ ਸੰਮਤ 555 ਨਾਨਕਸ਼ਾਹੀ**

# ਜਲਦੀ ਜਾਗਣ ਨਾਲ ਵਿਦਿਆਰਥੀਆਂ ਲਈ ਕਈ ਫਾਇਦੇ ਹੁੰਦੇ ਹਨ





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਸਵੇਰੇ ਜਲਦੀ ਉੱਠਣਾ ਇੱਕ ਅਭਿਆਸ ਹੈ ਜੋ ਇਸਦੇ ਵੱਖ-ਵੱਖ ਲਾਭਾਂ ਲਈ, ਖਾਸ ਕਰਕੇ ਵਿਦਿਆਰਥੀਆਂ ਲਈ ਪੂਰੇ ਇਤਿਹਾਸ ਵਿੱਚ ਮਨਾਇਆ ਜਾਂਦਾ ਹੈ। ਸਵੇਰ ਦੇ ਘੰਟੇ ਇੱਕ ਵਿਲੱਖਣ ਅਤੇ ਸ਼ਾਂਤ ਵਾਤਾਵਰਣ ਦੀ ਪੇਸ਼ਕਸ਼ ਕਰਦੇ ਹਨ ਜੋ ਸ਼ਾਂਤ ਅਤੇ ਫੋਕਸ ਦੀ ਭਾਵਨਾ ਨੂੰ ਉਤਸ਼ਾਹਿਤ ਕਰਦਾ ਹੈ। ਜਿਵੇਂ ਕਿ ਸੰਸਾਰ ਹੌਲੀ-ਹੌਲੀ ਜੀਵਨ ਵਿੱਚ ਆਉਂਦਾ ਹੈ, ਵਿਦਿਆਰਥੀ ਇਸ ਸ਼ਾਂਤਮਈ ਸਮੇਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਲਈ ਲਾਭ ਉਠਾ ਸਕਦੇ ਹਨ ਜੋ ਆਉਣ ਵਾਲੇ ਦਿਨ ਲਈ ਇੱਕ ਸਕਾਰਾਤਮਕ ਟੋਨ ਨਿਰਧਾਰਤ ਕਰਦੀਆਂ ਹਨ। ਭਾਵੇਂ ਇਹ ਅਧਿਐਨ ਕਰਨ ਲਈ ਸਮਾਂ ਸਮਰਪਿਤ ਕਰਨਾ ਹੋਵੇ, ਧਿਆਨ ਜਾਂ ਕਸਰਤ ਵਰਗੇ ਪ੍ਰਤੀਬਿੰਬਤ ਅਭਿਆਸਾਂ ਵਿੱਚ ਸ਼ਾਮਲ ਹੋਣਾ, ਜਾਂ ਸਿਰਫ਼ ਪੌਸ਼ਟਿਕ ਨਾਸ਼ਤੇ ਦਾ ਆਨੰਦ ਲੈਣਾ ਹੈ, ਜਲਦੀ ਉੱਠਣਾ ਵਿਦਿਆਰਥੀਆਂ ਨੂੰ ਇੱਕ ਰੁਟੀਨ ਸਥਾਪਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਜੋ ਉਹਨਾਂ ਦੀ ਸਮੁੱਚੀ ਤੰਦਰੁਸਤੀ ਅਤੇ ਉਤਪਾਦਕਤਾ ਨੂੰ ਵਧਾ ਸਕਦਾ ਹੈ। ਇਸ ਤੋਂ ਇਲਾਵਾ, ਸਵੇਰ ਦਾ ਸਮਾਂ ਇੱਕ ਕੀਮਤੀ ਵਸਤੂ ਪ੍ਰਦਾਨ ਕਰਦਾ ਹੈ ਜੋ ਅੱਜ ਦੇ ਤੇਜ਼-ਰਫ਼ਤਾਰ ਸੰਸਾਰ ਵਿੱਚ ਅਕਸਰ ਦੁਰਲੱਭ ਹੁੰਦਾ ਹੈ - ਸਮਾਂ। ਜਲਦੀ ਜਾਗਣ ਨਾਲ, ਵਿਦਿਆਰਥੀ ਕੰਮਾਂ ਨੂੰ ਤਰਜੀਹ ਦੇਣ, ਟੀਚੇ ਨਿਰਧਾਰਤ ਕਰਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਯੋਜਨਾ ਬਣਾਉਣ ਲਈ ਆਪਣੇ ਦਿਨ ਵਿੱਚ ਵਾਧੂ ਪਲ ਬਣਾ ਸਕਦੇ ਹਨ। ਇਹ ਕਿਰਿਆਸ਼ੀਲ ਪਹੁੰਚ ਸਮੇਂ ਦੀ ਵਧੇਰੇ ਜਾਣਬੁੱਝ ਕੇ ਵਰਤੋਂ ਕਰਨ ਦੀ ਇਜਾਜ਼ਤ ਦਿੰਦੀ ਹੈ, ਵਿਦਿਆਰਥੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਵਧੇਰੇ ਕੁਸ਼ਲਤਾ ਨਾਲ ਸੰਭਾਲਣ ਦੇ ਯੋਗ ਬਣਾਉਂਦਾ ਹੈ। ਜਲਦੀ ਉੱਠਣਾ ਇੱਕ ਚੁਣੌਤੀ ਹੋ ਸਕਦਾ ਹੈ, ਖਾਸ ਕਰਕੇ ਕਿਸ਼ੋਰਾਂ ਲਈ, ਪਰ ਆਪਣੇ ਦਿਨ ਦੀ ਛੁੱਟੀ ਜਲਦੀ ਸ਼ੁਰੂ ਕਰਨ ਦੇ ਬਹੁਤ ਸਾਰੇ ਫਾਇਦੇ ਹਨ। ਇੱਥੇ ਸਿਖਰਲੇ 10 ਲਾਭ ਹਨ ਕਿ ਵਿਦਿਆਰਥੀਆਂ ਨੂੰ ਸਵੇਰੇ ਜਲਦੀ ਕਿਉਂ ਉੱਠਣਾ ਚਾਹੀਦਾ ਹੈ: ਅਕਾਦਮਿਕ ਪ੍ਰਦਰਸ਼ਨ ਵਿੱਚ ਸੁਧਾਰ ਜਲਦੀ ਉੱਠਣ ਵਾਲੇ ਅਕਸਰ ਇਹ ਦੇਖਦੇ ਹਨ ਕਿ ਉਹ ਸਵੇਰ ਵੇਲੇ ਵਧੇਰੇ ਸੁਚੇਤ ਅਤੇ ਕੇਂਦਰਿਤ ਹੁੰਦੇ ਹਨ, ਜੋ ਅਕਾਦਮਿਕ ਪ੍ਰਦਰਸ਼ਨ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦਾ ਹੈ। ਇਹ ਵਧੀ ਹੋਈ ਸੁਚੇਤਤਾ ਕਲਾਸਾਂ ਦੌਰਾਨ ਅਤੇ ਪੜ੍ਹਾਈ ਦੌਰਾਨ ਬਿਹਤਰ ਇਕਾਗਰਤਾ ਦੀ ਅਗਵਾਈ ਕਰ ਸਕਦੀ ਹੈ। ਇੱਕ ਰੁਟੀਨ ਸਥਾਪਤ ਕਰਨਾ ਜਲਦੀ ਜਾਗਣ ਨਾਲ ਇੱਕ ਨਿਰੰਤਰ ਰੋਜ਼ਾਨਾ ਰੁਟੀਨ ਸਥਾਪਤ ਕਰਨ ਵਿੱਚ ਮਦਦ ਮਿਲਦੀ ਹੈ। ਇੱਕ ਢਾਂਚਾਗਤ ਰੁਟੀਨ ਬਿਹਤਰ ਸਮਾਂ ਪ੍ਰਬੰਧਨ ਵਿੱਚ ਯੋਗਦਾਨ ਪਾ ਸਕਦਾ ਹੈ, ਵਿਦਿਆਰਥੀਆਂ ਨੂੰ ਉਹਨਾਂ ਦੀਆਂ ਅਕਾਦਮਿਕ ਅਤੇ ਨਿੱਜੀ ਜ਼ਿੰਮੇਵਾਰੀਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸੰਤੁਲਿਤ ਕਰਨ ਵਿੱਚ ਮਦਦ ਕਰਦਾ ਹੈ। ਉਤਪਾਦਕਤਾ ਵਿੱਚ ਵਾਧਾ ਸਵੇਰ ਅਕਸਰ ਸ਼ਾਂਤ ਅਤੇ ਘੱਟ ਧਿਆਨ ਭਟਕਾਉਣ ਵਾਲੀ ਹੁੰਦੀ ਹੈ, ਜੋ ਕੇਂਦ੍ਰਿਤ ਕੰਮ ਲਈ ਇੱਕ ਆਦਰਸ਼ ਵਾਤਾਵਰਣ ਪ੍ਰਦਾਨ ਕਰਦੀ ਹੈ। ਇਸ ਨਾਲ ਉਤਪਾਦਕਤਾ ਵਿੱਚ ਵਾਧਾ ਹੋ ਸਕਦਾ ਹੈ ਕਿਉਂਕਿ ਵਿਦਿਆਰਥੀ ਬਿਨਾਂ ਕਿਸੇ ਰੁਕਾਵਟ ਦੇ ਮਹੱਤਵਪੂਰਨ ਕੰਮਾਂ ਨਾਲ ਨਜਿੱਠ ਸਕਦੇ ਹਨ ਜਿਨ੍ਹਾਂ ਦਾ ਉਨ੍ਹਾਂ ਨੂੰ ਦਿਨ ਵਿੱਚ ਸਾਹਮਣਾ ਕਰਨਾ ਪੈ ਸਕਦਾ ਹੈ। ਬਿਹਤਰ ਮਾਨਸਿਕ ਸਿਹਤ ਸਵੇਰ ਦੀ ਰੁਟੀਨ ਦੀ ਸਥਾਪਨਾ ਕਰਨਾ ਜਿਸ ਵਿੱਚ ਕਸਰਤ ਜਾਂ ਧਿਆਨ ਦੇਣ ਵਰਗੀਆਂ ਗਤੀਵਿਧੀਆਂ ਸ਼ਾਮਲ ਹੁੰਦੀਆਂ ਹਨ, ਮਾਨਸਿਕ ਸਿਹਤ 'ਤੇ ਸਕਾਰਾਤਮਕ ਪ੍ਰਭਾਵ ਪਾ ਸਕਦੀਆਂ ਹਨ। ਸਵੇਰੇ ਨਿਯਮਤ ਕਸਰਤ, ਉਦਾਹਰਨ ਲਈ, ਤਣਾਅ ਘਟਾਉਣ ਅਤੇ ਮੂਡ ਵਿੱਚ ਸੁਧਾਰ ਨਾਲ ਜੋੜਿਆ ਗਿਆ ਹੈ। ਵਧਿਆ ਸਮਾਂ ਪ੍ਰਬੰਧਨ ਸਵੇਰੇ ਜਲਦੀ ਉੱਠਣਾ ਵਿਦਿਆਰਥੀਆਂ ਨੂੰ ਆਪਣੇ ਦਿਨ ਦੀ ਯੋਜਨਾ ਬਣਾਉਣ, ਆਪਣੇ ਕੰਮਾਂ ਨੂੰ ਵਿਵਸਥਿਤ ਕਰਨ, ਅਤੇ ਤਰਜੀਹਾਂ ਨਿਰਧਾਰਤ ਕਰਨ ਲਈ ਸਵੇਰੇ ਵਾਧੂ ਸਮਾਂ ਪ੍ਰਦਾਨ ਕਰਦਾ ਹੈ। ਸਮਾਂ ਪ੍ਰਬੰਧਨ ਲਈ ਇਹ ਕਿਰਿਆਸ਼ੀਲ ਪਹੁੰਚ ਇੱਕ ਵਧੇਰੇ ਸਫਲ ਅਤੇ ਘੱਟ ਤਣਾਅਪੂਰਨ ਅਕਾਦਮਿਕ ਅਨੁਭਵ ਵੱਲ ਲੈ ਜਾ ਸਕਦੀ ਹੈ। ਸਰਵੋਤਮ ਦਿਮਾਗ ਫੰਕਸ਼ਨ ਖੋਜ ਸੁਝਾਅ ਦਿੰਦੀ ਹੈ ਕਿ ਦਿਮਾਗ ਦਿਨ ਦੇ ਸ਼ੁਰੂਆਤੀ ਘੰਟਿਆਂ ਦੌਰਾਨ ਆਪਣੇ ਵਧੀਆ ਢੰਗ ਨਾਲ ਕੰਮ ਕਰਦਾ ਹੈ। ਜਲਦੀ ਜਾਗਣ ਨਾਲ, ਵਿਦਿਆਰਥੀ ਅਜਿਹੇ ਕਾਰਜਾਂ ਲਈ ਸਰਵੋਤਮ ਦਿਮਾਗੀ ਕਾਰਜ ਦੀ ਇਸ ਮਿਆਦ ਨੂੰ ਵਰਤਣ ਦੇ ਯੋਗ ਹੋ ਸਕਦੇ ਹਨ ਜਿਨ੍ਹਾਂ ਲਈ ਗੰਭੀਰ ਸੋਚ ਅਤੇ ਸਮੱਸਿਆ ਹੱਲ ਕਰਨ ਦੀ ਲੋੜ ਹੁੰਦੀ ਹੈ। ਸਰੀਰਕ ਸਿਹਤ ਵਿੱਚ ਸੁਧਾਰ ਹੋਇਆ ਜਲਦੀ ਉੱਠਣ ਵਾਲੇ ਨਿਯਮਤ ਕਸਰਤ ਵਿੱਚ ਸ਼ਾਮਲ ਹੋਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ, ਜੋ ਸਮੁੱਚੀ ਸਰੀਰਕ ਸਿਹਤ ਵਿੱਚ ਯੋਗਦਾਨ ਪਾਉਂਦਾ ਹੈ। ਸਵੇਰ ਦੀ ਕਸਰਤ ਬਿਹਤਰ ਤੰਦਰੁਸਤੀ ਦੇ ਪੱਧਰਾਂ, ਭਾਰ ਪ੍ਰਬੰਧਨ, ਅਤੇ ਵੱਖ-ਵੱਖ ਸਿਹਤ ਸਮੱਸਿਆਵਾਂ ਦੇ ਘੱਟ ਜੋਖਮ ਨਾਲ ਜੁੜੀ ਹੋਈ ਹੈ। ਕੁਦਰਤੀ ਰੌਸ਼ਨੀ ਦਾ ਵਧਿਆ ਹੋਇਆ ਐਕਸਪੋਜਰ ਸਵੇਰ ਵੇਲੇ ਕੁਦਰਤੀ ਰੌਸ਼ਨੀ ਦਾ ਸੰਪਰਕ ਸਰੀਰ ਦੀ ਅੰਦਰੂਨੀ ਘੜੀ ਨੂੰ ਨਿਯੰਤ੍ਰਿਤ ਕਰ ਸਕਦਾ ਹੈ, ਜਿਸਨੂੰ ਸਰਕੇਡੀਅਨ ਰਿਦਮ ਕਿਹਾ ਜਾਂਦਾ ਹੈ। ਇਹ ਇੱਕ ਸਿਹਤਮੰਦ ਨੀਂਦ-ਜਾਗਣ ਦੇ ਚੱਕਰ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ, ਸੰਭਾਵੀ ਤੌਰ 'ਤੇ ਨੀਂਦ ਦੀ ਗੁਣਵੱਤਾ ਅਤੇ ਸਮੁੱਚੀ ਤੰਦਰੁਸਤੀ ਵਿੱਚ ਸੁਧਾਰ ਕਰਦਾ ਹੈ। ਬਿਹਤਰ ਨੀਂਦ ਦੀ ਗੁਣਵੱਤਾ ਜਲਦੀ ਉੱਠਣਾ ਅਕਸਰ ਪਹਿਲਾਂ ਸੌਣ ਨਾਲ ਜੁੜਿਆ ਹੁੰਦਾ ਹੈ, ਜੋ ਹੋ ਸਕਦਾ ਹੈਬਿਹਤਰ ਨੀਂਦ ਦੀ ਗੁਣਵੱਤਾ ਵਿੱਚ ਯੋਗਦਾਨ ਪਾਉਂਦਾ ਹੈ। ਚੰਗੀ ਸਰੀਰਕ ਅਤੇ ਮਾਨਸਿਕ ਸਿਹਤ ਬਣਾਈ ਰੱਖਣ ਲਈ ਇਕਸਾਰ ਨੀਂਦ ਦਾ ਸਮਾਂ ਬਹੁਤ ਜ਼ਰੂਰੀ ਹੈ। ਨਿੱਜੀ ਵਿਕਾਸ ਲਈ ਮੌਕਾ ਸਵੇਰ ਦਾ ਸਮਾਂ ਨਿੱਜੀ ਵਿਕਾਸ ਦੀਆਂ ਗਤੀਵਿਧੀਆਂ ਜਿਵੇਂ ਕਿ ਪੜ੍ਹਨ, ਪ੍ਰਤੀਬਿੰਬ, ਜਾਂ ਸ਼ੌਕ ਨੂੰ ਪੂਰਾ ਕਰਨ ਲਈ ਇੱਕ ਸ਼ਾਂਤ ਅਤੇ ਬੇਰੋਕ ਸਮਾਂ ਪ੍ਰਦਾਨ ਕਰਦਾ ਹੈ। ਇਹ ਸਮਰਪਿਤ ਸਮਾਂ ਨਿੱਜੀ ਵਿਕਾਸ ਅਤੇ ਸਵੈ-ਸੁਧਾਰ ਵਿੱਚ ਯੋਗਦਾਨ ਪਾ ਸਕਦਾ ਹੈ।

# ਗੁਰੂ ਨਾਨਕ ਦਾ ਅਸਲੀ ਗੁਰਪੁਰਬ ਦਿਹਾੜਾ ਕਿਹੜਾ ?

ਸਾਰੇ ਸਿੱਖ ਸਮਾਜ ਨੇ, ਦਿੱਲੀ ਅਤੇ ਅੰਮ੍ਰਿਤਸਰ ਕਮੇਟੀ ਨੇ, ਟੀ.ਵੀ ਅਤੇ ਰੇਡੀਓ ਵਾਲਿਆਂ ਨੇ, ਬਾਹਰਲੇ ਮੁਲਕਾਂ ਵਾਲੇ ਗੁਰਦਵਾਰਿਆਂ ਤੇ ਸੱਜਣਾਂ ਮਿਤਰਾਂ ਅਤੇ ਨਾ-ਵਾਕਫ ਲੋਕਾਂ ਨੇ ਵੀ ਇਕ ਦੂਜੇ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਅਤਸ਼ਬਾਜ਼ੀ ਚਲਾਈ ਗਈ, ਵਾਤਾਵਰਣ ਪ੍ਰਦੂਸ਼ਤ ਕੀਤਾ ਗਿਆ, ਅਖੰਡ-ਪਾਠ ਖੋਲ੍ਹੇ ਗਏ, ਕੀਤੇ ਗਏ ਅਤੇ ਕਰਾਏ ਗਏ, ਹੋਰ ਲੁੱਟ ਲਈ ਸੰਪਟ-ਪਾਠ ਵੀ ਕੀਤੇ ਗਏ, ਪ੍ਰਸ਼ਾਦ ਵੰਡਿਆ ਗਿਆ ਤੇ ਖਾਧਾ ਗਿਆ, ਲੰਗਰ ਲਾਏ ਗਏ ਤੇ ਖਾਧੇ ਗਏ, ਟਕਸਾਲੀਆਂ ਨੇ 18-18 ਮੀਟਰ ਦੇ ਕਛਿਹਰੇ ਸਿਵਾਏ ਤੇ ਵੰਡੇ, ਨਾਨਕਸਰੀਆਂ ਦੀ ਝੂਠ ਦੀ ਦੁਕਾਨ ਨੇ ਤਾਂ ਹੱਦ ਹੀ ਕਰ ਦਿੱਤੀ ਜਦੋਂ ਬਾਬੇ ਨੰਦ ਸਿੰਘ ਦੀ ਆਦਮ ਕੱਦ ਦੀ ਫੋਟੋ ਦੀ ਪੂਜਾ ਕੀਤੀ ਗਈ, ਕਵਿਤਾਵਾਂ ਤੇ ਲੇਖ ਵੀ ਪੜ੍ਹੇ ਗਏ ਪਰ ਕੀ ਕਿਸੇ ਨੇ ਹੌਸਲੇ ਨਾਲ ਇਹ ਗੱਲ ਵੀ ਕਰਨ ਦੀ ਕੋਸ਼ਿਸ਼ ਕੀਤੀ ਕਿ ਅੱਜ ਬਾਬਾ ਜੀ ਦਾ ਜਨਮ ਦਿਨ ਨਹੀਂ? ਰਸਮੋ ਰਸਮੀ ਮੇਰੇ ਇਕ ਜਾਣਕਾਰ ਮਿੱਤਰ ਰੇਡੀਓ ਵਾਲੇ ਨੇ ਵੀ 'ਸਿਰੀ ਅਖੰਡ-ਪਾਠ ਸਾਹਿਬ ਜੀ' ਦਾ ਰੇਡੀਓ ਤੋਂ ਸਿੱਧਾ ਪ੍ਰਸਾਰਣ ਕੀਤਾ, ਕਿਉਂਕਿ ਇਹ ਉਸਦਾ ਵਪਾਰ ਹੈ। ਪਰ ਕੀ ਖੱਟਿਆ ਕੀ ਕਮਾਇਆ ਇਸ ਬਾਰੇ ਸ਼ਾਇਦ ਹੀ ਕਿਸੇ ਸਿਆਣੇ ਵਿਅਕਤੀ ਨੇ ਸੋਚਿਆ ਹੋਵੇ। ਕਿਉਂਕਿ 'ਜਸਵੰਤ ਜਫਰ' ਜੀ ਦੀ ਕਵਿਤਾ ਮੁਤਾਬਕ ਤਾਂ ਅਸੀਂ ਅਸਲੀ ਨਾਨਕ ਦਾ ਧਿਆਨ ਧਰਨ ਤੋਂ ਵੀ ਡਰਦੇ ਹਾਂ, ਨਾਨਕ ਤੋਂ ਸਿੱਖਿਆ ਲੈਣੀ ਤਾਂ ਦੂਰ ਦੀ ਗੱਲ ਹੈ।

ਜਸਵੰਤ ਜਫਰ ਜੀ ਲਿਖਦੇ ਹਨ, "ਲੰਬੇ ਪੈਂਡੇ ਦੀ ਧੂੜ ਨਾਲ ਲੱਥ-ਪੱਥ ਪਿੰਜਣੀਆਂ, ਲੰਮੇ ਸਫਰ ਕਰਕੇ ਪਾਟੀਆਂ ਅੱਡੀਆਂ, ਹਨੇਰੀ ਨਾਲ ਉਲਝੀ ਹੋਈ ਖੁਸ਼ਕ ਦਾਹੜੀ, ਬਰਫੀਲੀਆਂ ਹਵਾਵਾਂ ਨਾਲ ਝੰਬੀ ਹੋਈ ਚਿਹਰੇ ਦੀ ਪਕਰੋੜ ਚਮੜੀ 'ਤੇ ਪਕਰੋੜ ਚਮੜੀ ਵਿਚ ਉਭਰੀਆਂ ਹੋਈਆਂ ਦੋ ਉੱਚੀਆਂ ਹੱਡੀਆਂ, ਉੱਚੀਆਂ ਹੱਡੀਆਂ ਵਿਚ ਬੇਖੌਫ ਚਮਕਦੀਆਂ ਦੋ ਅੱਖਾਂ ਜੋ ਸਮਾਜ ਨੂੰ, ਸਰਕਾਰ ਨੂੰ 'ਤੇ ਹਰ ਕਿਸਮ ਦੇ ਰੀਤੀ ਰਵਾਜ ਨੂੰ ਟਿੱਚ ਕਰਕੇ ਜਾਣਦੀਆਂ ਹਨ। ਇਨ੍ਹਾਂ ਖਤਰਨਾਕ ਅੱਖਾਂ ਦਾ ਧਿਆਨ ਧਰਨਾ ਸਾਨੂੰ ਮਾਫਕ ਨਹੀਂ। ਸਾਨੂੰ ਤਾਂ ਸੋਭਾ ਸਿਘੀ ਬਾਬਾ, ਜਿਸਦੇ ਲਕਸ਼ਮੀ ਦੇਵੀ ਵਾਂਗੂ ਲਾਲ ਸੁਰਖ ਟਿਪਸੀ ਹੋਠ, ਗੋਲ ਮਟੋਲ ਮੁਲਾਇਮ ਗੱਲ੍ਹਾਂ, ਰੇਸ਼ਮੀ ਬਸਤਰ ਤੇ ਬਖਸ਼ਿਸ਼ਾਂ ਦਿੰਦਾ ਅਰਸ਼ੀ ਹੱਥ ਹੀ ਪਸੰਦ ਹੈ। ਸਾਨੂੰ ਤਾਂ ਚਾਹੀਦੀਆਂ ਹਨ ਦਾਤਾਂ ਤੇ ਵੱਧਦੀਆਂ ਵੇਲਾਂ, ਸੁੱਖ ਸ਼ਾਂਤੀ ਤੇ ਪੈਸਾ।

ਅਸਲੀ ਨਾਨਕ ਸਾਡੇ ਵਾਸਤੇ ਖਤਰਨਾਕ ਸਿੱਧ ਹੋ ਸਕਦਾ ਹੈ, ਸਾਡੇ ਘਰ ਢੁਆ ਸਕਦਾ ਹੈ ਤੇ ਨਾਲੇ ਪੁੱਤ ਮਰਵਾ ਸਕਦਾ ਹੈ"। ਕਤਕ ਦੀ ਪੂਰਨਮਾਸ਼ੀ ਨੂੰ ਗੁਰਪੁਰਬ ਮਨਾਉਣਾ ਇਹ ਸਾਬਤ ਕਰਦਾ ਹੈ ਕਿ ਗੁਰੂ ਨਾਨਕ ਪਿਤਾ ਦੇ ਅਕਾਲ ਚਲਾਣਾ ਕਰਨ ਤੋਂ 120 ਸਾਲ ਬਾਅਦ ਲਿਖੀ ਗਈ ਭਾਈ ਬਾਲੇ ਵਾਲੀ ਸਾਖੀ, ਜਿਸ ਨੂੰ ਪ੍ਰੋ. ਐਸ.ਐਸ. ਪਦਮ ਜੀ 'ਬਾਲਾ ਬਲੱਫ' ਦਾ ਨਾਮ ਦਿੰਦੇ ਹਨ, ਵਿਚ ਫਸੇ ਹੋਏ ਹੀ ਅਸੀਂ ਧੰਦਾ ਪਿਟ ਰਹੇ ਹਾਂ। ਗੁਰੂ ਨਾਨਕ ਵਾਕ: "ਧੰਧਾ ਪਿਟਿਹੁ ਭਾਈਹੋ ਤੁਮ ?ਹ ਕੂੜ ਕਮਾਵਹੁ॥" 'ਜੰਡਿਆਲਾ ਗੁਰੂ ਕਾ' ਦਾ ਮਸੰਦ ਹੰਦਾਲ, ਜਿਸਦਾ ਜਨਮ ਵੈਸਾਖ ਪੂਰਨਮਾਸ਼ੀ ਸੰਮਤ 1630 ਹੈ, ਦੀ ਮੌਤ ਤੋਂ ਬਾਅਦ ਉਸ ਦੀ ਉਲਾਦ ਬਾਲ ਚੰਦ ਅਤੇ ਬਿਧੀ ਚੰਦ ਹੀ ਇਸ ਕੂੜ ਦੇ ਪੋਥੇ ਦੇ ਘੜਨਹਾਰੇ ਹਨ। ਬਾਲ ਚੰਦ ਦੀ ਮੌਤ ਤੋਂ ਬਾਅਦ ਛੋਟੇ ਭਾਈ ਬਿਧੀ ਚੰਦ ਨੇ ਹੀ ਅਸਲ 'ਚ ਆਪਣੇ ਵੱਡੇ ਭਰਾ ਬਾਲ ਚੰਦ ਨੂੰ ਭਾਈ ਬਾਲਾ ਬਣਾ ਕੇ ਗੁਰੂ ਨਾਨਕ ਦਾ ਸਮਕਾਲੀ ਤੇ ਹਮਸਫਰੀ ਬਣਾ ਕੇ ਸਾਰਾ ਕਾਰਾ ਕੀਤਾ। ਲਿਖਾਰੀ ਹੈ ਗੋਰਖ ਦਾਸ ਤੇ ਸਲਾਹਕਾਰ ਹੈ ਲਾਲਾ ਪੈਂਨੂੰ ਜਿਨ੍ਹਾਂ ਨੇ ਰੜੇ ਲਹੌਰ ਵਿਚ ਇਹ ਜਨਮ ਸਾਖੀ ਤਿਆਰ ਕੀਤੀ ਅਤੇ ਓਸ ਵੇਲੇ ਕਰੋੜਾਂ ਰੁਪੈ ਦੀ ਲਾਗਤ ਨਾਲ ਸਾਰੇ ਮਹੱਤਵ ਪੂਰਨ ਸਿੱਖ ਧਰਮ ਅਸਥਾਨਾਂ 'ਤੇ 28-28 ਰੰਗੀਨ ਚਿੱਤਰਾਂ ਨਾਲ ਸ਼ਿੰਗਾਰ ਕੇ "ਜਨਮ ਸਾਖੀ ਭਾਈ ਬਾਲਾ" ਭੇਜੀ ਗਈ ਅਤੇ ਜੋ ਵੀ ਪੁਰਾਣੀਆਂ ਜਨਮ ਸਾਖੀਆਂ, ਉਪਲੱਬਧ ਹੋਈਆਂ, ਨੂੰ ਨਸ਼ਟ ਕਰਨ ਦਾ ਜ਼ਿੰਮਾ ਵੀ ਆਪਣੇ ਸਿਰ ਲਿਆ।

ਅਸਲ ਨੂੰ ਨਸ਼ਟ ਕਰਨ ਨਾਲ ਹੀ ਨਕਲ ਟਿਕ ਸਕਦਾ ਹੈ। ਬਾਲਾ-2 ਰੂਪਾਂਤਰ ਵਾਲੇ ਖਰੜੇ ਦੇ ਅਖੀਰ ਤੇ ਦਰਜ ਹੈ: ਸਮੰਤੁ॥ 1715 ॥ਮਾਘ ਸੁਦੀ॥6 ਪੋਥੀ ਲਿਖੀ ਗੁਰ ਪ੍ਰਸਾਦਿ ਗੋਰਖ ਦਾਸ ਸੰਗਤ ਗੁਰੂ ਕਾ ਜਾਚਕ॥ ਵਾਹਗੁਰੂ ਸਤਿਗੁਰੂ ਜੀ॥ ਜੇ ਕਿਸੇ ਨੇ ਇਸ ਗੱਲ ਦੀ ਪੁਸ਼ਟੀ ਕਰਨੀ ਹੋਵੇ ਤਾਂ ਸੈਂਟਰਲ ਸਟੇਟ ਲਾਇਬਰੇਰੀ ਪਟਿਆਲਾ ਵਿਚ, ਜਨਮ ਸਾਖੀ ਭਾਈ ਬਾਲਾ, ਪਟਿਆਲਾ 1987, ਪੰਨੇ 151 ਤੇ 463 । ਅਤੇ; ਹਾਸਲ ਬਹੁਤ ਖਰਚ ਕਛੁ ਨਾਹੀ ਕਰੇ ਤਗੀਰ ਨ ਕੋਈ॥ ਨਾਨਕ ਐਸੀ ਉਮਦੀ ਖਿਜਮਤਿ ਬਿਨਾ ਭਾਗ ਕਿਉਂ ਹੋਈ॥4॥ ਓਹੀ ਪੰਨਾ 463॥ ਕਰ ਸਕਦਾ ਹੈ। ਸਭ ਤੋਂ ਪਹਿਲਾਂ ਇਹ ਦੇਖੀਏ ਕਿ ਅਵਤਾਰ ਧਾਰਣਾ ਦਾ ਕੀ ਮਤਲਬ ਹੈ। ਕਿਉਂਕਿ ਜੇਕਰ ਇਹ ਲਿਖ ਦਿੱਤਾ ਜਾਵੇ ਕਿ ਬਾਬਾ ਜੀ ਦਾ ਜਨਮ ਦਿਨ ਵੈਸਾਖ ਦਾ ਹੈ, ਤਾਂ ਕਈ ਮੂੜ੍ਹ ਮੱਤੀਏ ਗਲ ਨੂੰ ਆਉਂਦੇ ਹਨ। ਮਹਾਨ ਕੋਸ਼ ਦੇ ਪੰਨਾ 88 ਮੁਤਾਬਕ: ਅਵਤਾਰ ਧਾਰਣਾ ਦੇ ਕਈ ਸਾਰੇ ਮਤਲਬ ਹਨ। ਸੰਗਯਾ- ਜਨਮ, ਜਨਮ ਗ੍ਰਿਹਣ, ਜਨਮ ਧਾਰਣਾ, ਉਤਰਨਾ, ਹੇਠ ਆਉਣ ਦੀ ਕ੍ਰਿਆ, ਪੁਰਾਣਮੱਤ ਅਨੁਸਾਰ ਕਿਸੇ ਦੇਵਤਾ ਦਾ ਕਿਸੇ ਦੇਹ ਵਿਚ ਪ੍ਰਗਟ ਹੋਣਾ, ਚੌਬੀਸ ਅਵਤਾਰ ਅਤੇ ਦਸ ਅਵਤਾਰ, "ਅਵਤਾਰ ਨ ਜਾਨਹਿ ਅੰਤ॥ ਪਰਮੇਸਰ ਪਾਰਬ੍ਰਹਮ ਬੇਅੰਤ॥ ਗੁਰਬਾਣੀ ਦੇ ਕਰਤਿਆਂ ਨੇ ਆਪਣੀ ਬਾਣੀ ਵਿਚ ਦੇਵਤਾ-ਵਾਦ ਦਾ ਖੰਡਨ ਕੀਤਾ ਪਰ ਅਸੀਂ ਤਾਂ ਗੁਰੂਆਂ ਨੂੰ ਵੀ ਦੇਵਤੇ ਬਣਾ ਕੇ ਹੀ ਛੱਡਣਾ ਹੈ। ਜੇਕਰ 'ਦੇਵਤਾ' ਦੇ ਜਨਮ ਨੂੰ ਅਵਤਾਰ ਧਾਰਣਾ ਪੁਰਾਣਾਂ ਮੁਤਾਬਕ ਠੀਕ ਹੈ ਤਾਂ ਸਾਨੂੰ ਇਹ ਬੋਲੀ ਬਦਲਣ ਦੀ ਲੋੜ ਹੈ। ਹੁਣ ਆਪਾਂ ਕਰਮ ਸਿੰਘ ਹਿਸਟੋਰੀਅਨ ਦੀ ਖੋਜ ਮੁਤਾਬਕ ਗੁਰੂ ਨਾਨਕ ਸਾਹਿਬ ਦੇ ਅਸਲੀ ਜਨਮ ਦਿਨ ਬਾਰੇ ਵਿਚਾਰ ਕਰਦੇ ਹਾਂ। ਗੁਰਪੁਰਬ ਨਿਰਣਯ ਦੇ ਪੰਨਾ 69 ਇਉਂ ਲਿਖਦੇ ਹਨ। (2) ਹੁਣ ਮੈਂ ਵਸਾਖ ਸੁਦੀ ਤਿੰਨ ਸੰਮਤ 1526 ਦੇ ਟਾਕਰੇ ਦੀਆਂ ਈਸਵੀ, ਪਰਵਿਸ਼ਟਾ ਅਤੇ ਹਿਜਰੀ ਤ੍ਰੀਕਾਂ ਲੱਭਦਾ ਹਾਂ: 14 ਮਾਰਚ ਮੰਗਲਵਾਰ ਨੂੰ ਚੇਤ ਸੁਦੀ ਪਹਿਲੀ ਹੈ: "ਗਿਣਤੀਆਂ ਮਿਣਤੀਆਂ ਨੂੰ ਇਸ ਕਰਕੇ ਲਿਖ ਨਹੀਂ ਰਿਹਾ ਕੇ ਲੇਖ ਕਾਫੀ ਲੰਬਾ ਹੋ ਜਾਏਗਾ ਅਤੇ ਮੇਰੇ ਵਰਗੇ ਸਧਾਰਣ ਮਨੁੱਖ ਦੀ ਸਮਝ ਤੋਂ ਵੀ ਪਰੇ ਦੀ ਗੱਲ ਹੈ। ਅੱਗੇ ਲਿਖਦੇ ਹਨ : ਅਰਥਾਤ ਵਸਾਖ ਸੁਦੀ ਤਿੰਨ ਸੰਮਤ 1526 ਨੂੰ ਸ਼ਨਿਚਰਵਾਰ 15 ਅਪ੍ਰੈਲ ਸੰਨ 1469 ਈ: ਸੀ। 'ਕੱਤਕ ਕਿ ਵਿਸਾਖ' ਕਰਮ ਸਿੰਘ ਹਿਸਟੋਰੀਅਨ ਦੀ ਕਿਤਾਬ ਪਹਿਲੇ ਪਹਿਲ 1930 ਵਿਚ ਛਪੀ। ਭਾਈ ਵੀਰ ਸਿੰਘ ਨੇ ਸਟੇਜ ਤੋਂ ਇਹ ਐਲਾਨ ਕੀਤਾ, "ਕੱਤਕ ਕਿ ਵਿਸਾਖ ਸਿੱਖ ਕੌਮ ਲਈ ਅਤੀਅੰਤ ਕੀਮਤੀ ਸੌਗਾਤ ਹੈ" ਪਰ ਨਾਲ ਦੀ ਨਾਲ ਨਾਟਕੀ ਢੰਗ ਨਾਲ ਇਸ ਕਿਤਾਬ ਦੀ ਵਿਕਰੀ ਬੰਦ ਕਰਵਾ ਦਿੱਤੀ ਤੇ ਜੋ ਵੀ ਕਿਤਾਬ ਮਿਲੀ ਉਸ ਨੂੰ ਜ਼ਬਤ ਕਰ ਲਿਆ ਗਿਆ।



ਧੰਨਵਾਦੀ ਹਾਂ ਹੀਰਾ ਸਿੰਘ ਦਰਦ ਜੀ ਦੇ ਜਿਸ ਨੇ ਸਿਰਦਾਰ ਗੁਰਬਖਸ਼ ਸਿੰਘ ਬਾਗਬਾਨਪੁਰਾ ਦੀ ਲਾਇਬਰੇਰੀ ਵਿਚੋਂ ਇਕ ਕਾਪੀ ਪ੍ਰਾਪਤ ਕਰਕੇ 1932 ਵਿਚ ਇਸੇ ਕਿਤਾਬ ਨੂੰ ਮੁੜ ਤੋਂ ਪ੍ਰਕਾਸ਼ਤ ਕਰਕੇ ਸਿੱਖ ਕੌਮ ਨੂੰ ਵੱਡਮੁੱਲੀ 'ਸੌਗਾਤ' ਪ੍ਰਾਪਤ ਕਰਵਾਈ। ਇਸ ਕਿਤਾਬ ਦੇ ਪੰਨਾ 122 ਤੇ ਕਰਮ ਸਿੰਘ ਹਿਸਟੋਰੀਅਨ ਜੀ ਲਿਖਦੇ ਹਨ ਕਿ "ਕੱਤਕ ਦਾ ਰਿਵਾਜ (ਮੈਕਾਲਿਫ ਸਾਹਿਬ ਦੇ ਕਥਨ ਅਨੁਸਾਰ) ਗਿਆਨੀ ਸੰਤ ਸਿੰਘ ਜੀ ਨੇ ਪਾਇਆ। ਮਿਸਟਰ ਮੈਕਾਲਿਫ ਕਾਰਨ ਦੱਸਦੇ ਹਨ ਕਿ ਕੱਤਕ ਪੂਰਨਮਾਸ਼ੀ ਨੂੰ ਰਾਮ ਤੀਰਥ ਦਾ ਮੇਲਾ ਹੋਣ ਕਰਕੇ ਸਾਰੇ ਸਿੱਖ ਓਧਰ ਚਲੇ ਜਾਂਦੇ ਸਨ। ਸੋ ਓਧਰੋਂ ਹਟਾਉਣ ਵਾਸਤੇ ਗਿਆਨੀ ਜੀ ਨੇ ਕੱਤਕ ਪੂਰਨਮਾਸ਼ੀ ਨੂੰ ਆਦਿ ਸਤਿਗੁਰੂ ਜੀ ਦੇ ਪ੍ਰਗਟ ਹੋਣ ਦਾ ਗੁਰਪੁਰਬ ਮਨਾਉਣਾ ਅਰੰਭ ਦਿੱਤਾ। ਬੱਸ ਫੇਰ ਕੀ ਸੀ, ਓਦੋਂ ਤਾਂ ਰਾਜ ਦੇ ਜ਼ੋਰ ਇਹ ਰਿਵਾਜ ਪਾ ਲਿਆ ਪਰ ਅੱਜ ਇਹ ਪੁਰਾਣਾ ਨਜ਼ਰ ਆ ਰਿਹਾ ਹੈ। 1925 ਦੀ ਹੀ ਗੱਲ ਹੈ ਕਿ ਸ੍ਰੀ ਨਨਕਾਣਾ ਸਾਹਿਬ ਕੱਤਕ ਪੂਰਨਮਾਸ਼ੀ ਨੂੰ ਗੁਰਪੁਰਬ ਮਨਾਉਣਾ ਅਰੰਭ ਹੋਇਆ, ਉਸ ਤੋਂ ਪਹਿਲਾਂ ਇਸ ਦਿਨ ਨੂੰ ਉਥੇ ਕੋਈ ਜਾਣਦਾ ਵੀ ਨਹੀਂ ਸੀ। ਸੱਠ ਕੁ ਵਰ੍ਹੇ ਏਸੇ ਤਰ੍ਹਾਂ ਹੋਰ ਲੰਘ ਗਏ ਤਾਂ ਲੋਕੀਂ ਆਖਣ ਲੱਗ ਪੈਣਗੇ ਜੋ ਇਹ ਗੁਰਪੁਰਬ ਮੁੱਢ ਤੋਂ ਹੀ ਕੱਤਕ ਪੂਰਨਮਾਸ਼ੀ ਨੂੰ ਨਨਕਾਣੇ ਸਾਹਿਬ ਮਨਾਇਆ ਜਾਂਦਾ ਰਿਹਾ ਹੈ, ਜਿਸ ਤਰ੍ਹਾਂ ਅੱਜ ਕੱਲ੍ਹ ਗਿਆਨੀ ਸੰਤ ਸਿੰਘ ਜੀ ਦੇ ਚਲਾਏ ਹੋਏ ਗੁਰਪੁਰਬ ਨੂੰ ਸਭ ਪੁਰਾਤਨ ਹੀ ਮੰਨ ਰਹੇ ਹਨ। ਮੇਰਾ ਆਪਣਾ ਵਿਚਾਰ ਹੈ

ਗੁਰਚਰਨ ਸਿੰਘ ਜਿਉਣ ਵਾਲਾ
+647 966 3132



ਕਿ 'ਦਰਬਾਰ ਸਾਹਿਬ' ਦਾ ਮੁੱਖ ਗ੍ਰੰਥੀ ਭਾਈ ਸੁਰਤ ਸਿੰਘ, ਜੋ 'ਸਿੱਖਾਂ ਦੀ ਭਗਤਮਾਲਾ' ਦਾ ਕਰਤਾ ਹੈ 'ਤੇ ਇਸ ਕਿਤਾਬ ਨੂੰ ਭਾਈ ਮਨੀ ਸਿੰਘ ਜੀ ਦੀ ਕ੍ਰਿਤ ਦੱਸਦਾ ਹੈ, ਦਾ ਪੁੱਤਰ ਗਿਆਨੀ ਸੰਤ ਸਿੰਘ ਹੈ ਜੋ ਨਿਰਮਲੇ ਸੰਪ੍ਰਦਾਇ ਨਾਲ ਸੰਬੰਧ ਰੱਖਦੇ ਸਨ 'ਤੇ ਵੀ ਅਸਰ 'ਬਾਲਾ ਬਲੱਫ' ਦਾ ਹੋਇਆ। ਜੰਡਿਆਲਾ ਗੁਰੂ ਕਿਆਂ ਵਾਲਿਆਂ ਨੇ 'ਬਾਲਾ ਬਲੱਫ' ਨੂੰ ਆਪਣੇ ਸਰਕਾਰੀ ਅਸਰ ਰਸੂਖ ਤੇ ਪੈਸੇ ਦੇ ਜੋਰ ਨਾਲ ਹਰ ਥਾਂ ਲਾਗੂ ਕਰਵਾਇਆ। ਜਨਮ ਸਾਖੀ ਬਾਲਾ ਨੂੰ ਛੱਡ ਕੇ ਹੋਰ ਕਿਸੇ ਵੀ ਜਨਮ ਸਾਖੀ ਵਿਚ 'ਕੱਤਕ ਦੀ ਪੂਰਨਮਾਸ਼ੀ' ਨੂੰ ਬਾਬੇ ਦਾ ਅਵਤਾਰ ਪੁਰਬ ਨਹੀਂ ਸਗੋਂ ਵਿਸਾਖ ਸੁਦੀ ਤੀਜ ਲਿਖਿਆ ਮਿਲਦਾ ਹੈ। ਬੀ-40 ਜਨਮ ਸਾਖੀ: ਦਾ ਹੱਥ ਲਿਖਤ ਖਰੜਾ ਜੋ ਪਹਿਲਾਂ ਇੰਡੀਆ ਆਫਿਸ ਲਾਇਬਰੇਰੀ, (ਹੁਣ ਫਾਰਨ ਐਂਡ ਕਾਮਨਵੈਲਥ ਆਫਿਸ) ਲੰਡਨ ਵਿਚ ਸੁਰੱਖਿਅਤ ਹੈ ਭਾਈ ਬਾਲੇ ਦਾ ਨਾਮ ਨਿਸ਼ਾਨ ਹੀ ਨਹੀਂ ਅਤੇ ਗੁਰੂ ਨਾਨਕ ਪਾਤਸ਼ਾਹ ਦਾ ਜਨਮ ਦਿਵਸ ਵਿਸਾਖ ਸੁਦੀ ਤੀਜ ਲਿਖਿਆ ਮਿਲਦਾ ਹੈ। ਇਸੇ ਦੀ ਕਾਪੀ ਜਦੋਂ ਭਾਈ ਵੀਰ ਸਿੰਘ ਨੂੰ ਪ੍ਰਾਪਤ ਹੋਈ ਤਾਂ ਉਸ ਨੇ ਇਸ ਨੂੰ 'ਪੁਰਾਤਨ ਜਨਮ ਸਾਖੀ' ਦਾ ਨਾਮ ਦਿੱਤਾ, ਹਾਫਜ਼ਾਬਾਦ ਵਾਲੀ ਜਨਮ ਸਾਖੀ, ਮਿਹਰਬਾਨ ਨੇ ਆਪਣੇ ਹੱਥੀਂ 'ਪੋਥੀ ਸੱਚ ਖੰਡ' 1619 ਈ: ਦੇ ਨੇੜੇ ਤੇੜੇ ਮੁਕੰਮਲ ਕਰਵਾਈ ਜੋ ਗੁਰੂ ਅਰਜਨ ਪਾਤਸ਼ਾਹ ਦਾ ਪਿਆਰਾ ਭਤੀਜਾ ਅਤੇ ਗੁਰੂ ਰਾਮਦਾਸ ਦਾ ਹੋਣਹਾਰ ਪੋਤਰਾ ਸੀ, ਨੇ ਵੀ ਜਨਮ ਅਸਥਾਨ ਦੇ ਵੇਰਵੇ ਸਮੇਤ ਜਨਮ ਦਿਵਸ ਵੈਸਾਖ ਸੁਦੀ 3 ਲਿਖਿਆ ਹੈ। ਇਕ ਹੋਰ ਮਹੱਤਵ ਪੂਰਨ 'ਜਨਮ ਪਤ੍ਰੀ ਬਾਬੇ ਜੀ ਕੀ' ਜਿਸਦਾ ਲੇਖਕ ਹੈ ਭਾਈ ਬੂਲਾ ਪਾਧਾ, ਗੁਰੂ ਅਮਰਦਾਸ ਦਾ ਸਿੱਖ ਤੇ ਭਾਈ ਗੁਰਦਾਸ ਦਾ ਨਿਕਟਵਰਤੀ, ਡੱਲੇ ਨਗਰ ਦਾ ਨਿਵਾਸੀ ਜਿਸਨੇ 'ਸਾਖੀ ਮਹਲੁ ਪਹਿਲੇ ਕੀ' ਦੀ ਰਹਿੰਦੀ ਖੂੰਹਦੀ ਘਾਟ ਨੂੰ ਪੂਰਾ ਕੀਤਾ, ਇਸ ਲਿਖਤ ਵਿਚ ਵੀ ਜਨਮ ਦਿਵਸ ਵੈਸਾਖ ਸੁਦੀ 3 ਦਰਜ ਹੈ ਜੋ 1598-99 ਈ: ਵਿਚ ਮੁਕੰਮਲ ਕੀਤੀ। ਮੁਜੰਗਾਂ, ਲਾਹੌਰ ਨਿਵਾਸੀ ਸੈਦੋ ਜੱਟ ਜੋ ਪਿਸ਼ਾਵਰ ਦੇ ਇਲਾਕੇ ਵਿਚ ਪ੍ਰਚਾਰਕ ਸੀ, ਨੇ 1657-58 ਵਿਚ ਇਕ ਜਨਮ ਸਾਖੀ ਦਾ ਨਿਰਮਾਣ ਕੀਤਾ ਜਿਸ ਨੂੰ 'ਪੁਰਾਤਨ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਅਸਲੀਅਤ ਤੋਂ ਵਾਕਫ ਸੈਦੋ ਨੇ ਬਾਲੇ ਵਾਲੀ ਮਿਤੀ ਰੱਦ ਕਰਕੇ ਸੀਹੋਂ ਦੀ 'ਸਾਖੀ ਮਹਲੁ ਪਹਿਲੇ ਕੀ' ਵਾਲੀ ਪਰਮਾਣਕ ਮਿਤੀ ਨੂੰ ਅਧਾਰ ਬਣਾ ਕੇ ਆਪਣੀ ਲਾਜਵਾਬ ਸਾਖੀ ਦੀ ਸਿਰਜਣਾ ਕੀਤੀ। ਗੁਰੂ ਅਮਰਦਾਸ ਦੇ ਬੰਸਜ ਸਰੂਪ ਦਾਸ ਭੱਲਾ ਨੇ 1776 ਈ: ਵਿਚ ਮਹਿਮਾ ਪ੍ਰਕਾਸ਼ ਕਵਿਤਾ ਅਤੇ ਇਸੇ ਖਾਨਦਾਨ ਦੇ ਕਿਸੇ ਅਗਿਆਤ ਵਿਅਕਤੀ ਨੇ 19ਵੀਂ ਸਦੀ ਦੇ ਦੂਜੇ ਅੱਧ ਵਿਚ ਮਹਿਮਾ ਪ੍ਰਕਾਸ਼ ਵਾਰਤਕ ਨਾਮ ਦੀਆਂ ਰਚਨਾਵਾਂ ਵਿਚ ਜਨਮ ਦਿਵਸ ਵੈਸਾਖ ਸੁਦੀ 3 ਦਾ ਹੀ ਦਿੱਤਾ ਹੈ, ਕਿਉਂਕਿ ਇਹ ਗੁਰੂ ਕੀ ਲਹਿਰ ਦਾ ਪ੍ਰੰਪ੍ਰਾਗਤ ਅਸਰ ਸੀ। ਡੀ.ਏ.ਵੀ ਕਾਲਜ ਦਾ ਖਰੜਾ 2000 ਮਸਲਨ ਇਹ ਸਾਰੀਆਂ ਲਿਖਤਾਂ ਗੁਰੂ ਬਾਬਾ ਜੀ ਦਾ ਜਨਮ ਦਿਵਸ ਵਿਸਾਖ ਦਾ ਹੀ ਮੰਨਦੀਆਂ ਹਨ। ਜਨਮ ਪੱਤ੍ਰੀ ਦੀ ਪਹਿਲੀ ਪਰਤ, ਜੋ ਗੁਰੂ ਕੇ ਜੰਡਿਆਲੇ ਵਾਲੇ ਹੰਦਾਲਕਿਆਂ ਨੇ 1656-57 ਈ. ਦੇ ਲਾਗੇ ਚਾਗੇ ਤਿਆਰ ਕਰਵਾਈ ਕੁੱਝ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ: "ਜਨਮ ਪਤ੍ਰੀ ਨਾਨਕ ਵੇਦੀ ਦੀ॥ ਸੰਮਤ 1626॥ ਮਿਤੀ ਕਤਕ ਸੁਦੀ ਪੂਰਨਮਾਸੀ॥ ਨਾਨਕ ਜਨਮ ਲੀਤਾ॥ ਅਧੀ ਰਾਤ ਘੜੀ ਉਪਰਿ ਕਾਲੂ ਵੇਦੀ ਦੇ ਘਰਿ॥ ਕਾਲੂ ਦਾ ਪਰੋਹਿਤ ਹਰਿਦਿਆਲ ਬ੍ਰਹਮਣੁ ਆਹਾ॥ ਅਤੇ ਨਾਲੇ ਗੁਰਦੇਵ ਆਹਾ॥ ਵਡੀ ਵੇਲਾ ਕਾਲੂ ਹਰਿਦਿਆਲ ਦੇ ਘਰਿ ਗਇਆ॥॥ ਤਾ ਬਾਲੇ ਵਿਦਾ ਲੀਤੀ ਤਲਵੰਡੀ ਗਇਆ॥ ਇਸ ਤੋਂ ਅੱਗੇ ਬਾਲਾ ਰੂਪਾਂਤਰ ਇਕ ਜਨਮ ਸਾਖੀ ਤਿਆਰ ਕੀਤੀ ਗਈ। ਫਿਰ ਇਸ ਵਿਚ ਗੁਰੂ ਨਾਨਕ ਪਿਤਾ ਦੇ ਚਾਲ-ਚੱਲਣ/ਚਰਿਤ੍ਰ ਨੂੰ ਘਾਤ ਕਰਨ ਲਈ ਰੰਘੜੀ ਵਾਲੀ ਸਾਖੀ ਅਤੇ ਇਸੇ ਤਰ੍ਹਾਂ ਗੁਰੂ ਅੰਗਦ ਪਾਤਸ਼ਾਹ ਨੂੰ ਇਹ ਕਹਿਣਾ ਕਿ ਰਾਤੀ ਆਪਣੀ ਲੜਕੀ ਨੂੰ ਬਣਾਏ ਕੇ ਲਈ ਆਵਣਾ(ਸਹਿਜ-ਕੁਸਹਿਜ ਵਾਲੀ ਸਾਖੀ) ਅਤੇ ਹੋਰ ਬਹੁਤ ਕੁੱਝ ਘੜ-ਘੜਾ ਕੇ ਬਾਲਾ ਰੂਪਾਂਤਰ 2 ਤਿਆਰ ਕਰਕੇ 28- 28 ਸੁਚਿਤਰਾਂ ਨਾਲ ਸ਼ੰਗਾਰ ਕੇ, ਕਈ ਦਹਾਕਿਆਂ ਬੱਧੀ ਇਹ ਕੰਮ ਚੱਲਦਾ ਰਿਹਾ, ਸਾਰੇ ਪਰਮੁੱਖ ਸਿੱਖ ਧਾਰਮਿਕ ਅਸਥਾਨਾਂ ਤੇ ਪਹੁੰਚਾਈ ਗਈ। ਬਾਲਾ ਰੂਪਾਂਤਰ 2 ਦੇ ਹੱਥ ਲਿਖਤ ਖਰੜੇ ਵਿਚ ਇਹ ਲਿਖ ਦਿੱਤਾ ਕਿ ਇਹ ਜਨਮ ਸਾਖੀ 1582 ਸੰਮਤ ਵਿਚ ਗੁਰੂ ਅੰਗਦ ਦੀ ਹਜ਼ੂਰੀ ਵਿਚ ਭਾਈ ਬਾਲੇ ਨੇ ਪੈੜੇ ਮੋਖੇ ਕੋਲੋਂ ਲਿਖਵਾਈ।

ਜਦੋਂ ਕਿ ਸੱਚ ਇਹ ਹੈ ਕਿ ਸੰਮਤ 1582/1525 ਈ. ਵਿਚ ਤਾਂ ਭਾਈ ਲਹਿਣਾ ਜੀ ਗੁਰੂ ਨਾਨਕ ਪਿਤਾ ਜੀ ਨੂੰ ਮਿਲੇ ਵੀ ਨਹੀਂ ਸਨ। ਪਿਆਰੇ ਲਾਲ ਬੇਦੀ, ਐਫ-17, ਜੰਗਪੁਰਾ ਭੋਗਲ, ਨਵੀ ਦਿਲੀ, ਨੂੰ ਪੁੱਜਿਆ ਸੰਮਤ 1770 (1713ਈ.) ਵਾਲਾ ਖਰੜਾ ਆਪ ਉਚੀ ਉਚੀ ਬੋਲ ਕੇ ਖੁਲਾਸਾ ਕਰਦਾ ਹੈ: "ਜਨਮ ਪਤ੍ਰੀ ਬਾਬੇ ਨਾਨਕ ਕੀ ਸੰਪੂਰਨ ਹੋਈ॥ ਵੀਰਵਾਰ ਪਹਿਰ ਦਿਨ ਚੜੇ॥ ਸੰਮਤ 1770 ਦੇ ਬੀਤੇ ਹੋਇ ਮੁਕੀ। ਲਿਖਵਾਈ ਸੰਗਤ ਸਿੰਘ ਸੂਦ॥ ਲਿਖੀ ਆਤਮਾ ਸਿੰਘ ਸੂਦ॥ ਕੀਰਤਨਏ॥ ਵਿਚ ਰੜੇ ਲਹੌਰ ਦੇ ਅਗੇ ਲਾਗਤ ਪੋਥੀ ਲਿਖੀ 330 ਰੁਪਏ॥ ਜੋ ਅੱਜ ਦੀ ਕੀਮਤ ਅਨੁਸਾਰ ਤਿੰਨ ਲੱਖ ਤੀਹ ਹਜ਼ਾਰ ਰੁਪੈ ਬਨਦੀ ਹੈ। ਹੰਦਾਲਕਿਆਂ ਨੇ ਵੱਡੇ ਤਰੱਦਦ ਨਾਲ ਇਸ ਨੂੰ ਸਿੱਖ ਚਿੰਤਨ ਤੇ ਚੇਤਨਾ ਨੂੰ ਸੁੰਨ ਕਰਨਹਾਰੇ ਜ਼ਹਿਰ ਦੇ ਟੀਕੇ ਵਾਂਗ ਵਰਤਿਆ; ਸਦੀਆਂ ਲੰਘ ਗਈਆਂ; ਮੂਰਛਾ ਦੀ ਸ਼ਿਕਾਰ ਹੋਈ ਸਿੱਖ ਚੇਤਨਾ ਅਜੇ ਅੱਖ ਪੱਟ ਕੇ ਝਾਕਣ ਦਾ ਹੀਆ ਨਹੀਂ ਕਰ ਸਕੀ; ਪਰ ਇਹ ਮਰੀ ਨਹੀਂ, ਜਾਗੇਗੀ ਕਿਉਂਕਿ ਜਿਉਣ ਦਾ ਹੱਠ ਇਸ ਦਾ ਵਿਸ਼ੇਸ਼ ਖਾਸਾ ਹੈ। "ਸਾਖੀ ਪਰੰਪਰਾ ਵਿਚੋਂ ਕੇਵਲ ਜਨਮ ਸਾਖੀ ਬਾਲਾ ਹੀ ਸਾਨੂੰ ਗੁਰੂ ਨਾਨਕ ਪਿਤਾ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਦਾ ਦੱਸਦੀ ਹੈ ਅਤੇ ਸਾਨੂੰ ਇਸ ਅਣਹੋਏ ਸੱਚ ਨੂੰ ਸਵੀਕਾਰ ਕਰਨ ਨੂੰ ਮਜਬੂਰ ਕਰਦੀ ਹੈ। ਇਸ ਧਰਮ ਸੰਕਟ ਦਾ ਹੱਲ, ਪੂਰਨਮਾਸ਼ੀ ਵਾਲੀ ਮਿਤੀ ਨੂੰ ਕਿਸੇ ਇਕ, ਪਿਉ ਜਾਂ ਪੁੱਤਰ ਨਾਲ ਜੋੜ ਕੇ ਹੀ ਸੰਭਵ ਹੋ ਸਕਦਾ ਹੈ, ਦੋਵਾਂ ਨਾਲ ਨਹੀਂ। ਕੱਤਕ ਦੀ ਪੂਰਨਮਾਸ਼ੀ ਨੂੰ ਸ੍ਰੀ ਚੰਦ ਦੀ ਜਨਮ ਮਿਤੀ ਮੰਨਣ ਲਈ ਸਾਡੇ ਕੋਲ ਬਹੁਤ ਹੀ ਪਰਮਾਣਕ ਸਬੂਤ ਹਨ ਜੋ ਭਰੋਸੇਯੋਗ ਸਰੋਤ ਤੋਂ ਆਏ ਹੋਣ ਕਰਕੇ ਅਕੱਟ ਹਨ। ਗੁਰੂ ਨਾਨਕ ਦੇ ਬੰਸ, ਦਸਵੀਂ ਪੀੜ੍ਹੀ, ਬਾਬਾ ਸੁਖਬਾਸੀ ਨੇ ਆਪਣੇ ਖਾਨਦਾਨ ਸਬੰਧੀ ਇਕ ਗਰੰਥ 'ਨਾਨਕ ਬੰਸ ਪ੍ਰਕਾਸ਼' ਸੰਮਤ 1872 (1815 ਈ:) ਵਿਚ ਰਚਨਾ ਕੀਤੀ। ਜਿਸ ਵਿਚ ਸਪੱਸ਼ਟ ਲਿਖਿਆ ਹੈ: ਸੁਭ ਨਖਯਤ੍ਰ ਸੁਭ ਲਗਨ ਬਰ ਕਾਤਕ ਮਾਸ ਪੁਨੀਤ॥ ਸ੍ਰੀ ਚੰਦ ਸਤਿਗੁਰ ਪ੍ਰਗਟੇ ਅਦਭੁਤ ਨਿਰਮਲ ਚੀਤ॥ ਮਤਲਬ ਸ੍ਰੀ ਚੰਦ ਕਤਕ ਦੇ ਮਹੀਨੇ ਪੂਰਨਮਾਸ਼ੀ ਨੂੰ ਪੈਦਾ ਹੋਇਆ। ਇਸੇ ਗਰੰਥ ਵਿਚ ਗੁਰੂ ਨਾਨਕ ਦਾ ਜਨਮ ਵਿਸਾਖ ਸੁਦੀ 3 ਦਾ ਦੱਸਿਆ ਹੈ: ਸੰਬਤ ਬਿਕ੍ਰਮ ਨ੍ਰਿਪਤ ਕੇ ਪੰਦ੍ਹ ਸਤਿ ਖਟਿ ਬੀਸ॥ ਅਖਯ-(ਸੁਦੀ) ਤੀਜ ਤਿਥਿ ਮਾਸ ਬਰ ਮਾਧਵਿ(ਵੈਸਾਖ) ਪ੍ਰਗਟੇ ਈਸ॥ ਬਾਬਾ ਸੁਖਬੰਸੀ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਸ਼ਿਕਾਰ ਹੋਣ ਦੇ ਬਾਵਜੂਦ ਵੀ ਕੱਤਕ ਦੀ ਪੂਰਨਮਾਸ਼ੀ ਦੀ ਤਰੀਕ ਨੂੰ ਕੱਟ ਕੇ ਅਸਲੀ ਜਨਮ ਤਰੀਕ ਦੇਣ ਵਿਚ ਗੁਰੇਜ਼ ਨਹੀਂ ਕਰਦਾ। ਇਹ ਸਾਰੀ ਸੂਚਨਾ 'ਸਾਖੀ ਮਹਿਲ ਪਹਿਲੇ ਕੀ ਸਾਖੀਕਾਰ ਸੀਹਾਂ ਉਪਲ ਸੰਪਾਦਕ ਸ. ਸ. ਪਦਮ' ਦੀ ਕਿਤਾਬ ਦੇ ਪੰਨਾ 102-103 ਤੇ ਦਰਜ ਹੈ।

ਜਦੋਂ ਇਹ ਸਾਰਾ ਕੁੱਝ ਵਾਪਰ ਰਿਹਾ ਸੀ ਤਾਂ ਵਿਸਨ ਸਿੰਘ ਨਾਂ ਦਾ ਇਕ ਪਰਬੁੱਧ ਇਨਸਾਨ ਵੀ ਕਾਰਜਸ਼ੀਲ ਸੀ, ਜਿਸ ਨੇ 1828 ਈ. ਵਿਚ 'ਗਿਆਨ ਰਤਨਾਵਲੀ' ਕ੍ਰਿਤ ਸੁਰਤ ਸਿੰਘ ਨੂੰ ਅਨਕੂਲ ਕੇ ਆਪਣੇ 'ਗਿਆਨ ਰਤਨਾਗਰ ਕਾਵਿ ਗਰੰਥ' ਦੀ ਰਚਨਾ ਕੀਤੀ। ਇਹ ਗਿਆਨੀ ਸੰਤ ਸਿੰਘ ਦਾ ਚੇਲਾ ਤੇ 'ਗੁਰਪ੍ਰਤਾਪ ਸੂਰਜ ਗ੍ਰੰਥ' ਵਾਲੇ ਰਾਜ ਕਵੀ ਸੰਤੋਖ ਸਿੰਘ ਦਾ ਗੁਰਭਾਈ ਸੀ, ਪਰ ਆਪਣੇ ਆਪ ਨੂੰ ਸੁਰਤ ਸਿੰਘ ਦਾ ਪੋਤਰਾ ਚੇਲਾ ਦੱਸਣ ਵਿਚ ਵਧੇਰੇ ਮਾਣ ਮਹਿਸੂਸ ਕਰਦਾ ਸੀ। ਉਸ ਦੀ ਵੀ ਸੁਣੋ, ਸੰਤੋਖ ਸਿੰਘ ਅਤੇ ਉਸ ਦੇ ਪੁਰਾਣੇ ਜਾਂ ਅਧੁਨਿਕ ਪਾਛੂਆਂ ਨੇ ਭਾਵੇਂ ਨਹੀਂ ਸੁਣੀ: "ਜਬ ਹੰਦਾਲ ਸੁਰ ਲੋਕ ਪਧਾਰਾ। ਬਿਧੀ ਚੰਦ ਸੁਤ ਸਕਤੀਵਾਰਾ। ਲਈ ਮਹੰਤੀ ਸਿਖ ਬਨਾਏ ਤੁਰਕਨ ਕੀ ਗਨਕਾ ਇਕ ਗਾਇ। ਸੋ ਆਪਨੇ ਗ੍ਰਹ ਆਨ ਵਸਾਈ। ਤਬ ਵਰਤਨ ਤਜ ਦੀਨ ਲੁਕਾਈ। ਬਿਧੀ ਚੰਦ ਮਦੌਤ ਪ੍ਰਸੰਗਾ। ਲਿਖੇ ਗੁਰ ਧਾਰੀ ਹਿਤ ਸੰਗਾ। ਆਗੇ ਗੁਰ ਕੀ ਸਾਖੀ ਨਾਹੀ। ਰਚੀ ਨਿੰਦਾ ਬਿਧ ਬਹੁਤ ਬਨਾਈ। ਬਾਲੇ ਅੰਗਦ ਕੋ ਧਰ ਨਾਮਾ। ਪ੍ਰਥਮੇ ਹੀ ਝੂਠਾ ਕੀਓ ਕਾਮਾ। ਪੰਦ੍ਹ ਸਹਸ ਪਚਾਸੀ ਮਾਹੀ। ਪੰਚਮ ਥਿਤ ਬੈਸਾਖ ਕੀ ਆਹੀ। ਪੈੜੇ ਮੋਖੇ ਲਿਖੀ ਬਨਾਈ। ਗੁਰ ਅੰਗਦ ਗੁਰ ਮਿਲੇ ਨ ਭਾਈ। ਜੋ ਕੂੜ ਰਾਜ ਕਵੀ ਸੰਤੋਖ ਸਿੰਘ ਨੇ ਆਪਣੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ 'ਬਾਲਾ ਬਲੱਫ' ਤੋਂ ਪ੍ਰਭਾਵਤ ਹੋ ਕੇ ਵਾੜਿਆ ਜਾਂ ਵਾੜਿਆ ਗਿਆ ਉਸ ਦਾ ਅਤੇ ਭਾਈ ਬਿਧੀ ਚੰਦ ਵਲੋਂ ਆਪਣੀ ਬੁਰਿਆਈ ਨੂੰ ਛੁਪਾਉਣ ਲਈ ਜੋ ਗੁਰੂ ਨਾਨਕ ਸਾਹਿਬ ਦਾ ਚ੍ਰਿਤਰ-ਘਾਤ ਕੀਤਾ ਗਿਆ ਹੈ ਉਸ ਨੂੰ ਭਾਈ ਵਿਸਨ ਸਿੰਘ ਨੇ ਆਪਣੀ ਉਪਰਲੀ ਕਵਿਤਾ ਵਿਚ ਨੰਗਾ ਕੀਤਾ ਹੈ। ਹੁਣ ਫੈਸਲਾ ਸਿੱਖ ਕੌਮ ਨੇ ਕਰਨਾ ਹੈ ਕਿ ਉਹ ਗੁਰੂ ਦਾ ਗੁਰਪੁਰਬ ਅਸਲੀ ਤਰੀਕ, ਵੈਸਾਖ ਸੁਦੀ ਤੀਜ, ਨੂੰ ਮਨਾਉਣਾ ਚਾਹੁੰਦੀ ਹੈ ਜਾਂ ਫਿਰ 'ਬਾਲਾ ਬਲੱਫ' ਦੀ ਵਰਤਾਈ ਹੋਈ ਨਕਲੀ ਤਰੀਕ, "ਕੱਤਕ ਦੀ ਪੂਰਨਮਾਸ਼ੀ" ਨੂੰ ਹੀ ਕੜ੍ਹੀ ਘੋਲਣਾ ਚਾਹੁੰਦੀ ਹੈ।

# ਗੁਰਦੁਆਰਾ ਕਰਤਾਰਪੁਰ ਸਾਹਿਬ ਨੇੜੇ ਸ਼ਰਾਬ ਪਾਰਟੀ ਨੇ ਸਿੱਖਾਂ ਦੇ ਹਿਰਦੇ ਵਲੂੰਧਰੇ

-ਪ੍ਰੋ. ਸਰਚਾਂਦ ਸਿੰਘ ਖਿਆਲਾ



ਪਾਕਿਸਤਾਨ ਵੱਲੋਂ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਲਗਾਤਾਰ ਜਾਰੀ ਹੈ। ਕਿਸੇ ਵੀ ਗੁਰਦੁਆਰਾ ਸਾਹਿਬ ਅੰਦਰ ਮਰਿਆਦਾ ਦੇ ਹਵਾਲੇ ਨਾਲ ਕੋਈ ਵੀ ਮੰਦਭਾਗੀ ਘਟਨਾ ਵਾਪਰਨ ਦੀ ਖ਼ਬਰ ਆਉਂਦੀ ਹੈ ਤਾਂ ਸਮੂਹ ਸਿੱਖ ਜਗਤ ਦੇ ਹਿਰਦੇ ਵਲੂੰਧਰੇ ਜਾਂਦੇ ਹਨ। ਬੀਤੇ ਦਿਨੀਂ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ (ਪਾਕਿਸਤਾਨ) ਨੇੜੇ ਸ਼ਰਾਬ ਪਾਰਟੀ ਦੀਆਂ ਸੋਸ਼ਲ ਮੀਡੀਆ ਉੱਤੇ ਵਾਇਰਲ ਤਸਵੀਰਾਂ ਅਤੇ ਵੀਡੀਓਜ਼ ਨੇ ਇਹੀ ਕੰਮ ਕੀਤਾ ਹੈ। ਕਰਤਾਰਪੁਰ ਸਾਹਿਬ ਦਾ ਸਬੰਧ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨਾਲ ਹੈ। ਇੱਥੇ ਗੁਰੂ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲ ਗੁਜ਼ਾਰੇ ਸਨ। ਇਹ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ 'ਚ ਸਥਿਤ ਹੈ ਅਤੇ ਭਾਰਤ ਦੀ ਸਰਹੱਦ ਤੋਂ ਚਾਰ ਕਿੱਲੋਮੀਟਰ ਦੂਰ ਹੈ। ਇਸ ਦੇ ਦਰਸ਼ਨਾਂ ਲਈ ਬਣਾਇਆ ਗਿਆ ਅੰਤਰਰਾਸ਼ਟਰੀ ਕਰਤਾਰਪੁਰ ਲਾਂਘਾ ਹੁਣ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ।

ਚਰਚਿਤ ਵਿਸ਼ਾ 18 ਨਵੰਬਰ ਦੀ ਸ਼ਾਮ ਨੂੰ ਪਾਕਿਸਤਾਨ ਵਾਲੇ ਪਾਸੇ ਤੋਂ ਕਰਤਾਰਪੁਰ ਦੀ ਪ੍ਰਾਜੈਕਟ ਮੈਨੇਜਮੈਂਟ ਯੂਨਿਟ (ਪੀਐੱਮਯੂ) ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਅੱਬੂ ਆਫਤਾਬ ਕੁਰੈਸ਼ੀ ਵੱਲੋਂ ਰਾਤ ਦੇ ਖਾਣੇ ਦੀ ਮੇਜ਼ਬਾਨੀ ਦਾ ਹੈ। ਇਸ ਵਿਚ ਪਾਕਿਸਤਾਨ ਸਰਕਾਰ ਦੇ ਕਈ ਉੱਚ ਪੁਲਿਸ ਅਤੇ ਸਿਵਲ ਅਧਿਕਾਰੀਆਂ ਸਮੇਤ ਸ੍ਰੀ ਕਰਤਾਰਪੁਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੋਬਿੰਦ ਸਿੰਘ, ਕੋਰੀਡੋਰ ਦੇ ਅੰਬੈਸਡਰ ਰਹੇ ਰਮੇਸ਼ ਸਿੰਘ ਅਰੋੜਾ ਵੀ ਮੌਜੂਦ ਸਨ। ਹੈੱਡ ਗ੍ਰੰਥੀ ਗੋਬਿੰਦ ਸਿੰਘ ਤੇ ਪਾਕਿਸਤਾਨ ਦੇ ਅਧਿਕਾਰੀਆਂ ਨੇ ਪਾਰਟੀ ਗੁਰਦੁਆਰਾ ਸਾਹਿਬ ਤੋਂ 2 ਕਿੱਲੋਮੀਟਰ ਦੂਰ ਅਤੇ ਗੁਰੂਘਰ ਦੀ ਹੱਦ ਤੋਂ ਬਾਹਰ ਹੋਣ ਅਤੇ ਸ਼ਰਾਬ ਦਾ ਸੇਵਨ ਨਾ ਹੋਣ ਪਰ ਕੇਵਲ ਖਾਣੇ 'ਚ ਮੀਟ ਪਰੋਸੇ ਜਾਣ ਦੀ ਦੀ ਸਫ਼ਾਈ ਦਿੱਤੀ। ਪਾਕਿਸਤਾਨੀ ਅਧਿਕਾਰੀ ਆਪਣੀ ਸਫ਼ਾਈ ਵਿਚ ਕੁਝ ਵੀ ਕਹਿਣ ਪਰ ਵਾਇਰਲ ਵੀਡੀਓ 'ਚ ਜੋ ਨਜ਼ਰ ਆ ਰਿਹਾ ਹੈ, ਉਸ 'ਤੇ ਗ਼ੌਰ ਕੀਤਾ ਜਾਵੇ ਤਾਂ ਬਿਨਾਂ ਨਿਰਪੱਖ ਪੜਤਾਲ ਦੇ ਪਾਕਿਸਤਾਨ ਦੇ ਅਧਿਕਾਰੀਆਂ ਨੂੰ ਬਰੀ ਨਹੀਂ ਕੀਤਾ ਜਾ ਸਕਦਾ। ਮਰਿਆਦਾ ਨਾਲ ਸਬੰਧਤ ਇਹ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਇਸੇ ਗੁਰਦੁਆਰਾ ਕੰਪਲੈਕਸ ਅੰਦਰ ਇਕ ਪਾਕਿਸਤਾਨੀ ਮਾਡਲ ਵੱਲੋਂ ਸ਼ਰੇਆਮ ਸ੍ਰੀ ਦਰਬਾਰ ਸਾਹਿਬ ਵੱਲ ਪਿੱਠ ਕਰਦਿਆਂ ਨੰਗੇ ਸਿਰ ਇਤਰਾਜ਼ਯੋਗ ਫੋਟੋ ਸ਼ੂਟ ਨੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਗੰਭੀਰ ਰੂਪ 'ਚ ਠੇਸ ਪਹੁੰਚਾਈ ਸੀ। ਇਸ ਤੋਂ ਪਹਿਲਾਂ ਪਿਛਲੇ ਸਾਲ ਮਾਰਚ ਦੌਰਾਨ ਵੀ ਕਰਤਾਰਪੁਰ ਲਾਂਘਾ ਪ੍ਰਾਜੈਕਟ ਮੈਨੇਜਮੈਂਟ ਯੂਨਿਟ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਨੇੜੇ 'ਜਸ਼ਨ ਏ ਬਹਾਰਾਂ' ਪ੍ਰੋਗਰਾਮ ਕਰਨ ਦਾ ਤੈਅ ਕੀਤਾ ਗਿਆ ਸੀ ਜਿਸ ਨੂੰ ਸਿੱਖ ਭਾਈਚਾਰੇ ਦੇ ਭਾਰੀ ਵਿਰੋਧ ਕਾਰਨ ਰੱਦ ਕਰਨਾ ਪਿਆ। ਗੁਰਦੁਆਰਾ ਨਨਕਾਣਾ ਸਾਹਿਬ 'ਤੇ ਸ਼ਰਾਰਤੀ ਅਨਸਰਾਂ ਵੱਲੋਂ ਪਥਰਾਅ ਹੋਵੇ ਜਾਂ ਸੂਬਾ ਸਿੰਧ ਦੇ ਜ਼ਿਲ੍ਹਾ ਕਸ਼ਮੋਰ ਦੇ ਹਿੰਦੂ-ਸਿੱਖਾਂ ਦੀ ਭਾਰੀ ਆਬਾਦੀ ਵਾਲੇ ਸ਼ਹਿਰ ਘੌਸਪੁਰ ਦੇ ਨੇੜੇ ਪਿੰਡ ਕੋਟ ਮੀਰ ਬਦਨ ਖਾਂ ਬਜਰਾਣੀ ਵਿਖੇ ਕੁਝ ਕੱਟੜਪੰਥੀ ਅਨਸਰਾਂ ਵੱਲੋਂ ਗੁਰਦੁਆਰੇ ਅੰਦਰ ਦਾਖ਼ਲ ਹੋ ਕੇ ਪਵਿੱਤਰ ਧਾਰਮਿਕ ਗ੍ਰੰਥ ਦੇ ਅੰਗ ਪਾੜ ਦਿੱਤੇ ਜਾਣ ਅਤੇ ਗੋਲਕ ਨੂੰ ਲੁੱਟ ਲਏ ਜਾਣ ਦੀਆਂ ਹਿਰਦੇਵੇਧਕ ਖ਼ਬਰਾਂ ਤੋਂ ਹਰ ਕੋਈ ਜਾਣੂ ਹੈ। ਪਰ ਕੱਟੜਪੰਥੀਆਂ ਦੀ ਸਰਪ੍ਰਸਤੀ ਕਰਨ ਵਾਲੀ ਪਾਕਿਸਤਾਨ ਸਰਕਾਰ ਨੇ ਬੇਅਦਬੀ ਦੇ ਦੋਸ਼ੀਆਂ ਪ੍ਰਤੀ ਕਦੇ ਕੋਈ ਕਾਰਵਾਈ ਨਹੀਂ ਕੀਤੀ। ਹਕੂਮਤ ਦੀ ਸਰਪ੍ਰਸਤੀ ਹਾਸਲ ਇਸਲਾਮਕ ਕੱਟੜਪੰਥੀਆਂ ਲਈ ਹਿੰਦੂ-ਸਿੱਖ ਕਾਫ਼ਰ ਹਨ ਤੇ ਉਨ੍ਹਾਂ 'ਤੇ ਅੱਤਿਆਚਾਰ ਉਨ੍ਹਾਂ ਲਈ 'ਸਵਾਬ' ਹੈ।

ਸਿਆਸੀ ਸਿਸਟਮ ਤੇ ਕੱਟੜਪੰਥੀਆਂ ਦੀਆਂ ਵਧੀਕੀਆਂ ਕਾਰਨ ਪਾਕਿਸਤਾਨ 'ਚ ਸਿੱਖਾਂ ਦੀ ਲਗਾਤਾਰ ਘਟ ਰਹੀ ਆਬਾਦੀ ਨੇ ਸਿੱਖ ਭਾਈਚਾਰੇ ਦੀ ਵੱਖਰੀ ਹੋਂਦ 'ਤੇ ਹੀ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਇਕ ਅਮਰੀਕੀ ਸਰੋਤ ਨੇ ਪਾਕਿਸਤਾਨ 'ਚ 20 ਹਜ਼ਾਰ ਸਿੱਖ ਹੋਣ ਦਾ ਦਾਅਵਾ ਕੀਤਾ ਹੈ। ਪਰ ਜ਼ਾਹਰਾ ਤੌਰ 'ਤੇ ਇੱਥੇ ਸਿੱਖਾਂ ਦੀ ਆਬਾਦੀ ਬਾਰੇ ਕੋਈ ਪੁਖਤਾ ਅੰਕੜਾ ਵੀ ਪ੍ਰਾਪਤ ਨਹੀਂ ਹੈ। ਪਾਕਿਸਤਾਨ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਹੋਈ ਹੈ ਪਰ ਹਕੀਕਤ 'ਚ ਸਾਰੀਆਂ ਤਾਕਤਾਂ ਪਾਕਿਸਤਾਨ ਵਕਫ ਬੋਰਡ ਤਹਿਤ ਕੰਮ ਕਰਦੀ 'ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ' (ਈਟੀਪੀਬੀ) ਦੇ ਕੋਲ ਹਨ। ਉਸ ਨੂੰ ਹਿੰਦੂ-ਸਿੱਖਾਂ ਦੇ ਅਧਿਕਾਰਾਂ ਦੀ ਰਾਖੀ ਲਈ 1950 ਵਿਚ ਨਹਿਰੂ-ਲਿਆਕਤ ਸਮਝੌਤਾ ਅਤੇ 1955 ਵਿਚ ਪੰਤ-ਮਿਰਜ਼ਾ ਸਮਝੌਤੇ ਦੇ ਨਤੀਜੇ ਵਜੋਂ 1960 ਵਿਚ, 1975 ਦੇ ਐਕਟ (ਪ੍ਰਬੰਧਨ ਅਤੇ ਨਿਪਟਾਰੇ) ਨੰਬਰ ਦੇ ਅਧੀਨ ਸੰਵਿਧਾਨਕ ਬਾਡੀ ਵਜੋਂ ਸ਼ੁਰੂ ਕੀਤਾ ਗਿਆ ਸੀ। ਭਾਰਤ-ਪਾਕਿ ਸਮਝੌਤੇ ਅਨੁਸਾਰ ਇਸ ਦਾ ਚੇਅਰਮੈਨ ਹਿੰਦੂ ਜਾਂ ਸਿੱਖ ਹੋਵੇਗਾ, 'ਤੇ ਪਾਕਿਸਤਾਨ ਨੇ ਕਦੇ ਵੀ ਅਮਲ ਨਹੀਂ ਕੀਤਾ। ਇਸ ਬਹਾਨੇ ਕਿ ਇਸਲਾਮਕ ਦੇਸ਼ ਅੰਦਰ ਇਕ ਵੱਡੀ ਸੰਸਥਾ ਦੀ ਕਿਸੇ ਗ਼ੈਰ ਮੁਸਲਮਾਨ ਨੂੰ ਜ਼ਿੰਮੇਵਾਰੀ ਨਹੀਂ ਦਿੱਤੀ ਜਾ ਸਕਦੀ। ਪਾਕਿਸਤਾਨ ਸੁਪਰੀਮ ਕੋਰਟ ਦੇ ਇਕ ਫ਼ੈਸਲੇ 'ਚ ਇਸ ਬੋਰਡ ਦਾ ਚੇਅਰਮੈਨ ਹਿੰਦੂ ਜਾਂ ਸਿੱਖ ਨਿਯੁਕਤ ਕਰਨ ਦਾ ਆਦੇਸ਼ ਵੀ ਲਾਗੂ ਨਹੀਂ ਕੀਤਾ ਗਿਆ। ਬੇਸ਼ੱਕ ਦੋ ਸਾਲ ਪਹਿਲਾਂ ਬੋਰਡ 'ਚ ਪਹਿਲੀ ਵਾਰ ਗ਼ੈਰ ਮੁਸਲਿਮ ਮੈਂਬਰ ਸ਼ਾਮਲ ਕੀਤੇ ਗਏ, ਪਰ ਉਨ੍ਹਾਂ ਨੂੰ ਕਦੇ ਵੀ ਮੀਟਿੰਗ 'ਚ ਨਹੀਂ ਬੁਲਾਇਆ ਗਿਆ। ਇਹ ਬੋਰਡ ਸਥਾਪਤੀ ਵੇਲੇ ਤੋਂ ਹੀ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਦੀ ਕਮਾਨ ਹੇਠ ਰਿਹਾ। ਅੱਜ ਵੀ ਇਸੇ ਏਜੰਸੀ ਤੋਂ ਸ਼ਿਫਟ ਕੀਤੇ ਗਏ ਅਧਿਕਾਰੀ ਹੀ ਬੋਰਡ 'ਚ ਸਾਰੇ ਫ਼ੈਸਲੇ ਲੈ ਰਹੇ ਹਨ, ਨਾ ਕਿ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ। ਇਸੇ ਤਰਜ਼ 'ਤੇ ਕਰਤਾਰਪੁਰ ਦੀ ਪ੍ਰਾਜੈਕਟ ਮੈਨੇਜਮੈਂਟ ਯੂਨਿਟ 'ਚ ਵੀ ਜ਼ਿਆਦਾਤਰ ਅਧਿਕਾਰੀ ਆਈਐੱਸਆਈ ਤੋਂ ਲਏ ਗਏ ਹਨ। ਬੋਰਡ ਵੱਲੋਂ ਦੇਸ਼ ਵੰਡ ਸਮੇਂ ਹਿੰਦੂ-ਸਿੱਖਾਂ ਵੱਲੋਂ ਛੱਡੇ ਗਏ 1,130 ਤੋਂ ਵੱਧ ਹਿੰਦੂ ਮੰਦਰਾਂ ਵਿੱਚੋਂ ਲਗਪਗ 30 ਅਤੇ 517 ਗੁਰਦੁਆਰਿਆਂ 'ਚੋਂ ਕੇਵਲ 17 ਹੀ ਦਰਸ਼ਨਾਂ ਲਈ ਖੋਲੇ ?ਹ ਗਏ। ਕਈ ਗੁਰਦੁਆਰਿਆਂ ਵਿਚ ਸਥਾਨਕ ਲੋਕਾਂ ਵੱਲੋਂ ਮਾਲ-ਡੰਗਰ ਬੰਨ੍ਹੇ ਹੋਏ ਹਨ ਪਰ ਵਕਫ ਬੋਰਡ ਨੇ ਇਨ੍ਹਾਂ ਗੁਰਦੁਆਰਿਆਂ ਨੂੰ ਖ਼ਾਲੀ ਕਰਾਉਣ ਦੀ ਕਦੇ ਵੀ ਕੋਸ਼ਿਸ਼ ਨਹੀਂ ਕੀਤੀ।

ਮੰਦਰ- ਗੁਰਦੁਆਰਿਆਂ ਨਾਲ ਸਬੰਧਤ 109,404 ਏਕੜ ਖੇਤੀਬਾੜੀ ਵਾਲੀ ਜ਼ਮੀਨ ਅਤੇ 46,499 ਏਕੜ ਬਿਲਟ-ਅੱਪ ਸ਼ਹਿਰੀ ਉਪ-ਯੂਨਿਟਾਂ 'ਚੋਂ ਬਹੁਤਿਆਂ 'ਤੇ ਰਾਜਸੀ ਰਸੂਖ ਵਾਲੇ ਕਾਬਜ਼ ਹਨ ਜਾਂ ਫਿਰ ਭੂ-ਮਾਫ਼ੀਆ ਉਨ੍ਹਾਂ ਨੂੰ ਗੁਰਦੁਆਰਿਆਂ ਦੀ ਤਰ੍ਹਾਂ ਖੁਰਦ-ਬੁਰਦ ਕਰਨ 'ਚ ਲੱਗਿਆ ਹੋਇਆ ਹੈ। ਪਾਕਿਸਤਾਨ ਗੁਰਦੁਆਰਾ ਕਮੇਟੀ ਦੇ 'ਡਮੀ' (ਨਕਲੀ) ਹੋਣ ਦਾ ਇਕ ਪੁਖ਼ਤਾ ਸਬੂਤ ਇਹ ਕਿ ਪਾਕਿ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗੁਰਪੁਰਬਾਂ ਬਾਰੇ ਜਾਰੀ ਹੁਕਮਨਾਮੇ ਨੂੰ ਲਾਗੂ ਕਰਵਾ ਸਕਣ ਤੋਂ ਪਾਕਿ ਕਮੇਟੀ ਅਸਮਰੱਥ ਹੈ। ਪਾਕਿ 'ਚ ਗੁਰਪੁਰਬ ਸਰਕਾਰੀ ਹੁਕਮਾਂ ਨਾਲ ਉਸ ਕੈਲੰਡਰ ਅਨੁਸਾਰ ਮਨਾਏ ਜਾ ਰਹੇ ਹਨ ਜਿਸ ਨੂੰ ਸਿੱਖਾਂ ਦੀ ਸਰਵਉੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਰੱਦ ਕੀਤਾ ਜਾ ਚੁੱਕਿਆ ਹੈ। ਪਾਕਿਸਤਾਨ ਗੁਰਦੁਆਰਾ ਕਮੇਟੀ ਅਤੇ ਸਿੱਖ ਭਾਈਚਾਰਾ ਬੇਵੱਸ ਹੈ। ਕਮੇਟੀ 'ਚ ਬਹੁਤ ਘੱਟ ਤਨਖ਼ਾਹ 'ਤੇ ਮੁਲਾਜ਼ਮ ਰੱਖੇ ਗਏ ਹਨ। ਪਾਕਿ 'ਚ ਸਿੱਖ ਭਾਈਚਾਰਾ ਆਪਣੀ ਤਰੱਕੀ ਤੇ ਆਰਥਿਕ ਖ਼ੁਸ਼ਹਾਲੀ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹੋਣ ਦੇ ਬਾਵਜੂਦ ਹਰ ਖੇਤਰ 'ਚ ਦਰਪੇਸ਼ ਕੱਟੜਵਾਦ ਤੇ ਦਮਨਕਾਰੀ ਸਿਸਟਮ ਕਾਰਨ ਅਤਿ ਤਰਸਯੋਗ ਹਾਲਤ ਵਿਚ ਹੈ।

# ਭਾਰਤ 'ਚ ਪਲੀਤ ਹੁੰਦੀ ਹਵਾ, ਵਿਸ਼ਵ ਦੇ ਪ੍ਰਦੂਸ਼ਿਤ ਦੇਸ਼ਾਂ 'ਚ ਭਾਰਤ ਦਾ ਹੈ ਅੱਠਵਾਂ ਨੰਬਰ

-ਅਸ਼ਵਨੀ ਚਤਰਥ, ਬਟਾਲਾ



ਹਵਾ ਦਾ ਪ੍ਰਦੂਸ਼ਣ ਅਸਲ ਵਿਚ ਦਮਾ, ਕੈਂਸਰ, ਦਿਲ ਦੀਆਂ ਬਿਮਾਰੀਆਂ, ਗਰਭ ਵਿਚ ਬੱਚਿਆਂ ਦੀ ਮੌਤ ਅਤੇ ਫੇਫੜਿਆਂ ਨਾਲ ਸੰਬੰਧਿਤ ਰੋਗਾਂ ਤੋਂ ਇਲਾਵਾ ਅਨੇਕਾਂ ਹੋਰ ਬਿਮਾਰੀਆਂ ਲਈ ਜ਼ਿੰਮੇਵਾਰ ਹੈ। ਇਸ ਵਿਚ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਬੱਚੇ, ਗਰਭਵਤੀ ਔਰਤਾਂ ਅਤੇ ਬਿਰਧ ਅਵਸਥਾ ਵਰਗ ਦੇ ਲੋਕ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਹਰ ਸਾਲ ਸੱਠ ਲੱਖ ਦੇ ਕਰੀਬ ਮੌਤਾਂ ਹਵਾ ਦੀ ਗੁਣਵੱਤਾ ਦੇ ਮਾੜੇ ਪੱਧਰ ਕਾਰਨ ਹੋ ਜਾਂਦੀਆਂ ਹਨ।

ਵਿਸ਼ਵ ਸਿਹਤ ਸੰਗਠਨ ਵੱਲੋਂ 2.5 ਪੀਐੱਮ (2.5 ਪਾਰਟੀਕੁਲੇਟ ਮੈਟਰ) ਨੂੰ ਮਨੁੱਖੀ ਸਿਹਤ ਲਈ ਵੱਡੇ ਪੱਧਰ 'ਤੇ ਨੁਕਸਾਨਦੇਹ ਦੱਸਿਆ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਇਹ ਕਣ ਛੋਟੇ ਆਕਾਰ ਦੇ ਹੋਣ ਕਰਕੇ ਸਾਡੀ ਸਾਹ ਪ੍ਰਣਾਲੀ ਅਤੇ ਖ਼ੂਨ ਪ੍ਰਣਾਲੀ ਵਿਚ ਆਸਾਨੀ ਨਾਲ ਦਾਖ਼ਲ ਹੋ ਜਾਂਦੇ ਹਨ। ਇਹ ਕਣ ਸਿਗਰਟਨੋਸ਼ੀ, ਖਾਣਾ ਪਕਾਉਣ, ਵਾਹਨਾਂ ਵਿਚ ਬਾਲਣਾਂ ਦੇ ਬਲਣ ਤੋਂ, ਉਦਯੋਗਾਂ ਵਿਚ ਕੋਲੇ, ਪੈਟਰੋਲ ਅਤੇ ਡੀਜ਼ਲ ਦੇ ਬਲਣ ਨਾਲ, ਸੜਕਾਂ ਦੀ ਧੂੜ, ਜੰਗਲਾਂ ਦੀ ਅੱਗ ਲੱਗਣ ਨਾਲ, ਤਾਪ ਬਿਜਲੀ ਘਰਾਂ ਅਤੇ ਪਰਾਲੀ ਸਾੜਣ ਤੋਂ ਪੈਦਾ ਹੁੰਦੇ ਹਨ।

ਪ੍ਰਦੂਸ਼ਣ ਦੇ ਸਭ ਤੋਂ ਮਾੜੇ ਪੱਧਰ 'ਤੇ ਦੁਨੀਆ ਦੇ ਅੱਠ ਦੇਸ਼ ਆਉਂਦੇ ਹਨ ਤੇ ਉਹ ਹਨ ਚਾੜ, ਇਰਾਕ, ਪਾਕਿਸਤਾਨ, ਬਹਿਰੀਨ, ਬੰਗਲਾਦੇਸ਼, ਬੁਰਕੀਨਾ, ਕੁਵੈਤ ਅਤੇ ਭਾਰਤ। ਇਨ੍ਹਾਂ ਵਿੱਚੋਂ ਭਾਰਤ ਦਾ ਅੱਠਵਾਂ ਨੰਬਰ ਆਉਂਦਾ ਹੈ। ਭਾਰਤ ਵਿਚ ਵੀ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਦੀ ਇਕ ਲੰਮੀ ਸੂਚੀ ਹੈ। ਇਨ੍ਹਾਂ ਵਿਚ ਉਦਯੋਗਿਕ ਸ਼ਹਿਰ ਭਿਵੰਡੀ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਵਿਸ਼ਵ ਵਿਚ ਤੀਸਰੇ ਅਤੇ ਚੌਥੇ ਨੰਬਰ ਦੇ ਸਭ ਤੋਂ ਵੱਧ ਪ੍ਰਦੂਸ਼ਣ ਵਾਲੇ ਸ਼ਹਿਰ ਹਨ। ਇਸੇ ਲੜੀ ਵਿਚ ਹੋਰ ਸ਼ਹਿਰ ਹਨ ਦਰਭੰਗਾ, ਗਾਜ਼ੀਆਬਾਦ, ਪਟਨਾ, ਮੁਜ਼ੱਫਰਨਗਰ, ਨੋਇਡਾ, ਫ਼ਰੀਦਾਬਾਦ ਅਤੇ ਕਾਨਪੁਰ ਆਦਿ । ਹੈਰਾਨੀ ਦੀ ਗੱਲ ਹੈ ਕਿ ਦੁਨੀਆ ਦੇ ਵੀਹ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 19 ਏਸ਼ੀਆ ਦੇ ਹੀ ਹਨ ਜਿਨ੍ਹਾਂ ਵਿੱਚੋਂ 14 ਸਾਡੇ ਮੁਲਕ ਭਾਰਤ ਦੇ ਹੀ ਹਨ। ਜੋ ਗੱਲ ਸਭ ਤੋਂ ਵੱਧ ਚਿੰਤਾ ਵਾਲੀ ਹੈ, ਉਹ ਇਹ ਹੈ ਕਿ ਸਾਡੀ ਹਵਾ ਦੀ ਗੁਣਵੱਤਾ ਵਿਸ਼ਵ ਸਿਹਤ ਸੰਗਠਨ ਵੱਲੋਂ ਨਿਰਧਾਰਿਤ ਗੁਣਵੱਤਾ ਦੇ ਪੱਧਰ ਤੋਂ ਦਸ ਗੁਣਾਂ ਤੋਂ ਵੱਧ ਪਲੀਤ ਹੈ। ਇਸੇ ਕਾਰਨ ਸਰਦੀ ਦੇ ਦਿਨਾਂ ਵਿਚ ਵਿਜ਼ੀਬਿਲਟੀ ਭਾਵ ਦਿ?ਸ਼ਤਾ ਬੇਹੱਦ ਘੱਟ ਜਾਂਦੀ ਹੈ ਅਤੇ ਹਵਾ ਵਿਚ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ, ਜਿਸ ਕਾਰਨ ਸਰਕਾਰ ਨੂੰ ਬਹੁਤੀ ਵਾਰ ਸਕੂਲ-ਕਾਲਜ ਬੰਦ ਕਰਨੇ ਪੈਂਦੇ ਹਨ ਅਤੇ ਇਮਾਰਤੀ ਨਿਰਮਾਣ ਕਾਰਜ ਬੰਦ ਕਰਵਾਉਣੇ ਪੈਂਦੇ ਹਨ।

ਇਸ ਨਾਲ ਪਹਿਲਾਂ ਤੋਂ ਹੀ ਮੁਸ਼ਕਲ ਨਾਲ ਗੁਜ਼ਾਰਾ ਕਰ ਰਹੇ ਦਿਹਾੜੀਦਾਰ ਮਿਸਤਰੀ-ਮਜ਼ਦੂਰਾਂ ਲਈ ਜ਼ਿੰਦਗੀ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਮੁਸ਼ਕਲ ਹੋ ਜਾਂਦੀਆਂ ਹਨ। ਸਵਿਟਜ਼ਰਲੈਂਡ ਦੀ ਏਜੰਸੀ ਆਈਕਿਊ ਏਅਰ ਵੱਲੋਂ ਦੱਖਣੀ ਏਸ਼ੀਆ ਨੂੰ ਹਵਾ ਪ੍ਰਦੂਸ਼ਣ ਦਾ ਕੇਂਦਰ ਬਿੰਦੂ ਦੱਸਿਆ ਗਿਆ ਹੈ। ਰਿਪੋਰਟ ਮੁਤਾਬਕ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ 100 ਸ਼ਹਿਰਾਂ ਵਿੱਚੋਂ 72 ਸ਼ਹਿਰ ਦੱਖਣੀ ਏਸ਼ੀਆ ਦੇ ਹੀ ਹਨ। ਇਸ ਰਿਪੋਰਟ ਦੇ ਆਧਾਰ 'ਤੇ ਵਿਸ਼ਵ ਸਿਹਤ ਸੰਗਠਨ ਵੱਲੋਂ ਪ੍ਰਭਾਵਿਤ ਦੇਸ਼ਾਂ ਨੂੰ ਹਵਾ ਦੀ ਸ਼ੁੱਧਤਾ ਵਧਾਉਣ ਲਈ ਆਪਣੇ ਖ਼ਰਚ ਵਿਚ ਵਾਧਾ ਕਰਨ ਲਈ ਕਿਹਾ ਗਿਆ ਹੈ। ਵਿਸ਼ਾ ਮਾਹਿਰਾਂ ਅਨੁਸਾਰ ਸਮੁੱਚੀ ਦੁਨੀਆ ਵਿਚ ਦਸ ਲੋਕਾਂ ਵਿੱਚੋਂ ਇਕ ਆਦਮੀ ਬੇਹੱਦ ਪਲੀਤ ਹਵਾ ਵਿਚ ਸਾਹ ਲੈ ਰਿਹਾ ਹੈ ਜਦ ਕਿ ਏਸ਼ੀਆ ਦੀ 60 ਫ਼ੀਸਦੀ ਤੋਂ ਵੱਧ ਆਬਾਦੀ ਬੇਹਿਸਾਬ ਪੱਧਰ ਤੱਕ ਦੂਸ਼ਿਤ ਹੋ ਚੁੱਕੀ ਹਵਾ ਵਿਚ ਸਾਹ ਲੈਣ ਲਈ ਮਜਬੂਰ ਹੋ ਰਹੀ ਹੈ।

ਜੇਕਰ ਇਸ ਗੰਭੀਰ ਸਮੱਸਿਆ ਦੇ ਹੱਲ ਲੱਭਣ ਲਈ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸੰਨ 2015 ਵਿਚ ਸੰਯੁਕਤ ਰਾਸ਼ਟਰ ਸੰਘ ਦੀ ਪਹਿਲ ਦੇ ਸਿੱਟੇ ਵਜੋਂ ਸੰਸਾਰ ਦੇ 195 ਦੇਸ਼ਾਂ ਅਤੇ ਹੋਰ ਸੰਸਥਾਵਾਂ ਨੇ ਮਿਲ ਕੇ 'ਪੈਰਿਸ ਸਮਝੌਤੇ' 'ਤੇ ਦਸਤਖ਼ਤ ਕੀਤੇ ਸਨ ਤਾਂ ਜੋ ਵਾਤਾਵਰਨ ਵਿਚ ਆ ਰਹੀ ਗਿਰਾਵਟ ਨੂੰ ਰੋਕਿਆ ਜਾ ਸਕੇ। ਇਸ ਸਮਝੌਤੇ ਤਹਿਤ ਭਾਰਤ ਸਮੇਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਕੋਲੇ, ਡੀਜ਼ਲ ਅਤੇ ਪੈਟਰੋਲ ਜਿਹੇ ਪਥਰਾਟੀ ਬਾਲਣਾਂ ਦੀ ਵਰਤੋਂ ਨੂੰ ਘੱਟ ਕਰ ਕੇ 'ਗ੍ਰੀਨ ਊਰਜਾ' ਭਾਵ ਪ੍ਰਦੂਸ਼ਣ ਰਹਿਤ ਬਾਲਣ ਦੀ ਵਰਤੋਂ ਕਰਨ ਲਈ ਜ਼ੋਰ ਦਿੱਤਾ ਗਿਆ ਹੈ ।

ਜੇ ਸਮੱਸਿਆ ਦੇ ਹੱਲ ਦੀ ਗੱਲ ਕਰੀਏ ਤਾਂ 'ਗ੍ਰੀਨ ਊਰਜਾ' ਜਿਵੇਂ ਸੋਰ ਊਰਜਾ, ਪੌਣ ਊਰਜਾ ਅਤੇ ਜਲ ਊਰਜਾ ਆਦਿ ਪ੍ਰਦੂਸ਼ਣ ਨੂੰ ਕਾਫ਼ੀ ਹੱਦ ਤੱਕ ਘੱਟ ਕਰ ਸਕਦੇ ਹਨ। ਆਮ ਲੋਕਾਂ ਵੱਲੋਂ ਵਰਤੇ ਜਾਂਦੇ ਵਾਹਨਾਂ ਵਿਚ ਵਰਤੇ ਜਾਂਦੇ ਪੈਟਰੋਲ ਵਿਚ ਈਥੇਨੋਲ ਦੀ ਮਾਤਰਾ ਵਧਾ ਕੇ ਪ੍ਰਦੂਸ਼ਣ ਨੂੰ ਘੱਟ ਕੀਤਾ ਜਾ ਸਕਦਾ ਹੈ। ਈ-ਵਾਹਨ ਭਾਵ ਬਿਜਲੀ ਨਾਲ ਚੱਲਣ ਵਾਲੇ ਵਾਹਨ ਹਵਾ ਨੂੰ ਸਾਫ਼-ਸੁਥਰਾ ਰੱਖਣ ਵਿਚ ਸਹਾਈ ਹੁੰਦੇ ਹਨ। ਲੋਕਾਂ ਵੱਲੋਂ ਕੂੜੇ ਅਤੇ ਪਲਾਸਟਿਕ ਪਦਾਰਥਾਂ ਨੂੰ ਅੱਗ ਨਾ ਲਾਉਣ ਤੇ ਘਰਾਂ ਵਿਚ ਐੱਲਪੀਜੀ ਗੈਸ ਵਰਤਣ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

# ਆਰਥਿਕ ਮਜ਼ਬੂਤੀ ਹੀ ਰੋਕ ਸਕਦੀ ਹੈ ਔਰਤਾਂ ਦਾ ਸ਼ੋਸ਼ਣ

**ਪੂਰਨ ਚੰਦ ਸਰੀਨ**

25 ਨਵੰਬਰ 'ਔਰਤਾਂ ਦਾ ਹਿੰਸਾ ਤੋਂ ਮੁਕਤੀ ਦਿਵਸ' ਸੰਯੁਕਤ ਰਾਸ਼ਟਰ ਵਲੋਂ ਦੁਨੀਆ ਭਰ



'ਚ ਮਨਾਇਆ ਜਾਂਦਾ ਹੈ। ਅਕਸਰ ਇਸ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਹਨ ਕਿ ਔਰਤਾਂ ਨੂੰ ਕਿਸ ਤਰ੍ਹਾਂ ਸੁਰੱਖਿਅਤ ਕੀਤਾ ਜਾਵੇ ਕਿ ਉਨ੍ਹਾਂ ਨਾਲ ਭੇਦਭਾਵ, ਕੁੱਟਮਾਰ ਅਤੇ ਸਰੀਰਕ ਤੇ ਮਾਨਸਿਕ ਅੱਤਿਆਚਾਰ ਨਾ ਹੋਵੇ। ਇਹ ਸਭ ਜ਼ੁਬਾਨੀ ਗੱਲਾਂ ਨੇ; ਕਿਉਂਕਿ ਹਕੀਕਤ ਦੱਸਦੀ ਹੈ ਕਿ ਵਿਸ਼ਵ 'ਚ ਤਿੰਨ 'ਚੋਂ ਇਕ ਔਰਤ ਨਾਲ ਜ਼ਿੰਦਗੀ 'ਚ ਘੱਟੋ-ਘੱਟ ਇਕ ਵਾਰ ਸਰੀਰਕ, ਮਾਨਸਿਕ ਅਤੇ ਆਰਥਿਕ ਤੌਰ 'ਤੇ ਸ਼ੋਸ਼ਣ ਹੋਇਆ ਹੀ ਹੈ। ਇਕ ਤੱਥ ਇਹ ਵੀ ਹੈ ਕਿ ਚਾਹੇ ਹਰ ਦੇਸ਼ ਉਨ੍ਹਾਂ ਨਾਲ ਹਮਦਰਦੀ ਰੱਖੇ ਪਰ ਆਪਣੇ ਇੱਥੇ ਬਹੁਤ ਹੀ ਘੱਟ ਅਜਿਹੇ ਕਾਨੂੰਨ ਬਣ ਸਕੇ ਹਨ, ਜੋ ਪੂਰੀ ਤਰ੍ਹਾਂ ਔਰਤਾਂ ਦੇ ਹੱਕ 'ਚ ਹੋਣ। ਤ੍ਰਾਸਦੀ ਇਹ ਵੀ ਹੈ ਕਿ ਕੋਈ ਵੀ ਸਰਕਾਰ ਆਪਣੇ ਬਜਟ ਦੇ ਪੰਜ ਫ਼ੀਸਦੀ ਤੋਂ ਵੱਧ ਸਾਧਨ ਇਸ ਕੰਮ ਦੀ ਵਿਵਸਥਾ ਲਈ ਨਹੀਂ ਲਾਉਂਦੀ।


**ਆਵਾਜ਼ ਨਹੀਂ ਤਾਂ ਬਚਾਅ ਕਿਵੇਂ? :** ਕਹਿੰਦੇ ਹਨ ਕਿ ਬਿਨਾਂ ਰੋਏ ਤਾਂ ਮਾਂ ਵੀ ਦੁੱਧ ਨਹੀਂ ਪਿਲਾਉਂਦੀ, ਭਾਵ ਜਦੋਂ ਕੋਈ ਆਪਣੇ ਨਾਲ ਹੋ ਰਹੇ ਅਨਿਆਂ ਖ਼ਿਲਾਫ਼ ਆਵਾਜ਼ ਹੀ ਨਹੀਂ ਚੁੱਕਦਾ ਤਾਂ ਫਿਰ ਕਿਸੇ ਨੂੰ ਕੀ ਪਈ ਹੈ, ਜੋ ਉਸ ਦੀ ਤਰਫ਼ਦਾਰੀ ਕਰੇ। ਸਬੂਤ ਇਹ ਹੈ ਕਿ ਹਰ ਘੰਟੇ ਪੰਜ ਜਾਂ ਇਸ ਤੋਂ ਵਧੇਰੇ ਅਣਜੰਮੀਆਂ ਜਾਂ ਨਵਜੰਮੀਆਂ ਲੜਕੀਆਂ ਦੀ ਹੱਤਿਆ ਹੋ ਜਾਂਦੀ ਹੈ ਅਤੇ ਕਿਸੇ ਨੂੰ ਇਸ ਦੀ ਖ਼ਬਰ ਤੱਕ ਨਹੀਂ ਹੁੰਦੀ। ਗਰਭ ਡਿਗਾਉਣ ਭਾਵ ਭਰੂਣ ਹੱਤਿਆ ਦੇ ਅੰਕੜੇ ਤਾਂ ਹੋਰ ਵੀ ਭਿਆਨਕ ਹਨ। ਸਮਾਜ ਅਕਸਰ ਲੜਕੇ-ਲੜਕੀਆਂ 'ਚ ਕੋਈ ਭੇਦ ਨਾ ਕਰਨ, ਦੋਵਾਂ ਨੂੰ ਸਮਾਨ ਸਮਝਣ ਅਤੇ ਇਕੋ ਜਿਹੇ ਮੌਕੇ ਦੇਣ ਦੀ ਗੱਲ ਕਰਦਾ ਹੈ। ਅਸੀਂ ਇਹ ਨਹੀਂ ਕਹਿੰਦੇ ਕਿ ਉਹ ਝੂਠ ਕਹਿੰਦਾ ਹੈ ਪਰ ਏਨਾ ਜ਼ਰੂਰ ਹੈ ਕਿ ਸੱਚ 'ਤੇ ਪਰਦਾ ਪਾਉਣ ਦਾ ਕੰਮ ਕਰਦਾ ਹੈ। ਉਦਾਹਰਨ ਲਈ ਚਾਹੇ ਲੜਕੀਆਂ ਦੀ ਪੜ੍ਹਾਈ-ਲਿਖਾਈ ਹੋਵੇ, ਉਨ੍ਹਾਂ ਦੀ ਨੌਕਰੀ ਜਾਂ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਗੱਲ ਹੋਵੇ, ਵਿਆਹ ਅਤੇ ਦਾਜ ਦਾ ਮਾਮਲਾ ਹੋਵੇ, ਰੀਤੀ-ਰਿਵਾਜ ਤੇ ਪਰੰਪਰਾਵਾਂ ਦੇ ਪਾਲਣ ਦੀ ਜ਼ਿੰਮੇਵਾਰੀ ਹੋਵੇ, ਪੁਰਸ਼ ਸਮਾਜ ਉਨ੍ਹਾਂ ਨੂੰ ਬਹਿਕਾਵੇ 'ਚ ਰੱਖ ਕੇ ਆਪਣੀ ਗੱਲ ਮਨਵਾਉਣ 'ਚ ਕਦੇ ਵੀ ਪਿੱਛੇ ਨਹੀਂ ਰਹਿੰਦਾ। ਮੰਨੋ ਜਿਵੇਂ ਲੜਕਿਆਂ ਨੂੰ ਇਹ ਗੱਲ ਉਨ੍ਹਾਂ ਦੇ ਜਨਮ ਸਮੇਂ ਗੁੜ੍ਹਤੀ 'ਚ ਘੋਲ ਕੇ ਪਿਲਾ ਦਿੱਤੀ ਜਾਂਦੀ ਹੈ ਕਿ ਲੜਕੀਆਂ ਦਾ ਪਰਿਵਾਰ 'ਚ ਦੂਜਾ-ਤੀਜਾ ਦਰਜਾ ਹੈ, ਪਹਿਲਾ ਜਾਂ ਬਰਾਬਰੀ ਦਾ ਤਾਂ ਸਵਾਲ ਹੀ ਨਹੀਂ ਉੱਠਦਾ। ਜਦੋਂ ਇਹ ਸੋਚ ਬਚਪਨ ਤੋਂ ਹੀ ਬਣ ਜਾਂਦੀ ਹੈ ਤਾਂ ਫਿਰ ਲੜਕੀ ਚਾਹੇ ਕਿੰਨੀ ਵੀ ਬੁੱਧੀਮਾਨ ਹੋਵੇ, ਜੀਵਨ 'ਚ ਕੁਝ ਬਣਨ ਜਾਂ ਕਰਨ ਦੀ ਇੱਛਾ ਰੱਖਦੀ ਹੋਵੇ, ਮਰਜ਼ੀ ਲੜਕਿਆਂ ਦੀ ਹੀ ਚੱਲਦੀ ਹੈ ਅਤੇ ਜੇਕਰ ਕਿਤੇ ਉਸ ਨੇ ਇਹ ਫ਼ੈਸਲਾ ਕਰ ਲਿਆ ਕਿ ਉਹ ਜੋ ਚਾਹੁੰਦੀ ਹੈ, ਹਾਸਿਲ ਕਰ ਕੇ ਹੀ ਰਹੇਗੀ ਤਾਂ ਫਿਰ ਉਸ ਨੂੰ ਪਤਾ ਨਹੀਂ ਕਿਹੜੇ-ਕਿਹੜੇ ਨਾਵਾਂ ਨਾਲ ਪੁਕਾਰਿਆ ਜਾਣ ਲਗਦਾ ਹੈ, ਜਿਵੇਂ ਅਵਾਰਾ, ਬਦਚਲਨ, ਨੱਕ ਵਢਾਉਣ ਵਾਲੀ ਆਦਿ ਆਦਿ। ਇਸ ਕਾਰਨ ਆਮ ਤੌਰ 'ਤੇ ਉਹ ਹਥਿਆਰ ਸੁੱਟ ਦਿੰਦੀ ਹੈ ਅਤੇ ਇਕ ਘੁਟਣ ਭਰੀ ਅਤੇ ਨੀਰਸ ਜ਼ਿੰਦਗੀ ਸਵੀਕਾਰ ਕਰ ਲੈਂਦੀ ਹੈ।



**ਆਰਥਿਕ ਮਜ਼ਬੂਤੀ ਹੀ ਉਪਾਅ :** ਔਰਤਾਂ ਨੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਜੇਕਰ ਤਾਕਤਵਰ ਬਣਨਾ ਹੈ ਤਾਂ ਉਸ ਦਾ ਇਕੋ ਹੀ ਤਰੀਕਾ ਹੈ ਕਿ ਉਹ ਰੁਪਏ-ਪੈਸੇ ਲਈ ਕਿਸੇ 'ਤੇ ਨਿਰਭਰ ਨਾ ਹੋਵੇ ਅਤੇ ਉਹ ਜੋ ਵੀ ਮਿਹਨਤ ਕਰਦੀ ਹੈ, ਉਸ ਦਾ ਉਸ ਨੂੰ ਫਲ ਭਾਵ ਰੁਪਏ ਮਿਲਣ, ਚਾਹੇ ਪਿਤਾ, ਭਰਾ ਅਤੇ ਪਤੀ ਹੀ ਕਿਉਂ ਨਾ ਹੋਵੇ। ਇਸ ਦੀ ਇਕ ਉਦਾਹਰਨ ਪਿਛਲੇ ਕੁਝ ਸਾਲਾਂ 'ਚ ਇਸ ਗੱਲ ਦੀ ਸਮੀਖਿਆ ਕਰਨ ਨਾਲ ਦਿੱਤੀ ਜਾ ਸਕਦੀ ਹੈ ਕਿ ਜਦੋਂ ਤੋਂ ਔਰਤ ਦੇ ਬੱਚਤ ਖਾਤਿਆਂ 'ਚ ਉਸ ਦੀ ਤਨਖ਼ਾਹ ਜਾਂ ਮਜ਼ਦੂਰੀ ਦਾ ਪੈਸਾ ਪਹੁੰਚਣ ਲੱਗਾ ਹੈ, ਉਹ ਖ਼ੁਦ ਨੂੰ ਇਸ ਯੋਗ ਸਮਝਣ ਲੱਗੀ ਹੈ ਕਿ ਉਹ ਇਸ ਨੂੰ ਆਪਣੀ ਮਰਜ਼ੀ ਨਾਲ ਖ਼ਰਚ ਕਰ ਸਕਦੀ ਹੈ। ਉਹ ਕਰਦੀ ਵੀ ਹੈ ਅਤੇ ਪਤੀ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਇਸ ਮਾਮਲੇ 'ਚ ਆਪਣੇ ਉੱਪਰ ਹਾਵੀ ਨਹੀਂ ਹੋਣ ਦਿੰਦੀ। ਇਹੀ ਗੱਲ ਹੋਰ ਕੰਮਕਾਜੀ, ਨੌਕਰੀ ਜਾਂ ਆਪਣਾ ਕੋਈ ਕਾਰੋਬਾਰ ਕਰਨ ਵਾਲੀਆਂ ਔਰਤਾਂ 'ਤੇ ਲਾਗੂ ਹੁੰਦੀ ਹੈ, ਜੋ ਆਪਣੀ ਕਮਾਈ 'ਤੇ ਕਿਸੇ ਦਾ ਹੱਕ ਨਹੀਂ ਸਮਝਦੀ। ਜੇਕਰ ਜ਼ੋਰ-ਜ਼ਬਰਦਸਤੀ ਕੀਤੀ ਜਾਂਦੀ ਹੈ ਤਾਂ ਉਹ ਇਕੱਲੀ ਜਾਂ ਵੱਖਰਾ ਰਹਿਣ ਦਾ ਫ਼ੈਸਲਾ ਕਰਨ 'ਚ ਹੀ ਅਕਲਮੰਦੀ ਸਮਝਦੀ ਹੈ। ਇਕ ਉਦਾਹਰਨ ਹੈ। ਕੁਝ ਸਾਲ ਪਹਿਲਾਂ ਦੁਨੀਆ ਦੀਆਂ ਸਭ ਤੋਂ ਅਮੀਰ ਔਰਤਾਂ 'ਚੋਂ ਇਕ ਮੇਲਿੰਡਾ ਗੇਟਸ ਨੇ ਭਾਰਤ ਦੇ ਕੁਝ ਪਛੜੇ ਇਲਾਕਿਆਂ ਦੀਆਂ ਔਰਤਾਂ 'ਚ ਇਹ ਮੁਹਿੰਮ ਚਲਾਈ ਸੀ ਕਿ ਉਨ੍ਹਾਂ ਦੇ ਸਰੀਰ 'ਤੇ ਪਹਿਲਾ ਹੱਕ ਉਨ੍ਹਾਂ (ਖ਼ੁਦ) ਦਾ ਹੈ। ਕੰਮ ਕਰਨ ਤੋਂ ਲੈ ਕੇ ਬੱਚੇ ਨੂੰ ਜਨਮ ਦੇਣ, ਉਨ੍ਹਾਂ ਦੀ ਪਰਵਰਿਸ਼ ਕਰਨ ਅਤੇ ਪਰਿਵਾਰ ਨੂੰ ਸੰਭਾਲਣ ਤੱਕ ਦਾ ਕੰਮ ਉਹ ਕਰੇਗੀ। ਇੱਥੋਂ ਤੱਕ ਕਿ ਜੇਕਰ ਉਹ ਬੱਚਾ ਨਾ ਚਾਹੇ ਅਤੇ ਪਤੀ ਗਰਭ ਨਿਰੋਧਕ ਉਪਾਅ ਦੀ ਵਰਤੋਂ ਨਾ ਕਰੇ ਤਾਂ ਉਹ ਸੰਭੋਗ ਤੋਂ ਮਨ੍ਹਾਂ ਕਰ ਸਕਦੀ ਹੈ। ਜੇਕਰ ਜ਼ੋਰ-ਜ਼ਬਰਦਸਤੀ ਹੁੰਦੀ ਹੈ ਤਾਂ ਸਭ ਮਿਲ ਕੇ ਉਸ ਦਾ ਵਿਰੋਧ ਕਰ ਸਕਦੀਆਂ ਹਨ। ਇਸ ਕੋਸ਼ਿਸ਼ ਦੇ ਬਹੁਤ ਹੀ ਹੈਰਾਨੀਜਨਕ ਅਤੇ ਉਤਸ਼ਾਹਜਨਕ ਨਤੀਜੇ ਨਿਕਲੇ। ਪੁਰਸ਼ਾਂ ਦੀ ਸਮਝ 'ਚ ਆ ਗਿਆ ਕਿ ਉਨ੍ਹਾਂ ਦੀ ਮਰਜ਼ੀ ਨਹੀਂ ਚੱਲੇਗੀ ਅਤੇ ਉਹ ਔਰਤਾਂ ਨਾਲ ਸਹਿਯੋਗ ਕਰਦੇ ਹੋਏ ਉਨ੍ਹਾਂ ਦੇ ਫ਼ੈਸਲਿਆਂ ਨੂੰ ਮੰਨਣਗੇ ਅਤੇ ਜੇਕਰ ਉਹ ਇੰਝ ਨਹੀਂ ਕਰਦੇ ਤਾਂ ਨਾ ਘਰ ਦੇ ਰਹਿਣਗੇ ਨਾ ਘਾਟ ਦੇ। ਇਸ ਨਾਲ ਘਰੇਲੂ ਹਿੰਸਾ ਦੀਆਂ ਘਟਨਾਵਾਂ ਵੀ ਘਟ ਹੋਈਆਂ ਅਤੇ ਔਰਤਾਂ ਨੂੰ ਆਪਣੇ ਪੈਰ ਦੀ ਜੁੱਤੀ ਸਮਝਣ ਦੀ ਸੋਚ ਬਦਲੀ ਅਤੇ ਔਰਤਾਂ ਦਾ ਸਨਮਾਨ ਕਰਨ ਦੀ ਆਦਤ ਪੈਣ ਲੱਗੀ। ਆਧੁਨਿਕ ਤਕਨਾਲੋਜੀ ਦੇ ਯੁੱਗ 'ਚ ਹੁਣ ਉਹ ਦੌਰ ਆ ਗਿਆ ਹੈ ਕਿ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰ ਮਿਲਣ ਦੇ ਮਾਮਲੇ 'ਚ 'ਕੋਈ ਬਹਾਨਾ ਨਹੀਂ' ਚੱਲੇਗਾ। ਇਸ ਨਜ਼ਰ ਨਾਲ ਦੇਖਿਆ ਜਾਵੇ ਤਾਂ ਹੁਣ ਇਹ ਪਹਿਲੂ ਵੀ ਬਹੁਤ ਸਪੱਸ਼ਟ ਹੋ ਕੇ ਸਾਹਮਣੇ ਆ ਰਿਹਾ ਹੈ ਕਿ ਜੇਕਰ ਬਿਨਾਂ ਗੱਲ ਲੜਨ, ਕੁੱਟਮਾਰ ਕਰਨ ਅਤੇ ਸਰੀਰਕ ਸ਼ੋਸ਼ਣ ਕਰਨ ਤੋਂ ਪੁਰਸ਼ ਬਾਜ਼ ਨਹੀਂ ਆਉਂਦਾ ਤਾਂ ਫਿਰ ਉਸ ਦੇ ਬੁਰੇ ਦਿਨ ਆਉਣ ਤੋਂ ਕੋਈ ਨਹੀਂ ਰੋਕ ਸਕਦਾ। ਸੋਸ਼ਲ ਮੀਡੀਆ ਕਾਰਨ ਔਰਤ ਹੁਣ ਬਿਚਾਰੀ ਬਣ ਕੇ ਨਹੀਂ ਰਹਿਣਾ ਚਾਹੁੰਦੀ, ਸਗੋਂ ਉਹ ਮਰਦਾਂ ਨਾਲ ਮੁਕਾਬਲਾ ਕਰਦੀ ਹੈ। ਹੁਣ ਉਸ ਦਾ ਸੁਭਾਅ ਬਦਲ ਰਿਹਾ ਹੈ। ਇਸ ਸਮੇਂ ਪੁਰਸ਼ਾਂ ਤੋਂ ਵੱਧ ਔਰਤਾਂ ਆਪਣੇ ਸ਼ੁਰੂ ਕੀਤੇ ਗਏ ਸਟਾਰਟ ਅੱਪ ਜਾਂ ਆਪਣਾ ਹੀ ਬਰਾਂਡ ਬਣਾਉਣ 'ਚ ਸਫਲ ਹੋ ਰਹੀਆਂ ਹਨ। ਇਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਇਕ ਤਰ੍ਹਾਂ ਨਾਲ ਨਰ ਅਤੇ ਨਾਰੀ ਵਿਚ ਸਿਹਤ ਮੁਕਬਾਲੇਬਾਜ਼ੀ ਦੀ ਵੀ ਸ਼ੁਰੂਆਤ ਹੋ ਰਹੀ ਹੈ। ਹੁਣ ਨਿਰਭਰ ਜਾਂ ਆਸ਼ਰਿਤ ਰਹਿਣ ਦੀ ਸੋਚ 'ਚ ਬਦਲਾਅ ਆ ਰਿਹਾ ਹੈ। ਦੋਵਾਂ ਵਿਚਾਲੇ ਸਹਿਮਤੀ ਹੋਣਾ ਕਿਸੇ ਵੀ ਰਿਸ਼ਤੇ ਦੀ ਨੀਂਹ ਬਣਦੀ ਜਾ ਰਹੀ ਹੈ। ਜੇਕਰ ਇਹ ਨਹੀਂ ਹੈ ਤਾਂ ਦੋਵਾਂ 'ਚੋਂ ਕੋਈ ਵੀ ਖ਼ੁਸ਼ ਨਹੀਂ ਰਹਿ ਸਕਦਾ ਅਤੇ ਰਿਸ਼ਤਾ ਟੁੱਟ ਕੇ ਹੀ ਰਹਿੰਦਾ ਹੈ। ਔਰਤਾਂ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਹਿੰਸਾ ਜਿਵੇਂ ਕਿ ਸਰੀਰਕ ਸ਼ੋਸ਼ਣ, ਮਾਨਸਿਕ ਤਸੀਹੇ ਅਤੇ ਬੌਧਿਕ ਕਲੰਕ, ਭਾਵਨਾਤਮਿਕ ਸ਼ੋਸ਼ਣ ਦਾ ਇਕ ਹੀ ਉਪਾਅ ਹੈ ਕਿ ਉਹ ਆਰਥਿਕ ਤੌਰ 'ਤੇ ਸਮਰੱਥ ਹੋਣ। ਇਹ ਹਰ ਵਰਗ 'ਤੇ ਲਾਗੂ ਹੁੰਦਾ ਹੈ। ਇਸ ਦਿਨ ਦੀ ਸਾਰਥਕਤਾ ਇਸੇ 'ਚ ਹੈ ਕਿ ਔਰਤਾਂ ਨੂੰ ਹਰ ਖੇਤਰ 'ਚ ਸਮਾਨ ਮੌਕੇ ਮਿਲਣ ਅਤੇ ਉਨ੍ਹਾਂ ਨਾਲ ਤਨਖ਼ਾਹ, ਤਰੱਕੀ ਅਤੇ ਪ੍ਰਗਤੀ ਕਰਨ ਦੇ ਮਾਮਲਿਆਂ 'ਚ ਅਸਮਾਨਤਾ ਵਾਲਾ ਵਿਵਹਾਰ ਨਾ ਹੋਵੇ। ਚਾਹੇ ਇਸ ਲਈ ਸਖ਼ਤ ਕਾਨੂੰਨ ਬਣਾਏ ਜਾਣ ਜਾਂ ਕੋਈ ਅੰਦੋਲਨ ਚਲਾਉਣਾ ਪਏ, ਇਹ ਪਰਿਵਾਰ, ਸਮਾਜ ਅਤੇ ਅਖੀਰ ਦੇਸ਼ ਦੇ ਹਿੱਤ 'ਚ ਹੋਵੇਗਾ।

*ਹਾਸ-ਵਿਅੰਗ*

## ਅਖੇ ਜੁੱਤੀ 'ਤੇ ਕਢਾਈ ਆ 'ਤਿੱਲੇ' ਦੀ ਪਰ ਨਿੱਕਲੀ ਉਹ 'ਧੇਲੇ' ਦੀ !





ਪ੍ਰਵਾਸੀ ਬੀਬੀਆਂ ਜਦ ਪੰਜਾਬ ਜਾ ਕੇ ਬਜ਼ਾਰਾਂ 'ਚ ਖਰੀਦੋ-ਫਰੋਖਤ ਕਰਦੀਆਂ ਹਨ ਤਾਂ ਚੀਜ ਦੇ ਮੁੱਲ ਦੀ ਡਾਲਰਾਂ ਨਾਲ ਗੁਣਾ-ਘਟਾ ਕਰਕੇ ਹੁੱਬ ਜਾਨੀਆਂ ਕਿ ਆਹ ਤਾਂ ਸਾਨੂੰ ਬਹੁਤ ਈ ਸਸਤੀ ਪੈਣੀ ਐਂ!

ਪਿਛਲੇ ਸਾਲ ਅਮਰੀਕਾ ਤੋਂ ਆਪਣੇ ਪਿੰਡ ਗਈ ਮੇਰੀ ਸ਼੍ਰੀਮਤੀ ਨੇ ਨਵਾਂ ਸ਼ਹਿਰ ਤੋਂ ਸੁਨਹਿਰੀ ਧਾਗੇ ਦੀ ਕਢਾਈ ਅਤੇ ਚਮਕਦੇ ਮੋਤੀਆਂ ਜਿਹਾਂ ਨਾਲ ਮੜ੍ਹੀ ਹੋਈ ਜੁੱਤੀ ਖਰੀਦ ਲਿਆਂਦੀ! ਉਹ ਜੁੱਤੀ ਪਾਉਣ ਲਈ (ਅਸਲ 'ਚ ਹੋਰ ਬੀਬੀਆਂ ਨੂੰ ਦਿਖਾਉਣ ਲਈ) ਔਸੀਆਂ ਪਾਉਂਦਿਆਂ ਨੂੰ ਮਸਾਂ ਹੀ ਇੱਕ ਵਿਆਹ ਆਇਆ!



**ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

ਚਾਈਂ ਚਾਈਂ ਸੂਟ ਨਾਲ ਮੈਚਿੰਗ ਕਰਦੀ ਜੁੱਤੀ ਪਾ ਕੇ ਉਹ ਬਰਾਤੇ ਜਾਣ ਲਈ ਕਾਰ ਵਿੱਚ ਬਹਿ ਗਈ। ਮੈਂ ਕਿਸੇ ਹੋਰ ਕਾਰ ਵਿੱਚ ਅਨੰਦ ਕਾਰਜ ਵਾਲੇ ਸਥਾਨ 'ਤੇ ਪਹਿਲਾਂ ਪਹੁੰਚ ਗਿਆ।

ਪਾਰਕਿੰਗ ਵਿੱਚ ਉਡੀਕਦੇ ਖੜ੍ਹੇ ਮੇਰੇ ਸਾਹਮਣੇ ਜਦ ਸਾਡੇ ਪ੍ਰਵਾਰ ਦੀ ਕਾਰ ਆ ਕੇ ਰੁਕੀ ਤਾਂ ਉਹਦੇ ਵਿੱਚੋਂ ਬਾਕੀ ਬੀਬੀਆਂ ਤਾਂ ਆਮ ਵਾਂਗ ਉੱਤਰ ਗਈਆਂ ਪਰ ਮੇਰੀ ਪਤਨੀਂ ਇੱਕ ਪੈਰ ਐਂ ਘੜੀਸਦੀ ਤੁਰੀ ਆਵੇ ਜਿੱਦਾਂ ਮੱਝਾਂ ਨੂੰ ਸਰਨ ਪਈ ਹੁੰਦੀ ਐ !

ਮੈਂ ਉਹਦੇ ਵੱਲ੍ਹ ਹੈਰਾਨੀ ਨਾਲ ਦੇਖਿਆ ਤਾਂ ਉਹ ਹੱਸ ਪਈ! ਆਪਣੇ ਇੱਕ ਪੈਰ ਵਿੱਚ ਪਾਣੀ 'ਚੋਂ ਬਾਹਰ ਕੱਢੀ ਮੱਛੀ ਵਾਂਗ ਮੂੰਹ ਅੱਡਦੀ ਟੁੱਟੀ ਹੋਈ ਜੁੱਤੀ ਵੱਲ੍ਹ ਉਸਨੇ ਇਸ਼ਾਰਾ ਕਰਿਆ !

ਉਹਨੂੰ ਤੁਰਨੋਂ ਵੀ ਅਸਮਰੱਥ ਦੇਖ ਕੇ ਸਾਨੂੰ ਸੁੱਝੇ ਕੁੱਝ ਨਾ!

ਅਚਾਨਕ ਕਿਸੇ ਦੀ ਜੇਬ ਵਿੱਚ ਦੋਹਤੇ ਦੇ ਜੂੜੇ ਨੂੰ ਪਾਉਣ ਵਾਲੀ ਇੱਕ ਰਬੜ ਨਿੱਕਲ? ਆਈ ਮੈਂ ਟੁੱਟੀ ਜੁੱਤੀ ਦੇ ਪੰਜੇ ਉੱਤੇ ਉਹ ਰਬੜ ਚੜ੍ਹਾ ਦਿੱਤੀ! ਹਾਲੇ ਉਹ ਦੋ ਕੁ ਪੈਰ ਹੀ ਤੁਰੀ ਸੀ ਕਿ ਦੂਜੇ ਪੈਰ ਦੀ ਜੁੱਤੀ ਵੀ ਅੱਡੀ ਕੋਲੋਂ ਉੱਖੜ ਗਈ !

....ਬਸ ਫਿਰ ਜੀ ਉਦੋਂ ਨਵਾਂ ਸ਼ਹਿਰੀਏ ਓਸ ਦੁਕਾਨਦਾਰ ਨੂੰ ਛਿੱਕਾਂ ਬਹੁਤ ਆਈਆਂ ਹੋਣੀਆਂ ਕਿਉਂਕਿ ਉਹਨੂੰ ਇੱਧਰ ਅਮਰੀਕਾ ਵਿੱਚ 'ਗਾਲਾਂ ਦੀ ਬੁਛਾੜ' ਹੋ ਰਹੀ ਸੀ !!


**Metrimonial**

Suitable match for Parminder Singh Josan Sikh boy trucking business in Canada, October 12, 1994, 5'-7". Contact 913-256-9498



# ਸੈਕਸ-ਪਾਰਟਨਰ ਬਦਲਨਾ ਏਡਜ਼ ਨੂੰ ਸੱਦਾ



*ਵਿਸ਼ਵ ਏਡਜ਼ ਦਿਵਸ 2023 ਦਾ ਥੀਮ ਹੈ -''ਸਮੁਦਾਇਆਂ ਨੂੰ ਅਗਵਾਈ ਕਰਨ ਦਿਓ'' ਐਚ.ਆਈ.ਵੀ ਪ੍ਰਤੀਕ੍ਰਿਰਿਆ ਦੇ ਨਾਲ-ਨਾਲ ਵਿਆਪਕ ਤੌਰ 'ਤੇ ਵਿਸ਼ਵ ਸਿਹਤ ਨੂੰ ਰੂਪ ਦੇਣ ਵਿੱਚ ਭਾਈਚਾਰਿਆਂ ਦੇ ਮਹੱਤਵਪੂਰਨ ਅਸਰ ਨੂੰ ਦੇਖਿਆ ਜਾ ਰਿਹਾ ਹੈ। ਵਿਸ਼ਵ ਭਰ ਵਿੱਚ ਅਵੇਅਰਨੈਸ ਦੇ ਬਾਵਜੂਦ ਰੋਗੀਆਂ ਦਾ ਅੰਕੜਾ ਵਧਣਾ ਕਿਸੇ ਵੀ ਰਾਸ਼ਟਰ ਲਈ ਖਤਰੇ ਤੋਂ ਘੱਟ ਨਹੀਂ ਹੈ'' - ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*

1 ਦਸੰਬਰ, 2023 ਨੂੰ ਵਿਸ਼ਵ ਏਡਜ਼ ਦਿਵਸ ਦੇ ਮੌਕੇ 'ਤੇ ਵਿਸ਼ਵ ਭਰ ਦੇ ਲੋਕਾਂ ਲਈ ਐਚਆਈਵੀ/ ਏਡਜ਼ ਪ੍ਰਤੀ ਜਾਗਰੂਕਤਾ ਲਈ ਇੱਕ ਜੁੱਟ ਹੋ ਕੇ ਲੋਕਲ, ਰਾਸ਼ਟਰੀ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਅਵੇਅਰਨੈਸ ਪ੍ਰੋਗਰਾਮ ਕੀਤੇ ਜਾ ਰਹੇ ਹਨ। ਬਰਾਬਰੀ ਦਾ ਨਾਅਰਾ ਐਕਸ਼ਨ ਲਈ ਇੱਕ ਜ਼ਰੂਰੀ ਕਾਲ ਹੈ। ਇਹ ਸਾਡੇ ਸਾਰਿਆਂ ਲਈ ਅਸਮਾਨਤਾਵਾਂ ਨੂੰ ਦੂਰ ਕਰਨ ਅਤੇ ਏਡਜ਼ ਨੂੰ ਖਤਮ ਕਰਨ ਲਈ ਲੋੜੀਦੀਆਂ ਸਾਬਤ ਹੋਈਆਂ ਕਾਰਵਾਈਆਂ ਲਈ ਕੰਮ ਕਰਨ ਲਈ ਇੱਕ ਪ੍ਰੇਰਣਾ ਹੈ।

W.H.O ਦੇ ਮੁਤਾਬਿਕ ਐਚਆਈਵੀ ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕਰੀਬਨ 79.5 ਮਿਲੀਅਨ ਇਸਦੇ ਵਾਇਰਸ ਦੇ ਘੇਰੇ ਵਿਚ ਆ ਚੁੱਕੇ ਹਨ। ਤਕਰੀਬਨ 35.5 ਮਿਲੀਅਨ ਪੀੜਿਤਾਂ ਦੀ ਮੌਤ ਹੋ ਚੁੱਕੀ ਹੈ। ਵਿਸ਼ਵ ਭਰ ਵਿਚ ਸਾਲ 2019 ਤੱਕ 39-47 ਮਿਲੀਅਨ ਐਚਆਈਵੀ ਵਾਇਰਸ ਨਾਲ ਜ਼ਿੰਦਗੀ ਜੀ ਰਹੇ ਸਨ। ਅੱਜ ਪਿੱਛੇ ਰਹਿ ਗਏ ਲੋਕਾਂ ਤੱਕ ਪਹੁੰਚ 'ਤੇ ਵਿਸ਼ੇਸ਼ ਫੋਕਸ, ਅਤੇ ਅਸਮਾਨਤਾਵਾਂ ਨੂੰ ਖਤਮ ਕਰਕੇ ਏਡਜ਼ ਨੂੰ ਕੰਟ੍ਰੋਲ ਕਰਨ ਦੇ ਨਾਲ ਵਿਸ਼ਵ ਸਿਹਤ ਸੰਸਥਾ ਦੇ ਨਾਲ-ਨਾਲ ਸੋਸ਼ਲ ਸੰਸਥਾਂਵਾਂ ਵੱਲੋਂ ਸਾਂਝੇ ਯਤਨ ਦੀ ਲੋੜ ਜਰੂਰੀ ਗਈ ਹੈ।

ਮਨੁੱਖੀ ਇਮਿਊਨੋਡਫੀਸੀਐਂਸੀ ਵਾਇਰਸ (ਐਚਆਈਵੀ) ਸਰੀਰ ਦੀ ਪ੍ਰਤੀਰੋਧੀ ਪ੍ਰਣਾਲੀ 'ਤੇ ਅਟੈਕ ਕਰਕੇ ਸੀਡੀ-4 ਯਾਨਿ ਚਿੱਟੇ ਲਹੂ ਦੇ ਸੈੱਲ ਨਸ਼ਟ ਕਰ ਦਿੰਦਾ ਹੈ। ਇਸ ਕਰਕੇ ਸਰੀ ਅੰਦਰ ਵੱਖ-ਵੱਖ ਗੰਭੀਰ ਇਨਫੈਕਸ਼ਨ ਅਤੇ ਕੈਂਸਰ ਦੀ ਸੰਭਾਵਨਾ ਵੱਧ ਜਾਂਦੀ ਹੈ। ਐਚਆਈਵੀ ਇਨਫੈਕਸ਼ਨ ਇਨਫੈਕਟਿਡ ਖ਼ੂਨ, ਅਸੁਰੱਖਿਅਤ ਸੈਕਸ ਨਾਲ ਦੂਸ਼ਿਤ ਵੀਰਜ਼ ਜਾਂ ਯੋਨੀ ਤਰਲ ਪਦਾਰਥ ਅਤੇ ਵਾਇਰਸ ਜਨਿਤ ਸੂਈਆਂ ਦੀ ਵਰਤੋਂ ਕਾਰਨ ਦੇਖੀ ਜਾ ਰਹੀ ਹੈ। ਏਡਜ਼ ਐਚਆਈਵੀ ਇਨਫੈਕਸ਼ਨ ਦੀ ਆਖਰੀ ਸਟੇਜ ਹੈ, ਜੋ ਸਰੀਰ ਦੇ ਇਮੀਉਨ ਸਿਸਟਮ ਨੂੰ ਬੁਰੀ ਤਰਾਂ ਪ੍ਰਭਾਵਿਤ ਕਰਦਾ ਹੈ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਗੰਭੀਰ ਐਚਆਈਵੀ ਦੀ ਇਨਫੈਕਸ਼ਨ ਦੀ 1 ਸਟੇਜ਼ ਵਿਚ 2-4 ਹਫਤਿਆਂ 'ਚ ਲੱਛਣ ਜਿਵੇਂ - ਬੁਖਾਰ, ਠੰਡ, ਗਲੇ ਵਿਚ ਖਰਾਸ਼, ਮੂੰਹ ਦੇ ਫੋੜੇ, ਥਕਾਵਟ, ਸੱਜੇ ਹੋਏ ਲਿੰਫ ਨੋਡ, ਨਾਈਟ ਵੇਲੇ ਪਸੀਨਾ ਆਉਣਾ, ਧੱਫੜ, ਅਤੇ ਮਾਂਸਪੇਸ਼ੀ ਦਾ ਦਰਦ ਵਗੈਰਾ ਮਹਿਸੂਸ ਹੁੰਦੇ ਹਨ। ਇਸ 1 ਸਟੇਜ਼ ਵਿਚ ਕੱਝ ਲੋਕਾਂ ਅੰਦਰ ਇਹ ਲੱਛਣ ਨਹੀਂ ਦੇਖੇ ਜਾਂਦੇ। ਕੋਈ ਵੀ ਲੱਛਣ ਮਹਿਸੂਸ ਹੋਣ 'ਤੇ ਐਚਆਈਵੀ ਨਾ ਸਮਝਿਆ ਜਾਵੇ, ਕਿਸੇ ਹੋਰ ਬਿਮਾਰੀ ਕਰਕੇ ਵੀ ਹੋ ਸਕਦੇ ਹਨ। ਜਿਆਦਾ ਦੇਰ ਤੱਕ ਲੱਛਣ ਰਹਿਣ ਕਾਰਨ ਆਪਣੇ ਫੈਮਿਲੀ ਡਾਕਟਰ ਨਾਲ ਤੁਰੰਤ ਸੰਪਰਕ ਕਰੋ। ਲੋੜ ਮੁਤਾਬਿਕ ਐਚਆਈਵੀ ਦੀ ਜਾਂਚ ਕਰਾਓ।

ਜਾਂਚ ਵਿਚ ਜੇ ਸੀ ਡੀ 4 ਸੈੱਲ ਦੀ ਗਿਣਤੀ 200 ਤੋਂ ਘੱਟ ਆਉਂਦੀ ਹੈ ਤਾਂ ਐਕੁਆਇਰ ਇਮਯੂਨੋਡੇਫੀਸੀਅਨਸੀ ਸਿੰਡਰੋਮ ਕਿਹਾ ਜਾਂਦਾ ਹੈ। ਡਬਲਯੂਐਚਓ ਅਨੁਸਾਰ ਸੰਭਾਵਿਤ ਐਚਆਈਵੀ ਵਾਲੇ ਦੀ ਜਾਂਚ ਤੋਂ ਬਾਅਦ ਇਨਫੈਕਸ਼ਨ ਦੀ ਹਾਲਤ ਵਿਚ ਛੇਤੀ ਹੀ ਐਂਟੀਰੇਟ੍ਰੋਵਾਈਰਲ ਇਲਾਜ ਸ਼ੁਰੂ ਕੀਤਾ ਜਾਂਦਾ ਹੈ। ਇਹ ਇਲਾਜ ਦੂਜਿਆਂ ਵਿੱਚ ਐਚਆਈਵੀ ਫੈਲਣ ਨੂੰ ਰੋਕਦਾ ਹੈ। ਮਾਂ ਤੋਂ ਬੱਚੇ ਅੰਦਰ ਹੋਣ ਵਾਲੀ ਇਨਫੈਕਸ਼ਨ ਨੂੰ ਰੋਕਣ ਲਈ ਐਚਆਈਵੀ ਪੀੜਿਤ ਗਰਭਵਤੀ ਔਰਤਾਂ ਨੂੰ ਐਂਟੀਰੇਟ੍ਰੋਵਾਈਰਲਸ ਦਿੱਤੇ ਜਾਂਦੇ ਹਨ।

ਗੰਭੀਰ ਐਚਆਈਵੀ ਦੀ 1 ਸਟੇਜ ਵਿਚ ਪੀੜਿਤ ਦੇ ਖ਼ੂਨ ਵਿਚ ਇਨਫੈਕਸ਼ਨ ਜ਼ਿਆਦਾ ਦੇਖੀ ਜਾਂਦੀ ਹੈ। ਵਿਅਕਤੀ ਫਲੂ ਵਰਗੇ ਲੱਛਣ ਵੀ ਮਹਿਸੂਸ ਕਰਦਾ ਹੈ। ਪਹਿਲੀ ਸਟੇਜ਼ ਵਿਚ ਐਚਆਈਵੀ ਟੈਸਟ ਜਰੂਰੀ ਹੋ ਜਾਂਦਾ ਹੈ। ਕਰੋਨਿਕ ਇਨਫੈਕਸ਼ਨ ਯਾਨਿ ਇਸ ਪੜਾਅ ਨੂੰ ਐਸਿਮਪੋਮੈਟਿਕ ਐਚਆਈਵੀ ਕਿਹਾ ਜਾਂਦਾ ਹੈ। ਇਸ ਹਾਲਤ ਨੂੰ ਬਿਨਾ ਲੱਛਣਾਂ ਨਾਲ ਵੀ ਦੇਖਿਆ ਜਾ ਸਕਦਾ ਹੈ। ਅਜਿਹੀ ਹਾਲਤ ਵਿਚ ਬਿਨਾ ਐਚਆਈਵੀ ਦੀ ਦਵਾਈ ਜਾਂ ਲੋੜ ਪੈ ਵੀ ਸਕਦੀ ਹਨ। ਇਸ ਪੜਾਅ ਦੇ ਆਖਿਰ ਵਿਚ ਖ਼ੂਨ ਅੰਦਰ ਐਚਆਈਵੀ ਦੀ ਮਾਤਰਾ ਵੱਧ ਜਾਂਦੀ ਹੈ ਅਤੇ ਸੀਡੀ 4 ਸੈਲਾਂ ਦੀ ਘੱਟ ਹੋ ਜਾਣ ਨਾਲ ਸਰੀਰ ਅੰਦਰ ਇਨਫੈਕਸ਼ਨ ਦਾ ਪੱਧਰ ਵੱਧ ਜਾਂਦਾ ਹੈ। ਅਗਲੀ ਸਟੇਜ਼ ਨੂੰ ਡਿਲੇ ਕਰਨ ਲਈ ਇਸ ਪੜਾਅ ਵਿਚ ਪ੍ਰਾਪਰ ਦਵਾਈ ਲੈਣੀ ਪੈਂਦੀ ਹੈ।

ਐਚਆਈਵੀ ਦੀ ਇਨਫੈਕਸ਼ਨ 'ਤੇ ਪ੍ਰਸਾਰ ਕਈ ਤਰੀਕਿਆਂ ਨਾਲ ਜਿਵੇਂ- ਜਿਨਸੀ ਸੰਪਰਕ ਦੌਰਾਣ ਗੁਦਾ, ਯੋਨੀ ਅਤੇ ਓਰਲ ਸੈਕਸ ਨਾਲ ਹੋ ਸਕਦਾ ਹੈ। ਤੁਹਾਡੇ ਸਾਥੀ ਸਰੀਰ ਦੇ ਤਰਲ ਪਦਾਰਥਾਂ ਦੇ ਸੰਪਰਕ ਨਾਲ ਵਾਇਰਸ ਯੋਨੀ, ਵਲਵਾ, ਲਿੰਗ, ਗੁਦਾ ਦੇ ਲਾਈਨਿੰਗਸ ਵਿਚ ਰਿਪਾਂ ਰਾਹੀਂ ਖ਼ੂਨ ਅੰਦਰ ਪ੍ਰਵਾਹ ਕਰ ਸਕਦਾ ਹੈ। ਪਰੈਗਨੈਂਸੀ ਜਾਂ ਜਨਮ ਵੇਲੇ, ਸਤਨਪਾਨ, ਮਾਂ ਦੇ ਤਰਲ ਪਦਾਰਥ ਐਮਨੀਓਟਿਕ ਤਰਲ, ਅਤੇ ਖ਼ੂਨ ਸਮੇਤ ਨਾਲ ਹੋਣ ਵਾਲੇ ਸੰਪਰਕ ਦੁਆਰਾ ਬੱਚੇ ਅੰਦਰ ਇਨਫੈਕਸ਼ਨ ਆ ਸਕਦੀ ਹੈ। ਸੰਕਰਮਿਤ ਖ਼ੂਨ ਜਾਂ ਸੰਕਰਮਿਤ ਦਾਨੀ ਤੋਂ ਅੰਗ ਟ੍ਰਾਂਸਪਲਾਂਟ ਨਾਲ ਖ਼ੂਨ ਦੇ ਨਤੀਜੇ ਵੱਜੋਂ ਹੋ ਸਕਦਾ ਹੈ।

**ਐਚਆਈਵੀ/ ਏਡਜ਼ ਦੀ ਰੋਕਥਾਮ ਲਈ ਧਿਆਨ ਰੱਖੋ:** ਇੱਕ ਤੋਂ ਵੱਧ ਸੈਕਸ ਪਾਰਟਨਰ ਨਾ ਰੱਖੋ, ਪਤੀ-ਪਤਨੀ ਜ਼ਿਨਸੀ ਸੰਪਰਕ ਮਾਮਲੇ ਵਿਚ ਇਮਾਨਦਾਰੀ ਵਰਤਨ। ਤਾਕਿ ਐਚਆਈਵੀ ਇਨਫੈਕਸ਼ਨ ਤੋਂ ਸਮਾਜ ਬਚਾਇਆ ਜਾ ਸਕੇ। ਜ਼ਿੰਦਗੀ ਅਨਮੋਲ ਹੈ ਸਾਵਧਾਨ ਰਹੋ। ਲੈਟੇਕਸ ਕੰਡੋਮ ਨਾਲ ਸੁਰੱਖਿਅਤ ਸੈਕਸ ਅਭਿਆਸ ਹੀ ਮੂਲ ਮੰਤਰ ਹੈ।

ਡਾਕਟਰੀ ਸਲਾਹ ਨਾਲ ਐਚਆਈਵੀ ਟੈਸਟ ਦੀ ਰਿਪੋਰਟ ਨੂੰ ਦੇਖਦੇ ਹੋਏ ਪਤੀ-ਪਤਨੀ ਬੱਚਾ ਪੈਦਾ ਕਰਨ ਲਈ ਪਲਾਨ ਕਰ ਸਕਦੇ ਹਨ।

ਸੀਡੀਸੀ ਅਮਰੀਕਾ ਅਨੁਸਾਰ ਐਚਆਈਵੀ ਟੈਸਟ ਪੋਜੀਟਿਵ ਆਉਣ ਦੀ ਹਾਲਤ ਵਿਚ ਇਮਿਊਨ ਸਿਸਟਮ ਨੂੰ ਸਿਹਤਮੰਦ ਰੱਖਣ ਲਈ ਬਿਨਾ ਦੇਰੀ ਇਲਾਜ਼ ਸ਼ੁਰੂ ਕਰ ਦੇਣਾ ਚਾਹੀਦਾ ਹੈ। ਬਿਨਾਂ ਇਲਾਜ਼ ਦੇ ਏਡਜ਼ ਪੀੜਿਤ ਲਗਭਗ 3 ਸਾਲ ਤੱਕ ਜੀਅ ਸਕਦੇ ਹਨ।

ਐਚਆਈਵੀ ਜਾਂਚ ਲਈ ਮੌਜੂਦ ਟੈਸਟਾਂ ਵਿਚ ਐਂਟੀਜੇਨ/ਐਂਟੀਬਾਡੀ, ਵਗੈਰਾ ਪ੍ਰਚਲਿਤ ਹਨ। ਐਂਟੀਬਾਡੀਜ਼ ਦਾ ਪਤਾ ਲਗਾਉਣ ਵਿਚ ਕਈ ਹਫਤੇ ਤੋਂ ਮਹੀਨਿਆਂ ਦਾ ਸਮਾਂ ਲੱਗ ਸਕਦਾ ਹੈ।

ਏਡਜ਼ ਦੇ ਇਲਾਜ਼ ਲਈ ਰਿਸਰਚ ਜਾਰੀ ਹੈ ਅਤੇ ਐਂਟੀ ਐਚਆਈਵੀ/ ਏਡਜ਼ ਸੰਬੰਧੀ ਦਵਾਈਆਂ ਵਿਚ ਈਫਾਵਿਰਨੇਜ਼, ਰਿਲਪੀਵਾਇਰਨ, ਡੋਰਾਵਿਰੀਨ, ਐਬਕਾਵਿਰ, ਟੈਨੋਫੋਵਰ, ਲਾਮਿਵੇਡੀਨ, ਜ਼ਿਡੋਵੋਡੀਨ, ਐਮਟ੍ਰਸੀਟਾਬੀਨ, ਅਟਾਜ਼ਨਾਵੀਰ, ਡਾਰੁਨਾਵੀਰ, ਰੀਤਨਾਵੀਰ, ਬਿਕਟੈਗ੍ਰਾਫੀਰ, ਰੈਲਟਗੈਰਾਵਰ, ਡੌਲੁਟੈਗ੍ਰਾਫੀ, ਐਨਫੁਵਰਟੀ, ਮੈਰਾਵਾਇਰੋਕ ਜ਼ਿਕਰ ਕੀਤਾ ਜਾ ਸਕਦਾ ਹੈ।

ਵਿਸ਼ਵ ਏਡਜ਼ ਦਿਵਸ ਅੱਜ ਤੱਕ ਹੋਈ ਤਰੱਕੀ 'ਤੇ ਪ੍ਰਤੀਬਿੰਬਤ ਕਰਨ, 2030 ਤੱਕ ਏਡਜ਼ ਨੂੰ ਖਤਮ ਕਰਨ ਦੇ ਟੀਚਿਆਂ ਨੂੰ ਹਾਸਿਲ ਕਰਨ ਲਈ ਬਾਕੀ ਚੁਣੌਤੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਐਚ.ਆਈ. ਵੀ ਪ੍ਰਤੀਕ੍ਰਿਆ ਦੀ ਕਾਮਯਾਬੀ ਨੂੰ ਯਕੀਨੀ ਬਣਾਉਣ ਲਈ ਸਾਂਝੇ ਤੌਰ 'ਤੇ ਦੁੱਗਣੇ ਯਤਨਾਂ ਲਈ ਸਾਰੇ ਹਿੱਸੇਦਾਰਾਂ ਨੂੰ ਲਾਮਬੰਦ ਕਰਨ ਦਾ ਇੱਕ ਮੌਕਾ ਹੈ।

**ਨੋਟ:** ਅੱਜ ਦਾ ਕਲਚਰ ਸੋਸ਼ਲ ਮੀਡੀਆ ਦੁਆਰਾ ਦਿੱਤਾ ਸੈਕਸ ਪਾਰਟਨਰ ਬਦਲਨ ਦਾ ਰਿਵਾਜ਼ ਦੁਨੀਆ ਕਿੱਧਰ ਲੈ ਕੇ ਜਾ ਰਿਹਾ ਹੈ। ਐਕਸ਼ਨ ਜਰੂਰੀ ਹੋ ਗਿਆ ਹੈ। ਮੌਤ ਤੋਂ ਬੇਹਤਰ ਜਾਗਰੁਕਤਾ, ਸਾਵਧਾਨੀ, ਪਰਹੇਜ਼ ਅਤੇ ਸਹੀ ਸਮੇਂ 'ਤੇ ਜਾਂਚ ਦੇ ਨਾਲ ਬਿਨਾ ਦੇਰੀ ਇਲਾਜ਼ ਹੈ।

# ਮਹਾਂਮਾਰੀ ਦੀ ਆਹਟ, ਕੀ ਕੋਰੋਨਾ ਤੋਂ ਬਾਅਦ ਚੀਨ ਤੋਂ ਆਏਗਾ ਇਕ ਹੋਰ ਰੋਗ ?



ਪਿਛਲੇ ਕਈ ਦਿਨਾਂ ਤੋਂ ਚੀਨ 'ਚ ਨਿਮੋਨੀਆ ਦੇ ਲੱਛਣਾਂ ਵਰਗਾ ਰੋਗ ਇਕ ਮਹਾਮਾਰੀ ਦੇ ਤੌਰ 'ਤੇ ਫੈਲਣ ਦੀਆਂ ਖ਼ਬਰਾਂ ਆ ਰਹੀਆਂ ਹਨ। ਹਾਲੇ ਸਿਰਫ਼ ਚਾਰ ਕੁ ਵਰ੍ਹੇ ਪਹਿਲਾਂ ਕੋਵਿਡ-19 ਨਾਂ ਦੇ ਵਾਇਰਸ ਦੀ ਲਾਗ ਚੀਨ ਤੋਂ ਹੀ ਫ਼ੈਲੀ ਸੀ। ਉਸ ਤੋਂ ਬਾਅਦ 2020 ਤੇ 2021 ਦੌਰਾਨ ਕੋਰੋਨਾ ਵਾਇਰਸ ਨੇ ਪੂਰੀ ਦੁਨੀਆ ਦੀਆਂ ਅਰਥ-ਵਿਵਸਥਾਵਾਂ ਨੂੰ ਤਬਾਹ ਕਰ ਕੇ ਰੱਖ ਦਿੱਤਾ ਸੀ। ਇਸੇ ਲਈ ਹੁਣ ਭਾਰਤ ਸਰਕਾਰ ਚੀਨ 'ਚ ਫ਼ੈਲੀ ਇਕ ਨਵੀਂ ਕਿਸਮ ਦੀ ਬਿਮਾਰੀ ਦਾ ਗੰਭੀਰ ਨੋਟਿਸ ਲੈ ਰਹੀ ਹੈ ਕਿਉਂਕਿ ਇਹ ਕਿਸੇ ਨਵੀਂ ਮਹਾਮਾਰੀ ਦੀ ਆਹਟ ਵੀ ਹੋ ਸਕਦੀ ਹੈ।

ਚੀਨ ਤੋਂ ਬਹੁਤ ਸਾਰੇ ਲੋਕ ਵੀ ਆਉਂਦੇ ਹਨ ਤੇ ਭਾਰੀ ਮਾਤਰਾ 'ਚ ਮਾਲ ਦੀ ਦਰਾਮਦ-ਬਰਾਮਦ ਕੀਤੀ ਜਾਂਦੀ ਹੈ। ਇਸ ਲਈ ਸਾਹ ਦੇ ਇਸ ਰੋਗ ਦੀ ਲਾਗ ਦੇ ਭਾਰਤ 'ਚ ਆਉਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਭਾਰਤ ਦੇ ਸਿਹਤ ਮੰਤਰਾਲੇ ਨੇ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਹਦਾਇਤ ਜਾਰੀ ਕੀਤੀ ਹੈ ਕਿ ਸਾਰੇ ਸਰਕਾਰੀ ਹਸਪਤਾਲਾਂ 'ਚ ਇਸ ਰੋਗ ਦਾ ਟਾਕਰਾ ਕਰਨ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਜਾਣ।

ਸਿਰਫ਼ ਸਰਕਾਰੀ ਪੱਧਰ 'ਤੇ ਤਿਆਰੀਆਂ ਨਾਲ ਅਜਿਹੇ ਰੋਗਾਂ ਦੀ ਛੂਤ ਨੂੰ ਫ਼ੈਲਣ ਤੋਂ ਰੋਕਿਆ ਨਹੀਂ ਜਾ ਸਕਦਾ। ਇਸ ਲਈ ਆਮ ਨਾਗਰਿਕਾਂ ਨੂੰ ਵੀ ਸਾਵਧਾਨੀਆਂ ਵਰਤਣੀਆਂ ਹੋਣਗੀਆਂ। ਇਲਾਜ ਨਾਲੋਂ ਪਰਹੇਜ਼ ਚੰਗਾ - ਇਸ ਮਾਮਲੇ 'ਚ ਸਾਨੂੰ ਆਪ ਹੀ ਰਵਾਇਤੀ ਢੰਗ ਨਾਲ ਅਗਾਊਂ ਸਾਵਧਾਨੀਆਂ ਰੱਖਣੀਆਂ ਪੈਣਗੀਆਂ। ਠੰਢ ਦੇ ਮੌਸਮ 'ਚ ਇਨਫ਼ਲੂਐਂਜ਼ਾ ਰੋਗ ਆਮ ਹੁੰਦਾ ਹੈ। ਇਸ ਰੋਗ 'ਚ ਮਰੀਜ਼ ਨੂੰ ਕੁਝ ਅਜਿਹਾ ਖੰਘ ਤੇ ਜ਼ੁਕਾਮ ਹੁੰਦਾ ਹੈ ਕਿ ਉਸ ਨਾਲ ਹਲਕਾ ਬੁਖ਼ਾਰ ਹੋ ਜਾਂਦਾ ਹੈ ਅਤੇ ਸਰੀਰ ਵਿਚ ਬਹੁਤ ਜ਼ਿਆਦਾ ਕਮਜ਼ੋਰੀ ਆ ਜਾਂਦੀ ਹੈ। ਜਿਹੜੇ ਵਿਅਕਤੀ ਪਹਿਲਾਂ ਤੋਂ ਸਾਹ ਦੇ ਰੋਗਾਂ ਤੋਂ ਪੀੜਤ ਹਨ, ਉਨ੍ਹਾਂ ਨੂੰ ਬਹੁਤ ਜ਼ਿਆਦਾ ਸਾਵਧਾਨੀ ਰੱਖਣ ਦੀ ਜ਼ਰੂਰਤ ਹੈ। ਭਾਰਤ ਸਰਕਾਰ ਨੇ ਇਸ ਮਾਮਲੇ 'ਚ ਸਾਵਧਾਨੀ ਰੱਖਣ ਦੀ ਅਪੀਲ ਕਰਨ ਦੇ ਨਾਲ-ਨਾਲ ਇਹ ਵੀ ਆਖਿਆ ਹੈ ਕਿ ਹਾਲੇ ਅਜਿਹੀ ਸਥਿਤੀ ਤੋਂ ਘਬਰਾਉਣ ਦੀ ਵੀ ਕੋਈ ਲੋੜ ਨਹੀਂ ਹੈ। ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਰਾਜਾਂ ਨੂੰ ਆਪੋ-ਆਪਣੇ ਜਨਤਕ ਸਿਹਤ ਤੇ ਹਸਪਤਾਲਾਂ ਦੀ ਤਿਆਰੀ, ਬਿਸਤਰਿਆਂ, ਦਵਾਈਆਂ, ਇਨਫ਼ਲੂਐਂਜਾ ਦੀਆਂ ਵੈਕਸੀਨਾਂ, ਮੈਡੀਕਲ ਆਕਸੀਜਨ, ਐਂਟੀਬਾਇਓਟਿਕਸ, ਨਿੱਜੀ ਸੁਰੱਖਿਆ ਨਾਲ ਸਬੰਧਤ ਸਾਜ਼ੋ-ਸਾਮਾਨ ਤਿਆਰ ਰੱਖਣ ਲਈ ਆਖ ਦਿੱਤਾ ਹੈ। ਇਸ ਦੇ ਨਾਲ ਹੀ ਟੈਸਟਿੰਗ ਕਿਟਸ, ਆਕਸੀਜਨ ਸਿਲੰਡਰ ਤੇ ਵੈਂਟੀਲੇਟਰ ਤਿਆਰ ਕਰਨ ਜਾਂ ਸਪਲਾਈ ਕਰਨ ਵਾਲੇ ਪਲਾਂਟਾਂ ਨਾਲ ਰਾਬਤਾ ਰੱਖਣ ਦੀ ਹਦਾਇਤ ਵੀ ਕੀਤੀ ਗਈ ਹੈ।

ਕੇਂਦਰੀ ਮੰਤਰਾਲੇ ਨੇ ਇਨਫ਼ਲੂਐਂਜ਼ਾ ਜਾਂ ਨਿਮੋਨੀਆ ਦੇ ਲੱਛਣਾਂ ਤੋਂ ਪੀੜਤ ਤੇ ਪ੍ਰਭਾਵਿਤ ਨੌਜਵਾਨਾਂ ਦੇ ਨੱਕ ਤੇ ਗਲ਼ੇ ਦੇ ਸਵੈਬ ਸੈਂਪਲ ਵਾਇਰਸ ਰਿਸਰਚ ਅਤੇ ਡਾਇਓਗਨੌਸਟਿਕ ਲੈਬੋਰੇਟਰੀਜ਼ ਨੂੰ ਭੇਜਣ ਲਈ ਆਖਿਆ ਹੈ ਤਾਂ ਜੋ ਉਨ੍ਹਾਂ 'ਚੋਂ ਸਾਹ ਦੇ ਰੋਗਾਂ ਦੇ ਪੈਥੋਜਨਸ ਦੀ ਟੈਸਟਿੰਗ ਹੋ ਸਕੇ। ਸੱਚਮੁਚ ਜੇ ਹੁਣੇ ਤੋਂ ਅਜਿਹੇ ਉਪਰਾਲੇ ਕਰ ਲਏ ਜਾਣ, ਤਾਂ ਯਕੀਨੀ ਤੌਰ 'ਤੇ ਸੰਭਾਵੀ ਮਹਾਮਾਰੀ ਦੀ ਸਥਿਤੀ ਨਾਲ ਨਜਿੱਠਣਾ ਸੌਖਾਲਾ ਹੋਵੇਗਾ।

ਸਾਨੂੰ ਸਭਨਾਂ ਨੂੰ ਇਸ ਮਾਮਲੇ 'ਚ ਜਾਗਰੂਕ ਹੋਣ ਤੇ ਹਰ ਤਰ੍ਹਾਂ ਦੀ ਸਾਵਧਾਨੀ ਵਰਤਣ ਦੀ ਲੋੜ ਹੈ। ਇਹ ਵੀ ਹਕੀਕਤ ਹੈ ਕਿ ਚੀਨ 'ਚ ਸਾਹ ਦੇ ਰੋਗੀਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧਣ ਲੱਗ ਪਈ ਹੈ, ਜੋ ਕਿ ਮੌਸਮੀ ਵਰਤਾਰਾ ਵੀ ਹੋ ਸਕਦਾ ਹੈ। ਚੀਨ ਕਿਉਂਕਿ ਭਾਰਤ ਦੇ ਉੱਤਰ ਵੱਲ ਹੈ, ਇਸ ਲਈ ਉੱਥੇ ਠੰਢ ਵੀ ਕਾਫ਼ੀ ਜ਼ਿਆਦਾ ਹੈ। ਫਿਰ ਵੀ ਕੋਰੋਨਾ ਵਾਇਰਸ ਵਾਂਗ ਹਾਲਾਤ ਕਦੋਂ ਬੇਕਾਬੂ ਹੋ ਜਾਣ, ਅਜਿਹੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ
- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

# ਕੇਂਦਰ ਨਸ਼ਾ ਛੁਡਾਉਣ ਵਾਲੇ ਕੇਂਦਰ ਮਾਨਸਿਕ ਅਤੇ ਸਰੀਰਕ ਤਸ਼ੱਦਦ ਦਾ ਅੱਡਾ ਬਣੇ

*ਪੰਜਾਬ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਕਿਉਂਕਿ ਇੱਥੇ ਦੂਜੇ ਨਸ਼ਿਆਂ ਵਾਂਗ ਸ਼ਰਾਬ ਕੋਈ ਸਮਾਜਿਕ ਕਲੰਕ ਨਹੀਂ ਸਮਝਿਆ ਜਾਂਦਾ ਅਤੇ ਲੋਕ ਇਸ ਨੂੰ ਨਸ਼ਾ ਨਹੀਂ ਸਮਝਦੇ, ਜੋ ਸੂਬੇ ਲਈ ਡੂੰਘੀ ਚਿੰਤਾ ਦਾ ਵਿਸ਼ਾ ਹੈ। ਸਰਕਾਰਾਂ ਦਾ ਰੈਵੀਨਿਊ ਸ਼ਰਾਬ ਦੀ ਵਿੱਕਰੀ 'ਤੇ ਨਿਰਭਰ ਕਰਦਾ ਹੈ। ਇਸੇ ਕਾਰਨ ਸਰਕਾਰਾਂ ਵੀ ਸ਼ਰਾਬ ਦੇ ਨਸ਼ੇ ਨੂੰ ਨਸ਼ਾ ਨਾ ਸਮਝ ਕੇ ਇਸ ਪਾਸੇ ਵੱਲ ਧਿਆਨ ਨਹੀਂ ਦੇ ਰਹੀਆਂ ਸਗੋਂ ਉਨ੍ਹਾਂ ਦੀ ਇੱਛਾ ਸ਼ਰਾਬ ਦੀ ਵੱਧ ਤੋਂ ਵੱਧ ਵਿੱਕਰੀ ਕਰਨ ਵੱਲ ਹੈ।*



ਇਸ ਧੰਦੇ ਵਿੱਚ ਡਰੱਗ ਤਸਕਰ, ਰਾਜਨੀਤਕ ਨੇਤਾ ਅਤੇ ਪੁਲਿਸ ਦਾ ਗੱਠਜੋੜ ਕੰਮ ਕਰਦਾ ਹੈ। ਪਿਛਲੇ ਸਮੇਂ ਵਿੱਚ ਪੰਜਾਬ ਅੰਦਰ ਕਈ ਪੁਲਿਸ ਅਧਿਕਾਰੀ ਫੜੇ ਗਏ ਹਨ। ਮਰਦਾਂ ਵਿੱਚ, ਸਭ ਤੋਂ ਵੱਧ ਵਰਤਿਆ ਜਾਣ ਵਾਲਾ ਨਸ਼ਾ ਸ਼ਰਾਬ (58.3%), ਤੰਬਾਕੂ (19.3%), ਅਫੀਮ (6.3%) ਅਤੇ ਭੰਗ (1.2%) ਸੀ। ਪ੍ਰੰਤੂ ਇੱਕ ਗੱਲ ਸਮਝ ਤੋਂ ਬਾਹਰ ਹੈ ਕਿ ਸ਼ਰਾਬ ਦੇ ਪਿਆਕੜ ਅਤੇ ਸਰਕਾਰ ਇਸ ਨੂੰ ਨਸ਼ਾ ਹੀ ਨਹੀਂ ਸਮਝਦੇ। ਨਸ਼ਿਆਂ ਦੇ ਸੇਵਨ ਵਿਰੁੱਧ ਕਈ ਸੰਸਥਾਵਾਂ ਕੰਮ ਕਰ ਰਹੀਆਂ ਹਨ, ਜਿਹੜੀਆਂ ਆਪਣਾ ਮਿਸ਼ਨ 'ਮੇਰਾ ਮਿਸ਼ਨ ਦੇਸ਼ ਦੀ ਜਵਾਨੀ ਨੂੰ ਬਚਾਉਣਾ ਹੈ'। ਇਨ੍ਹਾਂ ਸੰਸਥਾਵਾਂ ਵਿੱਚ ਕਈ ਅਜਿਹੇ ਵਿਅਕਤੀ ਹਨ ਜਿਨ੍ਹਾਂ ਦੇ ਬੱਚੇ ਅਜਿਹੇ ਨਸ਼ਿਆਂ ਦੀ ਭੇਂਟ ਚੜ੍ਹ ਗਏ ਹਨ। ਜਿਹੜੇ ਕਹਿੰਦੇ ਹਨ, "ਮੈਂ ਆਪਣੇ ਬੇਟੇ ਦੀ ਲਾਸ਼ ਨੂੰ ਆਪਣੇ ਮੋਢਿਆਂ 'ਤੇ ਚੁੱਕ ਲਿਆ ਹੈ। ਮੈਂ ਨਹੀਂ ਚਾਹੁੰਦਾ ਕਿ ਕਿਸੇ ਹੋਰ ਮਾਤਾ-ਪਿਤਾ ਨੂੰ ਅਜਿਹਾ ਅਨੁਭਵ ਕਰਨਾ ਪਵੇ। ਮਈ 7, 2022 ਦਾ 'ਦਿ ਹਿੰਦੂ' ਅਖਬਾਰ ਲਿਖਦਾ ਹੈ ਕਿ ਭਾਰਤ ਵਿੱਚ 10 ਕਰੋੜ ਤੋਂ ਵੱਧ ਨਸ਼ੇ ਕਰਨ ਵਾਲੇ ਹਨ। ਪਿਛਲੇ 8 ਸਾਲਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਖਪਤ ਵਿੱਚ 70% ਵਾਧਾ ਹੋਇਆ ਹੈ। ਸ਼ਰਾਬ ਇਨ੍ਹਾਂ ਵਿੱਚ ਸ਼ਾਮਲ ਹੈ। ਇਹ ਗਿਣਤੀ ਲਗਾਤਾਰ ਵਧ ਰਹੀ ਹੈ। ਸਰਕਾਰ ਸ਼ਰਾਬ ਨੂੰ ਨਸ਼ਾ ਕਿਉਂ ਨਹੀਂ ਸਮਝਦੀ? ਸਰਕਾਰ ਸ਼ਰਾਬ ਦੀ ਪਹੁੰਚ ਘਰ ਘਰ ਕਰਨ ਬਾਰੇ ਸੋਚਦੀ ਲੱਗ ਰਹੀ ਹੈ। ਪੰਜਾਬ ਵਿੱਚ ਤਾਂ ਔਰਤਾਂ ਲਈ ਵੱਖਰੇ ਠੇਕੇ ਵੀ ਖੋਲ੍ਹ ਦਿੱਤੇ ਗਏ ਹਨ।

2019 ਤੋਂ 2021 ਦਰਮਿਆਨ ਉੱਤਰ ਪ੍ਰਦੇਸ਼ ਵਿੱਚ 31482 ਵਿੱਚ ਨਸ਼ਿਆਂ ਨਾਲ ਸਬੰਧਤ ਐੱਫਆਈਆਰ ਦਰਜ ਕੀਤੀਆਂ ਗਈਆਂ ਹਨ। ਇਸ ਤੋਂ ਬਾਅਦ ਮਹਾਰਾਸ਼ਟਰ 28959 ਅਤੇ ਪੰਜਾਬ 28417 ਹਨ। ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਨੇ 2019 ਵਿੱਚ ਐੱਨਡੀਪੀਐੱਸ ਐਕਟ ਤਹਿਤ 11536 ਐੱਫਆਈਆਰ ਦਰਜ ਕੀਤੀਆਂ। ਇਹ ਦੇਖਣ ਵਿੱਚ ਪਾਇਆ ਗਿਆ ਕਿ ਪੰਜਾਬ ਵਿੱਚ 2.32 ਲੱਖ ਲੋਕ ਨਸ਼ੇ 'ਤੇ ਨਿਰਭਰ ਹਨ। ਇਸਦਾ ਮਤਲਬ ਹੈ ਕਿ ਬਾਲਗ ਆਬਾਦੀ ਦਾ 1.2% (2011 ਦੀ ਮਰਦਮਸ਼ੁਮਾਰੀ ਅਨੁਸਾਰ 2 ਕਰੋੜ) ਨਸ਼ਿਆਂ ਦੀ ਆਦੀ ਹੈ। ਜਿਵੇਂ ਕਿ ਉਪਭੋਗਤਾਵਾਂ ਲਈ ਸਰਵੇਖਣ ਨੇ 8.6 ਲੱਖ ਦੀ ਗਿਣਤੀ ਦਾ ਅੰਦਾਜ਼ਾ ਲਗਾਇਆ। ਇਸਦਾ ਮਤਲਬ ਹੈ ਕਿ ਪੰਜਾਬ ਦੀ ਸਾਰੀ ਬਾਲਗ ਆਬਾਦੀ ਦਾ 4.5% ਘੱਟੋ-ਘੱਟ ਨਸ਼ੇ ਕਰਦਾ ਹੈ। (02-ਜਨਵਰੀ-2022)

2021 ਦੇ ਐੱਨਸੀਆਰਬੀ ਦੇ ਅਨੁਸਾਰ ਲੁਧਿਆਣਾ ਪੰਜਾਬ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਾ ਹੈ, ਜੋ ਦੇਸ਼ ਵਿੱਚ ਸਭ ਤੋਂ ਭੈੜੇ ਨਸ਼ਾਖੋਰੀ ਦੇ ਦ੍ਰਿਸ਼ ਲਈ ਆਪਣੇ ਆਪ ਵਿੱਚ ਬਦਨਾਮ ਹੈ। ਲੁਧਿਆਣਾ ਜ਼ਿਲ੍ਹੇ ਦੀ ਚਿੰਤਾਜਨਕ ਸਥਿਤੀ ਲਗਭਗ ਹਰ ਸਾਲ ਉਜਾਗਰ ਹੋਈ ਸੀ ਜਦੋਂ ਇਹ ਪੰਜਾਬ ਵਿੱਚ ਨਸ਼ਿਆਂ ਨਾਲ ਸਭ ਤੋਂ ਵੱਧ ਪ੍ਰਭਾਵਿਤ ਚੋਟੀ ਦੇ ਦੋ ਜ਼ਿਲ੍ਹਿਆਂ ਵਿੱਚ ਸ਼ਾਮਲ ਹੋ ਗਿਆ। (18-ਜੁਲਾਈ-2023)

ਪੰਜਾਬ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪੇਸ਼ ਕੀਤੀ ਰਿਪੋਰਟ ਵਿੱਚ ਦੱਸਿਆ ਹੈ ਕਿ ਸੂਬੇ ਵਿੱਚ ਅਪਰੈਲ 2020 ਤੋਂ ਮਾਰਚ 2023 ਤਕ ਨਸ਼ੀਲੇ ਪਦਾਰਥਾਂ ਅਤੇ ਮਨੋਵਿਗਿਆਨਕ ਪਦਾਰਥਾਂ ਦੀ ਓਵਰਡੋਜ਼ ਕਾਰਨ 266 ਮੌਤਾਂ ਹੋਈਆਂ ਹਨ।

4 ਅਗਸਤ 2023 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ, ਜੰਮੂ ਅਤੇ ਕਸ਼ਮੀਰ 4076 ਤੋਂ ਬਾਅਦ ਦਿੱਲੀ 2026 ਅਤੇ ਚੰਡੀਗੜ੍ਹ 449 ਵਿੱਚ ਸਭ ਤੋਂ ਵੱਧ ਐੱਫਆਈਆਰ ਦਰਜ ਕੀਤੀਆਂ ਗਈਆਂ ਹਨ।

ਤਰਨਤਾਰਨ, ਪਾਕਿਸਤਾਨ ਨਾਲ ਲਗਦੀ ਸਰਹੱਦ 'ਤੇ ਸਥਿਤ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਹੈ। ਇੱਕ ਤਾਜ਼ਾ ਸਰਕਾਰੀ ਅਧਿਐਨ ਦਰਸਾਉਂਦਾ ਹੈ ਕਿ ਰਾਜ ਵਿੱਚ 860,000 ਤੋਂ ਵੱਧ ਨੌਜਵਾਨ, 15-35 ਸਾਲ ਦੀ ਉਮਰ ਦੇ ਵਿਚਕਾਰ, ਕਿਸੇ ਨਾ ਕਿਸੇ ਰੂਪ ਵਿੱਚ ਨਸ਼ੇ ਕਰਦੇ ਹਨ। ਨਸ਼ਿਆਂ ਦੇ ਆਦੀ ਹੋਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਬਹੁਤ ਵਾਧਾ ਹੋਇਆ ਹੈ। 10-17 ਸਾਲ ਦੀ ਉਮਰ ਵਰਗ ਵਿੱਚ 1.58 ਕਰੋੜ ਨਸ਼ੇ ਦੇ ਆਦੀ ਨੇ।

ਸਿਖਰਲੀ ਅਦਾਲਤ ਦੇ ਹੁਕਮਾਂ ਤੋਂ ਬਾਅਦ ਕਰਵਾਏ ਗਏ ਸਰਵੇਖਣ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ, ਇਸ ਰਿਪੋਰਟ ਨੇ ਦੱਸਿਆ ਕਿ ਭਾਰਤੀਆਂ ਦੁਆਰਾ ਸ਼ਰਾਬ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਮਨੋਵਿਗਿਆਨਕ ਪਦਾਰਥ ਹੈ, ਜਿਸ ਤੋਂ ਬਾਅਦ ਕੈਨਾਬਿਸ ਅਤੇ ਓਪੀਔਡਸ ਆਉਂਦੇ ਹਨ। (ਇੰਡੀਆ ਨਿਊਜ਼ ਪ੍ਰੈੱਸ ਟਰੱਸਟ ਆਫ ਇੰਡੀਆ ਦਸੰਬਰ 14, 2022)

ਐੱਚ. ਐੱਸ. ਫੂਲਕਾ, "ਬਚਪਨ ਬਚਾਓ" ਅੰਦੋਲਨ ਦੇ ਸਰਪ੍ਰਸਤ ਇੱਕ ਭਾਰਤ-ਅਧਾਰਤ ਬੱਚਿਆਂ ਦੇ ਅਧਿਕਾਰਾਂ ਦੀ ਲਹਿਰ ਲਈ ਕੰਮ ਕਰਦੇ ਹਨ ਅਤੇ ਇੱਕ ਵਕੀਲ ਹਨ, ਜਿਸ ਨੇ ਬੱਚਿਆਂ ਵਿੱਚ ਨਸ਼ਿਆਂ ਦੀ ਦੁਰਵਰਤੋਂ ਦੀਆਂ ਚਿੰਤਾਵਾਂ ਨੂੰ ਲੈ ਕੇ ਸੁਪਰੀਮ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਮੁੱਦਾ ਰਾਸ਼ਟਰੀ ਸਰਵੇਖਣ ਦੇ ਨਤੀਜਿਆਂ ਤੋਂ ਕਿਤੇ ਜ਼ਿਆਦਾ ਗੰਭੀਰ ਹੈ।

ਫੂਲਕਾ ਨੇ ਡੀ.ਡਬਲਿਊ ਨੂੰ ਦੱਸਿਆ, "ਬਹੁਤ ਵੱਡੀ ਗਿਣਤੀ ਵਿੱਚ ਅਜਿਹੇ ਬੱਚੇ ਹਨ ਜੋ ਪ੍ਰਭਾਵਿਤ ਹੋਏ ਹਨ ਅਤੇ ਇਸ ਸਰਵੇਖਣ ਵਿੱਚ ਉਨ੍ਹਾਂ ਦੀ ਗਿਣਤੀ ਨਹੀਂ ਕੀਤੀ ਗਈ ਹੈ ਉਹ ਨਸ਼ੇੜੀ ਹਨ। ਸਕੂਲਾਂ ਅਤੇ ਇਸਦੇ ਆਸ-ਪਾਸ ਦੇ ਖੇਤਰਾਂ ਵਿੱਚ ਨਸ਼ੇ ਦੀ ਉਪਲਬਧਤਾ ਇੱਕ ਸਮੱਸਿਆ ਹੈ ਅਤੇ ਅੰਤ ਵਿੱਚ ਉਹ ਵਪਾਰੀ ਬਣ ਜਾਂਦੇ ਹਨ। ਜ਼ਿਆਦਾ ਸ਼ਰਾਬ ਪੀਣ ਕਾਰਨ ਰੋਜ਼ਾਨਾ ਸੈਂਕੜੇ ਲੋਕ ਮਰਦੇ ਹਨ। ਸਿਰਫ਼ ਭਾਰਤ ਵਿੱਚ ਹੀ 15 ਤੋਂ 75 ਸਾਲ ਦੀ ਉਮਰ ਦੇ 16 ਕਰੋੜ ਲੋਕ ਸ਼ਰਾਬ ਦੇ ਆਦੀ ਹਨ ਅਤੇ ਮਰਦਾਂ ਦੀ ਗਿਣਤੀ ਔਰਤਾਂ ਨਾਲੋਂ 15 ਗੁਣਾ ਵੱਧ ਹੈ। ਜੇਕਰ ਅਸੀਂ ਸਿਰਫ਼ ਪੰਜਾਬ ਦੀ ਹੀ ਗੱਲ ਕਰੀਏ ਤਾਂ ਨੈਸ਼ਨਲ ਯੂਨੀਅਨ ਆਫ ਡਰੱਗਜ਼/ਸਬਸਟੈਂਸ ਯੂਜ਼ ਇਨ ਇੰਡੀਆ ਦੁਆਰਾ ਕਰਵਾਏ ਗਏ ਹਾਲ ਹੀ ਦੇ ਸਰਵੇਖਣ ਅਨੁਸਾਰ ਇਹ ਰਾਜ ਉਨ੍ਹਾਂ ਚੋਟੀ ਦੇ ਤਿੰਨ ਰਾਜਾਂ ਵਿੱਚੋਂ ਇੱਕ ਹੈ ਜਿੱਥੇ ਲੋਕਾਂ ਨੂੰ ਆਪਣੀ ਸ਼ਰਾਬ ਨਿਰਭਰਤਾ ਲਈ ਤੁਰੰਤ ਇਲਾਜ ਦੀ ਲੋੜ ਹੈ।

ਪੰਜਾਬ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਕਿਉਂਕਿ ਇੱਥੇ ਦੂਜੇ ਨਸ਼ਿਆਂ ਵਾਂਗ ਸ਼ਰਾਬ ਕੋਈ ਸਮਾਜਿਕ ਕਲੰਕ ਨਹੀਂ ਸਮਝਿਆ ਜਾਂਦਾ ਅਤੇ ਲੋਕ ਇਸ ਨੂੰ ਨਸ਼ਾ ਨਹੀਂ ਸਮਝਦੇ, ਜੋ ਸੂਬੇ ਲਈ ਡੂੰਘੀ ਚਿੰਤਾ ਦਾ ਵਿਸ਼ਾ ਹੈ। ਸਰਕਾਰਾਂ ਦਾ ਰੈਵੀਨਿਊ ਸ਼ਰਾਬ ਦੀ ਵਿੱਕਰੀ 'ਤੇ ਨਿਰਭਰ ਕਰਦਾ ਹੈ। ਇਸੇ ਕਾਰਨ ਸਰਕਾਰਾਂ ਵੀ ਸ਼ਰਾਬ ਦੇ ਨਸ਼ੇ ਨੂੰ ਨਸ਼ਾ ਨਾ ਸਮਝ ਕੇ ਇਸ ਪਾਸੇ ਵੱਲ ਧਿਆਨ ਨਹੀਂ ਦੇ ਰਹੀਆਂ ਸਗੋਂ ਉਨ੍ਹਾਂ ਦੀ ਇੱਛਾ ਸ਼ਰਾਬ ਦੀ ਵੱਧ ਤੋਂ ਵੱਧ ਵਿੱਕਰੀ ਕਰਨ ਵੱਲ ਹੈ।

ਸ਼ਰਾਬ ਅਤੇ ਹੋਰ ਨਸ਼ਿਆਂ ਦਾ ਸੇਵਨ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਪੰਜਾਬ ਵਿੱਚ ਸਥਾਪਤ ਨਸ਼ਾ ਮੁਕਤੀ ਕੇਂਦਰਾਂ ਨੂੰ ਮੁੜ ਵਸੇਬਾ ਕੇਂਦਰ ਜਾਂ ਨਸ਼ਾ ਮੁਕਤੀ ਕੇਂਦਰ ਵੀ ਕਿਹਾ ਜਾਂਦਾ ਹੈ। ਇਹ ਸਲਾਹ ਦਿੱਤੀ ਜਾਂਦੀ ਹੈ ਕਿ ਜੇ ਤੁਸੀਂ ਕਿਸੇ ਲਈ ਜਾਂ ਆਪਣੇ ਲਈ ਨਸ਼ਾ ਛੁਡਾਊ ਕੇਂਦਰਾਂ ਦੀ ਖੋਜ ਕਰ ਰਹੇ ਹੋ, ਉਸ ਲਈ ਜਿੰਨੀ ਜਲਦੀ ਹੋ ਸਕੇ ਮੁਲਾਕਾਤ ਬੁੱਕ ਕਰੋ। ਇਲਾਜ ਜਿੰਨੀ ਜਲਦੀ ਹੋ ਸਕੇ ਸ਼ੁਰੂ ਹੋ ਜਾਵੇਗਾ ਅਤੇ ਸਮਝੋ ਕਿ ਡੀਟੌਕਸਿੰਗ ਦੀ ਪ੍ਰਕਿਰਿਆ ਹੌਲੀ-ਹੌਲੀ ਹੁੰਦੀ ਹੈ। ਹਰ ਕਿਸੇ ਨੂੰ ਦਵਾਈ ਅਤੇ ਕਾਉਂਸਲਿੰਗ ਸੈਸ਼ਨਾਂ ਦੇ ਨਾਲ ਇਕਸਾਰ ਹੋਣਾ ਚਾਹੀਦਾ ਹੈ।

**ਪਵਨ ਕੁਮਾਰ ਕੌਸ਼ਲ**

ਨਸ਼ਾ ਛੁਡਾਊ ਕੇਂਦਰ ਪਟਿਆਲਾ, ਚੰਡੀਗੜ੍ਹ, ਲੁਧਿਆਣਾ, ਸੰਗਰੂਰ ਅਤੇ ਸ਼ਿਮਲਾ ਵਿੱਚ ਹਨ। ਹੌਲੀ-ਹੌਲੀ ਦੂਜੇ ਸ਼ਹਿਰਾਂ ਵਿੱਚ ਵੀ ਨੈੱਟਵਰਕ ਵਿਸਤਾਰ ਕਰ ਰਹੇ ਹਨ। ਇਸਦਾ ਕਾਰਨ ਇਹ ਹੈ ਕਿ ਅਫੀਮ, ਭੰਗ, ਮੈਥ, ਹੈਰੋਇਨ, ਕੋਕੀਨ ਆਦਿ ਨਸ਼ਿਆਂ ਦੀ ਵਧ ਰਹੀ ਸਪਲਾਈ ਕਾਰਨ ਕਈ ਸ਼ਹਿਰ ਪ੍ਰਭਾਵਿਤ ਹੋਏ ਹਨ। ਇਹ ਸਾਰੇ ਨਸ਼ੇ ਸਿਹਤ ਲਈ ਅਤਿ ਖਤਰਨਾਕ ਹਨ।

ਪੰਜਾਬ ਪਹਿਲਾਂ ਹੀ ਦੇਸ਼ ਵਿੱਚ ਸ਼ਰਾਬ ਦੇ ਮੋਹਰੀ ਖਪਤਕਾਰਾਂ ਵਿੱਚ ਸ਼ਾਮਲ ਹੈ। 7.9 ਲੀਟਰ ਦੀ ਪ੍ਰਤੀ ਵਿਅਕਤੀ ਸਾਲਾਨਾ ਖਪਤ ਇਸ ਨੂੰ ਸਾਰੇ ਰਾਜਾਂ ਵਿੱਚ ਦੇਸ਼ ਵਿੱਚ ਦੂਜੇ ਸਥਾਨ 'ਤੇ ਰੱਖਦੀ ਹੈ। ਜ਼ਿਆਦਾ ਸ਼ਰਾਬ ਪੀਣ ਦੇ ਮਾੜੇ ਸਿਹਤ ਅਤੇ ਸਮਾਜਿਕ ਪ੍ਰਭਾਵ ਪੰਜਾਬ ਤੋਂ ਪਹਿਲਾਂ ਹੀ ਵਾਰ-ਵਾਰ ਰਿਪੋਰਟ ਕੀਤੇ ਜਾ ਚੁੱਕੇ ਹਨ। (21-ਫਰਵਰੀ-2020)

ਸਰਕਾਰ ਇਸ ਸਮੱਸਿਆ ਪ੍ਰਤੀ ਗੰਭੀਰ ਨਹੀਂ। ਇਸ ਸਥਿਤੀ ਦਾ ਫਾਇਦਾ ਉਠਾਉਣ ਲਈ ਸਥਾਪਤ ਗੈਰ ਕਾਨੂੰਨੀ ਨਸ਼ਾ ਛਡਾਊ ਕੇਂਦਰ ਅਤੇ ਹੋਰ ਨਿੱਜੀ ਕੇਂਦਰ ਪੀੜਤ ਲੋਕਾਂ ਦੀ ਅੰਨ੍ਹੀ ਲੁੱਟ ਕਰ ਰਹੇ ਹਨ। ਡਾਕਟਰੀ ਅਮਲੇ ਤੋਂ ਬਗੈਰ ਦਾਖਲ ਨਸ਼ੇੜੀਆਂ ਦੀ ਆਰਥਿਕ ਲੁੱਟ ਕਰਦੇ ਹਨ ਅਤੇ ਬਾਊਸਰਾਂ ਰਾਹੀਂ ਕੁੱਟ ਮਾਰ ਕਰਦੇ ਹਨ। ਰਿਸ਼ਤੇਦਾਰ ਅਤੇ ਮਾਂ ਬਾਪ ਨੂੰ ਮਿਲਣ ਵੀ ਨਹੀਂ ਦਿੰਦੇ। ਲੁਧਿਆਣਾ ਜ਼ਿਲ੍ਹੇ ਦੀ ਪਾਇਲ ਸਬ-ਡਿਵੀਜ਼ਨ ਵਿੱਚ ਇੱਕ ਗੈਰ-ਕਾਨੂੰਨੀ ਨਸ਼ਾ ਛੁਡਾਊ ਕੇਂਦਰ ਵਿੱਚ ਬੰਦ ਇੱਕ 33 ਸਾਲਾ ਵਿਅਕਤੀ ਨੂੰ ਪਿਛਲੇ ਮਹੀਨੇ ਕਥਿਤ ਤੌਰ 'ਤੇ ਤਸ਼ੱਦਦ ਅਤੇ ਬੇਰਹਿਮੀ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇੱਕ ਕੈਬੀਨਟ ਮੰਤਰੀ ਦੀ ਪੂਰੀ ਅਗਵਾਈ ਵਿੱਚ ਨਸ਼ਾ ਛਡਾਉਣ ਦਾ ਵੱਖਰਾ ਵਿਭਾਗ ਬਣਾਉਣ, ਨਿਸ਼ੇੜੀਆਂ ਦੀ ਲਿਸਟ ਬਣਾਈ ਜਾਵੇ ਅਤੇ ਉਨ੍ਹਾਂ ਦਾ ਸਰਕਾਰ ਖੁਦ ਇਲਾਜ ਕਰਵਾਏ ਅਤੇ ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਸੁਲਾਖਾਂ ਪਿੱਛੇ ਸੁੱਟਿਆ ਜਾਵੇ।

ਪੰਜਾਬ ਦੇ ਪ੍ਰਾਈਵੇਟ ਰੀਹੈਬ ਕਲੀਨਿਕਾਂ ਵਿੱਚ ਨਸ਼ੇੜੀਆਂ ਨੇ ਤਸ਼ੱਦਦ ਦੀਆਂ ਹੈਰਾਨ ਕਰਨ ਵਾਲੀਆਂ ਕਹਾਣੀਆਂ ਦਾ ਖੁਲਾਸਾ ਕੀਤਾ ਹੈ। ਪੰਜਾਬ ਦੇ ਬਹੁਤੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਮੁੜ ਵਸੇਬੇ ਦੇ ਨਾਂ 'ਤੇ ਮਰੀਜ਼ਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਦੁਰਵਿਵਹਾਰ ਕਰਦੇ ਹਨ।

22 ਮਾਰਚ 2023 ਦੇ ਹਿੰਦੋਸਤਾਨ ਟਾਈਮਜ਼ ਮੁਤਾਬਕ ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਵਿਧਾਨ ਸਭਾ ਨੂੰ ਦੱਸਿਆ ਕਿ ਪੰਜਾਬ ਵਿੱਚ 10 ਲੱਖ ਦੇ ਕਰੀਬ ਨਸ਼ੇ ਦੇ ਆਦੀ ਹਨ, ਜਿਨ੍ਹਾਂ ਵਿੱਚ 28.5% ਸ਼ਰਾਬ ਦੇ ਆਦੀ ਹਨ।

ਪੰਜਾਬ ਵਿੱਚ ਕੁੱਲ ਨਸ਼ਾ ਛਡਾਊ ਕੇਂਦਰ 528 ਹਨ ਜਿਨ੍ਹਾਂ ਵਿੱਚ ਸਰਕਾਰੀ ਕੇਂਦਰਾਂ ਦੀ ਗਿਣਤੀ ਕੇਵਲ 36 ਹੈ। ਗੈਰ ਕਾਨੂੰਨੀ ਕੇਂਦਰਾਂ ਦੀ ਗਿਣਤੀ ਦਾ ਪਤਾ ਨਹੀਂ। ਸਰਕਾਰੀ ਕੇਂਦਰਾਂ ਵਿੱਚ 2.62 ਲੱਖ ਅਤੇ ਨਿੱਜੀ ਕੇਂਦਰਾਂ ਵਿੱਚ 6.12 ਲੱਖ ਨਸ਼ਾ ਪੀੜਤ ਲੁੱਟ ਦਾ ਸ਼ਿਕਾਰ ਹੋ ਰਹੇ ਹਨ।

ਲੁਧਿਆਣਾ ਦੇ ਦਯਾਨੰਦ ਮੈਡੀਕਲ ਕਾਲਜ (ਡੀਐੱਮਸੀ) ਦੇ ਕਮਿਊਨਿਟੀ ਮੈਡੀਸਨ ਵਿਭਾਗ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਇਹ ਪਾਇਆ ਗਿਆ ਹੈ ਕਿ ਸੂਬੇ ਵਿੱਚ ਦਰਜਨਾਂ ਨਵੇਂ ਪ੍ਰਾਈਵੇਟ ਸੈਂਟਰ ਸਾਹਮਣੇ ਆਏ ਹਨ ਜਿਨ੍ਹਾਂ ਕੋਲ ਨਾ ਤਾਂ ਢੁਕਵਾਂ ਬੁਨਿਆਦੀ ਢਾਂਚਾ ਹੈ ਅਤੇ ਨਾ ਹੀ ਸਿਖਲਾਈ ਪ੍ਰਾਪਤ ਸਟਾਫ। ਉਹ ਕਦੇ ਵੀ ਸਿੱਖਿਅਤ ਲੋਕਾਂ ਅਤੇ ਸਲਾਹਕਾਰਾਂ, ਮਨੋਵਿਗਿਆਨੀ ਅਤੇ ਮਨੋਵਿਗਿਆਨੀ ਵਰਗੇ ਮਾਹਰਾਂ ਨੂੰ ਨਿਯੁਕਤ ਨਹੀਂ ਕਰਦੇ। ਪੰਜਾਬ ਦੇ 70 ਫੀਸਦੀ ਨੌਜਵਾਨ ਨਸ਼ੇ ਦੇ ਆਦੀ ਹਨ ਪਰ ਫਿਰ ਵੀ ਸੂਬਾ ਸਰਕਾਰ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਕੋਈ ਕਾਰਗਰ ਉਪਰਾਲਾ ਨਹੀਂ ਕਰ ਰਹੀ।

ਨਸ਼ਾ ਛਡਾਊ ਕੇਂਦਰਾਂ ਵਿੱਚ ਆਮ ਆਦਮੀ ਨੂੰ ਖਰਚਾ ਚੁੱਕਣਾ ਅਤਿ ਮੁਸ਼ਕਲ ਹੈ। ਚੰਗੇ ਨਸ਼ਾ ਛਡਾਊ ਕੇਂਦਰਾਂ ਦਾ ਖਰਚਾ 5,000 ਰੁਪਏ ਤੋਂ 15,000 ਰੁਪਏ ਪ੍ਰਤੀ ਦਿਨ ਹੈ। ਜਿਹੜੇ ਗੈਰ ਕਾਨੂੰਨੀ ਕੇਂਦਰ ਹਨ, ਉੱਥੇ ਨਸ਼ੇੜੀਆਂ ਦੀ ਕੁੱਟ-ਮਾਰ, ਭੁੱਖੇ ਰੱਖਣਾ, ਕੋਈ ਦਵਾਈ ਆਦਿ ਨਾ ਦੇਣਾ ਆਮ ਗੱਲ ਹੈ।

ਪੰਜਾਬ ਨਸ਼ੇ ਦੀ ਮਹਾਂਮਾਰੀ ਦੀ ਲਪੇਟ ਵਿੱਚ ਹੈ, ਇਹ ਸਭ ਨੂੰ ਪਤਾ ਹੈ, ਪਰ ਸੂਬਾ ਪ੍ਰਸ਼ਾਸਨ ਇਸ ਮੁੱਦੇ ਦੀ ਕਿੰਨੀ ਕੁ ਪਰਵਾਹ ਕਰਦਾ ਹੈ, ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਇੱਥੇ ਨਸ਼ਾ ਛੁਡਾਊ ਕੇਂਦਰਾਂ ਦਾ ਪ੍ਰਬੰਧ ਕਿਵੇਂ ਕੀਤਾ ਜਾਂਦਾ ਹੈ। ਇੱਕ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਇਨ੍ਹਾਂ ਵਿੱਚੋਂ ਕਈ ਕੇਂਦਰ ਨਸ਼ਾ ਛੁਡਾਉਣ ਦੇ ਨਾਂ 'ਤੇ ਮਾਨਸਿਕ ਅਤੇ ਸਰੀਰਕ ਤਸ਼ੱਦਦ ਦਾ ਅੱਡਾ ਬਣ ਚੁੱਕੇ ਹਨ। ਸਭ ਤੋਂ ਵੱਧ ਜ਼ਿੰਮੇਵਾਰੀ ਸਰਕਾਰ ਦੀ ਬਣਦੀ ਹੈ ਕਿ ਉਹ ਇਸ ਪਾਸੇ ਵੱਲ ਵਿਸ਼ੇਸ਼ ਧਿਆਨ ਦੇਵੇ ਤਾਂ ਜੋ ਲੋਕਾਂ ਨੂੰ ਇਸ ਨਾਮੁਰਾਦ ਲਤ ਤੋਂ ਬਚਾਇਆ ਜਾ ਸਕੇ।



ਡਾ. ਅਰੁਣ ਮਿੱਤਰਾ

# ਬੱਚਿਆਂ ਦੀ ਪੁਕਾਰ ਅਜਾਈਂ ਨਹੀਂ ਜਾਵੇਗੀ

ਬੱਚੇ ਕੁਦਰਤ ਦਾ ਸਭ ਤੋਂ ਵੱਡਾ ਤੋਹਫ਼ਾ ਹਨ। ਉਨ੍ਹਾਂ ਨੂੰ ਵਧਦੇ ਹੋਏ ਦੇਖਣ ਨਾਲ ਸਦੀਵੀ ਖੁਸ਼ੀ ਮਿਲਦੀ ਹੈ ਕਿਉਂਕਿ ਉਹ ਜੀਵਨ ਦੀ ਉਮੀਦ, ਭਵਿੱਖ ਅਤੇ ਨਿਰੰਤਰਤਾ ਹਨ। ਡਾਕਟਰ ਹੋਣ ਦੇ ਨਾਤੇ ਕਿਸੇ ਬੱਚੇ ਦੀ ਸਰੀਰਕ ਸੱਟ, ਬਿਮਾਰੀ ਜਾਂ ਕਿਸੇ ਵੀ ਤਰ੍ਹਾਂ ਦੇ ਤਣਾਅ ਕਾਰਨ ਹੋਣ ਵਾਲੇ ਦਰਦ ਨੂੰ ਦੂਰ ਕਰਨਾ ਬਹੁਤ ਹੀ ਤਸੱਲੀ ਵਾਲੀ ਗੱਲ ਹੁੰਦੀ ਹੈ। ਇਹ ਸਮਝਣਾ ਮੁਸ਼ਕਿਲ ਹੈ ਕਿ ਕਿਵੇਂ ਕੁਝ ਲੋਕ ਬੱਚਿਆਂ ਨੂੰ ਨੁਕਸਾਨ ਪਹੁੰਚਾ ਕੇ, ਇੱਥੋਂ ਤੱਕ ਕਿ ਕਤਲ ਕਰਨ ਵਿਚ ਵੀ ਆਨੰਦ ਪ੍ਰਾਪਤ ਕਰਦੇ ਹਨ। ਗਾਜ਼ਾ ਵਿਚ ਇਜ਼ਰਾਈਲ ਦੇ ਸੁਰੱਖਿਆ ਬਲਾਂ ਦੁਆਰਾ ਬੱਚਿਆਂ ਦੇ ਮਾਰੇ ਜਾਣ ਦੀਆਂ ਰਿਪੋਰਟਾਂ ਚੱਲ ਰਹੀ ਸਦੀ ਦਾ ਸਭ ਤੋਂ ਵੱਡਾ ਅਪਰਾਧ ਹਨ।

ਗਾਜ਼ਾ ਵਿਚ ਬੱਚਿਆਂ ਦੀਆਂ ਲਾਸ਼ਾਂ ਦੇਖ ਕੇ ਦਿਲ ਕੰਬ ਜਾਂਦਾ ਹੈ; ਮਾਵਾਂ ਡੂੰਘੇ ਦਰਦ ਵਿਚ ਰੋਂਦੀਆਂ, ਆਸ ਟੁੱਟਣ ਤੋਂ ਦੁਖੀ ਪਿਤਾ, ਲਾਸ਼ ਕੋਲ ਗੁੰਮਸੁਮ ਬੈਠੇ ਭੈਣ-ਭਰਾ। ਇਜ਼ਰਾਈਲ ਦੇ ਹਮਲਾਵਰ ਰੁਖ਼ ਤੋਂ ਕੁਝ ਪਤਾ ਨਹੀਂ ਲੱਗ ਰਿਹਾ ਕਿ ਮੌਤ ਦਾ ਨਾਚ ਕਦੋਂ ਤੱਕ ਚਲੇਗਾ। ਗਾਜ਼ਾ ਦੇ ਲੋਕ ਜਿਸ ਭਿਆਨਕ ਹਾਲਾਤ ਵਿਚੋਂ ਲੰਘ ਰਹੇ ਹਨ, ਉਹ ਕਲਪਨਾ ਤੋਂ ਪਰੇ ਹੈ। ਇਸ ਨੂੰ ਜੰਗ ਕਹਿਣਾ ਗ਼ਲਤ ਹੋਵੇਗਾ। ਇਹ ਬੱਚਿਆਂ ਸਮੇਤ ਬੇਕਸੂਰ ਲੋਕਾਂ ਦੀ ਨਸਲਕੁਸ਼ੀ ਹੈ। ਹਮਾਸ ਜਿਸ ਨੇ 7 ਅਕਤੂਬਰ ਨੂੰ ਵਹਿਸ਼ੀ ਕੰਮ ਕੀਤਾ, ਇਜ਼ਰਾਇਲੀ ਹਮਲੇ ਦੀ ਤਸਵੀਰ ਵਿਚ ਕਿਤੇ ਵੀ ਨਹੀਂ ਹੈ। ਹਸਪਤਾਲਾਂ ਦੇ ਹਥਿਆਰਾਂ ਦੇ ਅੱਡੇ ਹੋਣ ਦੀਆਂ ਗੱਲਾਂ ਝੂਠੀਆਂ ਸਾਬਤ ਹੋ ਰਹੀਆਂ ਹਨ।

ਜੰਗ ਹਮੇਸ਼ਾ ਤਬਾਹੀ ਦਾ ਕਾਰਨ ਬਣਦੀ ਹੈ। ਇਨ੍ਹਾਂ ਹਾਲਾਤ ਵਿਚ ਬੱਚੇ ਬਿਨਾਂ ਕਿਸੇ ਕਸੂਰ ਦੇ ਸਭ ਤੋਂ ਵੱਧ ਪੀੜਤ ਹੁੰਦੇ ਹਨ। ਹੁਣ ਜਦੋਂ ਹਸਪਤਾਲਾਂ ਨੂੰ 'ਸਜ਼ਾ-ਏ-ਮੌਤ' ਤਹਿਤ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਮਾਂ ਦੇ ਗਰਭ ਵਿਚ ਭਰੂਣਾਂ ਅਤੇ ਨਵਜੰਮੇ ਬੱਚਿਆਂ ਸਮੇਤ ਮਰਨ ਵਾਲੇ ਬੱਚਿਆਂ ਦੀ ਗਿਣਤੀ ਕਈ ਗੁਣਾ ਵਧ ਜਾਵੇਗੀ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਮੁਖੀ ਵੋਲਕਰ ਤੁਰਕ ਅਨੁਸਾਰ, "ਅਜਿਹੇ ਹਾਲਾਤ ਵਿਚ ਗਾਜ਼ਾ ਵਿਚ ਬਿਮਾਰੀ, ਭੁੱਖ ਦਾ ਕਹਿਰ ਅਟੱਲ ਹੈ। ਜਨੇਵਾ ਵਿਚ ਸੰਯੁਕਤ ਰਾਸ਼ਟਰ ਵਿਚ ਭਾਸ਼ਣ ਦੌਰਾਨ ਉਨ੍ਹਾਂ ਗਾਜ਼ਾ ਵਿਚ ਭੋਜਨ, ਬਾਲਣ ਤੇ ਮੈਡੀਕਲ ਸਪਲਾਈ ਦੀ ਬਹੁਤ ਜ਼ਿਆਦਾ ਘਾਟ ਉਜਾਗਰ ਕੀਤੀ ਅਤੇ ਪਾਣੀ, ਸੀਵਰੇਜ ਤੇ ਸਿਹਤ ਸੰਭਾਲ ਸੇਵਾਵਾਂ ਦੇ ਪੂਰੀ ਤਰ੍ਹਾਂ ਢਹਿ ਜਾਣ ਦੇ ਨਤੀਜਿਆਂ ਬਾਰੇ ਚਿਤਾਵਨੀ ਦਿੱਤੀ; ਉਨ੍ਹਾਂ ਮੁਤਾਬਿਕ ਛੂਤ ਵਾਲੀਆਂ ਬਿਮਾਰੀਆਂ ਅਤੇ ਭੁੱਖ ਦੇ ਵੱਡੇ ਕਹਿਰ ਅਟੱਲ ਜਾਪਦੇ ਹਨ।

ਬੱਚਿਆਂ 'ਤੇ ਜੰਗ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਸਿਹਤ ਦੇ ਨਤੀਜੇ ਗੰਭੀਰ ਅਤੇ ਲੰਮੇ ਸਮੇਂ ਲਈ ਹੋਣਗੇ। ਸਹੀ ਭੋਜਨ ਸਪਲਾਈ ਦੀ ਅਣਹੋਂਦ ਵਿਚ ਕੁਪੋਸ਼ਣ ਕਾਰਨ ਸਰੀਰ ਵਿਚ ਕਮਜ਼ੋਰੀ ਆਉਣ ਕਰ ਕੇ ਲਾਗ ਦੀਆਂ ਬਿਮਾਰੀਆਂ ਦਾ ਖਤਰਾ ਕਈ ਗੁਣਾ ਵਧ ਜਾਂਦਾ ਹੈ। ਸੋਗ, ਸਦਮੇ, ਅਸੁਰੱਖਿਆ, ਡਰ, ਨੁਕਸਾਨ ਅਤੇ ਅਨਿਸ਼ਚਿਤ ਭਵਿੱਖ ਕਾਰਨ ਮਾਨਸਿਕ ਸਿਹਤ ਅਤੇ ਵਿਕਾਸ ਸਬੰਧੀ ਵਿਕਾਰ ਪੈਦਾ ਹੋ ਜਾਂਦੇ ਹਨ।



19 ਨਵੰਬਰ 2020 ਨੂੰ ਵਿਸ਼ਵ ਪ੍ਰਸਿੱਧ ਬ੍ਰਿਟਿਸ਼ ਮੈਡੀਕਲ ਜਰਨਲ ਵਿਚ ਪ੍ਰਕਾਸਿ ?ਤ ਲੇਖ ਵਿਚ ਮੁਥੰਨਾ ਸਮਰਾ, ਸਾਰਾ ਹਮੂਦਾ, ਪੈਨੋਸ ਵੋਸਟਾਨਿਸ, ਬਾਸੇਲ ਅਲ-ਖੋਦਰੀ ਅਤੇ ਨਾਦਰ ਅਲ-ਡੇਵਿਕ ਨੇ ਦੱਸਿਆ ਕਿ ਲੰਮੇ ਸਮੇਂ ਤੱਕ ਜੰਗ ਦੀ ਹਾਲਤ ਵਿਚ ਰਹਿਣ ਨਾਲ ਬੱਚਿਆਂ ਵਿਚ 'ਜ਼ਹਿਰੀਲੇ ਤਣਾਅ' ਪੈਦਾ ਹੁੰਦਾ ਹੈ। ਇਸ ਨਾਲ ਚਿੰਤਾ, ਇਕੱਲਤਾ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ ਜੋ ਪਰਿਵਾਰ ਦੇ ਸਹਿਯੋਗ ਦੀ ਅਣਹੋਂਦ ਅਤੇ ਮਾਪਿਆਂ ਤੇ ਦੋਸਤਾਂ ਤੋਂ ਵੱਖ ਹੋਣ ਕਾਰਨ ਵਧ ਜਾਂਦੀ ਹੈ। ਸਕੂਲ ਜਾਣ ਵਿਚ ਉਨ੍ਹਾਂ ਦੀ ਅਸਮਰੱਥਾ ਚਿੰਤਾ ਵਿਚ ਵਾਧਾ ਕਰਦੀ ਹੈ। ਅਗਲੇ ਦਿਨ ਉਹ ਬਚਣਗੇ ਜਾਂ ਨਹੀਂ, ਇਸ ਬਾਰੇ ਬੇਯਕੀਨੀ ਬੱਚਿਆਂ ਦੇ ਦਿਮਾਗ ਨੂੰ ਹਮੇਸ਼ਾ ਪ੍ਰੇਸ਼ਾਨ ਕਰਦੀ ਹੈ। ਉਹ ਕਿਸੇ ਵੀ ਅਣਜਾਣ ਆਵਾਜ਼ ਪ੍ਰਤੀ ਬਹੁਤ ਜਿ ?ਆਦਾ ਸੰਵੇਦਨਸ਼ੀਲ ਹੋ ਜਾਂਦੇ ਹਨ। ਇੰਝ ਇੰਡੀਅਨ ਡਾਕਟਰ ਫਾਰ ਪੀਸ ਡਿਵੈਲਪਮੈਂਟ ਦੇ ਡਾਕਟਰਾਂ ਦੀ ਟੀਮ ਦੁਆਰਾ ਦੇਖਿਆ ਗਿਆ ਜਿਸ ਨੇ ਰਾਹਤ ਕੈਂਪਾਂ ਵਿਚ ਰਹਿ ਰਹੇ ਲੋਕਾਂ ਦੀਆਂ ਸਿਹਤ ਜ਼ਰੂਰਤਾਂ ਦਾ ਮੁਲਾਂਕਣ ਕਰਨ ਲਈ ਮਨੀਪੁਰ (ਭਾਰਤ) ਵਿਚ ਹਿੰਸਾ ਪ੍ਰਭਾਵਿਤ ਖੇਤਰ ਦਾ ਦੌਰਾ ਕੀਤਾ ਸੀ। ਚਿੰਤਾ ਦੀ ਇਹ ਨਿਰੰਤਰ ਹਾਲਤ ਬਿਸਤਰੇ ਵਿਚ ਪਿਸ਼ਾਬ ਕਰਨ, ਸੌਣ ਵਿਚ ਮੁਸ਼ਕਿਲ, ਡਰਾਉਣੇ ਸੁਫ਼ਨੇ ਅਤੇ ਆਪਣੇ ਅਜ਼ੀਜ਼ਾਂ ਨਾਲ ਤਣਾਅਪੂਰਨ ਸਬੰਧਾਂ ਦਾ ਕਾਰਨ ਬਣ ਸਕਦੀ ਹੈ। ਅਜਿਹੇ ਹਾਲਾਤ ਵਿਚ ਲੰਮੇ ਸਮੇਂ ਤੱਕ ਰਹਿਣ ਨਾਲ ਉਹ ਆਪਣੇ ਨਜ਼ਦੀਕੀਆਂ ਤੇ ਪਿਆਰਿਆਂ ਤੋਂ ਵੀ ਮੂੰਹ ਮੋੜਨ ਅਤੇ ਹਮਲਾਵਰ ਵਿਹਾਰ ਵਿਕਸਿਤ ਕਰਦੇ ਹਨ। ਉਨ੍ਹਾਂ ਵਿਚ ਛੋਟੀਆਂ ਛੋਟੀਆਂ ਗੱਲਾਂ 'ਤੇ ਬਦਲਾ ਲੈਣ ਦੀ ਭਾਵਨਾ ਵਿਕਸਿਤ ਹੁੰਦੀ ਹੈ। ਉਹ ਆਪਣੇ ਦੋਸਤਾਂ ਨਾਲ ਲੜਨਾ ਅਤੇ ਰੌਲਾ ਪਾਉਣਾ ਸ਼ੁਰੂ ਕਰ ਸਕਦੇ ਹਨ, ਜਾਂ ਦੂਜੇ ਬੱਚਿਆਂ ਨਾਲ ਧੱਕਾ ਕਰ ਸਕਦੇ ਹਨ। ਡਰ ਦੇ ਨਤੀਜੇ ਵਜੋਂ ਬਹੁਤ ਸਾਰੇ ਬੱਚੇ ਸਾਫ ਨਹੀਂ ਬੋਲ ਸਕਦੇ ਤੇ ਅਟਕਣ ਲੱਗ ਪੈਂਦੇ ਹਨ। ਕਈਆਂ ਨੂੰ ਅੰਸ਼ਕ ਐਮਨੀਸ਼ੀਆ (ਭੁੱਲਣ) ਦਾ ਅਨੁਭਵ ਵੀ ਹੋ ਸਕਦਾ ਹੈ। ਉਨ੍ਹਾਂ ਵਿਚੋਂ ਕੁਝ ਨਸ਼ੇ ਦਾ ਸਹਾਰਾ ਲੈ ਸਕਦੇ ਹਨ; ਇੱਥੋਂ ਤੱਕ ਕਿ ਆਤਮ-ਘਾਤੀ ਵਿਹਾਰ ਵੀ ਦੇਖਿਆ ਗਿਆ ਹੈ।

ਲੰਮਾ ਸਮਾਂ ਸ਼ਰਨਾਰਥੀ ਕੈਂਪਾਂ ਵਿਚ ਰਹਿਣ ਅਤੇ ਸਿੱਖਿਆ ਦੇ ਮੌਕੇ ਗੁਆਉਣ ਕਾਰਨ ਉਨ੍ਹਾਂ ਦੇ ਪੂਰੇ ਜੀਵਨ ਦੀ ਚਾਲ ਬਦਲ ਜਾਂਦੀ ਹੈ। ਲੜਕੀਆਂ ਨੂੰ ਜਿਨਸੀ ਸ਼ੋਸ਼ਣ ਅਤੇ ਪਰਿਵਾਰ ਤੇ ਸਮਾਜ ਦੁਆਰਾ ਨਕਾਰੇ ਜਾਣ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਬਾਰੂਦੀ ਸੁਰੰਗਾਂ ਅਤੇ ਹੋਰ ਕਿਸਮਾਂ ਦੀਆਂ ਸੱਟਾਂ ਕਾਰਨ ਬਹੁਤ ਸਾਰੇ ਬੱਚੇ ਫੱਟੜ ਹੋ ਜਾਂਦੇ ਹਨ। ਬੱਚੇ ਨੈਤਿਕ ਕਦਰਾਂ-ਕੀਮਤਾਂ ਗੁਆ ਸਕਦੇ ਹਨ ਕਿਉਂਕਿ ਉਨ੍ਹਾਂ ਲਈ ਜਿਊਂਦਾ ਰਹਿਣਾ ਬੁਨਿਆਦੀ ਲੋੜ ਹੈ ਜਿਸ ਲਈ ਉਹ ਜਿਊਣ ਲਈ ਅਪਰਾਧ ਦਾ ਸਹਾਰਾ ਵੀ ਲੈ ਸਕਦੇ ਹਨ। ਜੰਗ ਦੌਰਾਨ ਬੱਚੇ ਆਪਣਾ ਸਮਾਜਿਕ ਵਿਹਾਰ ਅਤੇ ਸੱਭਿਆਚਾਰ ਗੁਆ ਸਕਦੇ ਹਨ। ਇਜ਼ਰਾਈਲ ਦੇ ਗਾਜ਼ਾ 'ਤੇ ਹਮਲੇ ਵਿਚ ਉਪਰੋਕਤ ਸਭ ਕੁਝ ਲਗਾਤਾਰ ਦੇਖਿਆ ਜਾ ਰਿਹਾ ਹੈ।

ਹਾਲਾਤ ਦੀ ਵਿਡੰਬਨਾ ਇਹ ਹੈ ਕਿ ਨਾਗਰਿਕ ਦਰਦ ਮਹਿਸੂਸ ਕਰ ਰਹੇ ਹਨ ਅਤੇ ਪ੍ਰਤੀਕਿਰਿਆ ਵੀ ਦੇ ਰਹੇ ਹਨ ਪਰ ਜਿ ?ਆਦਾਤਰ ਸਰਕਾਰਾਂ ਇਜ਼ਰਾਇਲੀ ਹਮਲੇ ਦੀ ਧਿਰ ਬਣ ਗਈਆਂ ਹਨ ਜਾਂ ਸਿਰਫ ਗੱਲੀਂ ਬਾਤੀਂ ਸਾਰ ਰਹੀਆਂ ਹਨ। ਜੋ ਕੁਝ ਹਮਾਸ ਨੇ ਕੀਤਾ, ਉਸ ਬਾਰੇ ਤਾਂ ਯੂਰੋਪੀਅਨ ਨੇਤਾਵਾਂ ਨੇ ਜੰਗੀ ਅਪਰਾਧ ਦਾ ਲੇਬਲ ਦੇਣ ਲਈ ਆਵਾਜ਼ ਉਠਾਈ ਹੈ ਪਰ ਉਹ ਇਜ਼ਰਾਈਲ ਦੁਆਰਾ ਕੀਤੀ ਹਿੰਸਾ ਬਾਰੇ ਚੁੱਪ ਹਨ। ਅਲ-ਜਜ਼ੀਰਾ ਦੇ ਪੇਸ਼ਕਾਰ ਉਸਮਾਨ ਅਯਫਰਾਹ ਨੇ ਯੂਰੋਪੀਅਨ ਯੂਨੀਅਨ ਦੀ ਵਿਦੇਸ਼ ਨੀਤੀ ਦੇ ਮੁਖੀ ਜੋਸੇਪ ਬੋਰੇਲ ਨੂੰ ਇਜ਼ਰਾਈਲ ਅਤੇ ਹਮਾਸ ਦੀਆਂ ਕਾਰਵਾਈਆਂ ਨੂੰ ਯੁੱਧ ਅਪਰਾਧ ਵਜੋਂ ਦਰਸਾਉਣ 'ਤੇ ਯੂਰੋਪੀਅਨ ਯੂਨੀਅਨ ਦੀ ਹਾਲਤ ਬਾਰੇ ਸਵਾਲ ਕੀਤਾ। ਜਦੋਂ ਪੁੱਛਿਆ ਗਿਆ ਕਿ ਕੀ ਯੂਰੋਪੀਅਨ ਯੂਨੀਅਨ 7 ਅਕਤੂਬਰ ਤੋਂ ਇਜ਼ਰਾਈਲ ਦੀਆਂ ਕਾਰਵਾਈਆਂ ਨੂੰ ਯੁੱਧ ਅਪਰਾਧਾਂ ਵਜੋਂ ਦਰਸਾਏਗੀ ਅਤੇ ਕੌਮਾਂਤਰੀ ਅਪਰਾਧਿਕ ਅਦਾਲਤ ਇਸ ਮਾਮਲੇ ਦੀ ਜਾਂਚ ਕਰੇਗੀ ਤਾਂ ਉਨ੍ਹਾਂ ਕਿਹਾ, "ਮੈਂ ਕੋਈ ਵਕੀਲ ਨਹੀਂ ਹਾਂ; ਹਾਲਾਂਕਿ ਉਨ੍ਹਾਂ ਕਿਹਾ ਕਿ ਯੂਰੋਪੀਅਨ ਯੂਨੀਅਨ 7 ਅਕਤੂਬਰ ਨੂੰ ਹਮਾਸ ਦੇ ਹਮਲੇ ਨੂੰ ਜੰਗੀ ਅਪਰਾਧ ਮੰਨਦਾ ਹੈ ਕਿਉਂਕਿ ਇਹ 'ਬਿਨਾਂ ਕਿਸੇ ਕਾਰਨ ਆਮ ਨਾਗਰਿਕਾਂ ਦੀ ਹੱਤਿਆ ਸੀ'। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੀ ਪਹੁੰਚ ਅਤੇ ਜੰਗਬੰਦੀ ਲਈ ਉਨ੍ਹਾਂ ਦਾ ਦਲੇਰ ਸਟੈਂਡ ਜਿੱਥੇ ਸ਼ਲਾਘਾਯੋਗ ਹੈ ਉੱਥੇ ਯੂਐੱਨ ਹਮਲਾਵਰ ਨੂੰ ਕਾਬੂ ਕਰਨ ਵਿਚ ਅਸਫਲ ਰਿਹਾ ਹੈ।

ਹਮਲਾਵਰ ਤਾਕਤਾਂ ਬੱਚਿਆਂ 'ਤੇ ਕੋਈ ਰਹਿਮ ਨਹੀਂ ਕਰਦੀਆਂ। ਇਹ ਮਨੁੱਖੀ ਵਿਹਾਰ ਅੰਦਰ ਗੰਭੀਰ ਵਿਗਾੜ ਦਰਸਾਉਂਦਾ ਹੈ। ਇਹ ਉਦੋਂ ਦੇਖਿਆ ਗਿਆ ਸੀ ਜਦੋਂ ਨਾਜ਼ੀਆਂ ਨੇ ਯਹੂਦੀ ਬੱਚਿਆਂ ਨੂੰ ਮਾਰਿਆ ਸੀ। ਜਦੋਂ ਨਾਜ਼ੀ ਵੱਡੀ ਗਿਣਤੀ ਵਿਚ ਯਹੂਦੀਆਂ ਨੂੰ ਮਾਰ ਰਹੇ ਸਨ ਤਾਂ ਦੁਨੀਆ ਨੇ ਲੰਮੇ ਸਮੇਂ ਲਈ ਇਹ ਕਹਿ ਕੇ ਅਣਡਿੱਠ ਕੀਤਾ ਕਿ ਉਨ੍ਹਾਂ ਨੂੰ ਨਜ਼ਰਬੰਦੀ ਕੈਂਪਾਂ ਦਾ ਕੋਈ ਗਿਆਨ ਨਹੀਂ ਸੀ। ਪੱਛਮੀ ਦੇਸ਼ਾਂ ਨੇ ਸੋਵੀਅਤ ਫੌਜ ਦੁਆਰਾ ਖੋਜੇ ਜਾਣ ਤੋਂ ਬਾਅਦ ਵੀ ਨਜ਼ਰਬੰਦੀ ਕੈਂਪਾਂ ਦੀ ਹੋਂਦ 'ਤੇ ਵਿਸ਼ਵਾਸ ਨਹੀਂ ਕੀਤਾ ਪਰ ਹੁਣ ਇਹ ਬਹਾਨਾ ਨਹੀਂ ਚਲਦਾ। ਤਕਨੀਕੀ ਕਾਢਾਂ ਕਾਰਨ ਅੱਜ ਸਭ ਕੁਝ ਸਪੱਸ਼ਟ ਦਿਖਾਈ ਦੇ ਰਿਹਾ ਹੈ।

ਵਕਤ ਸਦਾ ਇਹੋ ਜਿਹਾ ਨਹੀਂ ਰਹਿਣਾ। ਅਤਿ ਦੇ ਤਸੀਹੇ ਢਾਹ ਕੇ ਅਤੇ ਤਬਾਹੀ ਲਿਆ ਕੇ ਹਿਟਲਰ ਅਖੀਰ ਮਰ ਮੁੱਕ ਗਿਆ। ਜ਼ਾਲਮਾਂ ਨੂੰ ਕਦੇ ਵੀ ਯਾਦ ਨਹੀਂ ਕੀਤਾ ਜਾਂਦਾ। ਛੋਟੇ ਛੋਟੇ ਬੱਚਿਆਂ ਦੀ ਆਵਾਜ਼ ਵਿਅਰਥ ਨਹੀਂ ਜਾਏਗੀ। ਐਲਿਜ਼ਬੈਥ ਬੈਰੇਟ ਬ੍ਰਾਊਨਿੰਗ ਦੀ ਕਵਿਤਾ 'ਦਿ ਕਰਾਈ ਆਫ ਦਿ ਚਿਲਡਰਨ' ਜੋ ਇੰਗਲੈਂਡ ਵਿਚ ਖ਼ਤਰਨਾਕ ਕੰਮ ਵਿਚ ਜਬਰੀ ਮਜ਼ਦੂਰੀ ਦੌਰਾਨ ਬੱਚਿਆਂ ਦੀ ਪੀੜ ਦੇ ਪ੍ਰਸੰਗ ਵਿਚ ਲਿਖੀ ਗਈ ਸੀ, ਵਿਚ ਬੱਚਿਆਂ ਦੇ ਦਰਦ ਨੂੰ ਇਉਂ ਉਜਾਗਰ ਕੀਤਾ ਗਿਆ:

ਬੱਚੇ ਕਹਿੰਦੇ ਹਨ, "ਇਹ ਹੋ ਸਕਦਾ ਹੈ
ਕਿ ਅਸੀਂ ਆਪਣੇ ਸਮੇਂ ਤੋਂ ਪਹਿਲਾਂ ਮਰ ਜਾਈਏ!


ਇਸ ਕਹਾਣੀ ਨੂੰ ਅਸੀਂ ਰਲ ਮਿਲ ਕੇ ਹੁਣ ਦੁਹਰਾਉਣ ਨਹੀਂ ਦੇਣਾ। ਬੱਚਿਆਂ ਦੀ ਪੁਕਾਰ ਨੂੰ ਵਿਅਰਥ ਨਹੀਂ ਜਾਣ ਦੇਣਾ।









## ਧਰਤੀ ਨਨਕਾਣੇ ਦੀ

ਨਾਨਕ ਜੋਤਿ ਨਿਰੰਕਾਰ ਦੀ,
ਵਿੱਚ ਦੁਨੀਆਂ ਆਈ।
ਧਰਤੀ ਨਨਕਾਣੇ ਸਾਹਿਬ ਦੀ,
ਹੋਈ ਜਿੱਥੇ ਰੁਸ਼ਨਾਈ।
ਉਸ ਮਾਂ ਤ੍ਰਿਪਤਾ ਦੀ ਕੁੱਖ ਨੂੰ,
ਸੀ ਭਾਗ ਅੱਜ ਲਾਏ।
ਸਭ ਦੇਣ ਵਧਾਈਆਂ ਚੱਲ ਕੇ,
ਘਰ ਮਹਿਤੇ ਦੇ ਆਏ।
ਭੈਣ ਨਾਨਕੀ ਦਾ ਵੀਰ ਸੀ,
ਉਹ ਖੁਸ਼ੀ ਮਨਾਵੇ।
ਵੀਰ ਵੀਰ ਜਦ ਸੀ ਆਖਦੀ,
ਵੀਰਾਂ ਝੱਟ ਆ ਜਾਵੇ।
ਦੁਖੀਆਂ ਦਾ ਦਰਦੀ ਆ ਗਿਆ,
ਅੱਜ ਬਣ ਸਹਾਰਾ।
ਜਿਸ ਬਾਂਹ ਫੜੀ ਮਜ਼ਲੂਮਾਂ ਦੀ,
ਕੀਤਾ ਪਾਰ ਉਤਾਰਾ।
ਉਮਰ ਛੋਟੀ, ਕੌਤਕ ਵੱਡੇ ਸੀ,
ਉਹਨਾਂ ਕਰ ਦਿਖਾਏ।
ਸਿਧ ਨਾਥ ਜੋਗੀ ਜਪੀ ਤਪੀ,
ਬਾਬੇ ਸਭ ਪੈਰੀਂ ਪਾਏ।
ਸਭ ਕਹਿਣ ਇਹ ਬਾਲ ਨਹੀਂ,
ਖ਼ੁਦਾ ਰੂਪ ਹੈ ਆਇਆ।
ਵੱਡੇ ਵੱਡੇ ਹੰਕਾਰੀਆਂ ਦਾ ਸੀ,
ਮਾਣ ਮਿਟਾਇਆ।
ਉਨੇ ਤਾਰੇ ਵਿੱਚ ਅਕਾਸ਼ ਨਹੀਂ,
ਜਿੰਨੇ ਬਾਬੇ ਨੇ ਤਾਰੇ।
ਤੇਰੀ ਨਾਨਕ ਵੱਡੀ ਕਮਾਈ ਹੈ,
ਰਲ ਆਖਣ ਸਾਰੇ।
ਕੀ ਸਿਫ਼ਤ ਲਿਖਾਂ ਤੇਰੀ ਦਾਤਿਆ,
ਮੈਥੋਂ ਲਿਖ ਨਾ ਹੋਵੇ।
ਜਿੰਨੀ ਸਮਝ, ਪੱਤੋ, ਨੂੰ ਬਖਸ਼ਤੀ,
ਉਹ ਅੱਖਰਾਂ ਵਿੱਚ ਪਰੋਵੇ।

ਹਰਪ੍ਰੀਤ ਪੱਤੋ
9465821417

## ਸੱਚ ਆਖਦਾ

ਸੱਚੀ ਸੁੱਚੀ ਕਿਰਤ,
ਜਦ ਕਮਾਵੇਗਾ।
ਰਲ ਮਿਲ ਬੈਠ,
ਛੱਕੇ ਛਕਾਏਗਾ।
ਉੱਠ ਅੰਮ੍ਰਿਤ ਵੇਲੇ,
ਨਾਮ ਜਪੇਗਾ ਜਪਾਏਗਾ।
ਸੱਚ ਆਖਦਾ ਸੰਗਰੂਰਵੀ,
ਜਨਮ ਸਫ਼ਲਾ ਕਰ ਜਾਏਗਾ।
ਧੰਨ ਸ੍ਰੀ ਗੁਰੂ ਨਾਨਕ ਜੀ ਦੇ,
ਮਨ ਨੂੰ ਭਾਏਗਾ।

ਕਰ ਕੰਮ ਓਹੀ ਜਗਤ ਚ,
ਜੋ ਦੇਵੇ ਕਿਸੇ ਨੂੰ ਸੁੱਖ।
ਕਰ ਭਲਾ ਸਰਬੱਤ ਦਾ,
ਬਣਿਆ ਰਹਿ ਮਨੁੱਖ।

ਕਰ ਧੰਨ ਪਦਾਰਥ ਇੱਕਠਾ,
ਗੁਜ਼ਾਰੇ ਲਈ,
ਕੁੱਲਾਂ ਦੀ ਨਾ ਸੋਚ।
ਅੰਤ ਹੋਵਣਾ ਨਾਮ ਸਹਾਈ,
ਸੁਣ ਸੰਗਰੂਰਵੀ,
ਸਮਾਂ ਕੀਮਤੀ ਬੋਚ।

ਮਨਾਂ ਮੇਰਿਆ, ਕਰਿਆ ਕਰ,
ਹਰੀ ਦਾ ਜਾਪ।
ਨਿਰੋਗ ਉਹੀ, ਰੱਖਦਾ ਹੈ,
ਉਹੀ ਚਾੜ੍ਹੇ ਤਾਪ।

ਕਦੇ ਹਾਂ, ਹੋਂਦ ਮੰਨਦਾ,
ਕਦੇ ਕਰਦਾ, ਇਨਕਾਰ।
ਲੜਾਈ, ਚੱਲਦੀ ਰਹਿੰਦੀ,
ਦਿਲ ਦਿਮਾਗ਼, ਵਿਚਕਾਰ।
ਦਿਲ ਕਰਾਵੇ ਪਾਪ,
ਪੁੰਨ ਕਰਾਵੇ ਦਿਮਾਗ਼।
ਦਿਲ ਭਟਕਾਏ ਥਾਂ ਥਾਂ,
ਦਿਮਾਗ਼ ਜਗਾਏ ਭਾਗ।

ਸਰਬਜੀਤ ਸੰਗਰੂਰਵੀ
9463162463


## ਚੇਹਰੇ

ਚੇਹਰੇ ਸਾਨੂੰ ਪੜ੍ਹਨੇ ਆ ਗਏ
ਚੋਰ ਸਾਨੂੰ ਹੁਣ ਫੜਨੇ ਆ ਗਏ
ਭੋਲੇ ਪੰਛੀ ਹੁੰਦੇ ਸੀ ਕਦੇ
ਹੁਣ ਤਾਂ ਕੰਕੇ ਜੜਨੇ ਆ ਗਏ

ਗੱਲ ਗੱਲ ਦੇ ਕਦੇ ਰੋ ਪੈਂਦੇ ਸੀ
ਹੁਣ ਤਾਂ ਧੋਖੇ ਜਰਨੇ ਆ ਗਏ
ਬਹੁਤੇ ਸੱਚੇ ਕਸਮਾਂ ਖਾਂਦੇ
ਸਿਰ ਉਤੇ ਹੱਥ ਧਰਨੇ ਆ ਗਏ

ਲੋਕਾਂ ਵਾਂਗੂੰ ਝੂਠੇ ਵਾਅਦੇ
ਸਾਨੂੰ ਵੀ ਹੁਣ ਕਰਨੇ ਆ ਗਏ
ਜਖਮਾਂ ਦੀ ਪਰਵਾ ਨਹੀਂ ਕੋਈ
ਕਿਉਂਕਿ ਸਾਨੂੰ ਭਰਨੇ ਆ ਗਏ

ਸਿੱਖ ਸਿਆਣਪ ਲਈ ਅਸੀਂ ਵੀ
ਹੱਕ ਸਾਨੂੰ ਵੀ ਲੜਨੇ ਆ ਗਏ
'ਵੀਰਪਾਲ' ਧੰਨਵਾਦ ਲੋਕਾਂ ਦਾ
ਜਿਨ੍ਹਾਂ ਕਰਕੇ ਚੇਹਰੇ ਪੜ੍ਹਨੇ ਆ ਗਏ



ਵੀਰਪਾਲ ਕੌਰ ਭੱਠਲ

## ਨਾ ਰੱਖੀਂ ਯਾਦ ਮੈਨੂੰ

'ਨਾ ਰੱਖੀਂ ਯਾਦ ਮੈਨੂੰ ' ਕਹਿ ਗਿਆ ਹੈ।
ਉਹ ਤਾਂ ਹੀ ਮੇਰੇ ਮਨ ਤੋਂ ਲਹਿ ਗਿਆ ਹੈ।

ਕਿਸੇ ਮੰਜ਼ਲ ਤੇ ਉਸ ਨੇ ਪਹੁੰਚਣਾ ਕੀ,
ਜੋ ਰਾਹੀ ਰਾਹ ਦੇ ਵਿੱਚ ਹੀ ਬਹਿ ਗਿਆ ਹੈ।

ਕਦੇ ਉਹ ਪੁੱਤ ਵਧ ਨ੍ਹੀ ਸਕਦਾ ਅੱਗੇ,
ਕਮਾਈ ਪਿਉ ਦੀ ਤੇ ਜੋ ਬਹਿ ਗਿਆ ਹੈ।

ਤਜਾਰਤ ਪਿਆਰ ਨੂੰ ਜੋ ਸਮਝਦਾ ਸੀ,
ਉਹ ਕੱਲਾ ਜ਼ਿੰਦਗੀ ਵਿੱਚ ਰਹਿ ਗਿਆ ਹੈ।

ਉਹ ਹਰ ਵੇਲੇ ਦਿਸੇ ਚਿੰਤਾ 'ਚ ਡੁੱਬਿਆ,
ਉਦ੍ਹੇ ਦਿਲ ਵਿੱਚ ਕੁਝ ਤਾਂ ਬਹਿ ਗਿਆ ਹੈ।

ਉਦ੍ਹਾ ਤੇਰੇ ਬਿਨਾਂ ਸਰਨਾ ਨਹੀਂ ਸੀ,
ਉਹ ਤਾਂ ਹੀ ਜ਼ੁਲਮ ਤੇਰਾ ਸਹਿ ਗਿਆ ਹੈ।

ਉਦੋਂ ਦਾ ਭਾਰ ਲੱਗੇ ਉਹ ਪੁੱਤਾਂ ਨੂੰ,
ਜਦੋਂ ਦਾ ਮੰਜੀ ਤੇ ਪਿਉ ਬਹਿ ਗਿਆ ਹੈ।

ਮਹਿੰਦਰ ਸਿੰਘ ਮਾਨ
9915803554



## ਇੰਡੀਆ ਬਨਾਮ ਯੂਰਪ

**ਇੰਡੀਆ**

"ਭਾਵੇਂ ਲੱਖ ਅਮੀਰ ਤੂੰ ਯੂਰਪਾ ਵੇ
ਪਰ ਸਾਡੇ ਜਿਹਾ ਸਦਾਚਾਰ ਹੈ ਨੀ

ਭੈਣਾਂ ਭਾਈਆਂ ਦੇ ਪਿਆਰ ਤੇ ਮੋਹਰ ਲਾਵੇ
ਕੋਲ ਰੱਖੜੀ ਜਿਹਾ ਤਿਉਹਾਰ ਹੈ ਨੀ

ਧੀਆਂ-ਭੈਣਾਂ ਨਾ ਦੇਵੀਆਂ ਵਾਂਗ ਮੰਨੇ
ਕੰਜਕਾਂ ਪੂਜਣ ਦਾ ਚੱਜ ਆਚਾਰ ਹੈ ਨੀ

ਮੰਨੇ ਪਤੀ ਨੂੰ ਰੂਪ ਪ੍ਰਮਾਤਮਾ ਦਾ
ਥੋੜੀ ਨਾਰਾਂ ਦੇ ਐਸੇ ਵਿਚਾਰ ਹੈ ਨੀ

ਗੁਰੂਆਂ, ਪੀਰਾਂ, ਫਕੀਰਾਂ, ਔਲੀਆਂ ਦਾ
ਰੱਬ ਵਰਗਾ ਥੋੜੇ ਸਤਿਕਾਰ ਹੈ ਨੀ

ਖੁੱਲੇ ਲੰਗਰ, ਛਬੀਲਾਂ, ਕਾਰ ਸੇਵਾ
ਲੋੜਵੰਦਾਂ ਲਈ ਖੁੱਲ੍ਹੇ ਭੰਡਾਰ ਹੈ ਨੀ

ਸਾਂਝ, ਪਿਆਰ, ਮੁਹੱਬਤਾਂ, ਭਾਈਚਾਰੇ
'ਭਲੇ ਸਰਬੱਤ ਦੇ' ਜਿਹੇ ਵਿਚਾਰ ਹੈ ਨੀ"

**ਯੂਰਪ**

"ਸੌਲਾਂ ਆਨੇ ਹੈ ਗੱਲ ਸਦਾਚਾਰ ਵਾਲੀ
ਨਹੀਂ ਮੈਂ ਸੱਚੀਉਂ ਨਕਲ ਉਤਾਰ ਸਕਦਾ

ਐਪਰ ਦੋਹਰਾ ਮੇਰਾ ਕਿਰਦਾਰ ਹੈ ਨੀ
ਧੀਆਂ ਕੁੱਖ ਦੇ ਵਿੱਚ ਨਹੀਂ ਮਾਰ ਸਕਦਾ

ਨੂੰਹ ਨੂੰ ਸਮਝ ਕੇ ਧੀ ਬੇਗਾਨਿਆਂ ਦੀ
ਦਾਜ ਖਾਤਰ ਨਹੀਂ ਕਦੇ ਵੀ ਸਾੜ ਸਕਦਾ

ਜਾਂ ਫਿਰ ਝੂਠੇ ਦਹੇਜ ਦੇ ਕੇਸ ਅੰਦਰ
ਰਗੜ ਮਾਪੇ ਨਾ ਹੋਰ ਰਿਸ਼ਤੇਦਾਰ ਸਕਦਾ

ਸ਼ਰਧਾ ਵੋਟਾਂ 'ਚ ਨਹੀਂ ਤਬਦੀਲ ਕਰਦਾ
ਧਰਮ ਦੇ ਨਾਂ ਤੇ ਨਾ ਕਰ ਵਪਾਰ ਸਕਦਾ

ਨਕਲੀ ਬੀਜ, ਦਵਾਈਆਂ 'ਤੇ ਖਾਧ ਚੀਜਾਂ
ਸੁਪਨੇ ਵਿੱਚ ਵੀ ਨਾ ਕਰ ਤਿਆਰ ਸਕਦਾ

ਧੌੜੀ ਚੜ੍ਹੇ ਘੜਾਮੇਂ ਕੋਈ ਰੋਮੀ ਵਰਗਾ
ਲੱਤਾਂ ਖਿੱਚ ਕੇ ਥੱਲੇ ਨਹੀਂ 'ਤਾਰ ਸਕਦਾ"

ਰੋਮੀ ਘੜਾਮੇਂ ਵਾਲਾ
98552-81105

## ਕੀ ਤੇਰਾ ਕੀ ਮੇਰਾ

ਰੱਬ ਦੀ ਲਿਖੀ ਕੋਈ ਨਾ ਮੋੜੇ,
ਬੰਦਾ ਲਾਉਂਦਾ ਜੋਰ ਬਥੇਰਾ।
ਸਭ ਨੇ ਇੱਥੋਂ ਕੱਲੇ ਜਾਣਾ,
ਓਏ ਕੀ ਤੇਰਾ ਕੀ ਮੇਰਾ।

ਰੱਬ ਨੂੰ ਸਾਰੇ ਭੁੱਲੀ ਬੈਠੇ,
ਕੋਈ ਨਾ ਚੇਤੇ ਕਰਦਾ।
ਜਦੋਂ ਮੁਸੀਬਤ ਆਉਂਦੀ ਕੋਈ,
ਬੰਦਾ ਡਰਦਾ ਚੇਤੇ ਕਰਦਾ।
ਹੰਕਾਰ ਸਭ ਦੇ ਮਨ ਵਿੱਚ,
ਲਾਕੇ ਬਹਿ ਗਿਆ ਡੇਰਾ।

ਸਭ ਨੇ ਇੱਥੋਂ ਕੱਲੇ ਜਾਣਾ,
ਓਏ ਕੀ ਤੇਰਾ ਕੀ ਮੇਰਾ।

ਗਿਲੇ ਸਿਕਵੇ ਭੁਲਾ ਕੇ,
ਆਪਣਿਆ ਨੂੰ ਗਲ ਨਾਲ ਲਾ ਲਾ।
ਰੱਬ ਦਾ ਨਾ ਤੂੰ ਜਪ ਕੇ ਮਨਾ,
ਫਲ ਸਬਰ ਦਾ ਪਾ ਲਾ।
ਸੌਖਾ ਲੰਘ ਜੁ ਨਾਲੇ ਤੇਰਾ,
ਜਿੰਦਗੀ ਦਾ ਸਫਰ ਲਮੇਰਾ।

ਸਭ ਨੇ ਇੱਥੋਂ ਕੱਲੇ ਜਾਣਾ,
ਓਏ ਕੀ ਤੇਰਾ ਕੀ ਮੇਰਾ।

ਮਤਲਬ ਨੂੰ ਕੁਲਵੀਰੇ ਅੱਜਕਲ੍ਹ,
ਰਿਸਤੇ-ਨਾਤੇ ਨੇ।
ਜਿਉਂਦੇ ਦਾ ਕੋਈ ਹਾਲ ਨਾ ਪੁੱਛੇ,
ਮਗਰੋਂ ਪਿੱਟ ਸਿਆਪੇ ਨੇ।
ਜ਼ਿੰਦਗੀ ਦੇ ਇਸ ਚੱਕਰਵਿਊ ਵਿੱਚ,
ਆਵੇ ਘੁੰਮਣ ਘੇਰਾ।



ਸਭ ਨੇ ਇੱਥੋਂ ਕੱਲੇ ਜਾਣਾ,
ਓਏ ਕੀ ਤੇਰਾ ਕੀ ਮੇਰਾ।

ਕੁਲਵੀਰ ਸਿੰਘ ਘੁਮਾਣ
ਰੇਤਗੜ੍ਹ 98555-29111

## ਡਿਗਰੀਆਂ ਵਾਲੇ ਅਨਪੜ੍ਹ

ਲੈ -ਲੈ ਡਿਗਰੀਆਂ ਝੋਲੇ ਅਸੀਂ ਭਰ ਲਏ
ਅਕਲਾਂ ਵਾਲੇ ਖਾਨੇ ਬੰਦ ਅਸੀਂ ਕਰਲੈ
ਇੱਕੀਵੀਂ ਸਦੀ ਵਿੱਚ ਬੰਦਾ ਰੱਬ ਚਾਰਦਾ
ਸਾਨੂੰ ਡਿਗਰੀਆਂ ਵਾਲਾ ਅਨਪੜ੍ਹ ਮਾਰਦਾ

ਜਾਤਾਂ-ਪਾਤਾਂ ਦੇ ਗੇੜ ਵਿੱਚ ਰਹੇ ਉਲਝਿਆ
ਇਨਸਾਨੀਅਤ ਦਾ ਭੇਤ ਨਾ ਉਸਤੋਂ ਸੁਲਝਿਆ
ਧਰਮ ਯੁੱਧ ਵਾਲੀ ਕਦੇ ਜਾਂਦੀ ਨੀਂ ਟੱਪੀ ਤਾਰ
ਖਾ ਜਾਂਦੇ ਲੁੱਟ ਉਹਨੂੰ ਧਰਮ ਦੇ ਠੇਕੇਦਾਰ
ਚਾਈਂ-ਚਾਈਂ ਭੇਟਾਂ ਲੱਖਾਂ ਦੀਆਂ ਚਾੜ੍ਹਦਾ
ਸਾਨੂੰ ਡਿਗਰੀਆਂ ਵਾਲਾ ਅਨਪੜ੍ਹ ਮਾਰਦਾ

ਹੱਕਾਂ ਆਪਣਿਆਂ ਦਾ ਹੁੰਦਾ ਨਹੀਂ ਰਖਵਾਲਾ
ਦੇਣ ਲਈ ਰਿਸ਼ਵਤ ਸਦਾ ਰਹੇ ਉਹ ਕਾਹਲਾ
ਫੈਲੀਆਂ ਕੁਰੀਤੀਆਂ ਨੂੰ ਦਵੇ ਤਵੱਜੋ ਰੱਜ ਕੇ
ਕੋਹੜੀ ਰਿਵਾਜ ਫਿਰ ਸਮਾਜ ਚ ਆਉਣ ਭੱਜ ਕੇ
ਪੱਲੇ ਨਹੀਓਂ ਕੱਖ ਬੱਸ ਗੱਲੀ ਬਾਤੀ ਸਾਰਦਾ
ਸਾਨੂੰ ਡਿਗਰੀਆਂ ਵਾਲਾ ਅਨਪੜ੍ਹ ਮਾਰਦਾ

ਵੋਟ ਆਪਣੀ ਦਾ ਉਹ ਹੱਕ ਨਹੀਂ ਜਾਣਦਾ
ਵਿਕ ਜਾਵੇ ਸਦਾ ਆਪਾਂ ਨ੍ਹੀਂ ਉਹ ਪਛਾਣਦਾ
ਚਾਦਰਾਂ ਤੋਂ ਬਾਹਰ ਸਦਾ ਪੈਰ ਉਹਦੇ ਪਸਰਦੇ
ਸੀਰਨੀ ਵੰਡਣ ਲਈ ਉਹ ਰੱਖੇ ਮੂਹਰੇ ਘਰਦੇ
ਆਪਣੇ ਬੇਗਾਨੇ ਵਾਲਾ ਸਦਾ ਭੇਦ ਮਾਰਦਾ
ਸਾਨੂੰ ਡਿਗਰੀਆਂ ਵਾਲਾ ਅਨਪੜ੍ਹ ਮਾਰਦਾ

ਬੇ-ਮੁੱਖ ਹੋਵੇ ਉਹ ਆਪਣੀ ਹੀ ਮਾਂ ਬੋਲੀ ਤੋਂ
ਰੁਸ਼ਨਾਉਂਦਾ ਨਹੀਂ ਆਪਾਂ ਗਿਆਨ ਵਾਲੀ ਝੋਲੀ ਤੋਂ
ਕਹੋ ਪਰਮ ਗਿਆਨ ਦਾ ਦੀਪ ਜਲਾ ਲਓ
ਰਲ-ਮਿਲ ਸਾਰੇ ਅਨਪੜ੍ਹਤਾ ਦੂਰ ਭਜਾ ਲਓ
ਫੇਰ ਨਹੀਓਂ ਦੇਸ਼ ਕੋਈ ਬਾਜ਼ੀ ਹਾਰਦਾ
ਸਾਨੂੰ ਡਿਗਰੀਆਂ ਵਾਲਾ ਅਨਪੜ੍ਹ ਮਾਰਦਾ

ਪਰਮਜੀਤ ਕੌਰ ਸੇਖੂਪੁਰ ਕਲਾਂ
(ਮਲੇਰਕੋਟਲਾ)
98782 16694



## ਬਾਬਾ ਨਾਨਕ

ਬਾਬਾ ਨਾਨਕ ਤੈਨੂੰ ਪੂਜਣ ਦਾ,
ਲੋਕਾਂ ਦੇ ਵਿੱਚ ਸਰੂਰ ਬੜਾ।
ਜੋ ਤੂੰ ਦੱਸਿਆ ਉਸ ਸੱਚ ਤੋਂ ਬੰਦਾ,
ਲੱਖਾਂ ਕੋਹਾਂ ਦੂਰ ਖੜ੍ਹਾ...

ਤੇਰੀ ਸੋਚ ਬੜੀ ਵਿਸ਼ਾਲ ਬਾਬਾ,
ਰਹਿ ਗਈ ਵਿੱਚ ਦੀਵਾਰਾਂ ਬੰਦ ਹੋ ਕੇ।
ਜਦ ਕੁਦਰਤ ਦੇ ਸਭ ਬੰਦੇ ਨੇ,
ਦਿਲ ਰਹਿ ਗਏ ਨੇ ਕਿਉਂ ਤੰਗ ਹੋ ਕੇ।
ਏਥੇ ਨਫ਼ਰਤ ਮਨਾਂ ਚ ਜ਼ਹਿਰ ਭਰੀ,
ਬਾਬਾ ਸਿੱਖ ਸਿੱਖੀ ਤੋਂ ਦੂਰ ਬੜਾ।
ਜੋ ਤੂੰ ਦੱਸਿਆ ਉਸ ਸੱਚ ਤੋਂ ਬੰਦਾ,
ਲੱਖਾਂ ਕੋਹਾਂ ਦੂਰ ਖੜ੍ਹਾ...

ਖ਼ਰੀਦਾਰ ਕੋਈ ਸੱਚ ਦਾ ਨਈਂ ਦਿਸਦਾ,
ਬੋਲੀ ਝੂਠ ਦੀ ਸਿਖ਼ਰ ਤੇ ਚੜ੍ਹੀ ਹੋਈ ਐ।
ਸੱਚ ਅੰਨਿਆਂ ਦੇ ਸ਼ਹਿਰ ਚ ਵਿਕ ਜਾਵੇ,
ਕਈਆਂ ਜਾਂਨ ਤਲ਼ੀ ਤੇ ਧਰੀ ਹੋਈ ਐ।
ਨਾਂ ਕੋਈ ਪਾਰਖੂ ਨਾਂ ਕੋਈ ਮੁੱਲ ਤਾਰੇ,
ਵਿਕੇ ਝੂਠ ਕੁਫ਼ਰ ਤੇ ਕੂੜ ਬੜਾ।
ਜੋ ਤੂੰ ਦੱਸਿਆ ਉਸ ਸੱਚ ਤੋਂ ਬੰਦਾ,
ਲੱਖਾਂ ਕੋਹਾਂ ਦੂਰ ਖੜ੍ਹਾ...

ਬਣੇ ਕਸਬੇ ਸ਼ਹਿਰ ਵਿਰਾਨ ਏਥੇ,
ਤੇਰ ਮੇਰ ਦਿਲਾਂ ਵਿੱਚ ਘਰ ਕਰ ਗਈ।
ਭਾਵੇਂ ਵਸਣ ਕਰੋੜਾਂ ਲੋਕ ਏਥੇ,
ਦੂਰੀ ਦਿਲਾਂ ਚ ਏਨੀਂ ਏ ਸੋਚ ਸੜ ਗਈ।
ਘਿਰਨਾਂ ਉਚ- ਨੀਚ ਵਿੱਚ ਪਏ ਗਰਕੇ,
ਬੰਦਾ ਵਿੱਚ ਹੰਕਾਰ ਦੇ ਚੂਰ ਬੜਾ।
ਜੋ ਤੂੰ ਦੱਸਿਆ ਉਸ ਸੱਚ ਤੋਂ ਬੰਦਾ,
ਲੱਖਾਂ ਕੋਹਾਂ ਦੂਰ ਖੜ੍ਹਾ...

ਧਰਤੀ ਨਰਕ ਜੋ ਸੁਰਗ ਬਣਾਈ ਤੂੰ,
ਲੋਕਾਂ ਫਿਰ ਨਰਕ ਬਣਾ ਲਈ ਏ।
ਬ੍ਰਹਮਣ ਦਾ ਕੂੜ ਕਵਾੜ ਸਾਰਾ,
ਬਿੱਪਰ ਦੀ ਰੀਤ ਨਿਭਾ ਰਹੀ ਏ।
ਤੇਰੇ ਗਿਆਨ ਦੀ ਕਿਧਰੇ ਬਾਤ ਨਹੀਂ,
ਬ੍ਰਹਮਾਂ,ਕਿਸ਼ਨ, ਵਿਸ਼ਨ ਮਸ਼ਹੂਰ ਬੜਾ।
ਜੋ ਤੂੰ ਦੱਸਿਆ ਉਸ ਸੱਚ ਤੋਂ ਬੰਦਾ,
ਲੱਖਾਂ ਕੋਹਾਂ ਦੂਰ ਖੜ੍ਹਾ...

ਹੁੰਦਾ ਢੌਂਗ ਏ ਸਿਰਫ਼ ਦਿਖਾਵੇ ਦਾ,
ਬੜੇ ਲਾਊਡ ਸਪੀਕਰ ਵੱਜਦੇ ਨੇ।
ਗੁਰੂ ਘਰ ਤਿੰਨ-ਤਿੰਨ ਸ਼ਮਸ਼ਾਨ ਵੱਖਰੇ,
ਏਥੇ ਹੜ੍ਹ ਨਫ਼ਰਤ ਦੇ ਵਗਦੇ ਨੇ।
ਬੰਦੇ ਜ਼ਾਤ-ਪਾਤ ਵਿੱਚ ਗ਼ਰਕ ਗਏ,
ਜਾਤਾਂ ਦਾ ਦਿਸੇ ਹਜ਼ੂਮ ਬੜਾ।
ਜੋ ਤੂੰ ਦੱਸਿਆ ਉਸ ਸੱਚ ਤੋਂ ਬੰਦਾ,
ਲੱਖਾਂ ਕੋਹਾਂ ਦੂਰ ਖੜ੍ਹਾ...

ਏਥੇ ਠੱਗ ਬਦਮਾਸ਼ ਲੁਟੇਰਿਆਂ ਦੀ,
ਬਾਬਾ ਨਿੱਤ ਹੀ ਤੂਤੀ ਬੋਲਦੀ ਏ।
ਦੱਬੇ-ਕੁਚਲੇ ਹੋਏ ਮਜ਼ਲੂਮਾਂ ਦੀ,
ਕੁੱਝ ਕਹਿਣ ਤੋਂ ਵੀ ਰੂਹ ਡੋਲਦੀ ਏ।
ਭਾਈ ਲਾਲੋ ਨੂੰ ਏਥੇ ਕੌਣ ਜਾਣੇਂ,
ਮਲਕ ਭਾਗੋ ਦਾ ਦਿਸੇ ਖ਼ੁਦ ਬੜਾ।
ਜੋ ਤੂੰ ਦੱਸਿਆ ਉਸ ਸੱਚ ਤੋਂ ਬੰਦਾ,
ਲੱਖਾਂ ਕੋਹਾਂ ਦੂਰ ਖੜ੍ਹਾ...

ਤੇਰੇ ਨਾਂ ਤੇ ਧੰਦੇ ਚਲਦੇ ਨੇ,
ਠੱਗ ਚੋਰਾਂ ਦੀ ਭਰਮਾਰ ਬੜੀ।
ਲੇਬਲ ਅਮ੍ਰਿਤ ਦਾ ਜ਼ਹਿਰ ਦੀ ਬੋਤਲ,
ਕਰਦੀ ਕਾਰੋਬਾਰ ਪਈ।
ਅੰਧੇਰ ਨਗਰੀ ਚੌਪਟ ਰਾਜਾ,
ਬਾਬਾ ਸੱਚ ਤੇ ਉਤਰੇ ਕੌਣ ਖਰਾ।
ਜੋ ਤੂੰ ਦੱਸਿਆ ਉਸ ਤੋਂ ਬੰਦਾ,
ਲੱਖਾਂ ਕੋਹਾਂ ਦੂਰ ਖੜ੍ਹਾ...

ਬਾਬਾ ਤੈਨੂੰ ਪੂਜਣ ਵਾਲਿਆਂ ਨੇ,
ਤੇਰੀ ਗੱਲ ਕਦੇ ਵੀ ਮੰਨੀ ਨਈਂ।
ਕਹੀ ਵਾਰ-ਵਾਰ ਤੂੰ ਗੱਲ ਜਿਹੜੀ,
ਉਹ ਕਿਸੇ ਵੀ ਪੱਲੇ ਬੰਨ੍ਹੀ ਨਈਂ।
ਤੂੰ ਤੇ ਏਕੇ ਦੀ ਗੱਲ ਕਰਦਾ ਸੈਂ,
ਏਥੇ ਵੰਡੀਆਂ ਦਾ ਦਸਤੂਰ ਬੜਾ।
ਜੋ ਤੂੰ ਦੱਸਿਆ ਉਸ ਤੋਂ ਬੰਦਾ,
ਲੱਖਾਂ ਕੋਹਾਂ ਦੂਰ ਖੜ੍ਹਾ...

ਤੇਰਾ ਨਾਮ ਜੱਪਣ ਤੇ ਪਾਠ ਪੂਜਾ,
ਇੰਨ੍ਹਾਂ ਭਗਤੀ ਤੇਰੀ ਸਮਝ ਲਈ।
ਤੂੰ ਤੇ ਕਿਹਾ ਸੀ ਸੱਚ ਤੇ ਚੱਲਣ ਲਈ,
ਉੱਚੇ ਸੁੱਚੇ ਸ਼ੁਭ ਕਰਮ ਲਈ।
ਤੇਰੇ ਸੱਚ ਨੂੰ ਕੋਈ ਕਬੂਲਦਾ ਨਈਂ,
ਕਰਮਾਂ-ਕਾਂਡਾਂ ਵਿੱਚ ਮਗ਼ਰੂਰ ਬੜਾ।
ਜੋ ਤੂੰ ਦੱਸਿਆ ਉਸ ਸੱਚ ਤੋਂ ਬੰਦਾ,
ਲੱਖਾਂ ਕੋਹਾਂ ਦੂਰ ਖੜ੍ਹਾ............

ਬਾਬਾ ਤੂੰ ਤੇ ਨੀਚ ਨਿਮਾਣਿਆਂ ਨੂੰ,
ਲੈਅ ਲਿਆ ਸੀ ਵਿੱਚ ਕੁਲਾਵੇ ਦੇ।
ਖੰਭ ਲਾ ਕੇ ਉੱਡ ਗਈ ਪ੍ਰੀਤ ਏਥੇ,
ਲੋਕਾਂ ਦੇ ਝੂਠੇ ਦਾਅਵੇ ਨੇ।
ਏਥੇ ਸਾਂਝ ਪਿਆਰ ਦੀ ਗੱਲ ਮੁੱਕ ਗਈ,
ਬੰਦਾ-ਬੰਦੇ ਤੋਂ ਦੂਰ ਬੜਾ।
ਜੋ ਤੂੰ ਦੱਸਿਆ ਉਸ ਸੱਚ ਤੋਂ ਬੰਦਾ,
ਲੱਖਾਂ ਕੋਹਾਂ ਦੂਰ ਖੜ੍ਹਾ............

ਤੈਨੂੰ ਹੀ ਪੂਜਣ ਵਾਲਿਆਂ ਨੇ,
ਬਾਬਾ ਕੀਤੀ ਹੁਕਮ ਅਦੂਲੀ ਏ।
ਫਿਰ ਦੱਸ ਬਾਬਾ ਹਰਦਾਸਪੁਰੀ,
ਏਥੇ ਕਿਹੜੇ ਬਾਗ਼ ਦੀ ਮੂਲੀ ਏ।
ਤੇਰਾ ਰਸਤਾ ਖੰਡੇ ਦੀ ਧਾਰ ਤਿੱਖਾ,
ਕਿਸੇ ਨੂੰ ਚੱਲਣਾਂ ਨਈਂ ਮਨਜ਼ੂਰ ਜ਼ਰਾ।
ਜੋ ਤੂੰ ਦੱਸਿਆ ਉਸ ਸੱਚ ਤੋਂ ਬੰਦਾ,
ਲੱਖਾਂ ਕੋਹਾਂ ਦੂਰ ਖੜ੍ਹਾ।............

ਮਲਕੀਤ ਹਰਦਾਸਪੁਰੀ
ਫੋਨ-0306947249768

## ਵਿੱਚ ਹਨੇਰੇ ਜੁਗਨੂੰ ਚਮਕੇ

ਵਿੱਚ ਹਨੇਰੇ ਜੁਗਨੂੰ ਚਮਕੇ,
ਜਾਂ ਕੋਈ ਦੀਵਾ ਲਾਟ ਬਲੇ।
ਜਿਹੜਾ ਚਾਹੇ ਰੌਸ਼ਨ ਹੋਣਾ,
ਸੂਰਜ ਵਾਂਗੂੰ ਸਦਾ ਜਲੇ
ਸਿਦਕ ਦਾ ਦੀਵਾ ,ਲਗਨ ਦੀ ਬੱਤੀ,
ਰਾਹ ਰੁਸ਼ਨਾਉਣ ਮੰਜ਼ਲਾਂ ਦਾ,
ਕਦਮ ਕਦਮ ਤੇ ਚਾਨਣ ਹੋਵੇ,
ਰੌਸ਼ਨ ਰੂਹ ਦੀ ਲਾਟ ਕਰੇ।
ਕਦਮਾਂ ਦੇ ਵਿੱਚ ਮੰਜ਼ਲਾਂ ਜਾਪਣ,
ਜੇ ਕਰ ਮਿਹਨਤ ਮੀਤ ਬਣੇ।
ਉੱਚੇ ਪਰਬਤ, ਡੂੰਘੀਆਂ ਘਾਟੀਆਂ,
ਕਦਮਾਂ ਦੇ ਵਿੱਚ ਸੀਸ ਧਰੇ।
ਫੜ ਕੇ ਤੇਸੀ ਨਲ ਹਥੌੜਾ,
ਜੇ ਕੋਈ ਸੀਨਾ ਚੀਰ ਧਰੇ।
ਰੱਖ ਵਿਸ਼ਵਾਸ ਆਪੇ ਤਾਈ,
ਉੱਚ ਅਕੀਦਾ ਮਾਲਕ ਤੇ,
ਔਖੇ ਰਾਹੀ ਡਿੱਗਣ ਨਾ ਦੇਵੇ,
ਉਂਗਲੀ ਫੜ ਉਹ ਨਾਲ ਤੁਰੇ।
ਵਿੱਚ ਹਨੇਰੇ ਜੁਗਨੂੰ ਚਮਕੇ,
ਜਾਂ ਕੋਈ ਦੀਵਾ ਲਾਟ ਬਲੇ।

ਸਤਨਾਮ ਕੌਰ ਤੁਗਲਵਾਲਾ

## ਆਦਤਾਂ

ਵਾਰਿਸ ਸ਼ਾਹ ਨੇ ਸੱਚ ਸੁਣਾਇਆ
ਆਦਤ ਬਦਲ ਨਹੀਂ ਸਕਦੀ
ਬਦਲ ਦੇਵੇ ਜੋ ਹੋਸ਼ੀ ਆਦਤ
ਕਿਹੜੀ ਗਿੱਦੜਸਿੰਗੀ ਉਹ

ਮਰਨੀ ਮਰ ਜੂ ਪਰ ਨਾ ਛੱਡੂ
ਭਾਵੇਂ ਕੱਟ ਦਿਓ ਪੋਰੀਆਂ ਜੀ
ਪੂਛ ਕੁੱਤੇ ਦੀ ਹੋਏ ਨਾ ਸਿੱਧੀ
ਰਹਿੰਦੀ ਵਿੰਗ ਤੜਿੰਗੀ ਉਹ

ਆਪੇ ਈ ਆਪਣਿਆਂ ਦੀਆਂ ਝੂਠੀਆਂ
ਸਿਫ਼ਤਾਂ ਕਰ ਕਰ ਥੱਕਦੇ ਨਹੀਂ
ਸਿਫ਼ਤ ਹੁੰਦੀ ਜੋ ਹੋਰ ਕਰੇ ਕੋਈ
ਗ਼ੈਰ ਹੋਏ ਜਾਂ ਸੰਗੀ ਉਹ

'ਖੁਸ਼ੀ ਮੁਹੰਮਦਾ' ਕਹਿਣ ਸਿਆਣੇ
ਉਮਰ ਵਧਣ ਨਾ ਅਕਲ ਵਧੇ
ਉਮਰ ਹੋਈ ਪਰ ਅਕਲ ਨਾ ਆਈ
ਗੱਲ ਕਰਦੇ ਬੇਢੰਗੀ ਉਹ



ਖੁਸ਼ੀ ਮੁਹੰਮਦ ਚੱਠਾ

## ਅਧੂਰੀ ਮੁਹੱਬਤ

ਲੱਖਾਂ ਖ਼ਾਬ ਸੀ ਦਿਲ ਦੇ ਅੰਦਰ
ਰਹੀ ਮੁਹੱਬਤ ਮੇਰੀ ਅਧੂਰੀ।
ਕੰਨ ਪੜਾਏ ਜੋਗੀ ਬਣਿਆ
ਖ਼ਾਹਿਸ਼ ਫ਼ ?ਰ ਵੀ ਹੋਈ ਨਾ ਪੂਰੀ।
ਕੁੱਲੀ, ਗੁੱਲੀ, ਜੁੱਲੀ ਮਿਲ 'ਜੇ
ਕਿਹੜਾ ਏਨਾ ਇਸ਼ਕ ਜ਼ਰੂਰੀ।
ਸਭ ਦੀ ਹਾਂ ਵਿੱਚ ਹਾਂ ਮਿਲਾਈ
ਮਿਲੀ ਮਿਸਲ ਨੂੰ ਨਾ ਮਨਜ਼ੂਰੀ।
ਤੈਥੋਂ ਆਪਣਾ ਹੱਕ ਹੀ ਮੰਗਿਐ
ਨੱਕ ਚੜ੍ਹਾਵੇਂ, ਵੱਟੇਂ ਘੂਰੀ।
ਕੁਦਰਤ 'ਚੋਂ ਹੀ ਕਾਦਰ ਦਿਸਦਾ
ਡਲ੍ਹਕੇ ਨਾਦ ਇਲਾਹੀ ਨੂਰੀ।
ਦਰ-ਦਰ ਕਾਹਤੋਂ ਭਟਕ ਰਿਹਾ ਹੈਂ
ਕਾਹਦੀ ਹੈ ਤੇਰੀ ਮਜਬੂਰੀ।
ਘਰ ਮੇਰੇ ਵਿੱਚ ਖ਼ੁਸ਼ੀਆਂ-ਖੇੜੇ
ਕੀ ਰੱਖਿਆ ਹੈ ਵਿੱਚ ਮਸੂਰੀ।
ਨਦਰ ਮਿਹਰ ਦੀ ਹੋਵੇ ਜੇਕਰ
ਹੋਵਣ ਸੁਪਨੇ ਫ਼ੇਰ ਸੰਧੂਰੀ।
ਮਿਲਜੁਲ ਰਹੀਏ ਜੱਗ ਤੇ ਸਾਰੇ
ਕਾਹਨੂੰ ਹੋਈਏ ਦੂਰੋ-ਦੂਰੀ।



ਪ੍ਰੋ. ਨਵ ਸੰਗੀਤ ਸਿੰਘ
9417692015

## ਆਦਿ ਗ੍ਰੰਥ

ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈ ਕੇ
ਤੁਸੀਂ ਜ਼ਿੰਦਗੀ ਆਪਣੀ ਸਵਾਰ ਲਵੋ

ਮਨਮੱਤ ਸੋਚ ਮਿੱਟ ਜਾਵੇ ਮਨ ਵਿਚੋਂ
ਗੁਰਮੱਤ ਦਾ ਸਬਕ ਵਿਚਾਰ ਲਵੋ

ਸਭ ਧਰਮਾਂ ਦਾ ਕਰੋ ਸਤਿਕਾਰ ਪੂਰਾ
ਇਕ ਓਂਕਾਰ ਨੂੰ ਦਿਲ ਚ ਧਾਰ ਲਵੋ

ਸ਼ਬਦ ਜੀਓ ਅਤੇ ਜੀਣ ਦਿਓ ਵਾਲਾ
ਰੂਹ ਅਪਣੀ ਅੰਦਰ ਉਤਾਰ ਲਵੋ

ਚੜ੍ਹਦੀਕਲਾ ਚ ਹਮੇਸ਼ਾ ਰਹੋ ਮਿੱਤਰੋ
ਸੋਚ ਉੱਚੀ ਬਿੰਦਰਾ ਉਸਾਰ ਲਵੋ



ਬਿੰਦਰ ਸਾਹਿਤ ਕੇਨੇਡਾ
3278159218

## ਕਵਿਤਾ-

ਮਾਂ ਦੇ ਆਂਚਲ ਤੋਂ ਦੂਰ
ਬੱਚਾ ਭੈਅਭੀਤ ਰਹਿੰਦਾ
ਉਸਦੇ ਪੱਲੇ ਦੀ ਛਾਂ ਥੱਲੇ
ਖੁਦ ਨੂੰ ,ਸੁਰੱਖਿਅਤ ਮੰਨਦਾ
ਪਿਤਾ ਦੇ ਕੰਧਾੜੇ ਚੜਿਆ ਪੁੱਤ
ਅਰਸ਼ਾਂ ਤੇ ਉੱਡਦਾ ਰਹਿੰਦਾ
ਆਪਣੇ ਭਾਗਾਂ ਨੂੰ ਨਹੀਂ ਜਾਣਦਾ

ਮਾਂ ਦੇ ਕੰਧੇ ਤੇ ਮੂੰਹ ਰੱਖ
ਉਸਦੀ ਪਿੱਠ ਪਿਛੇ ਦੇਖਦੀ
ਕਈ ਕਲੋਲਾਂ ਕਰਦੀ ਬੇਟੀ
ਕਿਸੇ ਸਿਰ ਦੇ ਸਾਈਂ,
ਤੇ ਨਾ ਹੀ ਈਸ਼ਵਰ ਨੂੰ ਜਾਣਦੀ ਏ

ਅਸਲ ਚ ,ਉਹ ਧੀ ਹੋਵੇ ਜਾਂ ਪੁੱਤ
ਉਹ ਬੱਝੇ ਨੇ ਨਿਸ਼ਕਾਮ ਪਿਆਰ ਚ
ਮਮਤਾ,ਮੋਹ, ਬੇਫਿਕਰੀ ਚ ਅਨੰਦਿਤ ਨੇ
ਕਿਉਂਕਿ ਧਰਮ,ਸਮਾਜ,
ਜਾਤ ਪਾਤ,ਰੰਗ, ਰੂਪ,ਨਸਲ,
ਆਰਥਿਕ ਮੰਦਹਾਲੀ ਨੂੰ
ਉਸਦੀਆਂ ਨਿੱਕੀਆਂ ਖੁਸ਼ੀਆਂ
ਨਹੀਂ ਜਾਣਦੀਆਂ
ਤੇ ਨਾ ਹੀ ਉਹ ਰਾਜਨੀਤਕ
ਮਾਰ ਨੂੰ ਜਾਣਦਾ
ਉਹ ਜਾਣਦਾ ਏ,
ਮਾਂ ਦੇ ਪੱਲੂ ਦੀ ਸੁਗੰਧ ਤੱਕ
ਤੇ ਬੇਫਿਕਰੀ ਦੀ
ਉਡਾਰੀ ਲਾਉਂਦਾ
ਆਪਣੇ ਪਿਓ ਦੀ
ਬਾਹਾਂ ਦੀ ਸਮਰੱਥਾ ਤੱਕ।



ਨਵਜੋਤਕੌਰ ਨਿਮਾਣੀ

## ਔਲਾਦ ਹੱਥੋਂ ਲਾਚਾਰ ਮਾਪਿਆਂ ਦਾ ਦਰਦ

ਬਹੁਤੀ ਲੰਘ ਗਈ ਥੋੜ੍ਹੀ ਰਹਿ ਗਈ
ਥੋੜ੍ਹੀ ਵੀ ਬਸ ਥੋੜ੍ਹੀ ਰਹਿ ਗਈ
ਦੇਖਣਾਂ ਸੀ ਜੋ, ਦੇਖ ਲਿਆ ਸਭ
ਹੁਣ ਬਾਕੀ ਕੋਈ ਆਸ ਨਹੀਂ ਹੈ
ਜਿਨ੍ਹਾਂ ਦੀ ਖ਼ਾਤਿਰ ਉਮਰ ਗਵਾਈ
ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੈ....!

ਰਿਸ਼ਤੇ ਨਾਤੇ ਨੇ ਸੱਭ ਫਰਜ਼ੀ
ਹਰ ਗੱਲ ਦੇ ਵਿੱਚ ਹੈ ਖੁਦਗਰਜ਼ੀ
ਕਰਦੇ ਸੱਭ ਆਪਣੀ ਮਨਮਰਜ਼ੀ
ਆਉਂਦਾ ਕੁੱਝ ਵੀ ਰਾਸ ਨਹੀਂ ਹੈ...
ਜਿਨ੍ਹਾਂ ਦੀ ਖ਼ਾਤਿਰ ਉਮਰ ਗਵਾਈ
ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੈ....!

ਤਨ ਮਨ ਮੇਰਾ ਜ਼ਖਮੀ ਹੋਇਆ
ਦਿਲ ਵਿੱਚ ਡਾਢਾ ਦਰਦ ਲੁਕੋਇਆ
ਦੁੱਖ ਸੁੱਖ ਸਾਂਝੇ ਕਰਨ ਵਾਲੀ ਜੋ
ਤੁਰ ਗਈ ਛੱਡ ਕੇ, ਪਾਸ ਨਹੀਂ ਹੈ...
ਜਿਨ੍ਹਾਂ ਦੀ ਖ਼ਾਤਿਰ ਉਮਰ ਗਵਾਈ
ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੈ....!

ਬੇਬੱਸ ਅਤੇ ਲਾਚਾਰ ਹੋ ਗਏ
ਆਪਣਿਆਂ 'ਤੇ ਭਾਰ ਹੋ ਗਏ
ਹੁਣ ਬੱਚੇ ਹੁਸ਼ਿਆਰ ਹੋ ਗਏ
ਰੁੱਤਬਾ ਹੁਣ ਕੁੱਝ ਖਾਸ ਨਹੀਂ ਹੈ...
ਜਿਨ੍ਹਾਂ ਦੀ ਖ਼ਾਤਿਰ ਉਮਰ ਗਵਾਈ
ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੈ...!

ਘੜੀ ਪੁਰਾਣੀ ਵਾਂਗੂੰ ਟੁੱਟ ਕੇ
ਨਬਜ਼ ਮੇਰੀ ਚੱਲਦੀ ਰੁਕ-ਰੁਕ ਕੇ
ਜਿੰਨੀ ਚਾਬੀ ਭਰੀ ਮਾਲਿਕ ਨੇ
ਉਸਤੋਂ ਵੱਧ ਕੇ ਸਵਾਸ ਨਹੀਂ ਹੈ...
ਜਿਨ੍ਹਾਂ ਦੀ ਖ਼ਾਤਿਰ ਉਮਰ ਗਵਾਈ
ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੈ....!

ਪੁੱਤਾਂ ਤੋਂ ਬੇਸ਼ੱਕ ਝਿੜਕਾਂ ਖਾਵਾਂ
ਫਿਰ ਵੀ ਨਿੱਕਲਣ ਦਿਲੋਂ ਦੁਆਵਾਂ
'ਖੁਸ਼ੀ ਮੁਹੰਮਦਾ' ਰਿਸ਼ਤਿਆਂ ਦੇ ਵਿੱਚ
ਪਹਿਲਾਂ ਜਿਹੀ ਮਿਠਾਸ ਨਹੀਂ ਹੈ...
ਜਿਨ੍ਹਾਂ ਦੀ ਖ਼ਾਤਿਰ ਉਮਰ ਗਵਾਈ
ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੈ...!

ਖੁਸ਼ੀ ਮੁਹੰਮਦ 'ਚੱਠਾ'

## ਕਰਮਾਂ ਵਾਲੜਾ ਮਾਣਦਾ

ਦੁੱਧ ਨਾਲ ਪਾਲੇ ਮਾਂ ਪੁੱਤਰਾਂ ਨੂੰ,
ਘੁੱਟ ਪਾਣੀ ਨੂੰ ਕੋਈ ਤਰਸਾਉਂਦਾ ਏ।
ਆਪ ਤੰਗੀਆਂ ਕੱਟ ਪੜ੍ਹਾਵੇ ਬੱਚੇ,
ਕੋਈ ਵਿਰਲਾ ਹੀ ਕਦਰ ਪਾਉਂਦਾ ਹੈ।
ਆਪ ਏ. ਸੀ. ਲਾ ਕੇ ਸੌਣ ਐਪਰ ,
ਮੰਜਾ ਮਾਂ ਦਾ ਢਾਰੇ 'ਚ ਡਾਹੁੰਦਾ ਏ।
ਕੋਈ ਇਸ ਤੋਂ ਵੱਧ ਗਿਆ ਗੁਜ਼ਰਿਆ,
ਬਿਰਧ ਆਸ਼ਰਮ ਹੀ ਛੱਡ ਆਉਂਦਾ ਏ।
ਨਸ਼ੇ ਮਾਇਆ ਦੇ ਵਿੱਚ ਗਲਤਾਨ ਹੋਇਆ
ਕੋਈ ਮਾਂ ਤੇ ਹੱਥ ਉਠਾਉਂਦਾ ਏ।
ਮਾਂ ਦੇਵੇ ਨਾ ਕਦੇ ਦੁਰਅਸੀਸ ਭਾਵੇਂ,
ਪੁੱਤ ਲੱਖ ਉਹਨੂੰ ਤੜਪਾਉਂਦਾ ਏ।
ਕਦੇ ਲੋਕ ਪਰਲੋਕ ਨਾ ਮਿਲੇ ਢੋਈ,
ਜੱਗ ਓਸ ਨੂੰ ਲਾਹਨਤਾਂ ਪਾਉਂਦਾ ਏ।
ਜਿਉਂਦੇ ਜੀ ਨਾ ਮਾਂ ਨੂੰ ਪੁੱਛਿਆ ਪਾਣੀ,
ਕਿਸ ਲੇਖੇ ਜੋ ਸ਼ਰਾਧ ਕਰਾਉਂਦਾ ਏ।
ਦੇ ਸਕਦਾ ਨਾ ਮਾਂ ਦਾ ਦੇਣ ਕੋਈ,
ਭਾਵੇਂ ਲੱਖਾਂ ਕਰੋੜ ਕਮਾਉਂਦਾ ਏ।
ਸਹਿ ਸੁਭਾ ਹੀ ਆਪਣੇ ਬੱਚਿਆਂ ਨੂੰ,
ਅਸਲ 'ਸੇਵਾ' ਦਾ ਪਾਠ ਪੜ੍ਹਾਉਂਦਾ ਏ।

ਤੱਤੀ 'ਵਾ ਨਾ ਬੱਚੇ ਨੂੰ ਲੱਗਣ ਦੇਵੇ,
ਲਵੇ ਅਸੀਸਾਂ ਜੋ ਸੇਵ ਕਮਾਉਂਦਾ ਏ।
ਕਰਮਾਂ ਵਾਲੜਾ ਮਾਣਦਾ ਨਿੱਘ ਮਾਂ ਦਾ
ਜਿਹੜਾ ਧੁਰ ਤੋਂ ਲੇਖ ਲਿਖਾਉਂਦਾ ਏ।
ਮਾਂ ਦੀ ਯਾਦ ਵਿੱਚ ਕੋਈ ਭੋਗ ਪਾ ਕੇ,
ਲੰਗਰ ਸੰਗਤਾਂ ਤਾਈਂ ਛਕਾਉਂਦਾ ਏ।
ਕੋਈ ਦਿੰਦਾ ਏ ਦਾਨ ਗਰੀਬਾਂ ਨੂੰ,
ਵਸਤਾਂ ਦੇ ਕੇ ਸ਼ੁਕਰ ਮਨਾਉਂਦਾ ਏ।
ਕੋਈ ਯਾਦ ਵਿੱਚ ਸੱਦ ਕੇ ਕਵੀਆਂ ਨੂੰ
'ਅਮਰ'ਕਵੀ ਦਰਬਾਰ ਕਰਵਾਉਂਦਾ ਏ।
ਕੋਈ ਵਿਰਲਾ ਦੀਵਾਨਾ ਕਵੀਆਂ ਤੋਂ
ਲੈ ਕਵਿਤਾਵਾਂ ਕਿਤਾਬ ਛਪਵਾਉਂਦਾ ਏ।

ਅਮਰਜੀਤ ਕੌਰ ਮੋਰਿੰਡਾ

## ਮੈ ਸਿੱਖ ਬਣਨਾ ਚਾਹੁੰਦਾ ਹਾਂ !

ਐ ਬਾਬਾ ਨਾਨਕ ਜੀ ਮੈ ਹਰ ਸਾਲ ਤੇਰਾ ਜਨਮ ਦਿਨ ਮਨਾਉਂਦਾ ਹਾਂ
ਤੇਰੀ ਸਿੱਖੀ ਤੋਂ ਤਾਂ ਭਾਵੇਂ ਕੋਹਾਂ ਦੂਰ ਹਾਂ,
ਪਰ ਫਿਰ ਵੀ ਤੇਰਾ ਸੱਚਾ ਸਿੱਖ ਅਖਵਾਉਂਦਾ ਹਾਂ।
ਮੇਰੇ ਕਦੇ ਵੀ ਮੇਚ ਨਹੀ ਆਏ ਤੇਰੇ ਵਡਮੁੱਲੇ ਵਿਚਾਰ
ਤਾਹੀਓਂ ਤਾਂ 'ਇਹ ਜਨੇਊ ਜੀਅ ਕਾ' ਵਾਲੇ ਤੇਰੇ ਸਦੀਵੀ ਸੱਚ ਤੋਂ ਪਾਸਾ ਵੱਟ
ਮੈਂ ਉਹਨਾਂ ਪਾਡਿਆਂ ਨੂੰ ਹੀ ਮੁੜ ਕੇ ਹੱਥ ਦਿਖਾਉਂਦਾ ਹਾਂ,
ਜਿੰਨਾਂ ਦਾ ਤੂੰ ਭਾਂਡਾ ਚੁਰਾਹੇ ਭੰਨਿਆ ਸੀ ।
ਮੈ ਪੀਰਾਂ ਦੇ ਜਾਂਦਾ ਹਾਂ, ਮਸਤਾਂ ਨੂੰ ਮੰਨਦਾ ਹਾਂ ਤੇ ਚੌਂਕੀਆਂ ਲਾਉਂਦਾ ਹਾਂ,
ਮੈ ਕਦੇ ਵੀ ਸਮੁੱਚੀ ਮਨੁਖਤਾ ਲਈ ਚਾਨਣ ਮੁਨਾਰਾ ਬਣੀ
ਤੇਰੀ ਬਾਣੀ ਨੂੰ ਵਿਚਾਰਿਆ ਹੀ ਨਹੀ !
ਬੱਸ ਸਿੱਖਿਆ ਸਿਖਾਇਆ ਰੱਟੇ ਹੀ ਲਾਉਂਦਾ ਹਾਂ,
ਮੈ ਤੇਰੀ ਜਾਗਤ ਜੋਤ ਨਾਲ ਤਾਂ ਕਦੇ ਜੁੜਿਆ ਹੀ ਨਹੀ,
ਮੈ ਤਾਂ ਤੇਰੀ ਧੁਰ ਕੀ ਬਾਣੀ ਦਾ ਓਟ ਆਸਰਾ ਲੈ ਕੇ
ਅਪਣਾ ਕਾਰੋਬਾਰ ਵਧਾਉਂਦਾ ਹਾਂ,
ਤੇਰੇ ਕਿਰਤ ਕਰੋ ਤੇ ਵੰਡ ਕੇ ਛਕਣ ਦੇ ਹੋਕੇ ਨੂੰ ਭੁੱਲ ਕੇ
ਮਾਇਆਧਾਰੀ ਬਣ ਤੇਰੇ ਨਾਮ ਤੇ ਹੀ ਕੂੜ ਦੇ ਡੇਰੇ ਚਲਾਉਂਦਾ ਹਾਂ,
ਤੇਰੀ ਬਾਣੀ ਦੇ ਅਸਲ ਅਰਥਾਂ ਦੇ ਅਨਰਥ ਕਰਦਾ ਹਾਂ,
ਤੇ ਭੋਲੇ ਭਾਲੇ ਲੋਕਾਂ ਨੂੰ ਮੂਰਖ ਬਣਾਉਦਾ ਹਾਂ
ਜਿਹੜੇ ਤੇਰੇ ਸੱਚ ਤੋ ਸਹਿਮੇ ਹੋਏ ਨੇ,
ਮੈ ਉਹਨਾਂ ਤਾਕਤਾਂ ਨਾਲ ਹੱਥ ਮਿਲਾਉਦਾ ਹਾਂ,
ਝੂਠ ਦਾ ਪਿਛਲੱਗ ਬਣ ਤੇਰੇ ਮਨੁਖਤਾਵਾਦੀ ਸੱਚ ਨੂੰ ਛੁਪਾਉਂਦਾ ਹਾਂ
ਤੇ ਝੂਠ ਨੂੰ ਵਡਿਆਉਂਦਾ ਹਾਂ
ਪਦਾਰਥਾਂ ਤੇ ਸੁਆਰਥਾਂ ਚ ਅੰਨ੍ਹਾ ਹੋ ਕੇ ਤੈਨੂੰ ਪਿੱਠ ਦਿਖਾਉਦਾ ਹਾਂ।
ਐ ਬਾਬਾ ਭਾਵੇਂ ਮੈ ਤੇਰੀ ਸਿੱਖੀ ਤੋ ਦੂਰ ਹਾਂ,
ਫਿਰ ਵੀ ਸਿੱਖ ਅਖਵਾਉਦਾ ਹਾਂ,
ਬਾਬਾ ! ਹੁਣ ਮੈ ਝੂਠ ਬੋਲ ਬੋਲ ਕੇ ਥੱਕ ਗਿਆ ਹਾਂ,
ਤਹੀਓ ਤਾਂ ਹੁਣ ਆਪਣੇ ਆਪ ਨੂੰ ਲਾਹਣਤਾਂ ਪਾਉਂਦਾ ਹਾਂ,
ਅੱਜ ਮੇਰਾ ਅੰਦਰਲਾ ਕੁਰਲਾ ਕੁਰਲਾ ਕੇ ਕਹਿ ਰਿਹਾ ਹੈ
ਕਿ ਬਾਬਾ ਹੁਣ ਮੈ ਸੱਚਮੁੱਚ ਤੇਰਾ ਸਿੱਖ ਬਣਨਾ ਚਾਹੁੰਦਾ ਹਾਂ।
ਮੈ ਸਿੱਖ ਬਣਨਾ ਚਾਹੁੰਦਾ ਹਾਂ ਬਾਬਾ !



ਬਘੇਲ ਸਿੰਘ ਧਾਲੀਵਾਲ
99142-58142

## ਅਜੋਕਾ ਵਰਤਾਰਾ

ਇਨਸਾਨੀਅਤ ਮਰ ਰਹੀ ਹੈ, ਸਦਾਚਾਰ ਮਰ ਰਿਹਾ ਹੈ,
ਹੋਇਆ ਬੰਦੇ 'ਚੋਂ ਬੰਦਾ ਮਨਫੀ, ਕਿਰਦਾਰ ਮਰ ਰਿਹਾ ਹੈ।

ਹੈਵਾਨੀਅਤ ਹੈ ਦਨਦਨਾਉਂਦੀ, ਬੇਰਹਿਮ ਮਗਰ ਬੜਾ ਹੈ,
ਮਨੁੱਖ ਦਾ ਮਨੁੱਖ ਬਣਿਆ ਵੈਰੀ, ਗ਼ਮਖ਼ਾਰ ਮਰ ਰਿਹਾ ਹੈ।

ਜਾਏ ਇੱਕੋ ਧਰਤ ਮਾਂ ਦੇ ਸਭ, ਨਫ਼ਰਤ ਘਰ ਹੈ ਕਰ ਗਈ ,
ਦਿਲ 'ਚ ਭਰਿਆ ਹੈ ਸਾੜਾ, ਤਾਂਹੀ ਖਾ ਖ਼ਾਰ ਮਰ ਰਿਹਾ ਹੈ।

ਧਰਤੀ ਤੋਂ ਅਸਮਾਨ ਤੱਕ ਖੋਜੇ, ਨਾਲ਼ੇ ਟੋਹਕੇ ਸੱਤ ਸਾਗਰਾਂ,
ਤ੍ਰਿਪਤੀ ਤੋਂ ਕੋਹਾਂ ਦੂਰ ਹੋ ਅੱਜ, ਜੀਅ ਮਾਰ ਮਰ ਰਿਹਾ ਹੈ ।

ਕਲਾ ਦਾ ਯੁੱਗ ਹੈ ਕਲਯੁੱਗ, ਰਿਸ਼ਤੇ 'ਚ ਨਿੱਘ ਬਚੇ ਨਾ,
ਖ਼ੁਦਗਰਜ਼ੀਆਂ ਦੇ ਵੱਸ ਪੈ ਕੇ, ਹੋ ਤਾਰ ਤਾਰ ਮਰ ਰਿਹਾ ਹੈ ।

ਲੋਭ, ਮੋਹ, ਹੰਕਾਰ, ਕਾਮ, ਕ੍ਰੋਧ, ਚੜ੍ਹ ਬੈਠ ਗਏ ਨੇ ਅੱਜ ਮੋਢੇ,
ਹੁਣ ਜੀਣਾ ਮੌਹਾਲ ਹੈ ਕੀਤਾ, ਬੰਦਾ ਚੁੱਕ ਭਾਰ ਮਰ ਰਿਹਾ ਹੈ।

ਰੂਹਾਨੀਅਤ ਨੂੰ ਭੁੱਲ ਕੇ ਬੈਠੈ, ਪਦਾਰਥਵਾਦ 'ਚ ਗੁਆਚਾ,
ਬ੍ਰਹਿਮੰਡ ਨੂੰ ਮਾਨਣ ਦੀ ਥਾਂਹ, ਅਹੰਕਾਰ 'ਚ ਮਰ ਰਿਹਾ ਹੈ ।

ਇਹ ਜੰਗਾਂ ਕਿਸ ਲਈ ਹਨ, ਜ਼ਰਾ ਵਪਾਰੀਆਂ ਤੋਂ ਪੁੱਛ ਲਓ,
ਸੱਭਿਅਤਾ ਦਾ ਘਾਣ ਕਰ ਕੇ, ਆਪ ਨੂੰ ਮਾਰ ਮਰ ਰਿਹਾ ਹੈ।

ਆਓ ਫ਼ਲਸਤੀਨ ਨੂੰ ਤੱਕੀਏ, ਜਾਂ ਇਜ਼ਰਾਈਲ ਕਰੂਰ ਵੱਲ,
ਦਿੱਤੇ ਮਜ਼ਲੂਮ ਬਲੀ ਦੇ ਬੂਥੇ, ਐਵੇਂ ਬੇਕਾਰ ਮਰ ਰਿਹਾ ਹੈ।



ਸੇਵਾ ਸਿੰਘ 'ਨੂਰਪੁਰੀ'

## ਕੁਦਰਤ ਨਾਲ ਗੱਲਬਾਤ !!

ਤੇਰੇ ਪਿਆਰ ਦੇ ਹੁੰਗਾਰੇ, ਲੈਣੇ ਜ਼ਿੰਦਗੀ ਦੇ ਨਜ਼ਾਰੇ,
ਸਮੇਂ ਤੋਂ ਪਹਿਲਾਂ ਨਾਂ ਲਵੀਂ ਚੱਕ, ਚਾਹੀਦੇ ਤੇਰੇ ਓਟ ਆਸਰੇ

ਤੇਰੇ ਉਤੇ ਵਿਸ਼ਵਾਸ, ਖੁਦ ਨਾਲੋਂ ਜ਼ਿਆਦਾ,
ਕੋਈ ਨਹੀਂ ਸ਼ੱਕ, ਚਾਹੀਦੇ ਤੇਰੇ ਓਟ ਆਸਰੇ।

ਤੇਰੇ ਤੇ ਭਰੋਸਾ, ਮੰਗਦੇ ਹਾਂ ਰਹਿਮਤਾਂ ਦੀ ਮੰਗ,
ਸਾਡਾ ਵੀ ਆ ਹੱਕ, ਚਾਹੀਦੇ ਤੇਰੇ ਓਟ ਆਸਰੇ।

ਜ਼ਿੰਦਗੀ ਜਿਉਣੀ, ਕੱਟਣੀ ਨਹੀਂ, ਸਮੇਂ ਤੋਂ ਪਹਿਲਾਂ,
ਜਾਈਏ ਨਾ ਕਿਤੇ ਮੁੱਕ, ਚਾਹੀਦੇ ਤੇਰੇ ਓਟ ਆਸਰੇ।

ਜ਼ਿੰਦਗੀ ਤੋਂ ਹਾਰ, ਮੈਂ ਨਾ ਜਾਵਾਂ ਕਿਤੇ,
ਨਾ ਜਾਵਾਂ ਕਿਤੇ ਥੱਕ, ਚਾਹੀਦੇ ਤੇਰੇ ਓਟ ਆਸਰੇ।

ਹੋ ਜਾਵੇ ਗਿੰਦੇ ਸਿੱਧੂ, ਉਤੇ ਤੇਰੀ ਕਿਰਪਾ,
ਪਾ ਦਿਆਂਗੇ ਧੱਕ, ਚਾਹੀਦੇ ਤੇਰੇ ਓਟ ਆਸਰੇ।।



ਗਿੰਦਾ ਸਿੱਧੂ
+916239331711

## ਮਾਣ ਐਵੇਂ ਕਰ ਬੈਠੀਂ ਨਾ

ਏਥੇ ਜੀਵ ਜੰਤ ਵੱਖਰੇ ਨਿਆਰੇ ਤੱਕਕੇ
ਹੋਇਆ ਦੰਗ ਕੁਦਰਤ ਦੇ ਨਜ਼ਾਰੇ ਤੱਕਕੇ
ਸ਼ੱਕ ਪੈ ਗਿਆ ਸੀ ਫੇਰ ਤਕਦੀਰ ਦੇ ਉੱਤੇ
ਮਾਣ ਐਵੇਂ ਕਰ ਬੈਠੀਂ ਨਾ ਸਰੀਰ ਦੇ ਉੱਤੇ

ਕੀ ਕੀ ਕਿਤਾ ਓਦੋਂ ਸੋਚਿਆ ਜਵਾਨ ਸੀ ਜਦੋਂ
ਬਸ ਮੈਂ ਮੈਂ ਖੁਦੀ 'ਚ ਗੁਲਤਾਨ ਸੀ ਜਦੋਂ
ਆਉਂਦਾ ਹਾਸਾ ਹੁਣ ਓਸ ਤਸਵੀਰ ਦੇ ਉੱਤੇ
ਮਾਣ ਐਵੇਂ ਕਰ ਬੈਠੀਂ ਨਾ ਸਰੀਰ ਦੇ ਉੱਤੇ

ਨੇੜ੍ਹ ਤੱਕ ਕੇ ਅੱਗੇ ਦਾ ਮੌਤੇ ਰੋ ਲੈਣ ਦੇ
ਦਾਗ਼ ਰੋ ਰੋਕੇ ਕੂੜ ਵਾਲੇ ਧੋ ਲੈਣ ਦੇ
ਰੱਬ ਯਾਦ ਆਉਂਦਾ ਧੰਨਿਆਂ ਅਖੀਰ ਦੇ ਉੱਤੇ
ਮਾਣ ਐਵੇਂ ਕਰ ਬੈਠੀਂ ਨਾ ਸਰੀਰ ਦੇ ਉੱਤੇ



ਧੰਨਾ ਧਾਲੀਵਾਲ

## ਮਾਂ ਬੋਲੀ ਪੰਜਾਬੀ

ਮੇਰੀ ਬੋਲੀ ਪੰਜਾਬੀ ਹੈ ਮੇਰੀ ਜਿੰਦ-ਜਾਨ
ਮੇਰੇ ਸੋਹਣੇ ਪੰਜਾਬ ਦੀ ਹੈ ਇਹ ਸ਼ਾਨ

ਸਾਨੂੰ ਸਭ ਨੂੰ ਦਿੰਦੀ ਹੈ ਵੱਖਰੀ ਪਹਿਚਾਣ
ਮੇਰੀ ਮਾਂ ਬੋਲੀ ਸਾਰੇ ਜਗ ਵਿੱਚ ਮਹਾਨ

ਰਾਜ ਵਿੱਚ ਵੀ ਪੰਜਾਬੀ ਬੋਲੇ ਜੇ ਹਰ ਇਨਸਾਨ
ਮੇਰੀ ਮਾਂ ਬੋਲੀ ਨੂੰ ਮਿਲੇ ਜੇ ਪੂਰਾ ਮਾਣ

ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਪੰਜਾਬੀ ਬੋਲੀ ਛਾਈ
ਪੰਜਾਬੀ ਗੀਤਾਂ ਵਿਚ ਵੀ ਇਸ ਧੁੰਮ ਮਚਾਈ

ਬੜੀ ਹੀ ਮਿੱਠੀ ਤੇ ਪਿਆਰੀ ਹੈ ਇਹ
ਦੁਸ਼ਮਣ ਲਈ ਵੀ ਬਹੁਤ ਕਰਾਰੀ ਹੈ ਇਹ

ਗੁਰੂਆ-ਪੀਰਾਂ ਦਾ ਵਰਦਾਨ ਹੈ ਬੋਲੀ ਪੰਜਾਬੀ
'ਕੁਲਵਿੰਦਰ' ਸਾਡੀ ਸਭ ਦੀ ਆਨ-ਬਾਨ ਹੈ ਬੋਲੀ ਪੰਜਾਬੀ

ਕੁਲਵਿੰਦਰ ਕੁਮਾਰ ਬਹਾਦਰਗੜ੍ਹ
9914481924

## ਫ਼ਰਲੋ

ਸਾਧ ਫ਼ਰਲੋ ਤੇ ਵੇਖੋ ਬਈ ਬਾਹਰ ਆ ਗਿਆ
ਕਾਫ਼ਲਾ ਗੱਡੀਆਂ ਦਾ ਢੋਂਗੀ ਨੂੰ ਹੈ ਲਿਜਾ ਰਿਹਾ

ਡੇਰੇ ਵਿੱਚ ਕਹਿਣ ਰੌਣਕਾਂ ਨੇ ਲੱਗੀਆਂ
ਪਖੰਡੀ ਦਾ ਦੀਦਾਰ ਕੋਈ ਰੱਜ ਰੱਜ ਪਾ ਰਿਹਾ

ਕੋਈ ਆਖੇ ਪਿਤਾ ਕੋਈ ਰੱਬ ਆਖਦਾ
ਕੋਈ ਸੌਦੇ ਸਾਧ ਨੂੰ ਹੈ ਗਲ ਲਾ ਰਿਹਾ

ਗੁਰੂ ਗ੍ਰੰਥ ਸਾਹਿਬ ਦੀ ਜਿਸ ਕੀਤੀ ਬੇਅਦਬੀ
ਓਸੇ ਨੂੰ ਕੋਈ ਵੇਖੋ ਗੱਦੀ ਤੇ ਬਿਠਾ ਰਿਹਾ

ਅੱਧੀ ਜਨਤਾ ਤਾਂ ਅੰਨ੍ਹੀ ਕਰਤੀ ਪਖੰਡੀਆਂ ਨੇ
ਸੱਚ ਨਾ ਨਜਰ ਕਿਸੇ ਨੂੰ ਵੀ ਆ ਰਿਹਾ

ਬਲਾਤਕਾਰੀ ਨੂੰ ਸਲਾਮਾਂ ਹੁੰਦੀਆਂ ਨੇ
ਖੌਰੇ ਇਹ ਸਮਾਜ ਕਿੱਧਰ ਨੂੰ ਜਾ ਰਿਹਾ

ਨੋਟਾਂ ਵਾਲੇ ਢੇਰ ਉੱਤੇ ਲੋਟੂ ਨਿੱਤ ਲਿਟਦੇ
ਗਰੀਬ ਹੱਕਾਂ ਲਈ ਧਰਨੇ ਹੈ ਲਾ ਰਿਹਾ

ਸਾਡੇ ਬਾਬੇ ਦੇ ਕੁੜੇ ਕਿਉ ਮਗਰ ਪੈ ਗਈ
ਦੀਪ ਨੂੰ ਵੀ ਹੁਣ ਕੋਈ ਸਵਾਲ ਪਾ ਰਿਹਾ



ਅਮਨਦੀਪ ਕੌਰ
9877654596

## ਬੜਾ ਔਖਾ ਹੈ...

ਬਦਲਣਾ ਹੈ ਤਾਂ ਆਪਣੇ-ਆਪ ਨੂੰ ਬਦਲੋ
ਜਮਾਨਾਂ ਬਦਲਣਾ ਬੜਾ ਔਖਾ ਹੈ

ਫੜ੍ਹਾਂ ਮਾਰਨੀਆਂ ਬਹੁਤ ਹੀ ਸੌਖੀਆਂ ਨੇ
ਪਰ ਹਕੀਕਤ 'ਚ ਕੁਝ ਕਰਨਾ ਬੜਾ ਔਖਾ ਹੈ

ਸੱਚ ਦਾ ਰਾਹ ਕੰਡਿਆਂ ਭਰਿਆ ਹੈ
ਉਸ ਰਾਹ ਤੇ ਚੱਲਣਾ ਬੜਾ ਔਖਾ ਹੈ

ਆਪਣੇ ਹੱਕਾਂ ਦੀ ਗੱਲ ਹਰ ਕੋਈ ਕਰਦੈ
ਪਰ ਹੱਕਾਂ ਲਈ ਲੜਨਾ ਬੜਾ ਔਖਾ ਹੈ

ਰਿਸ਼ਤਾ ਜੋੜਨਾ ਤਾਂ ਬੜਾ ਸੁਖਾਲਾ ਹੈ
ਪਰ ਤੋੜ ਨਿਭਾਉਣਾ ਬੜਾ ਔਖਾ ਹੈ

ਇਸ਼ਕ ਕਰਨਾ ਆਸਾਨ ਹੈ 'ਕੁਲਵਿੰਦਰ'
ਪਰ ਇਸ਼ਕ ਪੁਗਾਉਣਾ ਬੜਾ ਔਖਾ ਹੈ



ਕੁਲਵਿੰਦਰ ਕੁਮਾਰ ਬਹਾਦਰਗੜ੍ਹ
9914481924

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD